
**Golden State Realty** JASSI GILL
Listing and Selling Homes
From San Jose to Sacramento
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969
CA DRE# 00966763
Broker/Owner


**Harmit S Toor**
*Bay East Brokers, Inc.*
BEB BAY EAST BROKERS
Help you Buy, Sell & Loans:
♦Residential & Commercial Property
♦Business Opportunity
'2021 Platinum Award in recognition of outstanding achievement in Residential and/or Commercial Sales/Listing'
Broker - MLO
BRE Lic.# 01462579
NMLS ID 358820
Broker Corp Lic: 02007516
Ph: 925-202-7027
HDtoor@gmail.com, WWW.BayEastBrokers.Com
EQUAL HOUSING OPPORTUNITY

COVERED CALIFORNIA
Certified Insurance Agent
Global Green INSURANCE AGENCY


ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
**Mann Insurance Brokers Inc.**
4123 Dyer St., #230, Union City, CA 94587



Twenty-Fourth Year of Publication ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 24, Issue 01; January 7, 2023 20451 N. Plum Grove Rd., Palatine, IL 60074 Ph:847-359-0746, Fax:847-705-9388


# ਭਾਜਪਾ ਨੇ ਸਿੱਖ ਮਸਲਿਆਂ 'ਚ ਦਖਲ ਵਧਾਇਆ

## ਸਰਕਾਰ ਦੀ ਕਾਰਵਾਈ ਨਾਲ ਹਰਿਆਣਾ ਗੁਰਦੁਆਰਾ ਕਮੇਟੀ ਦਾ ਵਿਵਾਦ ਭਖਿਆ

**ਚੰਡੀਗੜ੍ਹ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਵਾਦ ਭਖਦਾ ਜਾ ਰਿਹਾ ਹੈ। ਹਰਿਆਣਾ ਕਮੇਟੀ ਦੀ ਕਾਰਜਕਾਰਨੀ ਦੀ ਚੋਣ ਵਿਚ ਗੁਰਦੁਆਰਾ ਡੇਰਾ ਅੱਡਣਸ਼ਾਹੀ, ਸੰਤਪੁਰਾ (ਯਮੁਨਾਨਗਰ) ਦੇ ਮੁਖੀ ਬਾਬਾ ਕਰਮਜੀਤ ਸਿੰਘ ਨੂੰ ਪ੍ਰਧਾਨ ਚੁਣਨ ਪਿੱਛੋਂ ਇਸ ਅਹੁਦੇ ਦੇ ਦਾਅਵੇਦਾਰ ਮੰਨੇ ਜਾ ਰਹੇ ਆਗੂ ਜਿਥੇ ਡਾਢੇ ਖਫਾ ਹਨ, ਉਥੇ ਸੂਬਾ ਦੀ ਭਾਜਪਾ ਸਰਕਾਰ ਦੀ ਸਿੱਧੀ ਦਖ਼ਲਅੰਦਾਜ਼ੀ ਉਤੇ ਵੀ ਸਵਾਲ ਉਠ ਰਹੇ ਹਨ।

ਹੁਣ ਹਾਲਾਤ ਇਹ ਹਨ ਕਿ ਹਰਿਆਣਾ ਦੇ ਸਿੱਖ ਆਗੂ ਜਗਦੀਸ਼ ਸਿੰਘ ਝੀਂਡਾ ਸ੍ਰੀ ਅਕਾਲ ਤਖਤ ਪੁੱਜ ਗਏ ਹਨ। ਉਨ੍ਹਾਂ ਆਪਣੀ 41 ਮੈਂਬਰੀ ਕਮੇਟੀ ਦੀ ਸੂਚੀ ਸ੍ਰੀ ਅਕਾਲ ਤਖਤ 'ਤੇ ਸੌਂਪੀ ਅਤੇ ਅਪੀਲ ਕੀਤੀ ਹੈ ਕਿ ਉਸ ਦੀ ਕਮੇਟੀ ਨੂੰ ਮਾਨਤਾ ਦਿੱਤੀ ਜਾਵੇ। ਉਧਰ, ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਨੇ ਮੰਗ ਕੀਤੀ ਹੈ ਕਿ ਹਰਿਆਣਾ ਸਰਕਾਰ ਗੁਰਦੁਆਰਾ ਐਕਟ 2014 'ਚ ਸਿੱਖ ਸਿਧਾਂਤਾਂ ਨੂੰ ਸਮਝਦੇ ਹੋਏ ਸਿੱਖ ਭਾਵਨਾਵਾਂ ਅਨੁਸਾਰ ਤੁਰਤ ਸਰਪ੍ਰਸਤ ਦੇ ਅਹੁਦੇ ਦੀ ਸੋਧ ਕਰੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਣੇ ਕਈ ਸਿੱਖ ਧਿਰਾਂ ਦਾ ਦੋਸ਼ ਹੈ ਕਿ ਇਹ ਪੰਥਕ ਸੰਸਥਾਵਾਂ ਨੂੰ ਤੋੜਨ ਦੀ ਚਾਲ ਹੈ ਜੋ ਆਰ.ਐਸ.ਐਸ. ਦੇ ਇਸ਼ਾਰੇ 'ਤੇ ਹੋ ਰਹੀ ਹੈ। ਹਰਿਆਣਾ ਸਰਕਾਰ ਵੱਲੋਂ ਕਮੇਟੀ ਦੀ ਚੋਣ ਗੁਰੂ ਘਰ ਦੀ ਥਾਂ ਕੁਰੂਕਸ਼ੇਤਰ ਦੇ ਡਿਪਟੀ ਕਮਿਸ਼ਨਰ ਦਫਤਰ ਵਿਚ ਕਰਵਾਈ ਗਈ ਜੋ ਸਿੱਧ ਕਰਦੀ ਹੈ ਕਿ ਹਰਿਆਣਾ ਕਮੇਟੀ ਦਾ ਪੰਥਕ ਸਰੋਕਾਰਾਂ ਨਾਲ ਕੋਈ ਸਬੰਧ ਨਹੀਂ ਹੈ। ਯਾਦ ਰਹੇ ਕਿ ਸੁਪਰੀਮ ਕੋਰਟ ਵੱਲੋਂ ਹਰਿਆਣਾ ਵਿਚ ਵੱਖਰੀ ਕਮੇਟੀ ਐਕਟ ਨੂੰ ਮਾਨਤਾ ਦੇਣ ਤੋਂ ਬਾਅਦ ਹਰਿਆਣਾ ਦੀ ਭਾਜਪਾ ਸਰਕਾਰ ਨੇ ਕਮੇਟੀ ਦੀ ਚੋਣ ਵਿਚ ਖਾਸੀ ਦਿਲਚਸਪੀ ਦਿਖਾਈ। ਸੂਬੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਇਸ ਕਾਰਜ ਵਿਚ ਹਰ ਸਮੇਂ ਅੱਗੇ ਰਹੇ ਅਤੇ ਉਨ੍ਹਾਂ ਤੋਂ ਬਾਅਦ ਸਭ ਤੋਂ



ਵੱਧ ਸਰਗਰਮੀ ਬਲਜੀਤ ਸਿੰਘ ਦਾਦੂਵਾਲ ਨੇ ਦਿਖਾਈ ਸੀ। ਇਹ ਮੰਨਿਆ ਜਾ ਰਿਹਾ ਸੀ ਕਿ ਪ੍ਰਧਾਨ ਦਾਦੂਵਾਲ ਹੋਣਗੇ ਪਰ ਐਨ ਮੌਕੇ ਉਤੇ ਬਾਬਾ ਕਰਮਜੀਤ ਸਿੰਘ ਨੂੰ ਪ੍ਰਧਾਨ ਬਣਾਉਣ ਦੇ ਐਲਾਨ ਨੇ ਹਰ ਕਿਸੇ ਨੂੰ ਹੈਰਾਨ ਕਰ ਦਿੱਤਾ।

ਇਹ ਵੀ ਚਰਚਾ ਹੈ ਕਿ ਖੱਟਰ ਦੇ ਇੰਨੇ ਨੇੜੇ ਹੋਣ ਦੇ ਬਾਵਜੂਦ ਦਾਦੂਵਾਲ ਨੂੰ ਪ੍ਰਧਾਨਗੀ ਨਾ ਮਿਲਣ ਪਿੱਛੇ ਡੇਰਾ ਸਿਰਸਾ ਮੁਖੀ ਰਾਮ ਰਹੀਮ ਦਾ ਹੱਥ ਹੈ। ਇਸ ਪਿੱਛੇ ਤਰਕ ਇਹ ਦਿੱਤਾ ਜਾ ਰਿਹਾ ਹੈ ਕਿ ਡੇਰਾ ਸਿਰਸਾ ਮੁਖੀ ਖ਼ਿਲਾਫ਼ ਪੰਜਾਬ ਅਤੇ ਹਰਿਆਣਾ ਵਿਚ ਹੋਏ ਹਰ ਵਿਰੋਧ ਵਿਚ ਦਾਦੂਵਾਲ ਦੀ ਅਹਿਮ ਭੂਮਿਕਾ ਰਹੀ ਹੈ। ਡੇਰਾ ਮੁਖੀ ਦੀ ਫਿਲਮ ਤੋਂ ਲੈ ਕੇ ਉਸ ਨੂੰ ਅਕਾਲ ਤਖਤ ਤੋਂ ਮਿਲੀ ਮੁਆਫੀ ਖ਼ਿਲਾਫ਼ ਦਾਦੂਵਾਲ ਡਟ ਕੇ ਖੜ੍ਹੇ। ਹਰਿਆਣਾ ਵਿਚ ਭਾਜਪਾ ਨੂੰ ਡੇਰੇ ਦੀ ਖੁੱਲ੍ਹੀ ਹਮਾਇਤ ਹੈ ਤੇ ਇਸੇ ਕਾਰਨ ਰਾਮ ਰਹੀਮ ਦੀ ਘੂਰੀ ਪਿੱਛੋਂ ਭਾਜਪਾ ਸਰਕਾਰ ਨੇ ਦਾਦੂਵਾਲ ਨੂੰ ਕਮੇਟੀ ਦੀ ਕਾਰਜਕਾਰਨੀ ਤੋਂ ਲਾਂਭੇ ਰੱਖਣ ਦਾ ਮਨ ਬਣਾਇਆ।

ਸ਼੍ਰੋਮਣੀ ਕਮੇਟੀ ਸਮੇਤ ਵੱਡੀ ਗਿਣਤੀ ਸਿੱਖ ਧਿਰਾਂ ਨੇ ਹਰਿਆਣਾ ਦੇ ਸਿੱਖ ਆਗੂਆਂ ਨੂੰ ਸਰਕਾਰ ਦੀ ਕਮੇਟੀ ਵਿਚ ਇੰਨੀ ਦਖਲਅੰਦਾਜ਼ੀ ਵਧਾਉਣ ਲਈ ਖ਼ਬਰਦਾਰ ਕੀਤਾ ਸੀ। ਇਥੋਂ ਤੱਕ ਕੇ ਅਕਾਲ ਤਖਤ ਵੱਲੋਂ ਵੀ ਮਸਲਾ ਮਿਲ-ਬੈਠ ਕੇ ਹੱਲ ਕਰਨ ਲਈ ਆਖਿਆ ਸੀ ਪਰ ਦਾਦੂਵਾਲ ਸਣੇ ਕਿਸੇ ਆਗੂ ਨੇ ਇਸ ਪਾਸੇ ਪਹਿਲ ਨਹੀਂ ਕੀਤੀ। ਹੁਣ ਇਹ ਆਗੂ ਮੰਨ ਰਹੇ ਹਨ ਕਿ ਕਮੇਟੀ ਸਰਕਾਰ ਦੇ ਕੰਟਰੋਲ ਵਿਚ ਚਲੀ ਗਈ ਹੈ। ਚੇਤੇ ਰਹੇ ਕਿ ਭਾਜਪਾ ਦੀ ਸਿੱਖ ਸੰਸਥਾਵਾਂ ਵਿਚ ਦਖਲਅੰਦਾਜ਼ੀ ਦਾ ਮੁੱਦਾ ਕਾਫੀ ਸਮੇਂ ਤੋਂ ਚਰਚਾ ਵਿਚ ਹੈ। ਕਿਸਾਨ ਅੰਦੋਲਨ ਦੀ ਸਮਾਪਤੀ ਤੋਂ ਤੁਰੰਤ ਪਿੱਛੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੇ ਭਾਜਪਾ ਵਿਚ ਸ਼ਾਮਲ ਹੋਣ ਅਤੇ ਉਸ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਿੱਖ ਸੰਸਥਾਵਾਂ ਦੇ ਮੁਖੀਆਂ ਨੂੰ ਦਿੱਲੀ ਸੱਦ ਕੇ ਮੁਲਾਕਾਤਾਂ ਦਾ ਸ਼ੁਰੂ ਹੋਇਆ ਸਿਲਸਿਲਾ ਵੀ ਸਵਾਲ ਬਣਦਾ ਰਿਹਾ ਹੈ।

ਉਂਝ, ਭਾਜਪਾ ਦੀ ਇਸ ਮੁਹਿੰਮ ਨੂੰ ਸਿੱਖਾਂ ਨੂੰ ਪਤਿਆਉਣ ਦੇ ਤਾਣੇ-ਬਾਣੇ ਵਜੋਂ ਵੀ ਮੰਨਿਆ ਜਾ ਰਿਹਾ ਹੈ। ਭਗਵਾ ਪਾਰਟੀ ਦੀ ਕੌਮੀ ਲੀਡਰਸ਼ਿਪ ਵੱਲੋਂ ਸੂਬਾਈ ਲੀਡਰਸ਼ਿਪ ਨੂੰ ਸਿੱਖਾਂ ਅਤੇ ਭਾਜਪਾ ਦਰਮਿਆਨ ਪਾੜਾ ਖਤਮ ਕਰਕੇ ਪਿੰਡਾਂ ਤੱਕ ਪਹੁੰਚ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ ਹਨ। ਭਾਰਤੀ ਜਨਤਾ ਪਾਰਟੀ ਨੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪਹਿਲੀ ਵਾਰੀ ਵੱਡੀ ਗਿਣਤੀ ਉਮੀਦਵਾਰ ਖੜ੍ਹੇ ਕਰ ਕੇ ਆਪਣਾ ਸਿਆਸੀ ਆਧਾਰ ਪਰਖਣ ਦੇ ਯਤਨ ਕੀਤੇ ਸਨ। ਪਾਰਟੀ ਨੂੰ ਆਸ ਮੁਤਾਬਕ ਸਫਲਤਾ ਤਾਂ ਨਹੀਂ ਮਿਲੀ ਪਰ ਭਾਜਪਾ ਵੱਲੋਂ ਆਪਣੇ ਪੈਰ ਲਾਉਣ ਦੇ ਯਤਨ ਲਗਾਤਾਰ ਜਾਰੀ ਹੈ।

ਪੰਜਾਬ ਤੋਂ ਬਾਅਦ ਸਿੱਖ ਵੋਟਰਾਂ ਦਾ ਦਬਦਬਾ ਹਰਿਆਣਾ ਵਿਚ ਹੈ। ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਭਗਵਾ ਧਿਰ ਸਿੱਖ ਸੰਸਥਾਵਾਂ ਦੇ ਮੁਖੀਆਂ ਰਾਹੀਂ ਸਿੱਖ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦੀ ਤਿਆਰੀ ਵਿਚ ਹੈ। ਭਾਜਪਾ ਮੰਨਦੀ ਹੈ ਕਿ ਸ਼੍ਰੋਮਣੀ ਕਮੇਟੀ ਬਾਦਲ ਦਲ ਦੇ ਪ੍ਰਭਾਵ ਹੇਠ ਹੈ ਤੇ ਇਥੇ ਇੰਨੀ ਛੇਤੀ 'ਦਾਲ ਗਲਣ' ਵਾਲੀ ਨਹੀਂ ਹੈ। ਇਸ ਲਈ ਹਰਿਆਣਾ ਦੀ ਵੱਖਰੀ ਕਮੇਟੀ ਪਾਰਟੀ ਲਈ ਸਿਆਸੀ ਪੱਖੋਂ ਕਾਫੀ ਫਾਇਦੇਮੰਦ ਰਹੇਗੀ। ਚਰਚਾ ਹੈ ਕਿ ਹਾਲ ਹੀ ਵਿਚ ਹਰਿਆਣਾ ਸਰਕਾਰ ਵੱਲੋਂ ਨਵੀਂ ਕਮੇਟੀ ਦੇ ਕੀਤੇ ਗਠਨ ਵਿਚ ਸਾਬਕਾ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਤੇ ਜਗਦੀਸ਼ ਸਿੰਘ ਝੀਂਡਾ ਕਿਤੇ ਵੀ ਫਿੱਟ ਨਹੀਂ ਬੈਠਦੇ ਸਨ। ਇਹੀ ਕਾਰਨ ਹੈ ਕਿ ਸਰਕਾਰ ਨੇ ਪੂਰੀ ਰਣਨੀਤੀ ਤਹਿਤ ਇਨ੍ਹਾਂ ਨੂੰ ਕਮੇਟੀ ਦੀ ਕਾਰਜਕਾਰਨੀ ਤੋਂ ਦੂਰ ਕਰ ਦਿੱਤਾ।

ਇਸੇ ਦੌਰਾਨ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਹੈ ਕਿ ਹਰਿਆਣਾ ਸਰਕਾਰ ਵੱਲੋਂ ਬਣਾਈ ਕਮੇਟੀ ਨੂੰ ਹਰਿਆਣਾ ਦੇ ਸਿੱਖਾਂ ਨੇ ਰੱਦ ਕਰਦਿਆਂ

*(ਬਾਕੀ ਸਫਾ 6 'ਤੇ)*

### ਹਰਿਆਣਾ ਦੀ ਵੱਖਰੀ ਕਮੇਟੀ ਦਾ ਸਫਰ

**ਚੰਡੀਗੜ੍ਹ:** ਹਰਿਆਣਾ ਦੇ ਸਿੱਖਾਂ ਵੱਲੋਂ ਸੂਬੇ ਦੀ ਵੱਖਰੀ ਕਮੇਟੀ ਦੀ ਮੰਗ ਪਿਛਲੇ ਕਈ ਦਹਾਕਿਆਂ ਤੋਂ ਕੀਤੀ ਜਾ ਰਹੀ ਸੀ। ਹਰਿਆਣਾ ਦੇ ਕਈ ਸਿੱਖ ਆਗੂਆਂ ਦਾ ਇਲਜ਼ਾਮ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰਿਆਣਾ ਦੇ ਸਿੱਖਾਂ ਨਾਲ ਭੇਦ-ਭਾਵ ਕਰਦੀ ਹੈ। ਸੂਬੇ ਦੇ ਸਿੱਖਾਂ ਦੀ ਮੰਗ ਨੂੰ ਲੈ ਕੇ ਭੁਪਿੰਦਰ ਸਿੰਘ ਹੁੱਡਾ ਦੀ ਸਰਕਾਰ ਨੇ ਹਰਿਆਣਾ ਦੀ ਵੱਖਰੀ ਕਮੇਟੀ ਕਾਇਮ ਕਰਨ ਲਈ ਕੈਬਨਿਟ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਅਤੇ ਰਣਦੀਪ ਸਿੰਘ ਸੂਰਜੇਵਾਲਾ ਦੀ ਅਗਵਾਈ ਵਿਚ ਦੋ ਕਮੇਟੀਆਂ ਦਾ ਗਠਨ ਕੀਤਾ ਸੀ। ਇਨ੍ਹਾਂ ਕਮੇਟੀਆਂ ਨੇ ਹਰਿਆਣਾ ਦੇ ਸਿੱਖਾਂ ਨਾਲ ਬੈਠਕਾਂ ਕਰਨ ਤੋਂ ਬਾਅਦ ਸੂਬੇ ਦੀ ਵੱਖਰੀ ਕਮੇਟੀ ਬਣਾਉਣ ਦੀ ਸਿਫਾਰਸ਼ ਕੀਤੀ ਸੀ ਜਿਸ ਤੋਂ ਬਾਅਦ ਹਰਿਆਣਾ ਵਿਧਾਨ ਸਭਾ ਨੇ ਇਸ ਬਾਬਤ ਬਿੱਲ ਪਾਸ ਕੀਤਾ। 26 ਜੁਲਾਈ 2014 ਨੂੰ ਹਰਿਆਣਾ ਗੁਰਦੁਆਰਾ ਕਮੇਟੀ ਹੋਂਦ ਵਿਚ ਆਈ ਅਤੇ ਜਗਦੀਸ਼ ਸਿੰਘ ਝੀਂਡਾ ਇਸ ਦੇ ਪਹਿਲੇ ਪ੍ਰਧਾਨ ਬਣੇ ਸਨ। ਹਰਿਆਣਾ ਦੀ ਵੱਖਰੀ ਕਮੇਟੀ ਬਣਾਏ ਜਾਣ ਖ਼ਿਲਾਫ਼ ਸ਼੍ਰੋਮਣੀ ਕਮੇਟੀ ਨੇ ਅਦਾਲਤ ਦਾ ਰੁਖ ਕੀਤਾ ਤੇ ਹਰਿਆਣਾ ਸਿੱਖ ਗੁਰਦੁਆਰਾ (ਪ੍ਰਬੰਧਕ) ਐਕਟ 2014 ਨੂੰ ਚੁਣੌਤੀ ਦਿੱਤੀ ਜਿਸ ਦੀ ਲੰਮੀ ਸੁਣਵਾਈ ਤੋਂ ਬਾਅਦ ਅਦਾਲਤ ਨੇ ਫੈਸਲਾ ਹਰਿਆਣਾ ਦੇ ਸਿੱਖ ਆਗੂਆਂ ਦੇ ਹੱਕ ਵਿਚ ਸੁਣਾਇਆ।


Medicare Questions?

Medicare Annual Enrollment
Period: Oct. 15 - Dec. 7
Contact: 510-459-7537
MI Mehar Insurance Serv.
I can help you with:
• Understanding your Medicare options
• Plan analysis and enrollment
• Ongoing support and service

Bhupinder Singh Dev
bdev_99@yahoo.com
Lic# 0F86916
We do not offer every plan available in your area. Any information we provide is limited to those plans we offer in your area. Please contact Medicare.gov or 1-800-Medicare to get information on all of your options.


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA(367-7252)
www.RajaSweets.com

GLOBAL TRUCK PERMITS

17 years of experience
Services
-We do Same day IRP Plates
-Truck Permits
-New company
-Truck ELD
-Trucking compliance

Rajinder Singh
159 D'Arcy Pkwy, Lathrop, CA 95330
Phone: 209 636 0880

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜ ਕੈ ਕਾਲਿ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥



ਸ. ਹਰਿੰਦਰ ਸਿੰਘ ਤੂਰ
(12/3/1968-12/24/2022)

ਪੰਜਾਬੀ ਅਮੈਰੀਕਨ ਯੂਥ ਕਲੱਬ ਦੇ ਸਾਬਕਾ ਮੈਂਬਰ ਸ. ਹਰਿੰਦਰ ਸਿੰਘ ਤੂਰ, ਜੋ ਲੰਘੀ 24 ਦਸੰਬਰ ਨੂੰ ਦਿਲ ਦਾ ਦੌਰਾ ਪੈਣ ਕਾਰਨ ਸਦਾ ਲਈ ਸਾਡਾ ਸਾਥ ਛੱਡ ਗਏ ਹਨ, ਦੇ ਜਾਣ ਨਾਲ ਪਰਿਵਾਰ ਦੇ ਨਾਲ-ਨਾਲ ਕਲੱਬ ਦੇ ਮੈਂਬਰਾਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸਰੀਰਕ ਤੌਰ 'ਤੇ ਭਾਵੇਂ ਉਹ ਸਾਡੇ ਵਿਚ ਮੌਜੂਦ ਨਹੀਂ ਹਨ, ਪਰ ਸਾਡੇ ਦਿਲਾਂ ਵਿਚ ਹਮੇਸ਼ਾ ਵਸਦੇ ਰਹਿਣਗੇ।
ਪੰਜਾਬੀ ਅਮੈਰੀਕਨ ਯੂਥ ਕਲੱਬ ਉਨ੍ਹਾਂ ਦੀਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖੇਗਾ।

S. Harinder Singh Toor's devotion and passion towards the community till the very end of his life journey shall always continue to inspire us.

**ਵਲੋਂ: ਪੰਜਾਬੀ ਅਮੈਰੀਕਨ ਯੂਥ ਕਲੱਬ, ਇੰਡੀਆਨਾ**

# Matrimonials

## ਲੜਕੇ ਦੀ ਲੋੜ ਹੈ

Ravidasia Sikh family looking for a suitable match for their April 25, 1989 born, 5’2” daughter, working as a nurse in India. The boy must be USA citizen, well settled, with family values. Caste no bar. Serious enquiries only. Please Contact us at: 209 596 3193

48-51

Looking for a suitable Ramgarhia Sikh Dhiman match for our beautiful daughter (green card holder), 29 years, 5’ 7", MSC - Physics (India), and licensed paraprofessional educator, residing in Chicago area. Please contact: manpreets1211@gmail.com

46-49

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com

40-43

Khatri sikh family looking for a US citizen, Green card, H1 or work permit match for their Oct’ 84 MS, divorcee issueless US Citizen daughter working in New York upstate. Contact us at +91-7888508778 (WhatsApp No.)

40-43

Jatt Sikh family looking for a well-settled Jatt Sikh boy for their 29/ 5’6", RN, BSN, USA citizen daughter. A boy on study visa or H1B visa holder can also be considered. Please contact us at: Whatapp (1)-224-361-1456

37-40


# ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

**ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ**

***ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ***

**ਕਾਲ ਕਰੋ: ਮਿ. ਸਿੰਘ**

**ਫੋਨ: 515-291-1961**




# ‘ਮੇਰਾ ਪਿੰਡ’ ਪ੍ਰੋਜੈਕਟ ਨੂੰ ਹੁੰਗਾਰਾ

**ਆਦਮਪੁਰ:** ਸ਼ਹੀਦੀ ਦਿਵਸ ਮੌਕੇ 28 ਦਸੰਬਰ ਨੂੰ ਬਲਾਕ ਆਦਮਪੁਰ ਦੇ ਪਿੰਡ ਕੋਟਲੀ ਆਰੀਆਂ ਵਿਚ ‘ਮੇਰਾ ਪਿੰਡ’ 360 ਸੈਂਟਰ ਵਿਚ ਸਮਾਗਮ ਕਰਵਾਇਆ ਗਿਆ ਜਿਸ ਵਿਚ 80 ਤੋਂ ਉਪਰ ਬੱਚਿਆਂ ਨੇ ਹੁਮ-ਹੁਮਾ ਕੇ ਹਿੱਸਾ ਲਿਆ। ਇਸ ਸਮਾਗਮ ਵਿਚ ਬੱਚਿਆਂ ਦੇ ਮੁਕਾਬਲੇ ਕਰਵਾਏ ਗਏ।

ਯਾਦ ਰਹੇ ਕਿ ਸਮਾਗਮ ਤੋਂ ਦੋ ਹਫਤੇ ਪਹਿਲਾਂ ਬੱਚਿਆਂ ਨੂੰ ਕਿਤਾਬਾਂ ਅਤੇ ਹੋਰ ਸਮਾਨ ਮੁਹੱਈਆ ਕਰਵਾਇਆ ਗਿਆ ਸੀ। ਦੋ ਬੈਚਾਂ ਦੇ ਪਹਿਲੇ ਦਸ ਸਥਾਨਾਂ ‘ਤੇ ਆਉਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਉਂਝ, ਮੁਕਾਬਲੇ ਵਿਚ ਹਿੱਸਾ ਲੈਣ ਵਾਲੇ ਹਰ ਬੱਚੇ ਨੂੰ ਕੁਝ ਨਾ ਕੁਝ ਦਿੱਤਾ ਗਿਆ। ਇਹ ਸੈਂਟਰ ਵਿਖੇ ਨੌਵਾਂ ਸਮਾਗਮ ਸੀ।

ਇਸ ਸਬੰਧੀ ਜਾਰੀ ਬਿਆਨ ਵਿਚ ਸ. ਭੁਪਿੰਦਰ ਐਸ ਹੁੰਦਲ ਨੇ ਦੱਸਿਆ ਕਿ ਜੇ ਕੋਈ ਸ਼ਖਸ ਅਜਿਹਾ ਸਮਾਗਮ ਆਪਣੇ ਪਿੰਡ ਵਿਚ ਕਰਵਾਉਣਾ ਚਾਹੁੰਦਾ ਹੋਵੇ ਤਾਂ ਉਨ੍ਹਾਂ ਨਾਲ ਫੋਨ ਨੰਬਰ 630-802-2179 ‘ਤੇ ਸੰਪਰਕ ਕਰ ਸਕਦਾ ਹੈ। ਜ਼ਿਕਰਯੋਗ ਹੈ ਕਿ ‘ਮੇਰਾ ਪਿੰਡ’ 360 ਪ੍ਰੋਜੈਕਟ ‘ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ’ ਵੱਲੋਂ ਚਲਾਇਆ ਜਾ ਰਿਹਾ ਹੈ ਜਿਸ ਤਹਿਤ ਇਤਿਹਾਸਕ ਪਿਛੋਕੜ ਵਾਲੇ ਪਿੰਡਾਂ ਦੇ ਬੱਚਿਆਂ ਅਤੇ ਨੌਜਵਾਨਾਂ ਨਾਲ ਰਾਬਤਾ ਬਣਾਇਆ ਜਾ ਰਿਹਾ ਹੈ। ਹਰ ਸਾਲ 9 ਇਤਿਹਾਸਕ ਦਿਨਾਂ ਦੀ ਨਿਸ਼ਾਨਦੇਹੀ ਕੀਤੀ ਜਾਂਦੀ ਹੈ। ਇਸ ਪ੍ਰੋਜੈਕਟ ਦਾ ਮੁੱਖ ਮਕਸਦ ਇਤਿਹਾਸਕ ਪਿਛੋਕੜ ਵਾਲੇ ਪਿੰਡਾਂ ਦੇ ਬੱਚਿਆਂ ਅਤੇ ਨੌਜਵਾਨਾਂ ਵਿਚਕਾਰ ਰਾਬਤਾ ਕਰਵਾਉਣਾ ਹੈ।


***ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਕਾਲ ਕਰੋ:***

***847-359-0746***


## ਲੜਕੀ ਦੀ ਲੋੜ ਹੈ

Khatri Sikh family residing in USA looking for a compatible Sikh match from USA or Canada for their US citizen Turbaned son, 1984 born, 5'10", never married, BS & MS (USA), working as an Engineer with a pharmaceutical company in Pennsylvania. Caste no bar. Serious enquiries only. Please contact us with complete details and picture at WhatsApp +1-331-280-7906 or E-mail at sanjogmatri27@gmail.com

1-4

Looking for suitable, educated match for Jatt Sikh boy, born in 1995, 5’10, well settled in USA, own business, back home from moga, Punjab. Prefer girl in USA or canada . Please send biodata and most recent pictures to whats app 17345482767 or Email- satnambhullar1966@gmail.com

1-4

Looking for a suitable match for our USA green card holder, 5’7" 1987 born Sikh Tonk Kshatriya son. All family members are settled in the USA. Educational level includes business management and currently works in transportation. Serious inquiries please contact @ 314-309-4408 or E-mail at: santokhkainth53@gmail.com.

1-4

Suitable Jatt Sikh match for US born Jatt Sikh Gill boy 30, 5’8.5" and is of healthier build. Only sibling belonging to a well to do family with land and property in India and US. Currently manages the family owned Gas station. Call 269-506-0599 and/or email gill9256@gmail.com

1-4

Jatt Sikh family looking for a suitable Jatt Sikh girl for their US born 27 years, 5’11”, Mechanical Engineer son. Boy is well established and doing a federal job. Girl must be Engineer or Doctor. Serious enquiries only. Please contact us at 678-448-2202.

53-3

Khatri Sikh family looking for a beautiful educated Sikh girl from USA, Canada, or India for their USA citizen son, born in 1987, 5’11", mechanical engineer working in automotive company. Upper cast, no bar. Please contact us at 1-586-604-6191 or email at maninderoberoi1@gmail.com

51-54

ਜੱਟ ਸਿੱਖ ਬੋਪਾਰਾਏ 29 ਸਾਲ, 5’10" ਰੰਗ ਗੋਰਾ ਜੀਓਫਿਜ਼ਿਕਸ ਗਰੈਜੂਏਟ (ਮੈਨੀਟੋਬਾ ਯੂਨੀਵਰਸਿਟੀ ਵਿੰਨੀਪੈੱਗ ਕੈਨੇਡਾ) ਕੈਨੇਡੀਅਨ ਪੀ ਆਰ, ਮੈਨੇਜਰ ਵਜੋਂ ਕੰਮ ਕਰਦੇ ਲੜਕੇ ਲਈ ਅਮਰੀਕਾ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੇ ਦੇ ਮਾਤਾ ਪਿਤਾ ਅਮਰੀਕਾ ਵਿਚ ਪੱਕੇ ਹਨ। ਚਾਹਵਾਨ ਸੰਪਰਕ ਕਰਨ: 734-968-1195 or e-mail: kaurgurvinder1965@yahoo.com

50-53

ਜੱਟ ਸਿੱਖ ਪੱਗੜੀਧਾਰੀ (Trim Beard) ਯੂ.ਐੱਸ.ਏ. ਸਿਟੀਜ਼ਨ, 28 ਸਾਲ, ਕੱਦ 5’11" Teetotaler, CPA ਸਾਫਟਵੇਅਰ ਕੰਪਨੀ ਵਿਚ ਵਧੀਆ ਨੌਕਰੀ ਕਰ ਰਹੇ ਲੜਕੇ ਲਈ ਬਰਾਬਰ ਦੀ ਯੋਗਤਾ ਅਤੇ ਯੂ.ਐੱਸ.ਏ. ਸਿਟੀਜ਼ਨ ਜਾਂ H1B ਵੀਜ਼ਾ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਚਾਹਵਾਨ ਸੰਪਰਕ ਕਰਨ: 415-518-0418

50-53

Ramgharia Sikh family looking for a suitable match for thier US citizen,1990 born, 6 feet son, Working as an Engineer in Michigan. Please contact us @ 734-419-3292.

49-52

Looking for a suitable Ramgarhia Sikh Dhiman match for our well-settled boy (U.S Citizen), 29 years, 5’ 11”, residing in Chicago area. Please contact: manpreetrupal24@gmail.com

49-52

ਯੂ.ਐੱਸ.ਏ. ਸਿਟੀਜ਼ਨ ਰਾਜਪੂਤ ਕਲੀਨਸ਼ੇਵ ਉਮਰ 35 ਸਾਲ, ਕੱਦ 5-11 ਮੈਡੀਸਨ ਵਿਸਕਾਨਸਿਨ ਰਹਿੰਦੇ ਲੜਕੇ ਲਈ ਸੋਹਣੀ-ਸੁਨੱਖੀ ਅਤੇ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 510-241-7694

49-52

Jatt, Gursikh, family living in USA, seeks an eligible, Gursikh, Educated, Family-oriented, bride from USA, Canada, or India for their American citizen son, 42 years, Gursikh, well settled, divorced, works as an engineer in a top financial company. Please send the biodata and family information of the girl via e-mail or WhatsApp in USA: AmritNaam2022@gmail.com or +1-480-906-5614.

46-49

ਜੱਟ ਸਿੱਖ, ਯੂ ਐਸ ਏ ਸਿਟੀਜ਼ਨ 31 ਸਾਲ, ਕੱਦ 6', ਨਸ਼ਿਆਂ ਤੋਂ ਰਹਿਤ, ਨਾਨ ਡਰਿੰਕਰ, ਹਸਪਤਾਲ ‘ਚ ਵਧੀਆ ਨੌਕਰੀ ਕੰਮ ਕਰਦੇ, ਬੈਚਲਰ ਆਫ ਸਾਇੰਸ, ਫਾਰਮੇਸੀਟੈਕ ਲੈਬਟੈਕ, ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। H1B ਵੀਜ਼ਾ ਹੋਲਡਰ ਵੀ ਵਿਚਾਰਨਯੋਗ (ਜਾਤ-ਪਾਤ ਦਾ ਕੋਈ ਬੰਧਨ ਨਹੀਂ)। ਲੜਕੇ ਦਾ ਪਰਿਵਾਰ, ਬੇਅ ਏਰੀਆ ਕੈਲੀਫੋਰਨੀਆ ਵਿਚ ਵਧੀਆ ਸਥਾਪਿਤ ਹੈ। ਚਾਹਵਾਨ ਸੰਪਰਕ ਕਰਨ: 510-871-0324, 510-200-1715

41-48

# ਕਿਸਾਨ ਲੀਡਰਸ਼ਿਪ ਲਈ ਚੁਣੌਤੀਆਂ ਵਾਲਾ ਰਿਹਾ 2022 ਵਰ੍ਹਾ

**ਚੰਡੀਗੜ੍ਹ:** ਦਿੱਲੀ ਵਿਚ ਚੱਲੇ ਕਿਸਾਨ ਘੋਲ ਨੇ ਕਿਸਾਨ ਲੀਡਰਸ਼ਿਪ ਨੂੰ ਸਿਖਰਾਂ 'ਤੇ ਪਹੁੰਚਾਇਆ ਸੀ, ਜਦਕਿ 2022 ਵਰ੍ਹੇ ਵਿਚ ਕਿਸਾਨ ਆਗੂਆਂ ਦੀ ਛਵੀ ਨੂੰ ਕਾਫੀ ਖੋਰਾ ਲੱਗਿਆ। ਦਿੱਲੀ ਮੋਰਚੇ 'ਚ ਕਿਸਾਨ ਧਿਰਾਂ ਦਾ ਏਕਾ ਆਪਣੇ ਆਪ ਵਿਚ ਮਿਸਾਲ ਬਣਿਆ ਸੀ ਪਰ 2022 ਵਰ੍ਹੇ ਵਿਚ ਪੰਜਾਬੀਆਂ ਨੂੰ ਨਿਰਾਸ਼ ਕੀਤਾ।

ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕੁਝ ਕਿਸਾਨ ਧਿਰਾਂ ਦੇ ਉਤਰਨ ਨਾਲ ਸਭ ਤੋਂ ਵੱਡਾ ਝਟਕਾ ਲੱਗਿਆ ਸੀ। ਐਨ ਚੋਣਾਂ ਤੋਂ ਪਹਿਲਾਂ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ 'ਚ ਕਰੀਬ ਡੇਢ ਦਰਜਨ ਕਿਸਾਨ ਧਿਰਾਂ ਨੇ ਚੋਣਾਂ ਲੜਨ ਦਾ ਫੈਸਲਾ ਕੀਤਾ। ਜਿਉਂ ਹੀ ਰਾਜੇਵਾਲ ਨੇ ਚੋਣਾਂ 'ਚ ਉਤਰਨ ਦਾ ਐਲਾਨ ਕੀਤਾ ਤਾਂ ਉਸ ਮਗਰੋਂ ਇੱਕ-ਇੱਕ ਕਰ ਕੇ ਕਈ ਕਿਸਾਨ ਧਿਰਾਂ ਵੱਖ ਹੋਈਆਂ। ਚੋਣਾਂ ਵਿਚ ਕਿਸਾਨ ਧਿਰਾਂ ਨੂੰ ਲੋਕਾਂ ਨੇ ਪੂਰੀ ਤਰ੍ਹਾਂ ਨਕਾਰ ਦਿੱਤਾ। ਇਸ ਹਾਰ ਪਿੱਛੋਂ ਸਮੁੱਚੀ ਕਿਸਾਨੀ ਦੀ ਪੈਠ ਨੂੰ ਝਟਕਾ ਲੱਗਿਆ। ਕਿਸਾਨ ਨੇਤਾ ਬਲਬੀਰ ਸਿੰਘ ਰਾਜੇਵਾਲ, ਜੋ ਕਿ ਦਿੱਲੀ ਅੰਦੋਲਨ 'ਚ ਕੌਮੀ ਨੇਤਾ ਵਜੋਂ ਉਭਰੇ ਸਨ, ਦੀ ਸਾਖ ਨੂੰ ਖੋਰਾ ਲੱਗਾ। ਦਿੱਲੀ ਅੰਦੋਲਨ 'ਚੋਂ ਵਾਪਸ ਆਈਆਂ ਕਿਸਾਨ ਜਥੇਬੰਦੀਆਂ ਦਾ ਆਪਸੀ ਏਕਤਾ ਦਾ ਅਲਾਪ ਪੰਜਾਬ ਦੀ ਧਰਤੀ 'ਤੇ ਆ ਕੇ ਮੱਧਮ ਪੈਂਦਾ ਨਜ਼ਰ



ਆਇਆ। ਇਸ ਰੁਝਾਨ ਕਾਰਨ ਕੇਂਦਰ ਸਰਕਾਰ ਨੇ ਬਕਾਇਆ ਮੰਗਾਂ ਨੂੰ ਫੌਰੀ ਮੰਨਣ ਤੋਂ ਪਾਸਾ ਵੱਟ ਲਿਆ। ਇਸੇ ਵਰ੍ਹੇ ਵਿਚ ਬਲਬੀਰ ਸਿੰਘ ਰਾਜੇਵਾਲ ਨੇ ਪੰਜ ਕਿਸਾਨ ਧਿਰਾਂ ਦੀ ਅਗਵਾਈ ਵਾਲਾ ਵੱਖਰਾ ਮੋਰਚਾ ਬਣਾਇਆ ਹੋਇਆ ਹੈ। ਸੰਯੁਕਤ ਕਿਸਾਨ ਮੋਰਚਾ ਇਸ ਵਰ੍ਹੇ ਵਿਚ ਕਿਸਾਨ ਆਗੂਆਂ ਦੀਆਂ ਦਰਾੜਾਂ ਦੂਰ ਕਰਨ ਵਿਚ ਜੁਟਿਆ ਰਿਹਾ। ਮੁੱਲਾਂਪੁਰ ਕਿਸਾਨ ਧਿਰਾਂ ਦੀਆਂ ਮੀਟਿੰਗਾਂ ਦਾ ਮੁੱਖ ਕੇਂਦਰ ਉਭਰ 'ਕੇ ਸਾਹਮਣੇ ਆਇਆ।

ਸੰਯੁਕਤ ਕਿਸਾਨ ਮੋਰਚਾ ਨੇ ਪਾਟੋਧਾੜ ਹੋਈਆਂ ਧਿਰਾਂ ਨੂੰ ਨਾਲ ਲਾਉਣ ਵਿਚ ਸਫਲਤਾ ਹਾਸਲ ਕੀਤੀ ਪਰ ਜਗਜੀਤ ਸਿੰਘ ਡੱਲੇਵਾਲ ਅਤੇ ਬਲਵੀਰ ਸਿੰਘ ਰਾਜੇਵਾਲ ਪ੍ਰਮੁੱਖ ਸੰਯੁਕਤ ਕਿਸਾਨ ਮੋਰਚਾ ਤੋਂ ਲਾਂਭੇ ਹੀ ਰਹੇ। ਜਗਜੀਤ ਸਿੰਘ ਡੱਲੇਵਾਲ ਨੇ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਬਣਾਇਆ ਅਤੇ ਡੱਲੇਵਾਲ ਦਾਅਵਾ ਕਰਦੇ ਹਨ ਕਿ ਉਨ੍ਹਾਂ ਨਾਲ ਕਰੀਬ 16 ਕਿਸਾਨ ਧਿਰਾਂ ਹਨ। ਇਸ ਵਰ੍ਹੇ ਦਾ ਮੁੱਖ ਮੁੱਦਾ ਹੁਣ ਜ਼ੀਰਾ ਦੇ ਪਿੰਡ ਮਨਸੂਰਵਾਲਾ ਵਿਚਲੀ ਸ਼ਰਾਬ ਫੈਕਟਰੀ ਦੇ ਪ੍ਰਦੂਸ਼ਣ ਖ਼ਿਲਾਫ਼ ਚੱਲ ਰਿਹਾ ਅੰਦੋਲਨ ਬਣਿਆ ਹੈ। 24 ਜੁਲਾਈ ਨੂੰ ਆਸ-ਪਾਸ ਦੇ ਪਿੰਡਾਂ ਨੇ ਸਾਂਝਾ ਮੋਰਚਾ ਬਣਾ ਕੇ ਸੰਘਰਸ਼ ਸ਼ੁਰੂ ਕੀਤਾ ਸੀ। ਪੰਜਾਬ ਸਰਕਾਰ ਨੇ ਇਸ ਮੋਰਚੇ ਦੀ ਅਣਦੇਖੀ ਕਰ ਦਿੱਤੀ। ਪੁਲਿਸ ਨੇ ਪੱਕਾ ਮੋਰਚਾ ਹਟਾਉਣ ਲਈ 18 ਦਸੰਬਰ ਨੂੰ ਲਾਠੀਚਾਰਜ ਕਰ ਦਿੱਤਾ ਅਤੇ ਇਨ੍ਹਾਂ ਦਿਨਾਂ ਦੌਰਾਨ 45 ਕਿਸਾਨਾਂ ਨੂੰ ਪੁਲਿਸ ਕੇਸ ਦਰਜ ਕਰ ਕੇ ਜੇਲ੍ਹ ਭੇਜਿਆ ਗਿਆ। ਸਾਲ ਦੇ ਸ਼ੁਰੂ ਵਿਚ ਕਿਸਾਨ ਧਿਰਾਂ 'ਤੇ ਉੱਠੀ ਉਂਗਲ ਜ਼ੀਰਾ ਅੰਦੋਲਨ ਨੇ ਕਾਫੀ ਹੱਦ ਤੱਕ ਨਿਵਾ ਦਿੱਤੀ ਹੈ। ਜ਼ੀਰਾ ਅੰਦੋਲਨ ਹੀ ਹੁਣ ਕਿਸਾਨ ਧਿਰਾਂ ਦਾ ਭਵਿੱਖ ਤੈਅ ਕਰੇਗਾ।

## ਘੱਗਰ ਦਾ ਪਾਣੀ ਪ੍ਰਦੂਸ਼ਿਤ ਕਰਨ ਵਾਲੀਆਂ ਸਨਅਤਾਂ ਖ਼ਿਲਾਫ ਵੀ ਅੰਦੋਲਨ ਕਰਾਂਗੇ: ਰੁਲਦੂ ਸਿੰਘ

**ਮਾਨਸਾ:** ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਨੇ ਕਿਹਾ ਕਿ ਘੱਗਰ ਦਰਿਆ ਦੇ ਪਾਣੀ ਨੂੰ ਜ਼ਹਿਰੀਲਾ ਬਣਾਉਣ ਵਾਲੀਆਂ ਸਨਅਤਾਂ ਖ਼ਿਲਾਫ਼ ਜ਼ੀਰਾ ਸ਼ਰਾਬ ਫੈਕਟਰੀ ਦੀ ਤਰਜ਼ 'ਤੇ ਅੰਦੋਲਨ ਚਲਾਇਆ ਜਾਵੇਗਾ, ਜਿਸ ਲਈ ਇਲਾਕੇ ਦੀਆਂ ਕਿਸਾਨ ਧਿਰਾਂ ਅਤੇ ਜਥੇਬੰਦਕ ਆਗੂਆਂ ਨਾਲ ਮਾਮਲਾ ਵਿਚਾਰਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸ਼ੁੱਧ ਅਤੇ ਸਾਫ ਪਾਣੀ ਦੀ ਦੁਨੀਆਂ ਭਰ ਵਿਚ ਗੱਲ ਹੁੰਦੀ ਸੀ, ਪਰ ਫੈਕਟਰੀਆਂ ਤੇ ਉਦਯੋਗਾਂ ਵਾਲਿਆਂ ਨੇ ਇਥੋਂ ਦੇ ਦਰਿਆਵਾਂ, ਨਹਿਰਾਂ ਅਤੇ ਡਰੇਨਾਂ ਵਿਚ ਗੰਦਾ ਪਾਣੀ ਸੁੱਟ ਕੇ ਲੋਕਾਂ ਨੂੰ ਬਿਮਾਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਲੜਾਈ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਲੜੀ ਜਾਵੇਗੀ।

## ਸ਼ਹੀਦ ਕਿਸਾਨਾਂ ਦੇ ਵਾਰਸਾਂ ਨੂੰ 31.70 ਕਰੋੜ ਜਾਰੀ

**ਚੰਡੀਗੜ੍ਹ:** ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਹੁਣ ਤੱਕ ਕਿਸਾਨ ਸੰਘਰਸ਼ ਦੌਰਾਨ ਸ਼ਹੀਦ ਹੋਏ 634 ਕਿਸਾਨਾਂ ਦੇ ਵਾਰਸਾਂ ਨੂੰ 5 ਲੱਖ ਰੁਪਏ ਦੇ ਹਿਸਾਬ ਨਾਲ ਕੁੱਲ 31 ਕਰੋੜ 70 ਲੱਖ ਰੁਪਏ ਜਾਰੀ ਕੀਤੇ ਹਨ। ਇਸੇ ਤਰ੍ਹਾਂ ਕਿਸਾਨਾਂ ਦੇ 326 ਵਾਰਸਾਂ ਨੂੰ ਵੱਖ-ਵੱਖ ਵਿਭਾਗਾਂ ਵਿਚ ਸਰਕਾਰੀ ਨੌਕਰੀ ਦਿੱਤੀ ਜਾ ਚੁੱਕੀ ਹੈ, 98 ਨੂੰ ਨੌਕਰੀ ਦੇਣ ਲਈ ਵੈਰੀਫਿਕੇਸ਼ਨ ਮੁਕੰਮਲ ਹੋ ਗਈ ਹੈ ਜਦਕਿ 210 ਹੋਰਾਂ ਨੂੰ ਸਰਕਾਰੀ ਨੌਕਰੀ ਦੇਣ ਲਈ ਪ੍ਰਕਿਰਿਆ ਮੁਕੰਮਲ ਕੀਤੀ ਜਾ ਰਹੀ ਹੈ।

# ਅਧਿਆਪਕ ਮਸਲਿਆਂ ਦੇ ਹੱਲ ਲਈ ਵਫ਼ਦ ਸਿੱਖਿਆ ਮੰਤਰੀ ਨੂੰ ਮਿਲਿਆ

**ਚੰਡੀਗੜ੍ਹ:** ਡੈਮੋਕਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪੱਧਰੀ ਵਫ਼ਦ ਨੇ ਅਧਿਆਪਕ ਮਸਲਿਆਂ ਦੇ ਹੱਲ ਲਈ ਸੂਬਾ ਪ੍ਰਧਾਨ ਦਿਗਵਿਜੈਪਾਲ ਸ਼ਰਮਾ ਦੀ ਅਗਵਾਈ ਵਿਚ ਪੰਜਾਬ ਭਵਨ ਚੰਡੀਗੜ੍ਹ ਵਿਚ ਸੂਬੇ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨਾਲ ਪੈਨਲ ਮੀਟਿੰਗ ਕੀਤੀ ਜਿਸ ਵਿਚ ਅਧਿਆਪਕਾਂ ਦੀਆਂ ਮੰਗਾਂ 'ਤੇ ਵਿਸਥਾਰਪੂਰਵਕ ਚਰਚਾ ਹੋਈ।

ਵਫ਼ਦ ਨੇ ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਦੀ ਮੰਗ ਰੱਖੀ ਜਿਸ 'ਤੇ ਸਿੱਖਿਆ ਮੰਤਰੀ ਨੇ ਕਿਹਾ ਕਿ ਨਵੀਂ ਨੀਤੀ ਤਹਿਤ ਕੱਚੇ ਅਧਿਆਪਕਾਂ ਨੂੰ ਪਹਿਲੇ ਗੇੜ ਜਨਵਰੀ 2023 ਵਿਚ ਹੁਕਮ ਜਾਰੀ ਕੀਤੇ ਜਾਣਗੇ। ਜਥੇਬੰਦੀ ਵੱਲੋਂ ਰੈਗੂਲਰ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਪੂਰੇ ਲਾਭਾਂ ਸਮੇਤ ਮਰਜ਼ ਕਰਨ ਲਈ ਵੀ ਕਿਹਾ ਤੇ ਐਨ.ਐਸ.ਕਿਊ.ਐਫ. ਅਧਿਆਪਕਾਂ ਨੂੰ ਵੀ ਵਿਭਾਗ ਵਿੱਚ ਪੱਕੇ ਕਰਨ ਦੀ ਮੰਗ ਰੱਖੀ। ਉਨ੍ਹਾਂ ਦੱਸਿਆ ਕਿ ਸਾਰੇ ਕਾਡਰਾਂ ਦੀਆਂ ਵਿਭਾਗੀ ਤਰੱਕੀਆਂ ਸਮਾਂਬੱਧ ਕਰਨ ਲਈ ਸਿੱਖਿਆ ਮੰਤਰੀ ਵੱਲੋਂ ਹਾਂ-ਪੱਖੀ ਹੁੰਗਾਰਾ ਮਿਲਿਆ। ਉਨ੍ਹਾਂ ਕਾਮਰਸ ਅਤੇ ਸਾਇੰਸ ਵਿਸ਼ਿਆਂ ਸਮੇਤ ਸਕੂਲਾਂ ਵਿੱਚ ਬੰਦੀਆਂ ਹਰ ਕਿਸਮ ਦੀਆਂ ਅਸਾਮੀਆਂ ਮਨਜ਼ੂਰ ਕਰ ਕੇ ਭਰਨ ਦੀ ਮੰਗ ਕੀਤੀ। ਇਸ ਮੌਕੇ ਈ.ਟੀ.ਟੀ. ਤੋਂ ਮਾਸਟਰ ਕਾਡਰ ਦੀਆਂ ਤਰੱਕੀਆਂ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਸਹਿਮਤੀ ਬਣੀ ਤੇ ਵਿਸ਼ਾਵਾਰ ਸੀਨੀਆਰਤਾ ਸੂਚੀਆਂ ਬਣਾਏ ਜਾਣ ਦਾ ਭਰੋਸਾ ਦਿੱਤਾ ਗਿਆ। ਮੁੱਖ ਅਧਿਆਪਕ ਤੇ ਪ੍ਰਿੰਸੀਪਲਾਂ ਦੀਆਂ ਅਸਾਮੀਆਂ ਵੀ ਤਰੱਕੀ ਰਾਹੀਂ ਜਲਦ ਭਰੇ ਜਾਣ 'ਤੇ ਸਹਿਮਤੀ ਬਣੀ।

ਜਥੇਬੰਦੀ ਵੱਲੋਂ ਅਧਿਆਪਕ ਆਗੂਆਂ ਬਲਬੀਰ ਲੌਂਗੋਵਾਲ, ਦਾਤਾ ਸਿੰਘ ਨਮੋਲ, ਗੁਰਪ੍ਰੀਤ ਪਸ਼ੌਰੀਆ, ਪਰਵਿੰਦਰ ਸਿੰਘ ਉੱਭਾਵਾਲ ਤੇ ਯਾਦਵਿੰਦਰ ਪਾਲ ਧੂਰੀ 'ਤੇ ਦਰਜ ਕੇਸਾਂ ਅਤੇ ਉਨ੍ਹਾਂ 'ਤੇ ਲੱਗੇ ਦੋਸ਼ ਰੱਦ ਕਰਨ ਦੀ ਮੰਗ ਕੀਤੀ ਗਈ ਜਿਸ 'ਤੇ ਸਿੱਖਿਆ ਮੰਤਰੀ ਨੇ ਮਸਲਾ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਤੋਂ ਇਲਾਵਾ ਹੋਰ ਮੰਗਾਂ ਨੂੰ ਸਿੱਖਿਆ ਮੰਤਰੀ ਵੱਲੋਂ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ।

# ਪੰਜਾਬ ਦੇ ਟੌਲ ਪਲਾਜ਼ਿਆਂ ਉਤੇ ਡਟੇ ਕਿਸਾਨ

**ਚੰਡੀਗੜ੍ਹ:** ਪੰਜਾਬ ਦੇ 18 ਟੌਲ ਪਲਾਜ਼ਿਆਂ 'ਤੇ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਧਰਨੇ ਜਾਰੀ ਹਨ। ਕਿਸਾਨਾਂ ਨੇ ਪ੍ਰਦਰਸ਼ਨ ਮੌਕੇ ਰਾਜ ਅਤੇ ਕੇਂਦਰ ਸਰਕਾਰਾਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਜਥੇਬੰਦੀ ਦੇ ਸੂਬਾ ਪ੍ਰਧਾਨ ਸਤਨਾਮ ਸਿੰਘ ਪੰਨੂ ਤੇ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿ ਜਥੇਬੰਦੀ ਦੀ ਅਗਵਾਈ ਹੇਠ 15 ਦਸੰਬਰ ਤੋਂ ਸੂਬੇ ਵਿਚਲੇ ਰਾਜ ਅਤੇ ਕੇਂਦਰੀ ਮਾਰਗਾਂ 'ਤੇ ਸਥਾਪਤ ਜਿਨ੍ਹਾਂ ਪਲਾਜ਼ਿਆਂ 'ਤੇ ਧਰਨੇ ਚੱਲ ਰਹੇ ਹਨ, ਉਨ੍ਹਾਂ ਵਿਚ ਅੰਮ੍ਰਿਤਸਰ ਜ਼ਿਲ੍ਹੇ ਅੰਦਰ ਮਾਨਾਂਵਾਲਾ, ਕੱਥੂਨੰਗਲ, ਅਟਾਰੀ, ਤਰਨ ਤਾਰਨ ਵਿਚ ਮੰਨਣ, ਸੋਹੋਂ, ਫਿਰੋਜ਼ਪੁਰ ਵਿਚ ਫਿਰੋਜ਼ਸ਼ਾਹ, ਗਿੱਦੜਪਿੰਡੀ, ਹੁਸ਼ਿਆਰਪੁਰ ਵਿਚ ਮੁਕੇਰੀਆਂ, ਚੌਲਾਂਗ, ਮਾਨਸਰ, ਗੜ੍ਹਦੀਵਾਲਾ, ਚੱਬੇਵਾਲ, ਫਾਜ਼ਿਲਕਾ ਵਿੱਚ ਥੇਹ ਕਲੰਧਰ, ਮਾਹਮੂਜੋਈਆਂ, ਮੋਗਾ ਵਿੱਚ ਸਿੰਘਾਂ ਵਾਲਾ, ਜਲੰਧਰ ਵਿਚ ਕਾਂਵਾ ਵਾਲਾ ਪੱਤਣ, ਕਪੂਰਥਲਾ ਵਿੱਚ ਢਿੱਲਵਾਂ, ਪਠਾਨਕੋਟ ਵਿਚ ਲਾਟਪਲਾਵਾ ਦੀਨਾਨਗਰ ਆਦਿ ਟੌਲ ਪਲਾਜ਼ੇ ਸ਼ਾਮਲ ਹਨ।




ਬੁਲਾਰਿਆਂ ਨੇ ਰਾਜ ਅਤੇ ਅਤੇ ਕੇਂਦਰ ਸਰਕਾਰ ਤੋਂ ਸਾਰੇ ਟੌਲ ਪਲਾਜ਼ੇ ਬੰਦ ਕਰਨ ਦੀ ਮੰਗ ਵੀ ਕੀਤੀ। ਬੁਲਾਰਿਆਂ ਨੇ ਕਿਹਾ ਕਿ ਦੇਸ਼ ਭਰ ਵਿਚ ਲੱਗੇ ਟੌਲ ਪਲਾਜ਼ੇ ਗ਼ੈਰਕਨੂੰਨੀ ਹਨ ਤੇ ਇਹ ਗ਼ੈਰਕਨੂੰਨੀ ਲੁੱਟ ਤੁਰਤ ਬੰਦ ਹੋਣੀ ਚਾਹੀਦੀ ਹੈ। ਕਿਸਾਨ ਆਗੂਆਂ ਨੇ ਪੰਜਾਬ ਦੀਆਂ ਸਾਰੀਆਂ ਜਨਤਕ ਜਥੇਬੰਦੀਆਂ ਨੂੰ ਅਪੀਲ ਹੈ ਕਿ ਸਮੂਹ ਲੋਕ ਪੱਖੀ ਜਥੇਬੰਦੀਆਂ ਪੰਜਾਬ ਦੇ ਬਾਕੀ ਰਹਿੰਦੇ ਟੌਲ ਪਲਾਜ਼ਿਆਂ 'ਤੇ ਵੀ ਧਰਨੇ ਲਾ ਕੇ ਪਰਚੀਆਂ ਕੱਟਣੀਆਂ ਬੰਦ ਕਰਾਉਣ।

# ਕਣਕ ਦੀ ਬਿਜਾਂਦ ਹੇਠਲਾ ਰਕਬਾ ਐਤਕੀਂ 3.59 ਫੀਸਦੀ ਵਧਿਆ

**ਨਵੀਂ ਦਿੱਲੀ:** ਖੇਤੀਬਾੜੀ ਮੰਤਰਾਲੇ ਨੇ ਦੱਸਿਆ ਹੈ ਕਿ ਇਸ ਸਾਲ ਹਾੜੀ ਦੀ ਮੁੱਖ ਫਸਲ ਕਣਕ ਦੀ ਬਿਜਾਈ ਹੇਠਲਾ ਰਕਬਾ ਪਿਛਲੇ ਸਾਲ ਮੁਕਾਬਲੇ 3.59 ਫ਼ੀਸਦੀ ਵੱਧ ਕੇ 325.10 ਲੱਖ ਹੈਕਟੇਅਰ ਹੋ ਗਿਆ ਹੈ। ਮੰਤਰਾਲੇ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਸਾਲ 2022-23 ਦੇ ਫਸਲੀ ਸੀਜ਼ਨ ਦੌਰਾਨ 30 ਦਸੰਬਰ ਤੱਕ 325.10 ਹੈਕਟੇਅਰ ਰਕਬੇ 'ਚ ਕਣਕ ਦੀ ਬਿਜਾਈ ਹੋ ਚੁੱਕੀ ਹੈ ਜਦਕਿ ਪਿਛਲੇ ਸਾਲ ਇਹ ਰਕਬਾ 313.81 ਲੱਖ ਹੈਕਟੇਅਰ ਸੀ।

ਮੰਤਰਾਲੇ ਨੇ ਦੱਸਿਆ ਕਿ ਉੱਤਰ ਪ੍ਰਦੇਸ਼ ਵਿਚ ਸਭ ਤੋਂ ਵੱਧ (3.59 ਲੱਖ ਹੈਕਟੇਅਰ)



ਰਕਬੇ 'ਚ ਕਣਕ ਦੀ ਬਿਜਾਂਦ ਹੋਈ ਹੈ ਜਦਕਿ ਰਾਜਸਥਾਨ 'ਚ 2.52 ਲੱਖ ਹੈਕਟੇਅਰ, ਮਹਾਰਾਸ਼ਟਰ 'ਚ 1.89 ਲੱਖ, ਗੁਜਰਾਤ 'ਚ 1.10 ਲੱਖ, ਬਿਹਾਰ 'ਚ 0.87 ਲੱਖ, ਅਸਾਮ 'ਚ 0.02 ਲੱਖ ਅਤੇ ਝਾਰਖੰਡ 'ਚ 0.03 ਲੱਖ ਹੈਕਟੇਅਰ ਰਕਬੇ 'ਚ ਕਣਕ ਦੀ ਬਿਜਾਂਦ ਹੋਈ ਹੈ। ਮੰਤਰਾਲੇ ਨੇ ਕਿਹਾ ਕਿ ਇਸ ਸਮੇਂ ਕਣਕ ਦੀ ਫਸਲ ਚੰਗੀ ਰਹਿਣ ਦੀ ਸੰਭਾਵਨਾ ਦਿਖਾਈ ਦੇ ਰਹੀ ਹੈ ਅਤੇ ਜੇਕਰ ਮੌਸਮ ਠੀਕ ਰਿਹਾ ਤਾਂ ਇਸ ਸਾਲ ਕਣਕ ਦੀ ਰਿਕਾਰਡ ਪੈਦਾਵਾਰ ਹੋਵੇਗੀ।

# ਅਲਵਿਦਾ 2022: ਕਈ ਕੱਦਵਾਰ ਸਿਆਸੀ ਆਗੂਆਂ ਨੂੰ ਡੂੰਘੇ ਫੱਟ ਦੇ ਗਿਆ ਬੀਤਿਆ ਵਰ੍ਹਾ

**ਅੰਮ੍ਰਿਤਸਰ:** ਮਾਝੇ ਦੇ ਕੱਦਾਵਰ ਆਗੂ ਨਵਜੋਤ ਸਿੰਘ ਸਿੱਧੂ ਤੇ ਬਿਕਰਮ ਸਿੰਘ ਮਜੀਠੀਆ ਦੇ ਸਿਆਸੀ ਜੀਵਨ ਵਿਚ ਇਹ ਸਾਲ 2022 ਵੱਡੇ ਉਤਾਰ-ਚੜ੍ਹਾਅ ਵਾਲਾ ਰਿਹਾ। ਇਨ੍ਹਾਂ ਦੇ ਜੀਵਨ ਵਿਚ ਸ਼ਾਇਦ ਇਹ ਵਰ੍ਹਾ ਨਾ ਭੁੱਲਣਯੋਗ ਰਹੇਗਾ। ਇਸ ਵਰ੍ਹੇ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਉਹ ਪਹਿਲੀ ਵਾਰ ਚੋਣ ਹਾਰੇ ਹਨ। ਇਸ ਤੋਂ ਬਾਅਦ ਉਨ੍ਹਾਂ ਨੂੰ ਪੁਰਾਣੇ ਅਦਾਲਤੀ ਕੇਸ ਵਿਚ ਜੇਲ੍ਹ ਵੀ ਜਾਣਾ ਪਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ ਲਈ ਵੀ ਸਾਲ 2022 ਵੱਡੇ ਉਤਾਰ-ਚੜ੍ਹਾਅ ਵਾਲਾ ਰਿਹਾ। ਸ੍ਰੀ ਮਜੀਠੀਆ ਨੇ ਵੀ ਆਪਣੇ ਸਿਆਸੀ ਜੀਵਨ ਵਿਚ ਹੁਣ ਤੱਕ ਕਦੇ ਹਾਰ ਦਾ ਮੂੰਹ ਨਹੀਂ ਸੀ ਵੇਖਿਆ ਪਰ ਇਸ ਵਰ੍ਹੇ ਹੋਈਆਂ ਚੋਣਾਂ ਵਿਚ ਉਨ੍ਹਾਂ ਨੂੰ ਪਹਿਲੀ ਵਾਰ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਤੋਂ ਹਾਰ ਪ੍ਰਾਪਤ ਹੋਈ ਹੈ। ਉਨ੍ਹਾਂ ਨੇ ਸਾਲ 2007, 2012 ਅਤੇ 2017 ਵਿਚ ਲਗਾਤਾਰ ਮਜੀਠਾ ਵਿਧਾਨ ਸਭਾ ਹਲਕੇ ਤੋਂ ਚੋਣ ਜਿੱਤੀ। ਉਨ੍ਹਾਂ ਨੂੰ ਵੀ ਅਦਾਲਤੀ ਕੇਸ ਦੇ ਮਾਮਲੇ ਵਿਚ ਅਦਾਲਤ ਅੱਗੇ ਆਤਮ-ਸਮਰਪਣ ਕਰਨਾ ਪਿਆ ਸੀ।

ਨਵਜੋਤ ਸਿੰਘ ਸਿੱਧੂ ਨੇ ਆਪਣਾ ਸਿਆਸੀ ਜੀਵਨ 2004 ਵਿਚ ਭਾਜਪਾ ਵਿਚ ਸ਼ਾਮਲ ਹੁੰਦਿਆਂ ਸ਼ੁਰੂ ਕੀਤਾ ਸੀ। ਉਨ੍ਹਾਂ ਉਸ ਸਾਲ ਪਹਿਲੀ ਵਾਰ ਅੰਮ੍ਰਿਤਸਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਜਿੱਤੀ ਸੀ। ਉਸ ਤੋਂ ਬਾਅਦ ਉਹ 2007, 2009 ਅਤੇ 2014 ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਲਗਾਤਾਰ ਜੇਤੂ ਰਹੇ। 2017 ਵਿਚ ਕਾਂਗਰਸ ਵਿਚ ਸ਼ਾਮਲ ਹੋਣ ਮਗਰੋਂ ਉਨ੍ਹਾਂ ਪਹਿਲੀ ਵਾਰ ਪੰਜਾਬ ਵਿਧਾਨ ਸਭਾ ਦੀ ਚੋਣ ਲੜੀ ਤੇ ਵੱਡੇ ਫਰਕ ਨਾਲ ਜੇਤੂ ਰਹੇ ਸਨ। ਉਹ ਕਾਂਗਰਸ ਸਰਕਾਰ ਵਿਚ ਕੈਬਨਿਟ ਮੰਤਰੀ ਵੀ ਰਹੇ ਅਤੇ ਬਾਅਦ ਵਿਚ



ਪੰਜਾਬ ਕਾਂਗਰਸ ਦੇ ਪ੍ਰਧਾਨ ਬਣੇ।

ਇਸੇ ਤਰ੍ਹਾਂ ਕਾਂਗਰਸ ਦੇ ਓਪੀ ਸੋਨੀ ਲਈ ਵੀ ਇਹ ਸਾਲ ਇਹੋ-ਜਿਹਾ ਹੀ ਰਿਹਾ ਹੈ। ਉਨ੍ਹਾਂ ਨੂੰ ਹੁਣ ਤੱਕ ਵਿਧਾਨ ਸਭਾ ਦੀਆਂ ਚੋਣਾਂ ਵਿਚ



ਕਦੇ ਵੀ ਹਾਰ ਨਹੀਂ ਸੀ ਮਿਲੀ। ਉਨ੍ਹਾਂ ਨੇ 1997, 2002, 2007, 2012 ਅਤੇ 2017 ਵਿਚ ਲਗਾਤਾਰ ਵਿਧਾਨ ਸਭਾ ਚੋਣਾਂ ਜਿੱਤੀਆਂ ਹਨ। ਪਰ ਸਾਲ 2022 ਵਿੱਚ ਉਨ੍ਹਾਂ ਨੂੰ ਪਹਿਲੀ ਵਾਰ ਵਿਧਾਨ ਸਭਾ ਚੋਣਾਂ ਵਿੱਚ ਹਾਰ ਦਾ ਮੂੰਹ ਦੇਖਣਾ ਪਿਆ। ਇਸ ਵੇਲੇ ਸ੍ਰੀ ਸੋਨੀ ਨੂੰ ਵੀ ਵਿਜੀਲੈਂਸ ਬਿਊਰੋ ਦੀ ਜਾਂਚ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਮੰਚ 'ਤੇ ਇਹ ਸਾਲ ਅਹਿਮ ਰਿਹਾ ਹੈ। ਇਸ ਵਿੱਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਬੀਬੀ ਜਗੀਰ ਕੌਰ ਦੇ ਰੂਪ ਵਿਚ ਅੰਦਰੂਨੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ। ਇਸ ਸਾਲ ਨਵੰਬਰ ਮਹੀਨੇ ਵਿਚ ਸ਼੍ਰੋਮਣੀ ਕਮੇਟੀ ਦੀ ਸਾਲਾਨਾ ਚੋਣ ਵਿੱਚ ਜਗੀਰ ਕੌਰ ਨੇ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਚੁਣੌਤੀ ਦਿੱਤੀ ਸੀ। ਸ਼੍ਰੋਮਣੀ ਅਕਾਲੀ ਦਲ ਨੂੰ ਸਿਆਸੀ ਮੰਚ 'ਤੇ ਤਾਂ ਪਹਿਲਾਂ ਵੀ ਕਈ ਝਟਕੇ ਲੱਗੇ ਸਨ ਪਰ ਇਸ ਵਾਰ ਸ਼੍ਰੋਮਣੀ ਕਮੇਟੀ ਦੇ ਮੰਚ 'ਤੇ ਵੀ ਵੱਡਾ ਝਟਕਾ ਸਹਿਣਾ ਪਿਆ ਹੈ।

# ਕਿਸਾਨਾਂ ਦੀ ਕਰਜ਼ ਮੁਆਫੀ ਲਈ ਚੁੱਕਿਆ ਕਰਜ਼ਾ ਚੁਣੌਤੀ ਬਣਿਆ

**ਚੰਡੀਗੜ੍ਹ:** ਕੇਂਦਰ ਸਰਕਾਰ ਦਿਹਾਤੀ ਵਿਕਾਸ ਫੰਡ ਦੇ ਤਕਰੀਬਨ 2872 ਕਰੋੜ ਦੇ ਫੰਡ ਪੰਜਾਬ ਨੂੰ ਜਾਰੀ ਕਰਨ ਤੋਂ ਭੱਜ ਰਹੀ ਹੈ। ਇਸ ਕਾਰਨ ਕਿਸਾਨਾਂ ਦੀ 'ਕਰਜ਼ਾ ਮੁਆਫੀ' ਲਈ ਚੁੱਕਿਆ ਕਰਜ਼ਾ ਮੌਜੂਦਾ ਸਰਕਾਰ ਲਈ ਚੁਣੌਤੀ ਬਣ ਗਿਆ ਹੈ। ਮੰਡੀ ਬੋਰਡ ਲਈ ਪੇਂਡੂ ਵਿਕਾਸ ਫੰਡ ਦੇ ਬਦਲੇ ਜੋ 2018 ਵਿਚ ਚਾਰ ਹਜ਼ਾਰ ਕਰੋੜ ਦਾ ਕਰਜ਼ਾ ਚੁੱਕਿਆ ਗਿਆ ਸੀ, ਉਹ ਮੋੜਨਾ ਮੁਸ਼ਕਲ ਹੋ ਗਿਆ ਹੈ। ਅਜਿਹੇ ਵਿਚ ਸੂਬੇ ਦੀਆਂ ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ ਠੱਪ ਪਿਆ ਹੈ।

ਮਿਲੇ ਵੇਰਵਿਆਂ ਅਨੁਸਾਰ ਕਾਂਗਰਸੀ ਹਕੂਮਤ ਸਮੇਂ ਕੈਪਟਨ ਅਮਰਿੰਦਰ ਸਿੰਘ ਨੇ ਕਰਜ਼ਾ ਮੁਆਫੀ ਲਈ ਦਿਹਾਤੀ ਵਿਕਾਸ ਫੰਡ (ਆਰ.ਡੀ.ਐਫ.) ਬਦਲੇ ਬੈਂਕਾਂ ਤੋਂ ਕਰੀਬ ਚਾਰ ਹਜ਼ਾਰ ਕਰੋੜ ਦਾ ਕਰਜ਼ਾ ਚੁੱਕਿਆ ਸੀ ਅਤੇ 5.64 ਲੱਖ ਕਿਸਾਨਾਂ ਦੇ 4624 ਕਰੋੜ ਰੁਪਏ ਦੇ ਕਰਜ਼ੇ ਮੁਆਫ਼ ਕੀਤੇ ਸਨ। ਇਸ ਸਬੰਧੀ ਪੰਜਾਬ ਵਿਚ ਕਰਵਾਏ ਸਮਾਗਮ 'ਤੇ ਮੰਡੀ ਬੋਰਡ ਨੇ 9.36 ਕਰੋੜ ਰੁਪਏ ਖਰਚੇ ਸਨ। ਜਦੋਂ ਤੱਕ ਕੇਂਦਰ ਤੋਂ ਆਰ.ਡੀ.ਐਫ. ਮਿਲਦਾ ਰਿਹਾ, ਮੰਡੀ ਬੋਰਡ ਕਰਜ਼ੇ ਦੀਆਂ ਕਿਸ਼ਤਾਂ ਦੀ ਅਦਾਇਗੀ ਕਰਦਾ ਰਿਹਾ। ਕੇਂਦਰ ਸਰਕਾਰ ਨੇ ਤਿੰਨ ਫਸਲਾਂ ਦੇ ਦਿਹਾਤੀ ਵਿਕਾਸ ਫੰਡ ਦਾ ਪੈਸਾ ਰੋਕ ਲਿਆ ਹੈ ਜਿਸ ਕਾਰਨ ਮੰਡੀ ਬੋਰਡ ਲਈ ਕਰਜ਼ਾ ਮੋੜਨ ਦੀ ਤੰਗੀ ਖੜ੍ਹੀ ਹੋ ਗਈ। ਇਸੇ ਵਰ੍ਹੇ ਜੂਨ ਮਹੀਨੇ ਵਿਚ ਵੀ ਪੰਜਾਬ ਸਰਕਾਰ ਤੋਂ ਪੈਸਾ ਲੈ ਕੇ ਮੰਡੀ ਬੋਰਡ ਨੇ ਕਿਸ਼ਤ ਲਾਹੀ ਸੀ ਅਤੇ ਹੁਣ 31 ਦਸੰਬਰ ਨੂੰ ਇਕ ਹਜ਼ਾਰ ਕਰੋੜ ਰੁਪਏ ਦੀ ਹੋਰ ਲੋੜ ਹੈ। ਸੂਤਰ ਦੱਸਦੇ ਹਨ ਕਿ ਮੰਡੀ ਬੋਰਡ ਦਾ ਖ਼ਜ਼ਾਨਾ ਖਾਲੀ ਹੈ ਅਤੇ ਸਰਕਾਰ ਨੇ ਵੀ ਇਸ ਵਾਸਤੇ ਹੋਰ ਰਾਸ਼ੀ ਨਹੀਂ ਦਿੱਤੀ। ਜੇਕਰ ਅਗਲੇ ਵਰ੍ਹੇ ਵਿਚ ਵੀ ਦਿਹਾਤੀ ਵਿਕਾਸ ਫੰਡ ਜਾਰੀ ਨਾ ਕੀਤਾ ਤਾਂ ਮੰਡੀ ਬੋਰਡ ਨੂੰ ਬੈਂਕਾਂ ਡਿਫਾਲਟਰ ਐਲਾਨ ਸਕਦੀਆਂ ਹਨ।



ਪਤਾ ਲੱਗਾ ਹੈ ਕਿ ਕੇਂਦਰ ਨੇ ਪੰਜਾਬ ਨੂੰ ਆਰ.ਡੀ.ਐਫ. ਦੀ ਦਰ ਵਿਚ ਪੰਜਾਹ ਫ਼ੀਸਦੀ ਕਟੌਤੀ ਕਰਨ ਲਈ ਕਿਹਾ ਹੈ। ਪੇਂਡੂ ਵਿਕਾਸ ਫੰਡ ਰੁਕਣ ਕਾਰਨ ਪੰਜਾਬ ਵਿਚ ਲਿੰਕ ਸੜਕਾਂ ਦਾ ਮਾੜਾ ਹਾਲ ਹੈ। ਪੰਜਾਬ ਵਿਚ ਕਰੀਬ 65 ਹਜ਼ਾਰ ਕਿਲੋਮੀਟਰ ਲਿੰਕ ਸੜਕਾਂ ਹਨ ਜਿਨ੍ਹਾਂ ਦੀ ਮੁਰੰਮਤ ਦਾ ਜ਼ਿੰਮਾ ਪੰਜਾਬ ਮੰਡੀ ਬੋਰਡ ਸਿਰ ਹੈ। ਮਿਲੇ ਵੇਰਵਿਆਂ ਅਨੁਸਾਰ 31 ਮਾਰਚ 2022 ਤੱਕ ਪੰਜਾਬ ਵਿਚ 4500 ਕਿਲੋਮੀਟਰ ਲਿੰਕ ਸੜਕਾਂ ਮੁਰੰਮਤ ਕਰਨ ਯੋਗ ਹੋ ਗਈਆਂ ਸਨ। ਅਗਲੇ ਸਾਲ 31 ਮਾਰਚ ਤੱਕ 5500 ਕਿਲੋਮੀਟਰ ਸੜਕਾਂ ਹੋਰ ਮੁਰੰਮਤ ਲਈ ਤਿਆਰ ਹੋ ਜਾਣਗੀਆਂ। ਇਸ ਲਿਹਾਜ਼ ਨਾਲ ਤਿੰਨ ਮਹੀਨਿਆਂ ਮਗਰੋਂ ਕਰੀਬ 10 ਹਜ਼ਾਰ ਕਿਲੋਮੀਟਰ ਲਿੰਕ ਸੜਕਾਂ ਨੂੰ ਮੁਰੰਮਤ ਦੀ ਲੋੜ ਪੈਣੀ ਹੈ ਜਿਸ ਵਾਸਤੇ ਕਰੀਬ 1500 ਕਰੋੜ ਦੇ ਫੰਡਾਂ ਦੀ ਲੋੜ ਹੈ। ਉੱਧਰ, ਨਵੀਂ ਸਰਕਾਰ ਨੇ ਸੂਬੇ ਵਿਚ ਸੜਕਾਂ ਦੀ ਮੁਰੰਮਤ ਦਾ ਹਾਲੇ ਤੱਕ ਮਹੂਰਤ ਨਹੀਂ ਕੀਤਾ ਹੈ। ਪੰਜਾਬ ਮੰਡੀ ਬੋਰਡ ਕੋਲ ਸੂਬੇ 'ਚ ਬੁਨਿਆਦੀ ਢਾਂਚੇ ਤਹਿਤ ਕਰੀਬ 7500 ਕਰੋੜ ਦੀ ਜਾਇਦਾਦ ਹੈ।

ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪਿਛਲੀ ਸਰਕਾਰ ਵੱਲੋਂ ਪੇਂਡੂ ਵਿਕਾਸ ਫੰਡ 'ਤੇ ਕਰਜ਼ਾ ਚੁੱਕਿਆ ਗਿਆ ਸੀ ਅਤੇ ਕੇਂਦਰ ਸਰਕਾਰ ਵੱਲੋਂ ਜਾਣ-ਬੁੱਝ ਕੇ ਦਿਹਾਤੀ ਵਿਕਾਸ ਫੰਡ ਰੋਕਿਆ ਗਿਆ ਹੈ ਜਿਸ ਕਾਰਨ ਕਰਜ਼ੇ ਦੀ ਕਿਸ਼ਤ ਉਤਾਰਨ ਵਿੱਚ ਸਮੱਸਿਆ ਬਣੀ। ਉਨ੍ਹਾਂ ਦੱਸਿਆ ਕਿ ਇਸ ਦਾ ਵਿਆਜ ਤਾਂ ਦੇ ਦਿੱਤਾ ਗਿਆ ਹੈ। ਕੇਂਦਰ ਤੋਂ ਫੰਡ ਨਾ ਮਿਲੇ ਤਾਂ ਜਨਵਰੀ ਵਿਚ ਸਰਕਾਰ ਆਪਣੇ ਕੋਲੋਂ ਅਦਾਇਗੀ ਕਰ ਦੇਵੇਗੀ।

## ਪੰਜਾਬ 'ਚ ਜੀ.ਐਸ.ਟੀ. ਵਸੂਲੀ ਵਿਚ ਸੁਧਾਰ ਦਾ ਦਾਅਵਾ

**ਚੰਡੀਗੜ੍ਹ:** ਕੈਬਨਿਟ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਪਹਿਲੇ ਅੱਠ ਮਹੀਨਿਆਂ ਦੌਰਾਨ ਕਰ ਵਿਭਾਗ ਨੇ ਪਿਛਲੇ ਸਾਲ ਦੇ ਮੁਕਾਬਲੇ ਮਹੀਨਾ-ਦਰ-ਮਹੀਨਾ ਆਪਣੀ ਕਾਰਗੁਜ਼ਾਰੀ ਵਿਚ ਸੁਧਾਰ ਕੀਤਾ ਹੈ। ਇਸ ਸਾਲ ਅਪਰੈਲ ਤੋਂ ਨਵੰਬਰ ਦੇ ਮਹੀਨਿਆਂ ਦੌਰਾਨ ਵਸਤੂਆਂ ਤੇ ਸੇਵਾਵਾਂ ਕਰ (ਜੀ.ਐਸ.ਟੀ.) ਤੋਂ ਮਾਲੀਆ ਵਿੱਤੀ ਸਾਲ 2021-22 ਦੀ ਇਸੇ ਮਿਆਦ ਦੇ ਮੁਕਾਬਲੇ 24.5 ਫੀਸਦੀ ਵਧਿਆ ਹੈ। ਵਿੱਤੀ ਸਾਲ 2021-22 ਦੇ ਪਹਿਲੇ ਅੱਠ ਮਹੀਨਿਆਂ ਦੌਰਾਨ ਜੀ.ਐਸ.ਟੀ. ਤੋਂ ਕੁੱਲ ਮਾਲੀਆ 9612.6 ਕਰੋੜ ਰੁਪਏ ਸੀ, ਜਦਕਿ ਇਸ ਸਾਲ ਅਪਰੈਲ ਤੋਂ ਨਵੰਬਰ ਮਹੀਨੇ ਤੱਕ ਕੁੱਲ ਜੀ.ਐੱਸ.ਟੀ. ਕੁਲੈਕਸ਼ਨ 11967.76 ਕਰੋੜ ਰੁਪਏ ਰਿਹਾ ਜਿਸ ਨਾਲ 2355.6 ਕਰੋੜ ਰੁਪਏ ਦਾ ਵਾਧਾ ਦਰਜ ਕੀਤਾ ਗਿਆ ਹੈ। ਪੰਜਾਬ ਸਰਕਾਰ ਨੇ ਐਨ.ਆਈ.ਸੀ ਦੁਆਰਾ ਬਣਾਏ ਗਏ ਨਵੀਨਤਮ ਡੇਟਾ ਵਿਸ਼ਲੇਸ਼ਣ ਟੂਲ, ਜੀ.ਐਸ.ਟੀ ਪ੍ਰਾਈਮ ਦੀਆਂ ਸੇਵਾਵਾਂ ਦੀ ਵਰਤੋਂ ਕਰਨ ਦਾ ਵੀ ਫੈਸਲਾ ਕੀਤਾ ਹੈ।

# ਪੰਜਾਬ 'ਚ ਪੁਲਿਸ ਦਾ ਵੱਖਰਾ ਟਰੈਫਿਕ ਵਿੰਗ ਬਹਾਲ ਕਰਨ ਦੀ ਤਿਆਰੀ



**ਚੰਡੀਗੜ੍ਹ:** ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਸਰਕਾਰ ਵੱਲੋਂ ਸਾਲ 1992 'ਚ ਰਿਸ਼ਵਤਖੋਰੀ ਦੇ ਇਲਜ਼ਾਮਾਂ ਮਗਰੋਂ ਭੰਗ ਕੀਤੇ ਗਏ ਪੰਜਾਬ ਟਰੈਫਿਕ ਪੁਲਿਸ ਦੇ ਵੱਖਰੇ ਵਿੰਗ ਨੂੰ ਭਗਵੰਤ ਮਾਨ ਸਰਕਾਰ ਨੇ ਬਹਾਲ ਕਰਨ ਦੀ ਤਿਆਰੀ ਕਰ ਲਈ ਹੈ। ਸੂਬੇ ਦੇ ਵਧੀਕ ਡਾਇਰੈਕਟਰ ਜਨਰਲ ਆਫ ਪੁਲਿਸ (ਏ.ਡੀ.ਜੀ.ਪੀ.) ਟਰੈਫਿਕ ਅਮਰਦੀਪ ਸਿੰਘ ਰਾਏ ਨੇ ਸੂਬੇ ਭਰ ਦੇ ਸ਼ਹਿਰਾਂ ਅੰਦਰ ਟਰੈਫਿਕ ਦੀ ਵਧ ਰਹੀ ਸਮੱਸਿਆ ਦੇ ਮੱਦੇਨਜ਼ਰ ਪੰਜਾਬ ਪੁਲਿਸ ਦਾ ਵੱਖਰਾ ਟਰੈਫਿਕ ਵਿੰਗ ਬਹਾਲ ਕਰਨ ਲਈ ਸਰਕਾਰ ਨੂੰ ਖਰੜਾ ਭੇਜਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਹੈੱਡਕੁਆਰਟਰ ਤੋਂ ਤਿਆਰ ਟਰੈਫਿਕ ਨਿਯਮਾਂ ਨੂੰ ਜ਼ਿਲ੍ਹਾ ਪੁਲਿਸ ਲਾਗੂ ਕਰਨ ਲਈ ਯਕੀਨੀ ਬਣਾਏਗੀ।

ਵੇਰਵਿਆਂ ਮੁਤਾਬਕ ਮਾਨ ਸਰਕਾਰ ਨੇ ਟਰੈਫਿਕ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰ ਕੇ ਬਲੂਪ੍ਰਿੰਟ ਤਿਆਰ ਕੀਤਾ ਹੈ। ਟਰੈਫਿਕ ਪੁਲਿਸ ਦਾ ਵੱਖਰਾ ਵਿੰਗ ਨਵੇਂ ਸਾਲ ਦੇ ਜਨਵਰੀ ਮਹੀਨੇ ਤੋਂ ਕੰਮ ਕਰਨਾ ਸ਼ੁਰੂ ਕਰ ਦੇਵੇਗਾ। ਜ਼ਿਕਰਯੋਗ ਹੈ ਕਿ ਸਾਲ 1992-93 ਵਿਚ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਨੇ ਵਿੰਗ ਖ਼ਿਲਾਫ਼ ਵੱਢੀਖੋਰੀ ਦੀਆਂ ਸ਼ਿਕਾਇਤਾਂ ਬਾਅਦ ਇਸ ਨੂੰ ਭੰਗ ਕਰ ਦਿੱਤਾ ਸੀ।

# ਮੁਹਾਲੀ ਦੇ ਮੇਅਰ ਦੀ ਕੌਂਸਲਰ ਵਜੋਂ ਮੈਂਬਰੀ ਰੱਦ

**ਮੁਹਾਲੀ:** ਪੰਜਾਬ ਸਰਕਾਰ ਨੇ ਮੁਹਾਲੀ ਨਗਰ ਨਿਗਮ ਦੇ ਮੇਅਰ ਤੇ ਭਾਜਪਾ ਆਗੂ ਅਮਰਜੀਤ ਸਿੰਘ ਜੀਤੀ ਸਿੱਧੂ ਦੀ ਕੌਂਸਲਰ ਵਜੋਂ ਮੈਂਬਰਸ਼ਿਪ ਨੂੰ ਰੱਦ ਕਰ ਦਿੱਤਾ ਹੈ। ਇਸ ਸਬੰਧੀ ਹੁਕਮ ਸਥਾਨਕ ਸਰਕਾਰ ਵਿਭਾਗ ਦੇ ਪ੍ਰਮੁੱਖ ਸਕੱਤਰ ਨੇ ਜਾਰੀ ਕੀਤੇ। ਜੀਤੀ ਸਿੱਧੂ ਖ਼ਿਲਾਫ਼ ਇਹ ਕਾਰਵਾਈ ਵਿਰੋਧੀ ਧਿਰ ਦੇ ਕੌਂਸਲਰਾਂ ਅਤੇ 'ਆਪ' ਵਾਲੰਟੀਅਰਾਂ ਦੀ ਸ਼ਿਕਾਇਤ 'ਤੇ ਕੀਤੀ ਗਈ ਹੈ।

ਜੀਤੀ ਸਿੱਧੂ ਇਸ ਵੇਲੇ ਵਿਦੇਸ਼ ਦੌਰੇ 'ਤੇ ਹਨ। ਹਾਲਾਂਕਿ ਉਹ ਪਿਛਲੇ ਦਿਨੀਂ ਸਥਾਨਕ ਸਰਕਾਰਾਂ ਵਿਭਾਗ ਦੇ ਕੈਬਨਿਟ ਮੰਤਰੀ ਡਾ. ਇੰਦਰਬੀਰ ਸਿੰਘ ਨਿੱਝਰ ਕੋਲ ਨਿੱਜੀ ਤੌਰ 'ਤੇ ਪੇਸ਼ ਹੋ ਕੇ ਆਪਣਾ ਪੱਖ ਰੱਖ ਚੁੱਕੇ ਹਨ ਪਰ ਉਨ੍ਹਾਂ ਦੀ ਗੈਰਮੌਜੂਦਗੀ ਵਿਚ ਸਰਕਾਰ ਨੇ ਆਪਣਾ ਫੈਸਲਾ ਸੁਣਾ ਕੇ ਮੁਹਾਲੀ ਦੀ ਸਿਆਸਤ ਭਖਾ ਦਿੱਤੀ ਹੈ। ਦੱਸ ਦਈਏ ਕਿ ਪੰਜਾਬ ਵਿਚ ਸੱਤਾ ਤਬਦੀਲੀ ਤੋਂ ਬਾਅਦ ਜੀਤੀ ਸਿੱਧੂ ਆਪਣੇ ਵੱਡੇ ਭਰਾ ਤੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨਾਲ ਕਾਂਗਰਸ ਨੂੰ ਅਲਵਿਦਾ ਆਖ ਕੇ ਭਾਜਪਾ ਵਿਚ ਸ਼ਾਮਲ ਹੋ ਗਿਆ ਸੀ।



ਪ੍ਰਮੁੱਖ ਸਕੱਤਰ ਵੱਲੋਂ ਜਾਰੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਮੇਅਰ ਜੀਤੀ ਸਿੱਧੂ ਨੇ ਮਿਉਂਸਿਪਲ ਐਕਟ 1976 ਦੀ ਧਾਰਾ 63 ਅਤੇ 36 ਦੀ ਉਲੰਘਣਾ ਕੀਤੀ ਹੈ ਜਿਸ ਕਾਰਨ ਅਮਰਜੀਤ ਸਿੰਘ ਜੀਤੀ ਸਿੱਧੂ ਦੀ ਕੌਂਸਲਰ ਵਜੋਂ ਮੈਂਬਰਸ਼ਿਪ ਨੂੰ ਖ਼ਾਰਜ ਕੀਤਾ ਜਾਂਦਾ ਹੈ। ਇਹ ਹੁਕਮ ਤੁਰਤ ਪ੍ਰਭਾਵ ਤੋਂ ਲਾਗੂ ਹੋ ਗਏ ਹਨ। ਜਾਣਕਾਰੀ ਅਨੁਸਾਰ ਵਿਰੋਧੀ ਧਿਰ ਦੇ ਕੌਂਸਲਰਾਂ ਸੁਖਦੇਵ ਸਿੰਘ ਪਟਵਾਰੀ, ਗੁਰਮੀਤ ਕੌਰ, ਅਰੁਣਾ ਵਸ਼ਿਸ਼ਟ, ਕਰਮਜੀਤ ਕੌਰ, ਸਰਬਜੀਤ ਸਿੰਘ ਸਮਾਣਾ ਅਤੇ ਸਾਬਕਾ ਕੌਂਸਲਰ ਤੇ 'ਆਪ' ਵਾਲੰਟੀਅਰ ਆਰ.ਪੀ. ਸ਼ਰਮਾ ਤੇ ਫੂਲਰਾਜ ਸਿੰਘ ਨੇ ਸਥਾਨਕ ਸਰਕਾਰ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਸ਼ਿਕਾਇਤ ਦੇ ਕੇ ਕਿਹਾ ਸੀ ਕਿ ਮੇਅਰ ਨੇ ਆਪਣੇ ਅਹੁਦੇ ਦੀ ਦੁਰਵਰਤੋਂ ਕਰਕੇ ਅੰਮ੍ਰਿਤਪ੍ਰੀਤ ਕੋਆਪਰੇਟਿਵ ਸੁਸਾਇਟੀ ਨਾਮ ਦੀ ਇਕ ਲੇਬਰ ਕੰਟਰੈਕਟਰ ਸੁਸਾਇਟੀ (ਜਿਸ ਦੇ ਮੇਅਰ ਖ਼ੁਦ ਵੀ ਮੈਂਬਰ ਹਨ) ਨੂੰ ਵਿਕਾਸ ਕਾਰਜਾਂ ਸਬੰਧੀ ਕਰੋੜਾਂ ਰੁਪਏ ਦੇ ਟੈਂਡਰ ਅਲਾਟ ਕੀਤੇ ਹਨ। ਇਸ ਮਾਮਲੇ ਵਿਚ ਸਰਕਾਰ ਨੇ ਮੇਅਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਸੀ।

## ਨਸ਼ੇ ਦੀ ਓਵਰਡੋਜ਼ ਕਾਰਨ ਦੋ ਚਚੇਰੇ ਭਰਾਵਾਂ ਦੀ ਮੌਤ

**ਮੋਗਾ:** ਧਰਮਕੋਟ ਸਬ-ਡਿਵੀਜ਼ਨ ਦੇ ਪਿੰਡ ਨੂਰਪੁਰ ਹਕੀਮਾਂ 'ਚ ਦੋ ਚਚੇਰੇ ਭਰਾਵਾਂ ਦੀ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੋ ਗਈ ਹੈ। ਜ਼ੀਰਾ ਸਬ-ਡਿਵੀਜ਼ਨ ਅਧੀਨ ਪੈਂਦੇ ਪਿੰਡ ਝਤਰੇ ਵਾਸੀ ਬਲਕਾਰ ਸਿੰਘ ਨੇ ਦੱਸਿਆ ਕਿ ਉਹ ਮਜ਼ਦੂਰੀ ਕਰਦਾ ਹੈ। ਉਸ ਦਾ ਪੁੱਤਰ ਰਾਜੂ ਸਿੰਘ ਤੇ ਭਤੀਜਾ ਰਿੰਕੂ ਵੀ ਮਜ਼ਦੂਰੀ ਦਾ ਕੰਮ ਕਰਦੇ ਸਨ। ਉਹ ਜਿਸ ਠੇਕੇਦਾਰ ਕੋਲ ਕੰਮ ਕਰਦੇ ਸਨ, ਉਸ ਦਾ ਕੰਮ ਪਿੰਡ ਕੱਲ੍ਹਾ ਜ਼ਿਲ੍ਹਾ ਤਰਨ ਤਾਰਨ ਵਿਚ ਚੱਲ ਰਿਹਾ ਸੀ। ਉਸ ਦਾ ਪੁੱਤਰ ਅਤੇ ਭਤੀਜਾ ਰੋਕਣ ਦੇ ਬਾਵਜੂਦ ਆਪਣੇ ਕੰਮ ਵਾਲੇ ਥਾਂ ਤੋਂ ਪਿੰਡ ਨੂਰਪੁਰ ਹਕੀਮਾਂ ਵਿਚ ਨਸ਼ਾ ਕਰਨ ਲਈ ਜਾਂਦੇ ਸਨ। ਉਸ ਨੇ ਦੱਸਿਆ ਕਿ ਦੋਵੇਂ ਨੌਜਵਾਨਾਂ ਦੀ ਪਿੰਡ ਨੂਰਪੁਰ ਹਕੀਮਾਂ ਵਿਚ ਕਰਮਜੀਤ ਸਿੰਘ ਦੇ ਘਰ ਵਿਚ ਨਸ਼ੇ ਦਾ ਟੀਕਾ ਲਗਾਉਣ ਨਾਲ ਮੌਤ ਹੋ ਗਈ। ਇਸ ਸਬੰਧੀ ਡੀ.ਐਸ.ਪੀ. ਧਰਮਕੋਟ ਰਵਿੰਦਰ ਸਿੰਘ ਤੇ ਐਸ.ਐਚ.ਓ. ਥਾਣਾ ਧਰਮਕੋਟ ਇੰਸਪੈਕਟਰ ਜਸਵਰਿੰਦਰ ਸਿੰਘ ਨੇ ਦੱਸਿਆ ਕਿ ਦੋ ਚਚੇਰੇ ਭਰਾਵਾਂ ਦੀ ਨਸ਼ੇ ਦੀ ਓਵਰਡੋਜ਼ ਨਾਲ ਮੌਤ ਦੇ ਮਾਮਲੇ ਵਿਚ ਮੰਗਾ ਸਿੰਘ, ਅਮਰਜੀਤ ਸਿੰਘ ਪਿੰਡ ਨੂਰਪੁਰ ਹਕੀਮਾਂ ਸਣੇ ਦੋ ਅਣਪਛਾਤਿਆਂ ਖ਼ਿਲਾਫ਼ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਰਿਕਾਰਡ ਮੁਤਾਬਕ ਇਸ ਵਰ੍ਹੇ ਨਸ਼ਿਆਂ ਨਾਲ 12 ਤੋਂ ਵੱਧ ਮੌਤਾਂ ਹੋਈਆਂ ਹਨ। ਇਹ ਵੀ ਚਰਚਾ ਹੈ ਕਿ ਨਸ਼ਿਆਂ ਕਾਰਨ ਮੌਤਾਂ ਦੀ ਗਿਣਤੀ ਦਾ ਅੰਕੜਾ ਜ਼ਿਆਦਾ ਹੈ ਪਰ ਮਾਪੇ ਬਦਨਾਮੀ ਦੇ ਡਰੋਂ ਆਪਣੇ ਪੁੱਤਾਂ ਦੀਆਂ ਨਸ਼ੇ ਵਾਲੀ ਆਦਤ ਜੱਗ-ਜ਼ਾਹਿਰ ਨਹੀਂ ਕਰਨਾ ਚਾਹੁੰਦੇ।

# ਚੰਡੀਗੜ੍ਹ ਦੇ ਰੂਟਾਂ ਉਤੇ ਅਜੇ ਵੀ ਨਿੱਜੀ ਬੱਸ ਅਪਰੇਟਰਾਂ ਦਾ ਦਬਦਬਾ

**ਚੰਡੀਗੜ੍ਹ:** ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਐਲਾਨ ਤਾਂ ਵੱਡੇ ਕੀਤੇ ਸਨ ਪਰ ਇਸ ਦੀ ਜ਼ਮੀਨੀ ਹਕੀਕਤ ਕੁਝ ਹੋਰ ਹੀ ਹੈ। ਪੰਜਾਬ ਸਰਕਾਰ ਵੱਲੋਂ 3 ਹਫਤੇ ਪਹਿਲਾਂ ਆਪਣੀ ਪੰਜਾਬ ਟਰਾਂਸਪੋਰਟ ਸਕੀਮ ਵਿਚ ਸੋਧ ਕਰਦਿਆਂ ਅੰਤਰਰਾਜੀ ਰੂਟਾਂ ਉਤੇ ਨਿੱਜੀ ਬੱਸ ਕੰਪਨੀਆਂ ਦੇ ਏਕਾਧਿਕਾਰ ਨੂੰ ਖਤਮ ਕਰਦਿਆਂ ਰਾਜਧਾਨੀ ਚੰਡੀਗੜ੍ਹ ਵਿਚ ਨਿੱਜੀ ਕੰਪਨੀ ਦੀਆਂ ਬੱਸਾਂ ਦੇ ਦਾਖਲੇ 'ਤੇ ਪਾਬੰਦੀ ਲਾ ਦਿੱਤੀ ਗਈ ਸੀ। ਇਸ ਦਾ ਐਲਾਨ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕੀਤਾ ਸੀ।

ਪੰਜਾਬ ਸਰਕਾਰ ਦੇ ਇਸ ਫੈਸਲੇ ਨੂੰ ਬਾਦਲ ਪਰਿਵਾਰ ਦੀਆਂ ਬੱਸਾਂ ਨਾਲ ਜੋੜਿਆ ਗਿਆ ਸੀ ਪਰ ਸਰਕਾਰ ਦੇ ਐਲਾਨ ਤੋਂ ਦੋ ਹਫਤੇ ਬਾਅਦ ਵੀ ਚੰਡੀਗੜ੍ਹ ਦੇ ਰੂਟਾਂ ਉਤੇ ਨਿੱਜੀ ਬੱਸ ਅਪਰੇਟਰਾਂ ਦਾ ਦਬਦਬਾ ਪਹਿਲਾਂ ਵਾਂਗ ਕਾਇਮ ਹੈ ਤੇ ਨਿੱਜੀ ਬੱਸ ਕੰਪਨੀਆਂ ਦੀਆਂ ਬੱਸਾਂ ਪਹਿਲਾਂ ਦੀ ਤਰ੍ਹਾਂ ਹੀ ਚੰਡੀਗੜ੍ਹ ਦੇ ਸੈਕਟਰ-43 ਬੱਸ ਅੱਡੇ ਵਿਚ ਦਾਖਲ ਹੋ ਰਹੀਆਂ ਹਨ।



ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਦਾਖਲ ਹੋਣ ਲਈ ਨਿੱਜੀ ਬੱਸ ਕੰਪਨੀ ਦੀਆਂ 73 ਬੱਸਾਂ ਨੂੰ ਪਰਮਿਟ ਦਿੱਤੇ ਗਏ ਹਨ ਜੋ ਕਿ ਪਹਿਲਾਂ ਵਾਂਗ ਆ ਜਾ ਰਹੀਆਂ ਹਨ। ਇਹ ਪਰਮਿਟ ਆਰਬਿਟ, ਲਿਬੜਾ, ਤਾਜ, ਜੁਝਾਰ, ਕਰਤਾਰ ਅਤੇ ਹੋਰ ਕਈ ਕੰਪਨੀਆਂ ਕੋਲ ਹਨ।

ਨਿੱਜੀ ਬੱਸ ਕੰਪਨੀਆਂ ਦੀਆਂ ਬੱਸਾਂ ਦਾ ਚੰਡੀਗੜ੍ਹ ਤੋਂ ਪਠਾਨਕੋਟ, ਅੰਮ੍ਰਿਤਸਰ, ਬਠਿੰਡਾ, ਫਾਜ਼ਿਲਕਾ ਵਰਗੇ ਵੱਡੇ ਰੂਟਾਂ 'ਤੇ ਪੂਰਾ ਕਬਜ਼ਾ ਦਿਖਾਈ ਦੇ ਰਿਹਾ ਹੈ। ਇਸ ਤੋਂ ਇਲਾਵਾ ਜਲੰਧਰ, ਲੁਧਿਆਣਾ, ਅਬੋਹਰ ਅਤੇ ਸੂਬੇ ਦੇ ਹੋਰਨਾਂ ਹਿੱਸਿਆਂ ਵਿਚ ਵੀ ਨਿੱਜੀ ਕੰਪਨੀ ਦੀਆਂ ਬੱਸਾਂ ਪੁੱਜ ਰਹੀਆਂ ਹਨ। ਚੰਡੀਗੜ੍ਹ ਦੇ ਸੈਕਟਰ-43 ਬੱਸ ਅੱਡੇ 'ਤੇ ਲੱਗੀ ਬੱਸਾਂ ਦੀ ਸਮਾਂ ਸਾਰਣੀ ਵਿਚ ਵੀ ਪਹਿਲਾਂ ਵਾਂਗ ਹੀ ਨਿੱਜੀ ਬੱਸ ਕੰਪਨੀਆਂ ਦੀਆਂ ਬੱਸਾਂ ਦਾ ਸਮਾਂ ਦਿੱਤਾ ਗਿਆ ਹੈ।

ਦੱਸ ਦਈਏ ਕਿ ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ 13 ਦਸੰਬਰ ਨੂੰ ਐਲਾਨ ਕੀਤਾ ਸੀ ਕਿ ਪੰਜਾਬ ਸਰਕਾਰ ਨੇ 'ਪੰਜਾਬ ਟਰਾਂਸਪੋਰਟ ਸਕੀਮ-2018' ਵਿਚ ਸੋਧ ਕਰ ਦਿੱਤੀ ਹੈ ਜਿਸ ਤਹਿਤ ਹੁਣ 100 ਫ਼ੀਸਦੀ ਹਿੱਸੇਦਾਰੀ ਨਾਲ ਸਿਰਫ ਸੂਬਾ ਸਰਕਾਰ ਦੀਆਂ ਬੱਸਾਂ ਹੀ ਚੰਡੀਗੜ੍ਹ ਵਿਚ ਦਾਖਲ ਹੋਣਗੀਆਂ। ਉਨ੍ਹਾਂ ਐਲਾਨ ਕੀਤਾ ਸੀ ਕਿ ਅੰਤਰ-ਰਾਜੀ ਰੂਟਾਂ 'ਤੇ 39 ਜਾਂ ਇਸ ਤੋਂ ਵੱਧ ਸਵਾਰੀਆਂ ਦੀ ਸਮਰੱਥਾ ਵਾਲੀਆਂ ਏਅਰ-ਕੰਡੀਸ਼ਨਡ ਬੱਸਾਂ ਸਿਰਫ ਸਟੇਟ ਟਰਾਂਸਪੋਰਟ ਅੰਡਰਟੇਕਿੰਗਜ਼ ਵੱਲੋਂ ਹੀ ਚਲਾਈਆਂ ਜਾਣਗੀਆਂ। ਉਸ ਸਮੇਂ ਟਰਾਂਸਪੋਰਟ ਮੰਤਰੀ ਨੇ ਦੋਸ਼ ਲਗਾਇਆ ਸੀ ਕਿ ਬਾਦਲ ਪਰਿਵਾਰ ਆਪਣੇ ਨਿੱਜੀ ਹਿੱਤਾਂ ਲਈ ਮਨਮਰਜ਼ੀ ਦੀਆਂ ਸਕੀਮਾਂ ਬਣਾਉਂਦਾ ਰਿਹਾ ਹੈ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸ਼ਰਾਬ ਫੈਕਟਰੀ ਮਾਮਲਾ: ਕਿਸਾਨਾਂ ਵੱਲੋਂ ਸੰਘਰਸ਼ ਤਿੱਖਾ ਕਰਨ ਦਾ ਐਲਾਨ

**ਫਿਰੋਜ਼ਪੁਰ:** ਮਾਲਬਰੋਜ਼ ਸ਼ਰਾਬ ਫੈਕਟਰੀ ਨੂੰ ਬੰਦ ਕਰਵਾਉਣ ਲਈ ਸਾਂਝਾ ਮੋਰਚਾ ਜ਼ੀਰਾ ਨੇ ਸੰਘਰਸ਼ ਹੋਰ ਤਿੱਖਾ ਕਰਨ ਦਾ ਫੈਸਲਾ ਕੀਤਾ ਹੈ। ਆਗੂਆਂ ਨੇ ਆਖਿਆ ਕਿ ਉਹ ਪਿਛਲੇ ਸਾਢੇ ਪੰਜ ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਹਨ, ਪਰ ਪੰਜਾਬ ਸਰਕਾਰ ਇਸ ਫੈਕਟਰੀ ਨੂੰ ਬੰਦ ਕਰਨ ਦੇ ਰੌਂਅ ਵਿਚ ਨਜ਼ਰ ਨਹੀਂ ਆ ਰਹੀ। ਸਥਾਨਕ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਰਵੱਈਆ ਵੀ ਸੰਘਰਸ਼ ਕਰ ਰਹੇ ਕਿਸਾਨਾਂ ਖ਼ਿਲਾਫ਼ ਰਿਹਾ ਹੈ।

ਆਗੂਆਂ ਵੱਲੋਂ ਪਿਛਲੇ ਦਿਨੀਂ ਜੇਲ੍ਹ ਤੋਂ ਰਿਹਾਅ ਹੋ ਕੇ ਆਏ ਆਪਣੇ 44 ਸਾਥੀਆਂ ਨੂੰ ਵੀ ਹਦਾਇਤ ਕੀਤੀ ਗਈ ਹੈ ਕਿ ਉਹ ਅਦਾਲਤ ਵਿਚ ਪੇਸ਼ੀ ਭੁਗਤਣ ਲਈ ਨਾ ਜਾਣ। ਆਗੂਆਂ ਨੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਫੈਕਟਰੀ ਦੇ ਦੋ ਨੰਬਰ ਗੇਟ ਤੋਂ ਅੰਦਰ ਜਾਣ 'ਤੇ ਪਾਬੰਦੀ ਲਗਾਈ ਗਈ ਹੈ, ਪਰ ਕਿਸਾਨਾਂ ਨੇ ਫੈਕਟਰੀ ਦੇ ਨੌਂ



ਕਮਰਚਾਰੀਆਂ ਨੂੰ ਇਸ ਗੇਟ ਰਾਹੀਂ ਅੰਦਰ ਜਾਣ ਦੀ ਕੋਸ਼ਿਸ਼ ਕਰਦਿਆਂ ਫੜਿਆ ਹੈ। ਆਗੂਆਂ ਨੇ ਦੋਸ਼ ਲਾਇਆ ਕਿ ਉਕਤ ਮੁਲਾਜ਼ਮਾਂ ਨੂੰ ਫੈਕਟਰੀ ਦੇ ਪ੍ਰਬੰਧਕਾਂ ਵੱਲੋਂ ਸਬੂਤ ਨਸ਼ਟ ਕਰਨ ਲਈ ਭੇਜਿਆ ਗਿਆ ਸੀ, ਜਦੋਂ ਕਿਸਾਨਾਂ ਨੇ ਉਨ੍ਹਾਂ ਨੂੰ ਰੋਕਿਆ ਤਾਂ ਉਨ੍ਹਾਂ ਕਿਸਾਨਾਂ 'ਤੇ ਗੱਡੀ ਚੜ੍ਹਾਉਣ ਦੀ ਵੀ ਕੋਸ਼ਿਸ਼ ਕੀਤੀ। ਮੋਰਚੇ ਵੱਲੋਂ ਮੰਗ ਕੀਤੀ ਗਈ ਹੈ ਕਿ ਉਕਤ ਮੁਲਾਜ਼ਮਾਂ ਖ਼ਿਲਾਫ਼ ਕੇਸ ਦਰਜ ਕਰਕੇ ਸਖ਼ਤ ਕਾਰਵਾਈ ਕੀਤੀ ਜਾਵੇ।

## 84: ਅਦਾਲਤ ਨੇ ਸੀ. ਬੀ. ਆਈ. ਤੋਂ ਜਵਾਬ ਮੰਗਿਆ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 1984 ਦੇ ਸਿੱਖ ਕਤਲੇਆਮ ਦੇ ਕੇਸ ਵਿਚ ਉਮਰ ਕੈਦ ਭੁਗਤ ਰਹੇ ਕਾਂਗਰਸ ਦੇ ਸਾਬਕਾ ਕੌਂਸਲਰ ਬਲਵਾਨ ਖੋਖਰ ਦੀ ਜ਼ਮਾਨਤ ਪਟੀਸ਼ਨ 'ਤੇ ਸੀ.ਬੀ.ਆਈ. ਤੋਂ ਜਵਾਬ ਮੰਗਿਆ ਹੈ। ਉਹ ਕਰੀਬ ਨੌਂ ਸਾਲ ਜੇਲ੍ਹ ਦੀ ਸਜ਼ਾ ਕੱਟ ਚੁੱਕਿਆ ਹੈ। ਖੋਖਰ ਤੋਂ ਇਲਾਵਾ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਅਤੇ ਸਾਬਕਾ ਵਿਧਾਇਕ ਮਹਿੰਦਰ ਯਾਦਵ ਵੀ ਇਸੇ ਮਾਮਲੇ ਵਿਚ ਕ੍ਰਮਵਾਰ ਉਮਰ ਕੈਦ ਅਤੇ 10 ਸਾਲ ਦੀ ਸਜ਼ਾ ਭੁਗਤ ਰਹੇ ਹਨ। ਬੈਂਚ ਨੇ ਇਸ ਦਲੀਲ ਦਾ ਨੋਟਿਸ ਲਿਆ ਕਿ ਖੋਖਰ 50 ਫੀਸਦੀ ਅਪਾਹਜ ਹੋਣ ਤੋਂ ਇਲਾਵਾ ਇਸ ਕੇਸ ਵਿਚ ਹੁਣ ਤੱਕ ਅੱਠ ਸਾਲ 10 ਮਹੀਨੇ ਦੀ ਕੈਦ ਕੱਟ ਚੁੱਕਾ ਹੈ। ਇਸ ਤੋਂ ਪਹਿਲਾਂ ਮਈ 2020 ਵਿਚ, ਸੁਪਰੀਮ ਕੋਰਟ ਨੇ ਸਾਬਕਾ ਕਾਂਗਰਸੀ ਨੇਤਾ ਸੱਜਣ ਕੁਮਾਰ ਨੂੰ ਸਿਹਤ ਦੇ ਆਧਾਰ ਉਤੇ ਅੰਤਰਿਮ ਜ਼ਮਾਨਤ ਜਾਂ ਪੈਰੋਲ ਤੋਂ ਇਨਕਾਰ ਕਰ ਦਿੱਤਾ ਸੀ। ਦਿੱਲੀ ਹਾਈ ਕੋਰਟ ਨੇ 17 ਦਸੰਬਰ 2018 ਨੂੰ ਇਸ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਸੱਜਣ ਕੁਮਾਰ ਅਤੇ ਬਲਵਾਨ ਖੋਖਰ ਤਿਹਾੜ ਜੇਲ੍ਹ ਵਿਚ ਬੰਦ ਹਨ। ਖੋਖਰ ਦੀ ਉਮਰ ਕੈਦ ਦੀ ਸਜ਼ਾ ਨੂੰ ਦਿੱਲੀ ਹਾਈ ਕੋਰਟ ਨੇ 2018 ਵਿਚ ਬਰਕਰਾਰ ਰੱਖਿਆ ਸੀ।

## ਕੈਨੇਡਾ ਵਿਚ ਵਿਦੇਸ਼ੀਆਂ ਦੇ ਘਰ ਖਰੀਦਣ 'ਤੇ ਪਾਬੰਦੀ

**ਓਟਵਾ:** ਕਰੋਨਾ ਮਹਾਂਮਾਰੀ ਦੀ ਸ਼ੁਰੂਆਤ ਹੋਣ ਮਗਰੋਂ ਘਰਾਂ ਦੀਆਂ ਕੀਮਤਾਂ ਵਧਣ ਕਾਰਨ ਕੈਨੇਡਾ 'ਚ ਵਿਦੇਸ਼ੀਆਂ 'ਤੇ ਰਿਹਾਇਸ਼ੀ ਜਾਇਦਾਦਾਂ ਖਰੀਦਣ ਦੀ ਪਾਬੰਦੀ ਲਗਾ ਦਿੱਤੀ ਗਈ ਹੈ। ਕੈਨੇਡਾ ਸਰਕਾਰ ਨੇ ਇਸ ਸਬੰਧੀ ਕਾਨੂੰਨ ਪਾਸ ਕੀਤਾ ਹੈ ਕਿਉਂਕਿ ਕਰੋਨਾ ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ ਘਰਾਂ ਦੀਆਂ ਕੀਮਤਾਂ ਵਧੀਆਂ ਹਨ। ਕੁਝ ਸਿਆਸੀ ਆਗੂਆਂ ਦਾ ਮੰਨਣਾ ਹੈ ਕਿ ਘਰਾਂ ਦੀਆਂ ਕੀਮਤਾਂ ਵਧਣ ਪਿੱਛੇ ਉਹ ਖਰੀਦਦਾਰ ਜ਼ਿੰਮੇਵਾਰ ਹਨ ਜਿਨ੍ਹਾਂ ਇਹ ਘਰ ਨਿਵੇਸ਼ ਦੇ ਮੰਤਵ ਨਾਲ ਖਰੀਦੇ ਹਨ। ਇਸ ਕਾਰਨ ਘਰ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੇ ਹਨ। ਪਿਛਲੇ ਸਾਲ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਪਾਰਟੀ ਨੇ ਕਿਹਾ ਸੀ ਕਿ ਕੈਨੇਡਾ ਦੇ ਘਰਾਂ ਦੀ ਖਾਹਿਸ਼ ਮੁਨਾਫ਼ੇਖੋਰਾਂ, ਅਮੀਰਾਂ ਤੇ ਵਿਦੇਸ਼ੀ ਨਿਵੇਸ਼ਕਾਂ ਨੂੰ ਖਿੱਚ ਰਹੀ ਹੈ। ਪਾਰਟੀ ਅਨੁਸਾਰ, 'ਵੱਡੀ ਪੱਧਰ 'ਤੇ ਘਰ ਖਾਲੀ ਪਏ ਹਨ ਤੇ ਮੁਨਾਫ਼ੇ ਦੇ ਅਨੁਮਾਨਾਂ ਕਾਰਨ ਘਰਾਂ ਦੀਆਂ ਕੀਮਤਾਂ ਅਸਮਾਨੀ ਪੁੱਜੀਆਂ ਹਨ। ਘਰ ਲੋਕਾਂ ਲਈ ਹਨ ਨਾ ਕਿ ਨਿਵੇਸ਼ਕਾਂ ਲਈ।'

## ਪੰਜਾਬ ਤੇ ਹਰਿਆਣਾ ਨੂੰ ਠੰਢ ਨੇ ਜਕੜਿਆ

**ਚੰਡੀਗੜ੍ਹ:** ਕਸ਼ਮੀਰ ਵਾਦੀ ਵਿਚ ਕਈ ਥਾਵਾਂ 'ਤੇ ਪਾਰਾ ਮਨਫ਼ੀ ਤੋਂ ਹੇਠਾਂ ਜਾਣ ਮਗਰੋਂ ਠੰਢ ਨੇ ਪੰਜਾਬ ਤੇ ਹਰਿਆਣਾ ਨੂੰ ਆਪਣੀ ਜਕੜ ਵਿਚ ਲੈ ਲਿਆ ਹੈ। ਚੰਡੀਗੜ੍ਹ ਤੇ ਦੋਵਾਂ ਰਾਜਾਂ ਵਿਚ ਕਈ ਥਾਵਾਂ 'ਤੇ ਪਾਰਾ ਤੇਜ਼ੀ ਨਾਲ ਡਿੱਗਿਆ। ਸਵੇਰੇ ਸੰਘਣੀ ਧੁੰਦ ਦੀ ਚਾਦਰ ਛਾਈ ਰਹਿਣ ਕਰਕੇ ਦਿਸਣ ਹੱਦ ਘੱਟ ਗਈ। ਮੌਸਮ ਵਿਭਾਗ ਮੁਤਾਬਕ ਪੰਜਾਬ ਵਿਚ 0.4 ਡਿਗਰੀ ਤਾਪਮਾਨ ਨਾਲ ਬਠਿੰਡਾ ਸਭ ਤੋਂ ਠੰਢਾ ਰਿਹਾ ਜਦੋਂਕਿ ਹਰਿਆਣਾ ਦੇ ਮਾਂਡਕੋਲਾ ਵਿਚ ਮਨਫ਼ੀ 1.3 ਡਿਗਰੀ ਤਾਪਮਾਨ ਦਰਜ ਕੀਤਾ ਗਿਆ। ਅੰਮ੍ਰਿਤਸਰ ਵਿੱਚ 3.4 ਡਿਗਰੀ, ਲੁਧਿਆਣਾ 4.1, ਪਟਿਆਲਾ 5.8, ਪਠਾਨਕੋਟ 3.4, ਫਰੀਦਕੋਟ 2.2, ਮੋਗਾ 1.1 ਤੇ ਗੁਰਦਾਸਪੁਰ ਵਿਚ ਘੱਟੋ-ਘੱਟ ਤਾਪਮਾਨ 4 ਡਿਗਰੀ ਰਿਹਾ। ਹਰਿਆਣਾ ਦੇ ਫਤਿਹਾਬਾਦ ਵਿਚ ਹੇਠਲਾ ਤਾਪਮਾਨ 3.2 ਡਿਗਰੀ, ਹਿਸਾਰ 4.5, ਨਾਰਨੌਲ 4.2, ਭਿਵਾਨੀ 6.2, ਸਿਰਸਾ 3.4 ਤੇ ਝੱਜਰ ਵਿਚ ਘੱਟੋ-ਘੱਟ ਤਾਪਮਾਨ 6.1 ਡਿਗਰੀ ਰਿਕਾਰਡ ਕੀਤਾ ਗਿਆ। ਦੋਵਾਂ ਰਾਜਾਂ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਵਿਚ ਘੱਟੋ-ਘੱਟ ਤਾਪਮਾਨ 6.5 ਡਿਗਰੀ ਰਿਹਾ। ਉਧਰ ਕਸ਼ਮੀਰ ਵਿਚ ਵੀ ਠੰਢ ਨੇ ਜ਼ੋਰ ਫੜ ਲਿਆ ਹੈ। ਸ੍ਰੀਨਗਰ ਵਿਚ ਪਾਰਾ ਜਮਾਊ ਦਰਜੇ ਤੋਂ ਪੰਜ ਡਿਗਰੀ ਹੇਠਾਂ ਚਲਾ ਗਿਆ।

## ਭਾਜਪਾ ਨੇ ਸਿੱਖ ਮਸਲਿਆਂ 'ਚ ਦਖਲ ਵਧਾਇਆ

*(ਸਫਾ ਇਕ ਦੀ ਬਾਕੀ)*

ਇਸ ਨੂੰ ਆਰ.ਐਸ.ਐਸ. ਦੀ ਕਮੇਟੀ ਕਰਾਰ ਦਿੱਤਾ ਹੈ। ਯਾਦ ਰਹੇ ਕਿ ਉਹ ਪਿਛਲੇ ਦਿਨੀਂ ਤਖਤ ਦਮਦਮਾ ਸਾਹਿਬ ਵਿਖੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਮਿਲੇ ਸਨ। ਇਸ ਤੋਂ ਬਾਅਦ ਉਨ੍ਹਾਂ ਨੇ ਹਰਿਆਣਾ ਵਿਚ ਸਿੱਖ ਸੰਗਤ ਦੇ ਵਿਚਾਰ ਲਏ ਹਨ। ਹਰਿਆਣਾ ਦੇ ਸਿੱਖ ਆਗੂ ਨੇ ਦੋਸ਼ ਲਾਇਆ ਕਿ 14 ਸਾਲ ਪਹਿਲਾਂ ਜਦੋਂ ਉਨ੍ਹਾਂ ਹਰਿਆਣਾ ਵਿਚ ਵੱਖਰੀ ਕਮੇਟੀ ਬਣਾਉਣ ਦੀ ਜੱਦੋ-ਜਹਿਦ ਸ਼ੁਰੂ ਕੀਤੀ ਸੀ ਤਾਂ ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਕੋਲ ਇਹ ਮਾਮਲਾ ਰੱਖਿਆ ਸੀ। ਉਸ ਵੇਲੇ ਉਨ੍ਹਾਂ ਦੀ ਮੰਗ ਨੂੰ ਅਣਡਿੱਠਾ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਜੇ ਉਸ ਵੇਲੇ ਉਨ੍ਹਾਂ ਦੀ ਮੰਗ ਨੂੰ ਮੰਨ ਲਿਆ ਜਾਂਦਾ ਤਾਂ ਅੱਜ ਇਹ ਸਥਿਤੀ ਨਹੀਂ ਸੀ ਆਉਣੀ।

## ਪਾਕਿ ਯਾਤਰਾ: ਸ਼ਰਧਾਲੂਆਂ ਤੋਂ ਪਾਸਪੋਰਟ ਮੰਗੇ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਖ਼ਾਲਸਾ ਪੰਥ ਦੇ ਸਾਜਨਾ ਦਿਵਸ (ਵਿਸਾਖੀ) ਮੌਕੇ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਉਤੇ ਜਾਣ ਵਾਲੇ ਸਿੱਖ ਸ਼ਰਧਾਲੂਆਂ ਲਈ ਪਾਸਪੋਰਟ ਜਮ੍ਹਾਂ ਕਰਵਾਉਣ ਦੀ ਮਿਤੀ ਵਿਚ ਵਾਧਾ ਕੀਤਾ ਗਿਆ ਹੈ। ਹੁਣ ਸ਼ਰਧਾਲੂ 11 ਜਨਵਰੀ 2023 ਤੱਕ ਆਪਣੇ ਪਾਸਪੋਰਟ ਜਮ੍ਹਾਂ ਕਰਵਾ ਸਕਣਗੇ। ਇਸ ਤੋਂ ਪਹਿਲਾਂ ਇਹ ਤਰੀਕ 31 ਦਸੰਬਰ 2022 ਮਿਥੀ ਗਈ ਸੀ।

## ਸਾਬਕਾ ਸਿਹਤ ਮੰਤਰੀ ਬਲਬੀਰ ਸਿੱਧੂ ਖਿਲਾਫ ਕਾਨੂੰਨੀ ਸ਼ਿਕੰਜਾ ਕੱਸਣਾ ਸ਼ੁਰੂ

**ਮੁਹਾਲੀ:** ਪੰਜਾਬ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ ਨੇ ਪਿਛਲੀ ਕਾਂਗਰਸ ਸਰਕਾਰ ਵਿਚ ਸਿਹਤ ਮੰਤਰੀ ਰਹੇ ਬਲਬੀਰ ਸਿੰਘ ਸਿੱਧੂ ਤੇ ਉਨ੍ਹਾਂ ਦੇ ਛੋਟੇ ਭਰਾ ਤੇ ਸਾਬਕਾ ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ ਖ਼ਿਲਾਫ਼ ਕਾਨੂੰਨੀ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ।

ਸਰਕਾਰ ਵੱਲੋਂ ਜਿੱਥੇ ਪਿਛਲੇ ਦਿਨੀਂ ਜੀਤੀ ਸਿੱਧੂ ਦੀ ਕੌਂਸਲਰ ਵਜੋਂ ਮੈਂਬਰਸ਼ਿਪ ਰੱਦ ਕਰ ਕੇ ਆਪਣਾ ਮੇਅਰ ਬਣਾਉਣ ਲਈ ਜ਼ੋਰ ਲਾਇਆ ਜਾ ਰਿਹਾ ਹੈ, ਉਥੇ ਹੀ ਹੁਣ ਵਿਜੀਲੈਂਸ ਨੇ ਬਲਬੀਰ ਸਿੱਧੂ ਖ਼ਿਲਾਫ਼ ਵੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸਿੱਧੂ 'ਤੇ ਕਾਂਗਰਸ ਸਰਕਾਰ ਵਿਚ ਕੈਬਨਿਟ ਮੰਤਰੀ ਹੋਣ ਸਮੇਂ ਮੁਹਾਲੀ ਅਤੇ ਰੂਪਨਗਰ ਜ਼ਿਲ੍ਹੇ ਵਿਚ ਆਮਦਨ ਤੋਂ ਵੱਧ ਬਹੁ-ਕਰੋੜੀ ਜ਼ਮੀਨਾਂ ਖਰੀਦਣ ਦਾ ਦੋਸ਼ ਹੈ। ਪੰਜਾਬ ਵਿਚ ਸੱਤਾ ਪਰਿਵਰਤਨ ਹੋਣ ਤੋਂ ਬਾਅਦ ਦੋਵੇਂ ਭਰਾ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋ ਗਏ ਸਨ। ਉਧਰ, ਬਲਬੀਰ ਸਿੱਧੂ ਨੇ ਸਾਰੇ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਕਿਹਾ ਕਿ ਇਹ ਸਾਰਾ ਕੁਝ ਸਿਆਸੀ ਬਦਲਾਖੋਰੀ ਦਾ ਨਤੀਜਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬਲਬੀਰ ਸਿੱਧੂ ਵੱਲੋਂ ਆਪਣੀ ਪਤਨੀ ਤੇ ਬੇਟੇ ਦੇ ਨਾਂ 'ਤੇ ਖਰੀਦੀ ਗਈ ਜਾਇਦਾਦ ਦੀ ਵੀ ਜਾਂਚ ਕੀਤੀ ਜਾਵੇਗੀ ਅਤੇ ਪਰਿਵਾਰਕ ਮੈਂਬਰਾਂ ਦੇ ਨਾਂ 'ਤੇ ਲਗਜ਼ਰੀ ਗੱਡੀਆਂ ਵੀ ਜਾਂਚ ਦੇ ਘੇਰੇ ਵਿਚ ਆ ਗਈਆਂ ਹਨ। ਸਿੱਧੂ ਦੇ ਛੋਟੇ ਭਰਾ ਜੀਤੀ ਸਿੱਧੂ ਦੀ ਮੁਹਾਲੀ ਵਿਚ ਰੀਅਲ ਅਸਟੇਟ ਲੈਂਡ ਚੈਸਟਰ ਕੰਪਨੀ ਵੱਲੋਂ ਖਰੀਦੀ ਗਈ 70 ਏਕੜ ਦੀ ਜਾਇਦਾਦ ਅਤੇ ਸਿੱਧੂ ਪਰਿਵਾਰ 'ਤੇ ਲੱਗੇ ਜ਼ਮੀਨਾਂ 'ਤੇ ਕਥਿਤ ਨਾਜਾਇਜ਼ ਕਬਜ਼ਿਆਂ ਦੀ ਵੀ ਜਾਂਚ ਕੀਤੀ ਜਾਵੇਗੀ।

## ਕੈਨੇਡਾ ਵਿਚ ਪੰਜਾਬੀ ਨੌਜਵਾਨ ਦੀ ਮੌਤ

**ਗੜ੍ਹਸ਼ੰਕਰ:** ਪਿੰਡ ਚੰਦੇਲੀ ਤੋਂ ਉੱਚ ਸਿੱਖਿਆ ਲਈ ਕੈਨੇਡਾ ਗਏ ਨੌਜਵਾਨ ਦੀ ਅਚਾਨਕ ਮੌਤ ਹੋਣ ਨਾਲ ਉਸ ਦਾ ਪਰਿਵਾਰ ਗਹਿਰੇ ਸਦਮੇ ਵਿਚ ਹੈ। ਕੈਨੇਡਾ ਤੋਂ ਪੁਲਿਸ ਮੁਲਾਜ਼ਮਾਂ ਨੇ ਫੋਨ ਕਰ ਕੇ ਨੌਜਵਾਨ ਦੀ ਮੌਤ ਬਾਰੇ ਪੀੜਤ ਪਰਿਵਾਰ ਨੂੰ ਜਾਣਕਾਰੀ ਦਿੱਤੀ ਹੈ। ਮੋਹਿਤ ਸ਼ਰਮਾ ਦੇ ਪਿਤਾ ਤ੍ਰਿਲੋਕ ਨਾਥ ਨੇ ਦੱਸਿਆ ਕਿ ਉਸ ਦਾ ਪੁੱਤਰ ਪੰਜ ਸਾਲ ਪਹਿਲਾਂ ਪੜ੍ਹਾਈ ਦੇ ਆਧਾਰ 'ਤੇ ਕੈਨੇਡਾ ਗਿਆ ਸੀ ਤੇ ਉਹ ਕੈਨੇਡਾ ਦੇ ਓਂਟਾਰੀਓ ਪ੍ਰਾਂਤ ਵਿਚ ਰਹਿੰਦਾ ਸੀ। ਉਨ੍ਹਾਂ ਦੱਸਿਆ ਕਿ ਪੜ੍ਹਾਈ ਪੂਰੀ ਕਰਨ ਪਿੱਛੋਂ ਉਸ ਦੇ ਪੁੱਤਰ ਨੇ ਪੀਆਰ ਲਈ ਅਪਲਾਈ ਕੀਤਾ ਹੋਇਆ ਸੀ ਤੇ ਪਰਿਵਾਰ ਨਾਲ ਉਸ ਦੀ ਰੋਜ਼ਾਨਾ ਗੱਲਬਾਤ ਹੁੰਦੀ ਸੀ। ਉਨ੍ਹਾਂ ਕਿਹਾ ਕਿ ਮੋਹਿਤ ਸ਼ਰਮਾ ਦੇ ਦੋਸਤਾਂ ਨੇ ਵੀ ਮੋਹਿਤ ਦੀ ਮੌਤ ਦੀ ਪੁਸ਼ਟੀ ਕੀਤੀ ਹੈ।

## ਮੈਡੀਕਲ ਕਾਲਜ ਵਿਵਾਦ: ਸ਼੍ਰੋਮਣੀ ਕਮੇਟੀ ਨੇ ਭਗਵੰਤ ਮਾਨ ਦੇ ਦੋਸ਼ ਨਕਾਰੇ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਰੂਰ ਵਿਚ ਮੈਡੀਕਲ ਕਾਲਜ ਬਣਾਉਣ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ਼੍ਰੋਮਣੀ ਕਮੇਟੀ 'ਤੇ ਰੋਕਾਂ ਲਗਾਉਣ ਦੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤੀ ਹੈ। ਉਨ੍ਹਾਂ ਦਾਅਵਾ ਕੀਤਾ ਹੈ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਮਤਾ ਪਾਸ ਕਰ ਕੇ ਸਰਕਾਰ ਨੂੰ ਪੇਸ਼ਕਸ਼ ਕੀਤੀ ਸੀ ਕਿ ਜੇਕਰ ਉਹ ਗੁਰਦੁਆਰੇ ਦੀ ਜ਼ਮੀਨ ਲੈਣਾ ਚਾਹੁੰਦੀ ਹੈ ਤਾਂ ਉਹ ਸ਼੍ਰੋਮਣੀ ਕਮੇਟੀ ਨਾਲ ਲਿਖਤੀ ਗੱਲਬਾਤ ਕਰ ਸਕਦੀ ਹੈ ਪਰ ਸਰਕਾਰ ਵੱਲੋਂ ਹੁਣ ਤੱਕ ਕੋਈ ਹੁੰਗਾਰਾ ਨਹੀਂ ਦਿੱਤਾ ਗਿਆ। ਜੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਮੈਡੀਕਲ ਕਾਲਜ ਬਣਾਉਣ ਪ੍ਰਤੀ ਸੰਜੀਦਾ ਹਨ ਤਾਂ ਉਹ ਕਾਨੂੰਨੀ ਪੱਖ ਨੂੰ ਸਮਝਦਿਆਂ ਸ਼੍ਰੋਮਣੀ ਕਮੇਟੀ ਨਾਲ ਗੱਲਬਾਤ ਕਰਨ, ਤਾਂ ਜੋ ਇਸ ਮਸਲੇ ਦਾ ਸੁਖਾਵਾਂ ਹੱਲ ਹੋ ਸਕੇ। ਸਿੱਖ ਗੁਰਦੁਆਰਾ ਐਕਟ-1925 ਦੇ ਤਹਿਤ ਸ਼੍ਰੋਮਣੀ ਕਮੇਟੀ ਗੁਰਦੁਆਰਿਆਂ ਦੇ ਪ੍ਰਬੰਧ ਦੀ ਦੇਖ-ਰੇਖ ਕਰਦੀ ਹੈ ਅਤੇ ਗੁਰਦੁਆਰਾ ਅੰਗੀਠਾ ਸਾਹਿਬ ਅਕਾਲਸਰ ਮਸਤੂਆਣਾ ਪੰਜਾਬ ਸਰਕਾਰ ਵੱਲੋਂ ਸਿੱਖ ਗੁਰਦੁਆਰਾ ਐਕਟ ਦੇ ਸੈਕਸ਼ਨ 7(3) ਤਹਿਤ 4 ਸਤੰਬਰ 1964 ਨੂੰ ਨੋਟੀਫਾਈਡ ਕੀਤਾ ਹੋਇਆ ਹੈ, ਜਿਸ ਦੇ ਪ੍ਰਬੰਧ ਅਤੇ ਜਾਇਦਾਦ ਦੀ ਜ਼ਿੰਮੇਵਾਰ ਸ਼੍ਰੋਮਣੀ ਕਮੇਟੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |


# ਸਿੰਜਾਈ ਘੁਟਾਲਾ: ਜਨਮੇਜਾ ਸੇਖੋਂ ਦੀ ਜਾਇਦਾਦ ਦੀ ਜਾਂਚ ਨਾਲੋ-ਨਾਲ ਚੱਲੇਗੀ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਸਾਬਕਾ ਅਕਾਲੀ ਮੰਤਰੀ ਜਨਮੇਜਾ ਸਿੰਘ ਸੇਖੋਂ ਦੀ ਜਾਇਦਾਦ ਦੀ ਜਾਂਚ ਵੀ ਨਾਲੋਂ-ਨਾਲ ਵਿੱਢ ਦਿੱਤੀ ਹੈ। ਸਿੰਚਾਈ ਘੁਟਾਲੇ ਕਰਕੇ ਸਾਬਕਾ ਮੰਤਰੀ ਸੇਖੋਂ ਦੀ ਜਾਇਦਾਦ ਵੀ ਜਾਂਚ ਦੇ ਘੇਰੇ ਵਿਚ ਆ ਗਈ ਹੈ।

ਵਿਜੀਲੈਂਸ ਨੇ ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ ਨੂੰ 20 ਦਿਨਾਂ ਦੇ ਅੰਦਰ ਅੰਦਰ ਆਪਣੀ ਸਮੁੱਚੀ ਜਾਇਦਾਦ ਅਤੇ ਆਮਦਨ ਦੇ ਵਸੀਲਿਆਂ ਦਾ ਖੁਲਾਸਾ ਕਰਨ ਵਾਸਤੇ ਕਿਹਾ ਹੈ। ਵਿਜੀਲੈਂਸ ਨੇ ਸਾਬਕਾ ਮੰਤਰੀ ਨੂੰ ਇਕ ਪ੍ਰੋਫਾਰਮਾ ਦਿੱਤਾ ਹੈ, ਜਿਸ ਵਿਚ ਸੇਖੋਂ ਨੂੰ ਸੰਪਤੀ ਦੇ ਮੁਕੰਮਲ ਵੇਰਵੇ ਦੇਣ ਲਈ ਕਿਹਾ ਗਿਆ ਹੈ। ਵਿਜੀਲੈਂਸ ਬਿਊਰੋ ਨੇ ਸਾਬਕਾ ਮੰਤਰੀ ਨੂੰ ਸਿੰਚਾਈ ਘੁਟਾਲੇ ਦੇ ਸੰਦਰਭ ਵਿਚ ਪੁੱਛ-ਪੜਤਾਲ ਲਈ ਤਲਬ ਕੀਤਾ ਹੋਇਆ ਸੀ। ਇਸ ਪੜਤਾਲ ਦੌਰਾਨ ਸਾਬਕਾ ਮੰਤਰੀ ਸੇਖੋਂ ਨੂੰ ਜਾਇਦਾਦ ਬਾਰੇ ਵੀ ਸੁਆਲ ਕੀਤੇ ਗਏ ਹਨ। ਵਿਜੀਲੈਂਸ ਦੇ ਸੀਨੀਅਰ ਅਧਿਕਾਰੀ ਦੱਸਦੇ ਹਨ ਕਿ ਸੇਖੋਂ ਦੀ ਆਮਦਨ ਦੇ ਵਸੀਲਿਆਂ ਤੋਂ ਵੱਧ ਜਾਇਦਾਦ ਬਣਾਏ ਜਾਣ ਦੀ ਜਾਂਚ ਵੀ ਨਾਲੋਂ ਨਾਲ ਸ਼ੁਰੂ ਕਰ ਦਿੱਤੀ ਗਈ ਹੈ। ਵਿਜੀਲੈਂਸ ਵੱਲੋਂ ਸਾਬਕਾ ਮੰਤਰੀ ਦੀਆਂ ਨਾਮੀ ਤੇ ਬੇਨਾਮੀ ਸੰਪਤੀਆਂ ਦਾ ਪਤਾ ਲਾਇਆ ਜਾ ਰਿਹਾ ਹੈ।

ਇਕ ਅਧਿਕਾਰੀ ਨੇ ਪੁਸ਼ਟੀ ਕੀਤੀ ਕਿ ਸੇਖੋਂ ਨੂੰ 20 ਦਿਨਾਂ 'ਚ ਸੰਪਤੀ ਦੇ ਵੇਰਵੇ ਦੇਣ ਲਈ ਕਿਹਾ ਗਿਆ ਹੈ। ਵਿਜੀਲੈਂਸ ਇਹ ਦੇਖਣਾ ਚਾਹੁੰਦੀ ਹੈ ਕਿ ਕਿਤੇ ਘੁਟਾਲੇ ਦਾ ਪੈਸਾ ਜਾਇਦਾਦਾਂ ਵਿਚ ਨਿਵੇਸ਼ ਤਾਂ ਨਹੀਂ ਕੀਤਾ ਗਿਆ ਹੈ। ਸੂਤਰ ਦੱਸਦੇ ਹਨ ਕਿ ਵਿਜੀਲੈਂਸ ਨੇ ਗੁਪਤ ਤੌਰ 'ਤੇ ਸੇਖੋਂ ਦੀਆਂ ਸੰਪਤੀਆਂ ਬਾਰੇ ਕੁਝ ਹਾਸਲ ਵੀ ਕੀਤਾ ਹੈ। ਜਦੋਂ ਜਨਮੇਜਾ ਸਿੰਘ ਸੇਖੋਂ ਵੱਲੋਂ ਚੋਣ ਕਮਿਸ਼ਨ ਕੋਲ ਸੰਪਤੀ ਦੇ ਨਸ਼ਰ ਕੀਤੇ ਵੇਰਵਿਆਂ 'ਤੇ ਨਜ਼ਰ ਮਾਰਦੇ ਹਨ ਤਾਂ ਸਾਬਕਾ ਮੰਤਰੀ ਦੀ ਸੰਪਤੀ 15 ਵਰ੍ਹਿਆਂ ਵਿਚ ਤੇਜ਼ੀ ਨਾਲ ਵਧੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਜਨਮੇਜਾ ਸਿੰਘ ਸੇਖੋਂ ਨੇ 2022 ਵਿਚ ਵਿਧਾਨ ਸਭਾ ਦੀ ਚੋਣ ਹਲਕਾ ਜ਼ੀਰਾ ਤੋਂ ਲੜੀ ਸੀ ਅਤੇ ਇਸ ਮੌਕੇ ਉਨ੍ਹਾਂ ਵੱਲੋਂ ਸੰਪਤੀ ਦੇ ਜਨਤਕ ਕੀਤੇ ਵੇਰਵਿਆਂ ਅਨੁਸਾਰ ਸੇਖੋਂ ਕੋਲ ਇਸ ਵੇਲੇ 10.14 ਕਰੋੜ ਦੀ ਚੱਲ ਅਚੱਲ ਜਾਇਦਾਦ ਹੈ ਅਤੇ ਉਨ੍ਹਾਂ ਸਿਰ 4.93 ਕਰੋੜ ਦੀਆਂ ਦੇਣਦਾਰੀਆਂ ਹਨ। ਉਨ੍ਹਾਂ ਨੇ ਵਰ੍ਹਾ 2021 ਵਿਚ ਹੀ ਤਿੰਨ ਨਵੀਆਂ ਗੱਡੀਆਂ ਖਰੀਦ ਕੀਤੀਆਂ ਹਨ, ਜਿਨ੍ਹਾਂ 'ਤੇ 82.91 ਲੱਖ ਰੁਪਏ ਖਰਚ ਕੀਤੇ ਹਨ। ਉਨ੍ਹਾਂ ਕੋਲ ਬੀ.ਐਮ.ਡਬਲਿਊ, ਇਨੋਵਾ ਅਤੇ ਥਾਰ ਗੱਡੀ ਹੈ।



## ਜਨਮੇਜਾ ਨੇ ਵਿਜੀਲੈਂਸ ਸਵਾਲਾਂ ਦੇ ਗੋਲ-ਮੋਲ ਜਵਾਬ ਦਿੱਤੇ

**ਚੰਡੀਗੜ੍ਹ:** ਪੰਜਾਬ ਦੀ ਪਿਛਲੀ ਅਕਾਲੀ-ਭਾਜਪਾ ਸਰਕਾਰ ਵੇਲੇ ਹੋਏ ਬਹੁ-ਕਰੋੜੀ ਸਿੰਜਾਈ ਘੁਟਾਲੇ ਸਬੰਧੀ ਮੁਹਾਲੀ ਸਥਿਤ ਵਿਜੀਲੈਂਸ ਭਵਨ ਦੇ ਮੁੱਖ ਦਫ਼ਤਰ ਵਿਚ ਵਿਜੀਲੈਂਸ ਵਿਸ਼ੇਸ਼ ਟੀਮ ਨੇ ਸਾਬਕਾ ਅਕਾਲੀ ਮੰਤਰੀ ਜਨਮੇਜਾ ਸਿੰਘ ਸੇਖੋਂ ਤੋਂ ਪੁੱਛ-ਪੜਤਾਲ ਕੀਤੀ। ਵਿਜੀਲੈਂਸ ਦੀ ਜਾਂਚ ਟੀਮ ਨੇ ਸੇਖੋਂ ਤੋਂ ਸਿੰਜਾਈ ਘੁਟਾਲੇ ਨਾਲ ਸਬੰਧਤ ਕਈ ਸਵਾਲ ਕੀਤੇ। ਸੂਤਰ ਦੱਸਦੇ ਹਨ ਕਿ ਅਕਾਲੀ ਆਗੂ ਵੱਲੋਂ ਵਿਜੀਲੈਂਸ ਦੇ ਸਵਾਲਾਂ ਦੇ ਗੋਲਮੋਲ ਹੀ ਜਵਾਬ ਦਿੱਤੇ ਗਏ ਹਨ। ਇਸ ਸਬੰਧੀ ਵਿਜੀਲੈਂਸ ਥਾਣਾ ਮੁਹਾਲੀ ਵਿਚ ਕੇਸ ਦਰਜ ਹੈ।

ਜਨਤਕ ਕੀਤੇ ਤੱਥਾਂ ਅਨੁਸਾਰ ਸਾਬਕਾ ਮੰਤਰੀ ਸੇਖੋਂ ਕੋਲ 1.55 ਕਰੋੜ ਦੀ ਜਵੈਲਰੀ ਹੈ ਜਿਸ 'ਚ 58 ਲੱਖ ਦਾ ਡਾਇਮੰਡ ਵੀ ਸ਼ਾਮਲ ਹੈ। ਉਨ੍ਹਾਂ ਦੇ ਪਰਿਵਾਰ ਕੋਲ 18 ਲੱਖ ਰੁਪਏ ਦੀ ਡਾਇਮੰਡ ਰਿੰਗ, 20 ਲੱਖ ਰੁਪਏ ਦਾ ਡਾਇਮੰਡ ਸੈੱਟ, 5 ਲੱਖ ਦੇ ਡਾਇਮੰਡ ਟੌਪਸ ਅਤੇ 15 ਲੱਖ ਰੁਪਏ ਦੀ ਡਾਇਮੰਡ ਦਾ ਹਾਰ ਵੀ ਹੈ। ਸਾਬਕਾ ਮੰਤਰੀ ਸੇਖੋਂ ਕੋਲ ਕਰੀਬ 4.70 ਕਰੋੜ ਰੁਪਏ ਦੀ ਖੇਤੀ ਵਾਲੀ ਜ਼ਮੀਨ ਵੀ ਹੈ। ਵਰ੍ਹਾ 2007 ਵਿਚ ਸੇਖੋਂ ਕੋਲ 2.73 ਕਰੋੜ ਦੀ ਸੰਪਤੀ ਸੀ ਜੋ 2022 ਵਿਚ ਵਧ ਕੇ 10.14 ਕਰੋੜ ਰੁਪਏ ਹੋ ਗਈ। ਸੇਖੋਂ ਦੇ ਸਿਰ 2007 ਵਿਚ 72 ਹਜ਼ਾਰ ਰੁਪਏ ਦਾ ਕਰਜ਼ਾ ਸੀ ਜੋ 2022 ਵਿਚ ਵਧ ਕੇ 4.93 ਕਰੋੜ ਰੁਪਏ ਹੋ ਗਿਆ। ਸੇਖੋਂ ਕੋਲ ਸਾਲ 2007 ਵਿਚ 2.73 ਕਰੋੜ ਦੀ ਸੰਪਤੀ ਸੀ ਜਦਕਿ ਕਰਜ਼ਾ 72 ਹਜ਼ਾਰ ਰੁਪਏ ਸੀ। ਸਾਲ 2012 ਵਿਚ ਸੰਪਤੀ 13.73 ਕਰੋੜ ਹੋ ਗਈ ਤੇ ਕਰਜ਼ਾ 1.40 ਕਰੋੜ ਹੋ ਗਿਆ। ਸਾਲ 2017 ਵਿਚ ਸੰਪਤੀ 12.58 ਕਰੋੜ ਹੋ ਗਈ ਜਦਕਿ ਕਰਜ਼ਾ 5.83 ਕਰੋੜ ਰਿਹਾ। ਇਸ ਤੋਂ ਬਾਅਦ ਸਾਲ 2022 ਵਿਚ ਸੰਪਤੀ 10.14 ਕਰੋੜ ਹੋ ਗਈ ਤੇ ਕਰਜ਼ਾ 4.93 ਕਰੋੜ ਰੁਪਏ ਰਹਿ ਗਿਆ।

## ਏਅਰ ਮਾਰਸ਼ਲ ਸਿਨਹਾ ਨੇ ਕਮਾਨ ਸੰਭਾਲੀ

**ਨਵੀਂ ਦਿੱਲੀ:** ਏਅਰ ਮਾਰਸ਼ਲ ਪੰਕਜ ਮੋਹਨ ਸਿਨਹਾ ਨੇ ਭਾਰਤੀ ਹਵਾਈ ਸੈਨਾ ਦੀ ਪੱਛਮੀ ਏਅਰ ਕਮਾਂਡ ਦੀ ਕਮਾਨ ਸੰਭਾਲ ਲਈ ਹੈ। ਸਿਨਹਾ ਨੇ ਏਅਰ ਮਾਰਸ਼ਲ ਐਸ. ਪ੍ਰਭਾਕਰਨ ਦੀ ਥਾਂ ਲਈ ਹੈ, ਜੋ ਏ.ਆਈ.ਐਫ. ਵਿਚ 39 ਸਾਲ ਸੇਵਾ ਕਰਨ ਮਗਰੋਂ 31 ਦਸੰਬਰ 2022 ਨੂੰ ਸੇਵਾਮੁਕਤ ਹੋਏ ਹਨ। ਸ੍ਰੀ ਸਿਨਹਾ ਨੇ ਨੈਸ਼ਨਲ ਡਿਫੈਂਸ ਅਕੈਡਮੀ ਪੁਣੇ ਤੋਂ ਗਰੈਜੂਏਸ਼ਨ ਕੀਤੀ ਤੇ ਜੂਨ 1985 ਵਿਚ ਲੜਾਕੂ ਜਹਾਜ਼ ਦੇ ਪਾਇਲਟ ਵਜੋਂ ਆਈ.ਏ.ਐਫ. ਵਿਚ ਭਰਤੀ ਹੋਏ। ਭਾਰਤੀ ਹਵਾਈ ਸੈਨਾ ਅਨੁਸਾਰ ਏਅਰ ਮਾਰਸ਼ਲ ਸਿਨਹਾ ਡਿਫੈਂਸ ਸਰਵਿਸਿਜ਼ ਸਟਾਫ ਕਾਲਜ ਵੈਲਿੰਗਟਨ ਦੇ ਸਾਬਕਾ ਵਿਦਿਆਰਥੀ ਹਨ। ਰੱਖਿਆ ਮੰਤਰਾਲੇ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਉਹ ਇਕ ਤਜ਼ਰਬੇਕਾਰ ਲੜਾਕੂ ਪਾਇਲਟ ਹਨ ਅਤੇ 'ਏ' ਸ਼੍ਰੇਣੀ ਦੇ ਮਾਨਤਾ ਪ੍ਰਾਪਤ ਫਲਾਇੰਗ ਇੰਸਟ੍ਰਕਟਰ, ਫਾਈਟਰ ਸਟ੍ਰਾਈਕਰ ਲੀਡਰ ਅਤੇ ਇੰਸਟਰੂਮੈਂਟ ਰੇਟਿੰਗ ਇੰਸਟ੍ਰਕਟਰ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ। ਉਨ੍ਹਾਂ ਕੋਲ 4500 ਘੰਟਿਆਂ ਤੋਂ ਵੱਧ ਉਡਾਣ ਦਾ ਤਜਰਬਾ ਹੈ। 37 ਸਾਲਾਂ ਤੋਂ ਵੱਧ ਦੇ ਆਪਣੇ ਕਰੀਅਰ ਵਿਚ ਏਅਰ ਮਾਰਸ਼ਲ ਸਿਨਹਾ ਨੇ ਕਮਾਂਡ ਅਤੇ ਸਟਾਫ ਦੇ ਅਹਿਮ ਅਹੁਦਿਆਂ 'ਤੇ ਕੰਮ ਕੀਤਾ।

# ਪੰਜਾਬ ਦੇ ਬਿਜਲੀ ਖਪਤਕਾਰਾਂ ਸਿਰ ਚੜ੍ਹਦੇ ਸਾਲ ਹੀ ਕਰੋੜਾਂ ਦਾ ਵਾਧੂ ਬੋਝ ਪਾਇਆ

**ਚੰਡੀਗੜ੍ਹ:** ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵੱਲੋਂ ਪੰਜਾਬ ਰਾਜ ਬਿਜਲੀ ਨਿਗਮ ਲਿਮਟਿਡ ਦੀ ਪਟੀਸ਼ਨ ਉਤੇ ਸੁਣਵਾਈ ਕਰਦਿਆਂ ਬਿਜਲੀ ਸਪਲਾਈ ਨਾਲ ਸਬੰਧਤ ਆਮ ਖਰਚਿਆਂ ਵਿਚ ਵਾਧਾ ਕੀਤਾ ਹੈ, ਜਿਸ ਨਾਲ ਪੰਜਾਬ ਦੇ ਉਪਭੋਗਤਾਵਾਂ ਦੇ ਸਿਰ ਉਤੇ ਚੜ੍ਹਦੇ ਸਾਲ ਕਰੋੜਾਂ ਰੁਪਏ ਦਾ ਵਾਧੂ ਬੋਝ ਪਵੇਗਾ।

ਜਾਣਕਾਰੀ ਅਨੁਸਾਰ ਆਪਣਾ ਵਿੱਤੀ ਘਾਟਾ ਪੂਰਾ ਕਰਨ ਤੇ ਪੰਜਾਬ ਸਰਕਾਰ ਵੱਲੋਂ ਸਬਸਿਡੀਆਂ ਦੀ ਰਾਸ਼ੀ ਦੀ ਬਿਜਲੀ ਨਿਗਮ ਨੂੰ ਅਦਾਇਗੀ ਨਾ ਕਰਨ ਕਰਕੇ ਆਪਣੀ ਆਰਥਿਕ ਸਥਿਤੀ ਨੂੰ ਸੁਧਾਰਨ ਲਈ ਬਿਜਲੀ ਨਿਗਮ ਨੇ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦਾ ਦਰਵਾਜ਼ਾ ਖੜਕਾਇਆ ਤਾਂ ਰੈਗੂਲੇਟਰੀ ਕਮਿਸ਼ਨ ਨੇ ਮੀਟਰ ਦਾ ਕਿਰਾਇਆ, ਸੁਰੱਖਿਆ ਫੀਸ, ਟੈਸਟਿੰਗ ਫੀਸ, ਸੁਰੱਖਿਆ ਖਪਤ ਆਦਿ ਦੀ ਕੀਮਤ 100 ਫੀਸਦੀ ਜਾਂ ਇਸ ਤੋਂ ਵੱਧ ਵਧਾ ਦਿੱਤੀ ਹੈ। ਬਿਜਲੀ ਸਪਲਾਈ ਨਾਲ ਸਬੰਧਤ ਆਮ ਖਰਚੇ ਵਧਣ ਨਾਲ ਉਪਭੋਗਤਾਵਾਂ ਨੂੰ ਠੰਢ ਦੇ ਮੌਸਮ ਵਿਚ 'ਕਰੰਟ' ਲੱਗ ਸਕਦਾ ਹੈ।



ਸਿੰਗਲ ਫੇਸ ਮੀਟਰ ਤੋਂ ਟੀ.ਐਚ.ਟੀ. ਸਪਲਾਈ ਲਈ ਜਾਂਚ ਖਰਚਾ 200 ਰੁਪਏ ਤੋਂ 5 ਹਜ਼ਾਰ ਰੁਪਏ, ਸਿੰਗਲ ਫੇਸ ਮੀਟਰ ਤੋਂ ਟੀ.ਐਚ.ਟੀ. ਮੀਟਰ ਨੂੰ ਇਕ ਥਾਂ ਤੋਂ ਦੂਸਰੀ ਥਾਂ ਉਤੇ ਬਦਲਣ ਲਈ 200 ਰੁਪਏ ਤੋਂ 5 ਹਜ਼ਾਰ ਰੁਪਏ, ਮੀਟਰ ਦੀ ਸੀਲ ਬਦਲਣ ਲਈ 100 ਰੁਪਏ ਤੋਂ 1500 ਰੁਪਏ, ਮੀਟਰ ਦਾ ਖਰਚਾ 11 ਰੁਪਏ ਤੋਂ 1134 ਰੁਪਏ ਪ੍ਰਤੀ ਮੀਟਰ, ਪ੍ਰੋਸੈਸਿੰਗ ਫੀਸ ਸਿੰਗਲ ਫੇਜ਼ ਡੀ.ਐਸ. ਲਈ 30 ਰੁਪਏ, ਸਿੰਗਲ ਫੇਜ਼ ਸਪਲਾਈ ਹੋਰ ਡੀ.ਐਸ. ਲਈ 70 ਰੁਪਏ ਅਤੇ ਐਲ.ਟੀ. ਥ੍ਰੀ ਫੇਜ਼ ਸਪਲਾਈ ਲਈ 150 ਰੁਪਏ, ਮੀਟਰ ਲਗਾਉਣ ਦੀ ਫੀਸ 200 ਰੁਪਏ ਤੋਂ 400 ਰੁਪਏ ਤੱਕ ਪ੍ਰਤੀ ਮੀਟਰ, ਮੀਟਰ ਦੀ ਜਾਂਚ ਦੀ ਫੀਸ 150 ਰੁਪਏ ਤੋਂ 5 ਹਜ਼ਾਰ ਰੁਪਏ ਕੀਤੀ ਗਈ ਹੈ, ਇਸ ਤੋਂ ਇਲਾਵਾ ਹਰ ਸੇਵਾ ਦੀ ਫੀਸ ਵਿਚ ਵਾਧਾ ਕੀਤਾ ਗਿਆ ਹੈ।

## ਜਗਜੋਤ ਸਿੰਘ ਸੋਹੀ ਬਣੇ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ

**ਅੰਮ੍ਰਿਤਸਰ:** ਤਖਤ ਸ੍ਰੀ ਹਰਿਮੰਦਰ ਪਟਨਾ ਸਾਹਿਬ (ਬਿਹਾਰ) ਦੀ ਪ੍ਰਬੰਧਕ ਕਮੇਟੀ ਦੀ ਹੋਈ ਵਿਸ਼ੇਸ਼ ਬੈਠਕ ਦੌਰਾਨ ਸੀਨੀਅਰ ਮੀਤ ਪ੍ਰਧਾਨ ਜਗਜੋਤ ਸਿੰਘ ਸੋਹੀ ਨੂੰ ਸਰਬਸੰਮਤੀ ਨਾਲ ਪ੍ਰਧਾਨ ਨਿਯੁਕਤ ਕੀਤਾ ਗਿਆ। ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਬਲਦੇਵ ਸਿੰਘ ਵੱਲੋਂ ਅਰਦਾਸ ਉਪਰੰਤ ਆਰੰਭ ਹੋਈ ਬੈਠਕ ਦੌਰਾਨ ਜਨਰਲ ਸਕੱਤਰ ਇੰਦਰਜੀਤ ਸਿੰਘ ਵੱਲੋਂ ਪ੍ਰਧਾਨ ਦੇ ਅਹੁਦੇ ਲਈ ਜਗਜੋਤ ਸਿੰਘ ਸੋਹੀ ਦਾ ਨਾਂ ਪੇਸ਼ ਕੀਤਾ ਗਿਆ, ਜਿਸ ਦੀ ਤਾਈਦ ਮਜ਼ੀਦ ਮੈਂਬਰਾਂ ਚਰਨਜੀਤ ਸਿੰਘ ਤੇ ਗੁਰਵਿੰਦਰ ਸਿੰਘ ਨੇ ਕੀਤੀ।

ਬੈਠਕ ਦੌਰਾਨ ਕੋਈ ਹੋਰ ਨਾਂ ਪੇਸ਼ ਨਾ ਹੋਣ ਕਾਰਨ ਸ. ਸੋਹੀ ਨੂੰ ਸਰਬਸੰਮਤੀ ਨਾਲ ਕਮੇਟੀ ਦਾ ਨਵਾਂ ਪ੍ਰਧਾਨ ਚੁਣ ਲਿਆ ਗਿਆ। ਸਰਬਸੰਮਤੀ ਨਾਲ ਪ੍ਰਧਾਨ ਚੁਣੇ ਜਾਣ ਉਪਰੰਤ ਜਗਜੋਤ ਸਿੰਘ ਸੋਹੀ ਸਾਥੀਆਂ ਸਮੇਤ ਤਖਤ ਸ੍ਰੀ ਹਰਿਮੰਦਰ ਜੀ ਵਿਖੇ ਨਤਮਸਤਕ ਹੋਏ, ਜਿਥੇ ਉਨ੍ਹਾਂ ਨੂੰ ਸਿੰਘ ਸਾਹਿਬਾਨ ਵੱਲੋਂ ਸਨਮਾਨਿਤ ਕੀਤਾ ਗਿਆ।

# ਮਹਿਲਾ ਕਮਿਸ਼ਨ ਨੂੰ ਔਰਤਾਂ ਵਿਰੁੱਧ ਅਪਰਾਧ ਦੀਆਂ 31 ਹਜ਼ਾਰ ਸ਼ਿਕਾਇਤਾਂ ਮਿਲੀਆਂ

**ਨਵੀਂ ਦਿੱਲੀ:** ਰਾਸ਼ਟਰੀ ਮਹਿਲਾ ਕਮਿਸ਼ਨ (ਐਨ.ਸੀ.ਡਬਲਿਊ.) ਨੂੰ 2022 ਵਿਚ ਔਰਤਾਂ ਵਿਰੁੱਧ ਅਪਰਾਧਾਂ ਦੀਆਂ ਲਗਭਗ 31,000 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜੋ 2014 ਤੋਂ ਬਾਅਦ ਸਭ ਤੋਂ ਵੱਧ ਹਨ। ਐਨ.ਸੀ.ਡਬਲਿਊ. ਨੂੰ 2021 ਵਿਚ 30,864 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ, ਜਦੋਂ ਕਿ 2022 ਵਿਚ ਇਹ ਗਿਣਤੀ ਥੋੜ੍ਹੀ ਵਧ ਕੇ 30,957 ਹੋ ਗਈ।

ਐਨ.ਸੀ.ਡਬਲਿਊ. ਦੇ ਅੰਕੜਿਆਂ ਅਨੁਸਾਰ ਕੁੱਲ 30,957 ਸ਼ਿਕਾਇਤਾਂ 'ਚੋਂ 9,710 ਸਤਿਕਾਰ ਨਾਲ ਜਿਊਣ ਦੇ ਅਧਿਕਾਰ ਨਾਲ ਸਬੰਧਤ ਸਨ। ਇਸੇ ਤਰ੍ਹਾਂ ਘਰੇਲੂ ਹਿੰਸਾ ਨਾਲ ਸਬੰਧਤ 6,970 ਅਤੇ ਦਾਜ ਨਾਲ ਸਬੰਧਤ 4,600 ਸ਼ਿਕਾਇਤਾਂ ਪ੍ਰਾਪਤ ਹੋਈਆਂ।



ਹਾਸਲ ਹੋਏ ਅੰਕੜਿਆਂ ਅਨੁਸਾਰ ਲਗਭਗ 54.5 ਫੀਸਦ (16,872) ਸ਼ਿਕਾਇਤਾਂ ਸਭ ਤੋਂ ਵੱਧ ਆਬਾਦੀ ਵਾਲੇ ਸੂਬੇ ਉੱਤਰ ਪ੍ਰਦੇਸ਼ ਤੋਂ ਮਿਲੀਆਂ ਹਨ। ਦਿੱਲੀ ਤੋਂ 3,004, ਮਹਾਰਾਸ਼ਟਰ ਤੋਂ 1,381, ਬਿਹਾਰ ਤੋਂ 1,368 ਅਤੇ ਹਰਿਆਣਾ ਤੋਂ 1,362 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਘਰੇਲੂ ਹਿੰਸਾ ਨਾਲ ਸਬੰਧਤ ਸਭ ਤੋਂ ਵੱਧ ਸ਼ਿਕਾਇਤਾਂ ਉੱਤਰ ਪ੍ਰਦੇਸ਼ ਤੋਂ ਪ੍ਰਾਪਤ ਹੋਈਆਂ ਹਨ।

## ਯੂਪੀ ਵਿਚ ਸਿੱਖ ਨੌਜਵਾਨ ਦੇ ਕਕਾਰਾਂ ਦੀ ਬੇਅਦਬੀ ਦੀ ਨਿਖੇਧੀ

**ਅੰਮ੍ਰਿਤਸਰ:** ਉਤਰ ਪ੍ਰਦੇਸ਼ ਦੇ ਜ਼ਿਲ੍ਹਾ ਬਿਜਨੌਰ ਦੇ ਪਿੰਡ ਚੰਪਤਪੁਰ 'ਚ ਇਕ ਸਿੱਖ ਨੌਜਵਾਨ ਦੇ ਕੇਸਾਂ ਅਤੇ ਕਕਾਰਾਂ ਦੀ ਬੇਅਦਬੀ ਦੀ ਵਾਪਰੀ ਘਟਨਾ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨਿਖੇਧੀ ਕੀਤੀ ਹੈ।

ਸਿੱਖ ਸੰਸਥਾ ਨੇ ਇਸ ਮਾਮਲੇ ਦੀ ਜਾਂਚ ਵਾਸਤੇ ਸਿੱਖ ਮਿਸ਼ਨ ਉਤਰਾਖੰਡ ਦੇ ਇੰਚਾਰਜ ਨੂੰ ਹਦਾਇਤਾਂ ਦਿੱਤੀਆਂ ਹਨ। ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ ਬਾਰੇ ਕਮਿਸ਼ਨ ਦੇ ਮੈਂਬਰ ਪਰਵਿੰਦਰ ਸਿੰਘ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਨਾਂ ਦੇ ਸਿੱਖ ਨੌਜਵਾਨ ਦਾ ਜਬਰੀ ਧਰਮ ਤਬਦੀਲ ਕਰਨ ਦਾ ਯਤਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਬਿਜਨੌਰ ਪੁਲਿਸ ਦੇ ਮੁਖੀ ਕੋਲ ਚੁੱਕ ਕੇ ਪਹਿਲ ਦੇ ਆਧਾਰ 'ਤੇ ਕੇਸ ਦਰਜ ਕਰਨ ਵਾਸਤੇ ਆਖਿਆ ਹੈ।



# ਮੂਸੇਵਾਲਾ ਕਤਲ: ਮਾਪਿਆਂ ਦਾ ਪੁਲਿਸ ਕਾਰਵਾਈ ਤੋਂ ਭਰੋਸਾ ਉਠਿਆ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਨਵੇਂ ਸਾਲ ਮੌਕੇ ਆਪਣੇ ਪੁੱਤਰ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਪਿੰਡ ਮੂਸਾ ਵਿਚ ਪੰਜਾਬੀ ਗਾਇਕ ਦੇ ਪ੍ਰਸੰਸਕਾਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਪਿਛਲਾ ਸਾਲ ਉਨ੍ਹਾਂ ਦੇ ਪਰਿਵਾਰ ਨੂੰ ਡੂੰਘਾ ਸਦਮਾ ਦੇ ਗਿਆ ਹੈ, ਜਿਸ ਨੂੰ ਉਹ ਆਖਰੀ ਸਾਹ ਤੱਕ ਨਹੀਂ ਭੁਲਾ ਸਕਦੇ।

ਚਰਨ ਕੌਰ ਨੇ ਕਿਹਾ ਕਿ ਪੰਜਾਬ ਪੁਲਿਸ ਅਜੇ ਤੱਕ ਉਨ੍ਹਾਂ ਦੇ ਪੁੱਤ ਦੇ ਕਾਤਲਾਂ ਨੂੰ ਨਹੀਂ ਫੜ ਸਕੀ ਹੈ ਤੇ ਹੁਣ ਪੁਲਿਸ ਤੋਂ ਇਹ ਉਮੀਦ ਵੀ ਖਤਮ ਹੁੰਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਰਿਵਾਰ ਨੇ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਮਾਮਲੇ ਵਿਚ ਸ਼ਾਮਲ ਕੁਝ ਮੁਲਜ਼ਮਾਂ ਦੇ ਨਾਂ ਲਿਖਤੀ ਤੌਰ 'ਤੇ ਪੁਲਿਸ ਅਤੇ ਸੂਬਾ ਸਰਕਾਰ ਨੂੰ ਸੌਂਪੇ ਸਨ ਪਰ ਉਨ੍ਹਾਂ ਨੂੰ ਹਾਲੇ ਤੱਕ ਨਿਆਂ ਨਹੀਂ ਮਿਲਿਆ। ਉਨ੍ਹਾਂ ਮੰਗ ਕੀਤੀ ਕਿ ਗਾਇਕ ਦੀ ਹੱਤਿਆ 'ਚ ਸ਼ਾਮਲ ਮੁਲਜ਼ਮਾਂ ਦੇ ਨਾਂ ਜਨਤਕ ਕੀਤੇ ਜਾਣ। ਉਨ੍ਹਾਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਨਾ ਸਿਰਫ ਮੁਲਜ਼ਮਾਂ ਨੂੰ ਸਖਤ ਸਜ਼ਾ ਮਿਲੇ, ਸਗੋਂ ਸਿੱਧੂ ਮੂਸੇਵਾਲਾ ਦੀ ਹੱਤਿਆ ਲਈ ਜ਼ਿੰਮੇਵਾਰ ਲੋਕਾਂ ਦਾ ਵੀ ਪਰਦਾਫਾਸ਼ ਹੋਵੇ। ਉਨ੍ਹਾਂ ਕਿਹਾ ਕਿ ਇਨਸਾਫ ਲੈਣ ਲਈ ਉਹ ਪੁਲਿਸ ਅਤੇ ਸਰਕਾਰ ਨੂੰ ਥੋੜ੍ਹਾ ਸਮਾਂ ਹੋਰ ਦੇਣਗੇ, ਇਸ ਮਗਰੋਂ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਉਨ੍ਹਾਂ ਕਿਹਾ ਕਿ ਮਾੜੇ ਸਿਸਟਮ ਦੀ ਭੇਟ ਚੜ੍ਹ ਕੇ ਪੰਜਾਬ ਦਾ ਇਕ ਹੀਰਾ ਗਾਇਕ ਸਦਾ ਲਈ ਗੁਆਚ ਗਿਆ ਹੈ, ਜਿਸ ਦਾ ਦੁੱਖ ਰਹਿੰਦੀ ਜ਼ਿੰਦਗੀ ਤੱਕ ਉਨ੍ਹਾਂ ਦੇ ਦਿਲਾਂ ਵਿਚ ਰਹੇਗਾ।



## ਪਰਿਵਾਰ ਨੂੰ ਨਹੀਂ ਮਿਲਿਆ ਸਿੱਧੂ ਮੂਸੇਵਾਲਾ ਦਾ 'ਪਰਨਾ'

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ 'ਲਾਸਟ ਰਾਈਡ' ਥਾਰ ਜੀਪ ਬੇਸ਼ੱਕ ਪਰਿਵਾਰ ਨੂੰ ਮਿਲ ਗਈ ਹੈ ਪਰ ਮੂਸੇਵਾਲਾ ਦੇ ਪਰਿਵਾਰ ਨੂੰ ਮਲਾਲ ਹੈ ਕਿ ਜਿਸ ਦਿਨ 29 ਮਈ ਨੂੰ ਪਿੰਡ ਜਵਾਹਰਕੇ ਵਿਚ ਸਿੱਧੂ ਮੂਸੇਵਾਲਾ ਦੀ ਹੱਤਿਆ ਕਰ ਦਿੱਤੀ ਗਈ ਸੀ, ਉਸ ਦਿਨ ਸਿਰ ਉਤੇ ਸਜਾਇਆ ਪਰਨਾ (ਛੋਟੀ ਪੱਗ) ਅੱਜ ਤੱਕ ਨਹੀਂ ਮਿਲਿਆ। ਪਰਿਵਾਰ ਵੱਲੋਂ ਇਸ ਨੂੰ ਲੱਭਣ ਲਈ ਸਿਵਲ ਹਸਪਤਾਲ ਮਾਨਸਾ, ਪੁਲਿਸ ਅਧਿਕਾਰੀਆਂ ਪਾਸੋਂ ਕਈ ਵਾਰ ਪੁੱਛ-ਪੜਤਾਲ ਕੀਤੀ ਗਈ ਪਰ ਅਦਾਲਤੀ ਚਾਰਾਜੋਈ ਦੇ ਬਾਵਜੂਦ ਅੱਜ ਤੱਕ ਪਰਨਾ ਹਾਸਲ ਨਹੀਂ ਹੋਇਆ। ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਅਫਸੋਸ ਪ੍ਰਗਟਾਉਂਦਿਆਂ ਕਿਹਾ ਕਿ ਉਸ ਦੇ ਪੁੱਤ ਦਾ ਪਰਨਾ ਹਾਲੇ ਵੀ ਨਹੀਂ ਮਿਲਿਆ।

# ਕਰੋਨਾ ਦਾ ਡਰ: ਵਿਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਉਤੇ ਵਧਣ ਲੱਗੀ ਸਖਤੀ



**ਨਵੀਂ ਦਿੱਲੀ:** ਕੇਂਦਰੀ ਹਵਾਬਾਜ਼ੀ ਮੰਤਰਾਲੇ ਨੇ ਦੇਸ਼ ਦੀਆਂ ਏਅਰਲਾਈਨਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਸੋਧੇ ਹੋਏ ਕੋਵਿਡ ਨਿਰਦੇਸ਼ਾਂ ਤਹਿਤ ਦੇਸ਼ ਵਿਚ ਚੀਨ ਸਣੇ ਹੋਰਨਾਂ ਏਸ਼ਿਆਈ ਦੇਸ਼ਾਂ ਤੋਂ ਆਉਣ ਵਾਲੇ ਕੌਮਾਂਤਰੀ ਯਾਤਰੀਆਂ ਲਈ ਚੈੱਕ-ਇਨ ਦੀ ਸਹੂਲਤ ਵਿਚ ਸੋਧ ਕੀਤੀ ਜਾਵੇ। ਜ਼ਿਕਰਯੋਗ ਹੈ ਕਿ ਚੀਨ ਸਣੇ ਛੇ ਏਸ਼ਿਆਈ ਦੇਸ਼ਾਂ ਤੋਂ ਭਾਰਤ ਆਉਣ ਵਾਲੇ ਯਾਤਰੀਆਂ ਲਈ ਕੋਵਿਡ ਨੈਗੇਟਿਵ ਰਿਪੋਰਟ ਲਾਜ਼ਮੀ ਕਰ ਦਿੱਤੀ ਗਈ ਹੈ।

ਹਵਾਬਾਜ਼ੀ ਮੰਤਰਾਲੇ ਵੱਲੋਂ ਇਹ ਹਦਾਇਤ ਸਿਹਤ ਮੰਤਰਾਲੇ ਵੱਲੋਂ ਜਾਰੀ ਨਿਰਦੇਸ਼ਾਂ ਤਹਿਤ ਦਿੱਤੀ ਗਈ ਹੈ। ਸਿਹਤ ਮੰਤਰਾਲੇ ਨੇ ਨਿਰਦੇਸ਼ ਦਿੱਤਾ ਸੀ ਕਿ ਏਸ਼ੀਆ ਦੇ ਛੇ ਦੇਸ਼ ਚੀਨ, ਸਿੰਗਾਪੁਰ, ਹਾਂਗਕਾਂਗ, ਕੋਰੀਆ, ਥਾਈਲੈਂਡ ਤੇ ਜਪਾਨ ਤੋਂ ਅੰਤਰਰਾਸ਼ਟਰੀ ਉਡਾਣਾਂ ਰਾਹੀਂ ਭਾਰਤ ਆਉਣ ਵਾਲੇ ਯਾਤਰੀਆਂ ਲਈ ਆਰਟੀ-ਪੀ.ਸੀ.ਆਰ. ਨੈਗੇਟਿਵ ਰਿਪੋਰਟ ਲਾਜ਼ਮੀ ਹੈ।

ਏਅਰਲਾਈਨਜ਼ ਨੂੰ ਕਿਹਾ ਗਿਆ ਹੈ ਕਿ ਚੈੱਕ-ਇਨ ਪ੍ਰਣਾਲੀ ਵਿਚ ਸੋਧ ਕੀਤੀ ਜਾਵੇ ਅਤੇ ਏਸ਼ੀਆ ਦੇ ਇਨ੍ਹਾਂ ਛੇ ਦੇਸ਼ਾਂ ਦੇ ਉਨ੍ਹਾਂ ਕੌਮਾਂਤਰੀ ਯਾਤਰੀਆਂ ਨੂੰ ਹੀ ਬੋਰਡਿੰਗ ਪਾਸ ਜਾਰੀ ਕੀਤੇ ਜਾਣ ਜਿਨ੍ਹਾਂ ਨੇ ਹਵਾਈਬਾਜ਼ੀ ਮੰਤਰਾਲੇ ਦੇ ਏਅਰ ਸੁਵਿਧਾ ਪੋਰਟਲ 'ਤੇ ਕੋਵਿਡ ਨੈਗੇਟਿਵ ਰਿਪੋਰਟ ਬਾਰੇ ਫਾਰਮ ਭਰੇ ਹਨ। ਦੱਸਣਯੋਗ ਹੈ ਕਿ ਕੇਂਦਰੀ ਸਿਹਤ ਮੰਤਰਾਲੇ ਵੱਲੋਂ ਜਾਰੀ ਨਿਰਦੇਸ਼ ਅਨੁਸਾਰ ਇਨ੍ਹਾਂ ਦੇਸ਼ਾਂ ਤੋਂ ਆਉਣ ਵਾਲੇ ਮੁਸਾਫ਼ਰਾਂ ਲਈ ਹਵਾਈ ਯਾਤਰਾ ਤੋਂ 72 ਘੰਟੇ ਪਹਿਲਾਂ ਆਰ.ਟੀ-ਪੀ.ਸੀ.ਆਰ. ਟੈਸਟ ਕਰਵਾਉਣਾ ਜ਼ਰੂਰੀ ਹੈ ਤੇ ਨੈਗੇਟਿਵ ਰਿਪੋਰਟ ਏਅਰ ਸੁਵਿਧਾ ਪੋਰਟਲ 'ਤੇ ਅਪਲੋਡ ਕਰਨੀ ਲਾਜ਼ਮੀ ਹੈ। ਕੇਂਦਰੀ ਹਵਾਬਾਜ਼ੀ ਮੰਤਰਾਲੇ ਨੇ ਇਨ੍ਹਾਂ ਸੋਧੀਆਂ ਹੋਈਆਂ ਹਦਾਇਤਾਂ ਨੂੰ ਲਾਗੂ ਕਰਵਾਉਣ ਲਈ ਕਮਰਸ਼ੀਅਲ ਏਅਰਲਾਈਨੀਂ, ਹਵਾਈ ਅੱਡਾ ਅਪਰੇਟਰਾਂ, ਸੂਬਿਆਂ ਦੇ ਪ੍ਰਮੁੱਖ ਸਕੱਤਰਾਂ ਤੇ ਯੂਟੀ ਪ੍ਰਸ਼ਾਸਕਾਂ ਨੂੰ ਸੁਨੇਹੇ ਭੇਜੇ ਹਨ।

### ਚੀਨ ਵੱਲੋਂ ਕੋਵਿਡ ਡਾਟਾ ਰਿਲੀਜ਼ ਨਾ ਕਰਨ 'ਤੇ ਡਬਲਿਊ.ਐਚ.ਓ ਖਫਾ

**ਨਵੀਂ ਦਿੱਲੀ:** ਵਿਸ਼ਵ ਸਿਹਤ ਸੰਸਥਾ ਨੇ ਕਿਹਾ ਹੈ ਕਿ ਚੀਨ ਤੋਂ ਆਉਣ ਵਾਲੇ ਯਾਤਰੀਆਂ 'ਤੇ ਕੁਝ ਦੇਸ਼ਾਂ ਵੱਲੋਂ ਲਗਾਈਆਂ ਗਈਆਂ ਪਾਬੰਦੀਆਂ 'ਸਮਝਣਯੋਗ' ਹਨ ਕਿਉਂਕਿ ਚੀਨ ਨੇ ਕੋਵਿਡ ਕੇਸਾਂ ਬਾਰੇ ਡਾਟਾ ਰਿਲੀਜ਼ ਕਰਨਾ ਬੰਦ ਕਰ ਦਿੱਤਾ ਹੈ। ਸੰਸਥਾ ਦੇ ਡਾਇਰੈਕਟਰ-ਜਨਰਲ ਟੈਡਰੋਸ ਅਦਾਨੋਮ ਘੇਬ੍ਰਿਅਸਿਸ ਨੇ ਇਹ ਬਿਆਨ ਉਸ ਸਮੇਂ ਦਿੱਤਾ ਹੈ ਜਦੋਂ ਅਮਰੀਕਾ ਤੇ ਦੱਖਣੀ ਕੋਰੀਆ ਸਣੇ ਕਈ ਦੇਸ਼ਾਂ ਵੱਲੋਂ ਚੀਨ ਦੇ ਹਵਾਈ ਯਾਤਰੀਆਂ 'ਤੇ ਪਾਬੰਦੀਆਂ ਆਇਦ ਕੀਤੀਆਂ ਜਾ ਰਹੀਆਂ ਹਨ। ਚੀਨ ਵਿਚ ਕਰੋਨਾ ਦੇ ਕੇਸ ਵਧ ਰਹੇ ਹਨ ਤੇ ਇਸ ਸਬੰਧੀ ਡਾਟਾ ਵੀ ਰਿਲੀਜ਼ ਨਹੀਂ ਕੀਤਾ ਜਾ ਰਿਹਾ।

# ਰਾਹੁਲ ਨੂੰ ਪ੍ਰਧਾਨ ਮੰਤਰੀ ਦਾ ਚਿਹਰਾ ਬਣਾਉਣ 'ਤੇ ਇਤਰਾਜ਼ ਨਹੀਂ: ਨਿਤੀਸ਼



**ਪਟਨਾ:** ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਸਪੱਸ਼ਟ ਕੀਤਾ ਕਿ ਰਾਜ ਵਿਚ ਉਨ੍ਹਾਂ ਦੀ ਸਹਿਯੋਗੀ ਪਾਰਟੀ ਕਾਂਗਰਸ ਵੱਲੋਂ ਰਾਹੁਲ ਗਾਂਧੀ ਨੂੰ ਵਿਰੋਧੀ ਧਿਰ ਵੱਲੋਂ ਪ੍ਰਧਾਨ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕੀਤੇ ਜਾਣ ਨਾਲ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ।

ਤਕਰੀਬਨ ਪੰਜ ਮਹੀਨੇ ਪਹਿਲਾਂ ਭਾਜਪਾ ਨਾਲ ਤੋੜ-ਵਿਛੋੜਾ ਕਰਨ ਵਾਲੇ ਜਨਤਾ ਦਲ (ਯੂ) ਦੇ ਆਗੂ ਨਿਤੀਸ਼ ਕੁਮਾਰ ਨੇ ਹਾਲਾਂਕਿ ਇਸ ਮੁੱਦੇ 'ਤੇ ਸਾਰੀਆਂ ਹਮਖ਼ਿਆਲੀ ਪਾਰਟੀ ਵਿਚਾਲੇ ਇਕ ਰਾਏ ਦੀ ਲੋੜ 'ਤੇ ਜ਼ੋਰ ਦਿੱਤਾ ਤੇ ਉਨ੍ਹਾਂ ਖੁਦ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਹੋਣ ਦੇ ਦਾਅਵਿਆਂ ਨੂੰ ਖਾਰਜ ਕਰ ਦਿੱਤਾ। ਜ਼ਿਕਰਯੋਗ ਹੈ ਕਿ ਮੱਧ ਪ੍ਰਦੇਸ਼ ਕਾਂਗਰਸ ਦੇ ਆਗੂ ਕਮਲ ਨਾਥ ਦੇ ਕਿਹਾ ਸੀ ਕਿ 2024 ਦੀਆਂ ਆਮ ਚੋਣਾਂ 'ਚ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਾਇਆ ਜਾਣਾ ਚਾਹੀਦਾ। ਇਸ ਬਾਰੇ ਨਿਤੀਸ਼ ਨੇ ਕਿਹਾ ਕਿ ਉਨ੍ਹਾਂ ਨੂੰ ਕੋਈ ਸਮੱਸਿਆ ਨਹੀਂ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੂੰ ਇਸ ਸਬੰਧੀ ਸਾਰੀਆਂ ਪਾਰਟੀਆਂ ਨਾਲ ਚਰਚਾ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ, 'ਮੈਂ ਇਹ ਜ਼ਰੂਰ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਮੈਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਦਾਅਵੇਦਾਰ ਨਹੀਂ ਹਾਂ। ਮੇਰਾ ਮੰਨਣਾ ਹੈ ਕਿ ਵੱਧ ਤੋਂ ਵੱਧ ਭਾਜਪਾ ਵਿਰੋਧੀ ਪਾਰਟੀਆਂ ਨੂੰ ਇਕੱਠੇ ਹੋ ਕੇ ਅਜਿਹਾ ਫਰੰਟ ਤਿਆਰ ਕਰਨਾ ਚਾਹੀਦਾ ਹੈ ਕਿ ਜੋ ਬਹੁਮਤ ਹਾਸਲ ਕਰਕੇ ਲੋਕਾਂ ਦੀਆਂ ਲੋੜਾਂ ਪ੍ਰਤੀ ਸੰਵੇਦਨਸ਼ੀਲ ਸਰਕਾਰ ਬਣਾ ਸਕੇ।'

### ਭਾਜਪਾ ਨੂੰ ਹਰਾਉਣ ਲਈ ਵਿਰੋਧੀ ਧਿਰ ਨਵਾਂ ਦ੍ਰਿਸ਼ਟੀਕੋਣ ਦੇਵੇ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਦੇਸ਼ ਵਿਚ ਭਾਜਪਾ ਵਿਰੁੱਧ ਵੱਡੇ ਪੱਧਰ ਉਤੇ 'ਅੰਡਰਕਰੰਟ' (ਮਾਹੌਲ) ਹੋਣ ਦਾ ਦਾਅਵਾ ਕਰਦਿਆਂ ਕਿਹਾ ਕਿ ਜੇਕਰ ਵਿਰੋਧੀ ਧਿਰ ਨੇ ਪ੍ਰਭਾਵੀ ਢੰਗ ਨਾਲ ਬਦਲਵਾਂ ਦ੍ਰਿਸ਼ਟੀਕੋਣ ਸਾਹਮਣੇ ਰੱਖ ਦਿੱਤਾ ਤਾਂ ਅਗਲੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਲਈ ਜਿੱਤਣਾ ਬਹੁਤ ਮੁਸ਼ਕਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰਾਂ ਨੂੰ ਇਕ-ਦੂਜੇ ਦਾ ਵੀ ਸਤਿਕਾਰ ਕਰਨਾ ਹੋਵੇਗਾ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਨੂੰ ਦੇਸ਼ ਦੇ ਲੋਕਾਂ ਅੱਗੇ ਬਦਲ ਵਜੋਂ ਕੌਮੀ ਵਿਚਾਰਧਾਰਾ ਪੇਸ਼ ਕਰਨੀ ਹੋਵੇਗੀ ਜੋ ਕਿ ਖੇਤਰੀ ਧਿਰਾਂ ਕੋਲ ਨਹੀਂ ਹੈ ਤੇ ਸਿਰਫ਼ ਕਾਂਗਰਸ ਕੋਲ ਹੀ ਹੈ।

# ਸੁਪਰੀਮ ਕੋਰਟ ਨੇ ਮੋਦੀ ਸਰਕਾਰ ਦੀ ਕੀਤੀ ਨੋਟਬੰਦੀ ਨੂੰ ਜਾਇਜ਼ ਕਰਾਰ ਦਿੱਤਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਦੇ 2016 ਦੇ ਨੋਟਬੰਦੀ ਦੇ ਫੈਸਲੇ ਵਿਰੁੱਧ ਦਾਇਰ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ ਤੇ ਕੇਂਦਰ ਦੇ ਕਦਮ ਨੂੰ ਸਹੀ ਕਰਾਰ ਦਿੱਤਾ। ਅਦਾਲਤ ਨੇ 4:1 ਦੇ ਬਹੁਮਤ ਨਾਲ ਕੇਂਦਰ ਦੇ 2016 ਦੇ ਨੋਟਬੰਦੀ ਦੇ ਫੈਸਲੇ ਨੂੰ ਸਹੀ ਕਰਾਰ ਦਿੱਤਾ।

ਸਰਵਉੱਚ ਅਦਾਲਤ ਨੇ ਕਿਹਾ ਕਿ 8 ਨਵੰਬਰ 2016 ਨੂੰ ਜਾਰੀ ਨੋਟੀਫਿਕੇਸ਼ਨ ਜਾਇਜ਼ ਸੀ ਅਤੇ ਪ੍ਰਕਿਰਿਆ ਅਧੀਨ ਸੀ। ਸੁਪਰੀਮ ਕੋਰਟ ਦੇ ਜਸਟਿਸ ਬੀ.ਆਰ. ਗਵਈ ਨੇ ਕਿਹਾ ਕਿ ਨੋਟਬੰਦੀ ਸਬੰਧੀ ਕੇਂਦਰ ਦੇ ਫੈਸਲੇ ਵਿਚ ਕੋਈ ਖਾਮੀ ਨਹੀਂ ਹੋ ਸਕਦੀ ਕਿਉਂਕਿ ਇਸ ਮਾਮਲੇ ਉਤੇ ਰਿਜ਼ਰਵ ਬੈਂਕ ਤੇ ਸਰਕਾਰ ਵਿਚਕਾਰ ਪਹਿਲਾਂ ਚਰਚਾ ਹੋਈ ਸੀ। ਇਸ ਲਈ ਇਹ ਗੱਲ ਬਹੁਤੀ ਅਹਿਮੀਅਤ ਨਹੀਂ ਰੱਖਦੀ ਕਿ ਜਿਸ ਉਦੇਸ਼ ਲਈ ਨੋਟਬੰਦੀ ਕੀਤੀ ਗਈ,



ਉਹ ਪ੍ਰਾਪਤ ਹੋਏ ਜਾਂ ਨਹੀਂ।

ਰਿਜ਼ਰਵ ਬੈਂਕ ਐਕਟ ਦੀ ਧਾਰਾ 26(2) ਤਹਿਤ ਕੇਂਦਰ ਦੀਆਂ ਸ਼ਕਤੀਆਂ ਦੇ ਮੁੱਦੇ ਉਤੇ ਜਸਟਿਸ ਬੀਵੀ ਨਾਗਰਤਨਾ ਦੀ ਰਾਏ ਜਸਟਿਸ ਬੀ.ਆਰ. ਗਵਈ ਤੋਂ ਵੱਖਰੀ ਸੀ। ਜਸਟਿਸ ਨਾਗਰਤਨਾ ਨੇ ਕਿਹਾ ਕਿ 500 ਅਤੇ 1000 ਰੁਪਏ ਦੀ ਸੀਰੀਜ਼ ਦੇ ਨੋਟ ਸਿਰਫ ਕਾਨੂੰਨ ਰਾਹੀਂ ਰੱਦ ਕੀਤੇ ਜਾ ਸਕਦੇ ਸਨ, ਨੋਟੀਫਿਕੇਸ਼ਨ ਰਾਹੀਂ ਨਹੀਂ। ਉਨ੍ਹਾਂ ਕਿਹਾ ਕਿ ਸੰਸਦ ਨੂੰ ਨੋਟਬੰਦੀ ਮਾਮਲੇ 'ਚ ਕਾਨੂੰਨ ਉਤੇ ਚਰਚਾ ਕਰਨੀ ਚਾਹੀਦੀ ਸੀ, ਪ੍ਰਕਿਰਿਆ ਗਜ਼ਟ ਨੋਟੀਫਿਕੇਸ਼ਨ ਰਾਹੀਂ ਨਹੀਂ ਹੋਣੀ ਚਾਹੀਦੀ ਸੀ। ਦੇਸ਼ ਲਈ ਅਜਿਹੇ ਮਹੱਤਵਪੂਰਨ ਮਾਮਲੇ ਵਿਚ ਸੰਸਦ ਨੂੰ ਪਾਸੇ ਨਹੀਂ ਰੱਖਿਆ ਜਾ ਸਕਦਾ।

### 'ਘੱਟ ਗਿਣਤੀ' ਫੈਸਲੇ ਨੇ ਨੋਟਬੰਦੀ 'ਚ 'ਗ਼ੈਰਕਨੂੰਨੀ ਤੇ ਬੇਨਿਯਮੀਆਂ ਵੱਲ ਇਸ਼ਾਰਾ ਕੀਤਾ: ਚਿਦੰਬਰਮ

**ਚੇਨਈ:** ਸਾਬਕਾ ਕੇਂਦਰੀ ਵਿੱਤ ਮੰਤਰੀ ਪੀ. ਚਿਦੰਬਰਮ ਨੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਤੁਰਤ ਬਾਅਦ ਕਿਹਾ ਕਿ 'ਘੱਟ ਗਿਣਤੀ' ਫੈਸਲੇ ਨੇ ਨੋਟਬੰਦੀ ਵਿਚ 'ਗੈਰ-ਕਾਨੂੰਨੀ' ਅਤੇ 'ਬੇਨਿਯਮੀਆਂ' ਵੱਲ ਇਸ਼ਾਰਾ ਕੀਤਾ ਹੈ। ਉਨ੍ਹਾਂ ਕਿਹਾ ਕਿ 4:1 ਦੇ ਬਹੁਮਤ ਦੇ ਫੈਸਲੇ ਨੇ ਇਸ ਸਵਾਲ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਕੀ ਨੋਟਬੰਦੀ ਦੇ ਉਦੇਸ਼ ਹਾਸਲ ਕੀਤੇ ਗਏ।

## ਦਸੰਬਰ 'ਚ ਜੀ.ਐਸ.ਟੀ. ਮਾਲੀਆ 15 ਫੀਸਦ ਵਧਿਆ

**ਨਵੀਂ ਦਿੱਲੀ:** ਵਸਤਾਂ ਤੇ ਸੇਵਾਵਾਂ ਕਰ (ਜੀ.ਐਸ.ਟੀ.) ਤੋਂ ਇਕੱਤਰ ਹੋਣ ਵਾਲਾ ਮਾਲੀਆ ਦਸੰਬਰ 2022 ਵਿਚ 15 ਫੀਸਦ ਦੇ ਵਾਧੇ ਨਾਲ 1.49 ਲੱਖ ਕਰੋੜ ਨੂੰ ਟੱਪ ਗਿਆ ਹੈ, ਜੋ ਉਤਪਾਦਨ ਤੇ ਖਪਤ ਦੀ ਮੰਗ ਵਿਚ ਸੁਧਾਰ ਵੱਲ ਇਸ਼ਾਰਾ ਕਰਦਾ ਹੈ। ਇਹ ਲਗਾਤਾਰ ਦਸਵਾਂ ਮਹੀਨਾ ਹੈ ਜਦੋਂ ਮਾਲੀਆ 1.4 ਲੱਖ ਕਰੋੜ ਦੇ ਅੰਕੜੇ ਤੋਂ ਉਤੇ ਰਿਹਾ ਹੈ। ਨਵੰਬਰ ਵਿਚ ਜੀ.ਐਸ.ਟੀ. ਤੋਂ ਹੋਣ ਵਾਲੀ ਕਮਾਈ 1.46 ਲੱਖ ਕਰੋੜ ਸੀ। ਮੰਤਰਾਲੇ ਨੇ ਇਕ ਬਿਆਨ ਵਿਚ ਕਿਹਾ, ''ਦਸੰਬਰ 2022 ਦੌਰਾਨ 1,49,507 ਕਰੋੜ ਰੁਪਏ ਦੇ ਕੁੱਲ ਜੀ.ਐਸ.ਟੀ. ਮਾਲੀਏ ਦੀ ਉਗਰਾਹੀ ਹੋਈ ਸੀ, ਜਿਸ ਵਿਚੋਂ ਸੀ.ਜੀ.ਐਸ.ਟੀ. 26,711 ਕਰੋੜ, ਐਸ.ਜੀ.ਐਸ.ਟੀ. 33,357 ਕਰੋੜ ਰੁਪਏ, ਆਈ.ਜੀ.ਐਸ.ਟੀ. 78,434 ਕਰੋੜ (ਵਸਤਾਂ ਦੀ ਦਰਾਮਦ ਤੋਂ ਕਮਾਇਆ 40,263 ਕਰੋੜ ਰੁਪਏ ਵੀ ਸ਼ਾਮਲ) ਅਤੇ ਸੈੱਸ 11,005 ਕਰੋੜ ਰੁਪਏ (ਵਸਤਾਂ ਦੀ ਦਰਾਮਦ ਤੋਂ ਉਗਰਾਹੇ 850 ਕਰੋੜ ਰੁਪਏ ਸ਼ਾਮਲ) ਹੈ। ਦਸੰਬਰ 2022 ਦੌਰਾਨ ਇਕੱਤਰ ਮਾਲੀਆ ਪਿਛਲੇ ਸਾਲ ਇਸੇ ਮਹੀਨੇ ਇਕੱਤਰ ਮਾਲੀਏ (1.30 ਲੱਖ ਕਰੋੜ) ਨਾਲੋਂ 15 ਫੀਸਦ ਵੱਧ ਹੈ। ਨਵੰਬਰ 2022 ਵਿਚ 7.9 ਕਰੋੜ ਈ-ਵੇਅ ਬਿਲ ਜਨਰੇਟ ਕੀਤੇ ਗਏ ਸਨ, ਜੋ ਅਕਤੂਬਰ 2022 ਵਿਚ ਜਾਰੀ 7.6 ਕਰੋੜ ਈ-ਵੇਅ ਬਿਲਾਂ ਨਾਲੋਂ ਕਿਤੇ ਵੱਧ ਹਨ।

# ਬਾਦਲ ਤੇ ਢੀਂਡਸਾ ਪਰਿਵਾਰ ਮੈਡੀਕਲ ਕਾਲਜ ਦੇ ਰਾਹ 'ਚ ਅੜਿੱਕਾ ਬਣੇ: ਮਾਨ

**ਸੰਗਰੂਰ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬਾਦਲ ਅਤੇ ਢੀਂਡਸਾ ਪਰਿਵਾਰ 'ਤੇ ਦੋਸ਼ ਲਾਇਆ ਹੈ ਕਿ ਇਨ੍ਹਾਂ ਦੋਵਾਂ ਪਰਿਵਾਰਾਂ ਨੇ ਆਪਣੇ ਸੌੜੇ ਸਿਆਸੀ ਹਿੱਤਾਂ ਖਾਤਰ ਮਸਤੂਆਣਾ ਸਾਹਿਬ ਵਿਚ ਬਣਨ ਵਾਲੇ ਮੈਡੀਕਲ ਕਾਲਜ ਦੇ ਕੰਮ ਵਿਚ ਅੜਿੱਕਾ ਪਾਇਆ ਹੋਇਆ ਹੈ।

ਇਥੇ ਮੈਡੀਕਲ ਕਾਲਜ ਦੇ ਨੀਂਹ ਪੱਥਰ ਨੇੜੇ ਇਕ ਸਾਦੇ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਅਜਿਹੇ ਕੋਝੇ ਹੱਥਕੰਡੇ ਅਪਨਾਉਣ ਨਾਲ ਇਨ੍ਹਾਂ ਪਰਿਵਾਰਾਂ ਦਾ ਲੋਕ ਵਿਰੋਧੀ ਚਿਹਰਾ ਬੇਨਕਾਬ ਹੋਇਆ ਹੈ ਕਿਉਂਕਿ ਇਹ ਪਰਿਵਾਰ ਨਹੀਂ ਚਾਹੁੰਦੇ ਕਿ ਆਮ ਲੋਕਾਂ ਨੂੰ ਇਥੇ ਬਣਨ ਵਾਲੇ ਮੈਡੀਕਲ ਕਾਲਜ ਨਾਲ ਬਿਹਤਰ ਇਲਾਜ ਅਤੇ ਸਿੱਖਿਆ ਦੀ ਸਹੂਲਤ ਮਿਲੇ। ਉਨ੍ਹਾਂ ਨੇ ਆਖਿਆ ਹੈ ਕਿ ਸੂਬਾ ਸਰਕਾਰ ਨੇ ਸੰਗਰੂਰ ਨੇੜੇ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਦੀ ਯਾਦ ਵਿਚ ਉੱਚ ਦਰਜੇ ਦਾ ਮੈਡੀਕਲ ਕਾਲਜ ਸਥਾਪਤ ਕਰਨ ਦਾ ਫੈਸਲਾ ਕੀਤਾ ਸੀ।




ਇਸ ਪ੍ਰੋਜੈਕਟ ਦਾ ਕੰਮ ਸ਼ੁਰੂ ਕਰਨ ਲਈ ਸੂਬਾ ਸਰਕਾਰ ਨੇ 407 ਕਰੋੜ ਰੁਪਏ ਵਿਚੋਂ ਕੁੱਝ ਫੰਡ ਪਹਿਲਾਂ ਹੀ ਜਾਰੀ ਕਰ ਦਿੱਤੇ ਸਨ। ਉਨ੍ਹਾਂ ਕਿਹਾ ਕਿ ਸੰਗਰੂਰ ਜ਼ਿਲ੍ਹੇ ਵਿਚ ਮੈਡੀਕਲ ਕਾਲਜ ਹਰ ਕੀਮਤ 'ਤੇ ਬਣਾਇਆ ਜਾਵੇਗਾ, ਜਿਸ ਵਾਸਤੇ ਕਈ ਪੰਚਾਇਤਾਂ ਜ਼ਮੀਨ ਦੇਣ ਲਈ ਤਿਆਰ ਹਨ। ਇਸ ਮੌਕੇ ਵਿੱਤ ਮੰਤਰੀ ਹਰਪਾਲ ਚੀਮਾ, ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਵਿਧਾਇਕ ਨਰਿੰਦਰ ਕੌਰ ਭਰਾਜ ਹਾਜ਼ਰ ਸਨ।

# 'ਬੁੱਧ ਧਰਮ ਖਤਮ ਕਰਨ ਦੇ ਯਤਨਾਂ 'ਚ ਸਫਲ ਨਹੀਂ ਹੋ ਸਕੇਗਾ ਚੀਨ'

**ਬੋਧ ਗਯਾ:** ਤਿੱਬਤੀ ਅਧਿਆਤਮਕ ਆਗੂ ਦਲਾਈ ਲਾਮਾ ਨੇ ਕਿਹਾ ਕਿ ਬੁੱਧ ਧਰਮ ਨੂੰ ਨਿਸ਼ਾਨਾ ਬਣਾਉਣ ਤੇ ਇਸ ਨੂੰ ਖਤਮ ਕਰਨ ਦੇ ਆਪਣੇ ਯਤਨਾਂ ਵਿਚ ਚੀਨ ਸਫਲ ਨਹੀਂ ਹੋ ਸਕੇਗਾ। ਬੋਧ ਗਯਾ ਦੇ ਕਾਲਚੱਕਰ ਮੈਦਾਨ 'ਚ ਇਕ ਸਿਖਲਾਈ ਪ੍ਰੋਗਰਾਮ ਦੇ ਆਖਰੀ ਦਿਨ ਦਲਾਈ ਲਾਮਾ ਨੇ ਕਿਹਾ ਕਿ ਚੀਨ ਬੁੱਧ ਧਰਮ ਨੂੰ ਜ਼ਹਿਰੀ ਮੰਨਦਾ ਹੈ ਤੇ ਇਸ ਨੂੰ ਖਤਮ ਕਰਨ ਲਈ ਯੋਜਨਾਬੱਧ ਢੰਗ ਨਾਲ ਕੰਮ ਕਰ ਰਿਹਾ ਹੈ।

ਉਹ ਬੋਧੀ ਸੰਸਥਾਵਾਂ ਨੂੰ ਖਤਮ ਕਰ ਕੇ ਇਸ ਧਰਮ ਨੂੰ ਚੀਨ ਵਿਚੋਂ ਮਿਟਾਉਣਾ ਚਾਹੁੰਦਾ ਹੈ, ਪਰ ਅਜਿਹਾ ਕਰਨ ਵਿਚ ਪੂਰੀ ਤਰ੍ਹਾਂ ਨਾਕਾਮ ਹੋਇਆ ਹੈ। ਬੋਧ ਗਯਾ ਵਿਚ ਦਲਾਈ ਲਾਮਾ ਨੇ ਕਿਹਾ, 'ਬੁੱਧ ਧਰਮ ਵਿਚ ਸਾਡਾ ਭਰੋਸਾ ਬਹੁਤ ਮਜ਼ਬੂਤ ਹੈ, ਮੈਂ ਜਦ ਹਿਮਾਲਿਆ ਪਾਰ ਦੇ ਖੇਤਰਾਂ ਵਿਚ ਜਾਂਦਾ ਹਾਂ ਤਾਂ ਦੇਖਦਾ ਹਾਂ ਕਿ ਸਥਾਨਕ ਲੋਕ ਉਥੇ ਧਰਮ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹਨ। ਇਸੇ ਤਰ੍ਹਾਂ ਮੰਗੋਲੀਆ ਤੇ ਚੀਨ ਵਿਚ ਵੀ ਹੈ, ਹਾਲਾਂਕਿ ਉਥੇ ਸਰਕਾਰਾਂ ਇਸ ਧਰਮ ਨੂੰ ਖਤਮ ਕਰਨ ਉਤੇ ਉਤਾਰੂ ਹਨ, ਪਰ ਸਫਲ ਨਹੀਂ ਹੋ ਸਕੀਆਂ ਹਨ।' ਦਲਾਈ ਲਾਮਾ ਨੇ ਕਿਹਾ ਕਿ ਅੱਜ ਵੀ ਚੀਨ ਵਿਚ ਬਹੁਤ ਸਾਰੇ ਲੋਕ ਹਨ, ਜੋ ਬੁੱਧ ਧਰਮ ਵਿਚ ਯਕੀਨ ਰੱਖਦੇ ਹਨ। ਉਨ੍ਹਾਂ ਕਿਹਾ ਕਿ ਭਾਵੇਂ ਚੀਨ ਨੇ ਕਈ ਬੁੱਧ ਵਿਹਾਰ ਤਬਾਹ ਕਰ ਦਿੱਤੇ ਹਨ ਪਰ ਬੁੱਧ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ ਉਥੇ ਘਟੀ ਨਹੀਂ ਹੈ। ਦਲਾਈ ਲਾਮਾ ਦੇ ਇਸ ਸਿਖਲਾਈ ਪ੍ਰੋਗਰਾਮ ਵਿਚ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖਾਂਡੂ ਨੇ ਵੀ ਹਿੱਸਾ ਲਿਆ।



# 5773 ਪਿੰਡਾਂ ਨੂੰ ਰੈਵੇਨਿਊ ਲੈਂਡ ਦੀ ਰਜਿਸਟਰੀ ਲਈ ਐਨ.ਓ.ਸੀ. ਤੋਂ ਛੋਟ ਦਿੱਤੀ

**ਚੰਡੀਗੜ੍ਹ:** ਜ਼ਮੀਨ ਮਾਲਕਾਂ ਨੂੰ ਵੱਡੀ ਰਾਹਤ ਦਿੰਦਿਆਂ ਪੰਜਾਬ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਨੇ ਪੇਂਡੂ ਖੇਤਰਾਂ ਵਿਚ ਰੈਵੇਨਿਊ ਲੈਂਡ ਦੀ ਰਜਿਸਟ੍ਰੇਸ਼ਨ ਕਰਵਾਉਣ ਲਈ ਸੂਬੇ ਦੇ 5773 ਪਿੰਡਾਂ ਨੂੰ ਐਨ.ਓ.ਸੀ. ਲੈਣ ਤੋਂ ਛੋਟ ਦੇ ਦਿੱਤੀ ਹੈ। ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਇਹ ਲੋਕ-ਪੱਖੀ ਫੈਸਲਾ ਜ਼ਮੀਨ ਮਾਲਕਾਂ ਨੂੰ ਵੱਡੀ ਰਾਹਤ ਦੇਣ ਦੇ ਨਾਲ ਨਾਲ 22 ਜ਼ਿਲ੍ਹਿਆਂ ਵਿਚ ਪੈਂਦੇ 5773 ਪਿੰਡਾਂ ਵਿਚ ਰੀਵੈਨਿਊ ਅਸਟੇਟ ਦੀ ਨਿਰਵਿਘਨ ਰਜਿਸਟ੍ਰੇਸ਼ਨ ਲਈ ਰਾਹ ਪੱਧਰਾ ਕਰੇਗਾ। ਪ੍ਰਮੁੱਖ ਸਕੱਤਰ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਅਜੋਏ ਕੁਮਾਰ ਸਿਨਹਾ ਨੇ ਕਿਹਾ ਕਿ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ ਤੇ ਇਸ ਐਕਟ ਦੇ ਬਾਕੀ ਉਪਬੰਧ (ਪ੍ਰੋਵਿਜ਼ਨਜ਼) ਉਸੇ ਤਰ੍ਹਾਂ ਲਾਗੂ ਰਹਿਣਗੇ।

# ਵਿਜੀਲੈਂਸ ਜਾਂਚ ਨੇ ਚਰਨਜੀਤ ਚੰਨੀ ਦੀਆਂ ਮੁਸ਼ਕਿਲਾਂ ਵਧਾਈਆਂ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਦੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸੀ ਆਗੂ ਚਰਨਜੀਤ ਸਿੰਘ ਚੰਨੀ ਖ਼ਿਲਾਫ਼ ਜਾਂਚ ਆਰੰਭ ਦਿੱਤੀ ਹੈ। ਵਿਜੀਲੈਂਸ ਵੱਲੋਂ ਇਹ ਜਾਂਚ ਸੈਰ-ਸਪਾਟਾ ਵਿਭਾਗ ਵਿਚ ਕਰੋੜਾਂ ਰੁਪਏ ਦੀਆਂ ਵਿੱਤੀ ਬੇਨਿਯਮੀਆਂ ਦੇ ਦੋਸ਼ਾਂ ਤਹਿਤ ਮਿਲੀ ਇਕ ਸ਼ਿਕਾਇਤ ਦੇ ਆਧਾਰ 'ਤੇ ਸ਼ੁਰੂ ਕੀਤੀ ਗਈ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਮੁੱਖ ਡਾਇਰੈਕਟਰ ਵਿਜੀਲੈਂਸ ਵਰਿੰਦਰ ਕੁਮਾਰ ਨੇ ਸਾਬਕਾ ਮੁੱਖ ਮੰਤਰੀ ਖ਼ਿਲਾਫ਼ ਜਾਂਚ ਦਾ ਕੰਮ ਏ.ਆਈ.ਜੀ. ਫਲਾਇੰਗ ਸਕੁਐਡ ਮਨਮੋਹਨ ਸ਼ਰਮਾ ਨੂੰ ਸੌਂਪਿਆ ਹੈ। ਸ਼ਿਕਾਇਤਕਰਤਾ ਰਾਜਬਿੰਦਰ ਸਿੰਘ ਪੁੱਤਰ ਚੰਨਣ ਸਿੰਘ ਪਿੰਡ ਭਾਗੂ ਜ਼ਿਲ੍ਹਾ ਬਠਿੰਡਾ ਵੱਲੋਂ 6 ਪੰਨਿਆਂ ਦੀ ਸ਼ਿਕਾਇਤ ਦੇ ਨਾਲ ਪੂਰੇ ਦਸਤਾਵੇਜ਼ ਨੱਥੀ ਕਰਦਿਆਂ ਦੋਸ਼ ਲਾਇਆ ਗਿਆ ਹੈ ਕਿ ਨਵੰਬਰ 2021 ਵਿਚ ਸਾਬਕਾ ਮੁੱਖ ਮੰਤਰੀ ਦੇ ਵਿਧਾਨ ਸਭਾ ਹਲਕਾ ਚਮਕੌਰ ਸਾਹਿਬ ਵਿਚ ''ਦਾਸਤਾਨ-ਏ-ਸ਼ਹਾਦਤ'' ਦੇ ਸਮਾਗਮ ਦੌਰਾਨ ਕਰੋੜਾਂ ਰੁਪਏ ਦਾ ਘਪਲਾ ਕੀਤਾ ਹੈ। ਸ਼ਿਕਾਇਤਕਰਤਾ ਨੇ ਇਹ ਵੀ ਦੋਸ਼ ਲਾਇਆ ਹੈ ਕਿ ਇਸ ਸਮਾਗਮ 'ਤੇ ਕੀਤੇ ਖਰਚ ਦੀ ਆੜ ਹੇਠ ਸਾਬਕਾ ਮੁੱਖ ਮੰਤਰੀ ਦੇ ਪੁੱਤਰ ਦੀ ਸ਼ਾਦੀ 'ਤੇ ਹੋਏ ਖਰਚ ਨੂੰ ਐਡਜਸਟ ਕੀਤਾ ਗਿਆ ਹੈ।

ਸ਼ਿਕਾਇਤ ਵਿਚ ਦੋਸ਼ ਲਾਇਆ ਗਿਆ ਹੈ ਕਿ ''ਦਾਸਤਾਨ-ਏ-ਸ਼ਹਾਦਤ'' ਸਮਾਗਮ ਦੌਰਾਨ ਹੋਏ ਖਰਚ ਦੌਰਾਨ 1.47 ਕਰੋੜ ਰੁਪਏ ਦਾ ਘਪਲਾ ਹੋਇਆ ਹੈ। ਸ਼ਿਕਾਇਤ ਅਨੁਸਾਰ ਇਸ ਸਮਾਗਮ ਲਈ ਕੰਮ ਅਲਾਟ ਕਰਨ ਸਮੇਂ ਟੈਂਡਰਾਂ ਦੀ ਅਲਾਟਮੈਂਟ ਤੋਂ ਲੈ ਕੇ ਖਰਚ ਕਰਨ ਦੇ ਮਾਮਲੇ ਵਿਚ ਹਰ ਥਾਂ ਕਥਿਤ ਘਪਲੇ ਦੇ ਸਬੂਤ ਦਿਖਾਈ ਦਿੰਦੇ ਹਨ। ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਇਸ ਸਮਾਗਮ 'ਤੇ ਸਾਧਾਰਨ ਨਾਲੋਂ 20 ਗੁਣਾ ਜ਼ਿਆਦਾ ਰੇਟਾਂ 'ਤੇ ਕੰਮ ਅਲਾਟ ਕੀਤਾ ਗਿਆ, ਜੋ ਕਿ ਵੱਡੀ ਵਿੱਤੀ ਬੇਨਿਯਮੀ ਹੈ। ਸ਼ਿਕਾਇਤਕਰਤਾ ਨੇ ਦਾਅਵਾ ਕੀਤਾ ਹੈ ਕਿ ਆਰਜ਼ੀ ਸਟੇਜ 'ਤੇ 97 ਲੱਖ ਰੁਪਏ ਦਾ ਖਰਚ ਕੀਤਾ ਗਿਆ। ਚਾਹ ਦੇ ਕੱਪ ਦਾ ਖਰਚ 2 ਹਜ਼ਾਰ ਰੁਪਏ ਪ੍ਰਤੀ ਕੱਪ ਤੱਕ ਦਿਖਾਇਆ ਗਿਆ ਹੈ ਤੇ ਕੁਝ ਮਹੀਨਿਆਂ ਬਾਅਦ



ਹੀ ਚੋਣ ਕਮਿਸ਼ਨ ਨੇ ਵਿਧਾਨ ਸਭਾ ਚੋਣਾਂ ਦੌਰਾਨ ਚਾਹ ਦੇ ਕੱਪ ਦੀ ਕੀਮਤ 12 ਰੁਪਏ ਪ੍ਰਤੀ ਕੱਪ ਨਿਰਧਾਰਤ ਕੀਤੀ ਸੀ। ਖਾਣੇ ਦੀ ਪਲੇਟ 'ਤੇ ਵੀ 2 ਹਜ਼ਾਰ ਰੁਪਏ ਪ੍ਰਤੀ ਵਿਅਕਤੀ ਦਾ ਖਰਚ ਦਿਖਾਇਆ ਗਿਆ ਹੈ। ਪੂਰੀ ਛੋਲਿਆਂ ਦੀ ਪਲੇਟ ਦਾ ਖਰਚ 250 ਰੁਪਏ ਪ੍ਰਤੀ ਪਲੇਟ ਦਿਖਾਇਆ ਗਿਆ ਹੈ ਅਤੇ ਇਸ ਦੀ ਅਸਲ ਕੀਮਤ 25 ਰੁਪਏ ਪਲੇਟ ਹੈ। ਸ਼ਿਕਾਇਤਕਰਤਾ ਮੁਤਾਬਕ ਟੈਂਟ ਦੀਆਂ ਕੁਰਸੀਆਂ, ਮੇਜ਼ ਆਦਿ ਦਾ ਕਿਰਾਇਆ ਵੀ ਲੋੜੋਂ ਵੱਧ ਦਿਖਾਇਆ ਗਿਆ ਹੈ।

ਦੱਸਣਯੋਗ ਹੈ ਕਿ ਚਰਨਜੀਤ ਸਿੰਘ ਚੰਨੀ ਨੂੰ ਕਾਂਗਰਸ ਨੇ ਸਤੰਬਰ 2021 ਵਿਚ ਕੈਪਟਨ ਅਮਰਿੰਦਰ ਸਿੰਘ ਨੂੰ ਗੱਦੀਓਂ ਲਾਹ ਕੇ ਮੁੱਖ ਮੰਤਰੀ ਦੀ ਕੁਰਸੀ 'ਤੇ ਬਿਠਾਇਆ ਸੀ। ਸੱਭਿਆਚਾਰਕ ਮਾਮਲੇ ਅਤੇ ਸੈਰ ਸਪਾਟਾ ਵਿਭਾਗ ਸ੍ਰੀ ਚੰਨੀ ਨੇ ਆਪਣੇ ਕੋਲ ਰੱਖੇ ਹੋਏ ਸਨ। ਸੂਬੇ ਵਿਚ ਸੱਤਾ ਤਬਦੀਲੀ ਤੋਂ ਬਾਅਦ ਸਾਬਕਾ ਮੁੱਖ ਮੰਤਰੀ ਵਿਦੇਸ਼ ਚਲੇ ਗਏ ਸਨ ਤੇ ਛੇ ਮਹੀਨਿਆਂ ਦੇ ਵੱਧ ਸਮੇਂ ਤੋਂ ਬਾਅਦ ਸ੍ਰੀ ਚੰਨੀ ਪਿਛਲੇ ਦਿਨੀਂ ਹੀ ਵਤਨ ਪਰਤੇ ਹਨ। ਸਾਬਕਾ ਮੁੱਖ ਮੰਤਰੀ ਦੇ ਵਿਦੇਸ਼ ਹੋਣ ਕਰਕੇ ਸਿਆਸੀ ਵਿਰੋਧੀਆਂ ਵੱਲੋਂ ਲਗਾਤਾਰ ਕਾਂਗਰਸ ਅਤੇ ਚੰਨੀ ਹਮਾਇਤੀਆਂ ਨੂੰ ਘੇਰਿਆ ਜਾ ਰਿਹਾ ਸੀ। ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਪੂਰੀ ਪੜਤਾਲ ਕੀਤੀ ਜਾਵੇਗੀ ਤੇ ਮੁਕੰਮਲ ਜਾਂਚ ਤੋਂ ਬਾਅਦ ਹੀ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਸਾਬਕਾ ਮੁੱਖ ਮੰਤਰੀ ਖ਼ਿਲਾਫ਼ ਵਿਜੀਲੈਂਸ ਵੱਲੋਂ ਹੋਰਨਾਂ ਕਈ ਮਾਮਲਿਆਂ ਵਿੱਚ ਵੀ ਜਾਂਚ ਪੜਤਾਲ ਕੀਤੀ ਜਾ ਰਹੀ ਹੈ।

## ਮੈਨੂੰ ਜੇਲ੍ਹ ਭੇਜਣ ਦੀ ਸਾਜ਼ਿਸ਼ ਰਚੀ ਜਾ ਰਹੀ: ਚੰਨੀ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦੋਸ਼ ਲਾਇਆ ਕਿ ਸੂਬੇ ਦੀ 'ਆਪ' ਸਰਕਾਰ ਕਿਸੇ ਨਾ ਕਿਸੇ ਬਹਾਨੇ ਉਨ੍ਹਾਂ ਨੂੰ ਜੇਲ੍ਹ ਭੇਜਣ ਦੀਆਂ ਸਾਜ਼ਿਸ਼ਾਂ ਰਚ ਰਹੀ ਹੈ। ਇਸ ਲਈ ਵਿਜੀਲੈਂਸ ਵੱਲੋਂ ਇਕ ਜਾਂਚ ਨਹੀਂ ਬਲਕਿ ਉਨ੍ਹਾਂ ਖ਼ਿਲਾਫ਼ ਕਈ ਤਰ੍ਹਾਂ ਦੀਆਂ ਪੜਤਾਲਾਂ ਖੋਲ੍ਹੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਜਿਥੋਂ ਤੱਕ ''ਦਾਸਤਾਨ-ਏ-ਸ਼ਹਾਦਤ'' ਸਮਾਗਮ ਦੇ ਨਾਮ 'ਤੇ ਪੈਸੇ ਖਾਣ ਦੇ ਦੋਸ਼ਾਂ ਦਾ ਸਵਾਲ ਹੈ ਤਾਂ ਇਸ ਤਰ੍ਹਾਂ ਦੀ ਘਟੀਆ ਹਰਕਤ ਬਾਰੇ ਤਾਂ ਕੋਈ ਵਿਅਕਤੀ ਸੋਚ ਵੀ ਨਹੀਂ ਸਕਦਾ।

# ਵੱਡੇ ਅਹੁਦਿਆਂ 'ਤੇ ਤਾਇਨਾਤੀ ਬਾਰੇ ਸਿਆਸੀ ਸ਼ਸ਼ੋਪੰਜ 'ਚ ਉਲਝੀ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਕਿਸੇ ਵੀ ਉੱਚ ਪੱਧਰੀ ਤਾਇਨਾਤੀ ਨੂੰ ਲੈ ਕੇ ਸ਼ਸ਼ੋਪੰਜ 'ਚ ਜਾਪਦੀ ਹੈ ਜਿਸ ਕਰਕੇ ਕਈ ਅਦਾਰਿਆਂ ਦਾ ਕੰਮ ਪ੍ਰਭਾਵਿਤ ਹੋਣ ਲੱਗਾ ਹੈ। ਸਭ ਤੋਂ ਵੱਡਾ ਮਾਮਲਾ ਬਿਜਲੀ ਸੈਕਟਰ ਦਾ ਹੈ ਜਿਸ ਵਿਚ ਨਿਯੁਕਤੀਆਂ ਨੂੰ ਲੈ ਕੇ ਸਰਕਾਰ ਦੁਚਿੱਤੀ 'ਚ ਹੈ।

ਪਾਵਰਕੌਮ ਦੇ ਚੇਅਰਮੈਨ ਕਮ ਮੈਨੇਜਿੰਗ ਡਾਇਰੈਕਟਰ ਬਲਦੇਵ ਸਿੰਘ ਸਰਾਂ ਦਾ ਕਾਰਜਕਾਲ 21 ਦਸੰਬਰ ਨੂੰ ਖ਼ਤਮ ਹੋ ਗਿਆ ਸੀ। ਪੰਜਾਬ ਸਰਕਾਰ ਨੇ ਐਨ ਆਖ਼ਰੀ ਮੌਕੇ 'ਤੇ ਮੌਜੂਦਾ ਚੇਅਰਮੈਨ ਦੇ ਕਾਰਜਕਾਲ ਵਿਚ ਅਗਲੇ ਹੁਕਮਾਂ ਤੱਕ ਦਾ ਵਾਧਾ ਕਰ ਦਿੱਤਾ ਹੈ। ਹਾਲਾਂਕਿ ਇਸ ਚੇਅਰਮੈਨ ਨੇ ਬਿਜਲੀ ਖੇਤਰ 'ਚ ਕਾਫ਼ੀ ਵੱਡੇ ਸੁਧਾਰ ਕੀਤੇ ਹਨ। ਇਸੇ ਤਰ੍ਹਾਂ ਪਾਵਰਕੌਮ 'ਚ ਡਾਇਰੈਕਟਰ (ਐਡਮਨ) ਦਾ ਅਹੁਦਾ ਵੀ ਖਾਲੀ ਪਿਆ ਹੈ। ਪਾਵਰਕੌਮ ਦੇ ਡਾਇਰੈਕਟਰ (ਵੰਡ) ਤੇ ਡਾਇਰੈਕਟਰ (ਕਮਰਸ਼ੀਅਲ) ਦੀ ਮਿਆਦ 11 ਜੂਨ 2022 ਨੂੰ ਖ਼ਤਮ ਹੋ ਗਈ ਸੀ ਅਤੇ ਸਰਕਾਰ ਨੇ ਇਨ੍ਹਾਂ ਡਾਇਰੈਕਟਰਾਂ ਦੀ ਮਿਆਦ ਪਹਿਲਾਂ ਚਾਰ ਮਹੀਨੇ ਲਈ ਵਧਾ ਦਿੱਤੀ ਸੀ ਅਤੇ ਮੁੜ ਦੋ ਮਹੀਨਿਆਂ ਲਈ ਹੋਰ ਵਧਾ ਦਿੱਤੀ ਸੀ। ਹੁਣ ਇਨ੍ਹਾਂ ਦੋਵਾਂ ਡਾਇਰੈਕਟਰਾਂ ਦੀ ਮਿਆਦ ਵੀ 11 ਦਸੰਬਰ ਨੂੰ ਖ਼ਤਮ ਹੋ ਗਈ ਹੈ ਪਰ ਇਨ੍ਹਾਂ ਦੋਵੇਂ ਡਾਇਰੈਕਟਰਾਂ ਨੂੰ ਅਗਲੇ ਹੁਕਮਾਂ ਤੱਕ ਕੰਮ ਬਾਰੇ ਸਿੱਧੇ ਤੌਰ 'ਤੇ ਕੋਈ ਨਵਾਂ ਪੱਤਰ ਪ੍ਰਾਪਤ ਨਹੀਂ ਹੋਇਆ ਹੈ। ਟਰਾਂਸਕੋ ਨੂੰ ਤਾਂ ਕਰੀਬ 12 ਵਰ੍ਹਿਆਂ ਮਗਰੋਂ ਵੀ ਰੈਗੂਲਰ ਚੇਅਰਮੈਨ ਨਹੀਂ ਮਿਲਿਆ ਹੈ। ਆਈ.ਏ.ਐਸ. ਅਧਿਕਾਰੀ ਵੀ ਟਰਾਂਸਕੋ ਵਿਚ ਤਾਇਨਾਤ ਕੀਤੇ ਹੋਏ ਹਨ। ਇਸੇ ਤਰ੍ਹਾਂ ਟਰਾਂਸਕੋ ਵਿਚ ਡਾਇਰੈਕਟਰ (ਐਡਮਨ) ਦਾ ਅਹੁਦਾ ਖਾਲੀ ਪਿਆ ਹੈ।

ਟਰਾਂਸਕੋ ਵਿਚ ਡਾਇਰੈਕਟਰ (ਟੈਕਨੀਕਲ) ਦੀ ਮਿਆਦ 3 ਜਨਵਰੀ ਤੱਕ ਸੀ ਜਿਸ ਵਿਚ ਪਹਿਲਾਂ ਦੋ ਮਹੀਨੇ ਦਾ ਵਾਧਾ, ਫਿਰ ਚਾਰ ਮਹੀਨੇ



ਦਾ ਵਾਧਾ ਅਤੇ ਮੁੜ ਦੋ ਮਹੀਨੇ ਦਾ ਵਾਧਾ ਕੀਤਾ ਗਿਆ ਹੈ। ਪੰਜਾਬ ਸਰਕਾਰ ਜ਼ੀਰੋ ਬਿੱਲ ਨੂੰ ਲੈ ਕੇ ਸਿਆਸੀ ਲਾਹਾ ਵੀ ਖੱਟ ਰਹੀ ਹੈ ਅਤੇ ਖ਼ਜ਼ਾਨੇ 'ਤੇ ਸਬਸਿਡੀ ਦਾ ਬੋਝ ਵੀ ਵਧ ਰਿਹਾ ਹੈ ਪਰ ਜਦੋਂ ਇਨ੍ਹਾਂ ਅਦਾਰਿਆਂ ਨੂੰ ਚਲਾਉਣ ਵਾਲੇ ਅਮਲੇ ਦੀ ਗੱਲ ਹੁੰਦੀ ਹੈ ਤਾਂ ਸਰਕਾਰ ਇਸ ਮਾਮਲੇ ਬਾਰੇ ਸਪੱਸ਼ਟ ਨਹੀਂ ਹੈ। ਪਾਵਰਕੌਮ ਵਿਚ ਡਾਇਰੈਕਟਰ (ਵੰਡ) ਅਤੇ ਡਾਇਰੈਕਟਰ (ਕਮਰਸ਼ੀਅਲ) ਦੇ ਅਹੁਦੇ ਲਈ ਚਾਹਵਾਨਾਂ ਦੀ ਇੰਟਰਵਿਊ ਵੀ 7 ਦਸੰਬਰ ਨੂੰ ਹੋ ਚੁੱਕੀ ਹੈ ਪਰ ਇਨ੍ਹਾਂ ਦਾ ਨਤੀਜਾ ਹਾਲੇ ਤੱਕ ਬਾਹਰ ਨਹੀਂ ਆਇਆ।

ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਮੈਡੀਕਲ ਸਾਇੰਸਿਜ਼ ਫ਼ਰੀਦਕੋਟ ਦੇ ਵਾਈਸ ਚਾਂਸਲਰ ਦਾ ਅਹੁਦਾ ਵੀ ਹਾਲੇ ਤੱਕ ਖਾਲੀ ਪਿਆ ਹੈ। ਪੰਜਾਬ ਸਰਕਾਰ ਵੱਲੋਂ ਡਾ. ਗੁਰਪ੍ਰੀਤ ਸਿੰਘ ਨੂੰ ਨਿਯੁਕਤ ਕਰਨ ਦਾ ਫੈਸਲਾ ਲਿਆ ਗਿਆ ਪਰ ਰਾਜਪਾਲ ਪੰਜਾਬ ਨੇ ਪ੍ਰਵਾਨਗੀ ਨਹੀਂ ਦਿੱਤੀ। ਵਾਈਸ ਚਾਂਸਲਰ ਲਾਉਣ ਵਾਸਤੇ ਹੁਣ ਪੰਜਾਬ ਸਰਕਾਰ ਵੱਲੋਂ ਨਵੇਂ ਸਿਰਿਉਂ ਪੈਨਲ ਭੇਜਿਆ ਜਾਣਾ ਹੈ। ਇਹ ਕੰਮ ਲਟਕਣ ਕਰਕੇ ਮੈਡੀਕਲ 'ਵਰਸਿਟੀ ਦਾ ਕੰਮ ਪ੍ਰਭਾਵਿਤ ਹੋ ਰਿਹਾ ਹੈ।

# ਸਰਕਾਰੀ ਝਾਕ ਛੱਡ ਨਸ਼ਿਆਂ ਖਿਲਾਫ ਡਟਣ ਲੱਗੀਆਂ ਪੰਚਾਇਤਾਂ

**ਸੰਦੌੜ:** ਨਸ਼ਿਆਂ ਤੋਂ ਆਪਣੇ ਬੱਚਿਆਂ ਨੂੰ ਬਚਾਉਣ ਲਈ ਸਰਕਾਰਾਂ ਦੀ ਆਸ ਛੱਡ ਕੇ ਲੋਕ ਖ਼ੁਦ ਖੜ੍ਹੇ ਹੋ ਗਏ ਹਨ। ਇਸ ਤਹਿਤ ਨੇੜਲੇ ਪਿੰਡ ਫਰਵਾਲੀ ਦੀ ਪੰਚਾਇਤ, ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਨੌਜਵਾਨ ਕਲੱਬ ਨੇ ਸਾਂਝੇ ਤੌਰ 'ਤੇ ਨਸ਼ਿਆਂ ਖ਼ਿਲਾਫ਼ ਸਖ਼ਤੀ ਕੀਤੀ ਹੈ।

ਲੋਕਾਂ ਵਾਸੀਆਂ ਨੇ ਪਿੰਡ ਵਿਚ ਕਿਸੇ ਵੀ ਕਿਸਮ ਦਾ ਨਸ਼ਾ ਵੇਚਣ ਖ਼ਿਲਾਫ਼ ਮਤਾ ਪਾਇਆ ਗਿਆ ਹੈ। ਸਰਪੰਚ ਗੁਰਮੁਖ ਸਿੰਘ ਗਰੇਵਾਲ ਨੇ ਕਿਹਾ ਕਿ ਭਾਵੇਂ ਪ੍ਰਸ਼ਾਸਨ ਆਪਣੇ ਪੱਧਰ 'ਤੇ ਨਸ਼ਿਆਂ ਖ਼ਿਲਾਫ਼ ਲੜਾਈ ਲੜ ਰਿਹਾ ਹੈ ਪਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਪਿੰਡ ਦੇ ਸੂਝਵਾਨ ਲੋਕਾਂ ਨੇ ਮਿਲ ਬੈਠ ਕੇ



ਪਿੰਡ ਵਿਚ ਹਰ ਤਰ੍ਹਾਂ ਦੇ ਨਸ਼ਿਆਂ ਨੂੰ ਬੰਦ ਕਰਨ ਦਾ ਫੈਸਲਾ ਲਿਆ ਹੈ।

ਉਨ੍ਹਾਂ ਦੱਸਿਆ ਕਿ ਲੋਕਾਂ ਨੇ ਸਰਬਸੰਮਤੀ ਨਾਲ ਪਿੰਡ ਵਿਚਲੀਆਂ ਦੁਕਾਨਾਂ ਉੱਪਰ 10 ਜਨਵਰੀ ਤੋਂ ਬਾਅਦ ਤੰਬਾਕੂ, ਬੀੜੀ, ਸਿਗਰਟ ਸਣੇ ਹੋਰ ਨਸ਼ੇ ਵੇਚਣ 'ਤੇ ਪਾਬੰਦੀ ਲਾਈ ਹੈ। ਇਸ ਤੋਂ ਇਲਾਵਾ ਪਿੰਡ ਦੀ ਸੱਥ, ਬੱਸ ਸਟੈਂਡ, ਸਕੂਲ ਅਤੇ ਹੋਰਨਾਂ ਸਾਂਝੀਆਂ ਥਾਵਾਂ ਉੱਪਰ ਤੰਬਾਕੂ, ਸਿਗਰਟ, ਬੀੜੀ ਅਤੇ ਸ਼ਰਾਬ ਪੀਣ 'ਤੇ ਪਾਬੰਦੀ ਲਗਾਈ ਗਈ ਹੈ।

ਉਨ੍ਹਾਂ ਦੱਸਿਆ ਕਿ ਜੇ ਕੋਈ ਵੀ ਵਿਅਕਤੀ ਇਸ ਮਤੇ ਦੀ ਉਲੰਘਣਾ ਕਰੇਗਾ ਤਾਂ ਉਸ ਖ਼ਿਲਾਫ਼ ਕਾਰਵਾਈ ਵੀ ਕੀਤੀ ਜਾਵੇਗੀ। ਸਰਪੰਚ ਨੇ ਕਿਹਾ ਕਿ ਪਿੰਡ ਦਾ ਕੋਈ ਵੀ ਵਿਅਕਤੀ ਨਸ਼ੇ ਵੇਚਦਾ ਫੜਿਆ ਗਿਆ ਤਾਂ ਪੰਚਾਇਤ ਉਸ ਖ਼ਿਲਾਫ਼ ਸਖ਼ਤ ਕਾਰਵਾਈ ਵੀ ਕਰਵਾਏਗੀ।

## ਚੰਡੀਗੜ੍ਹ ਸਾਹਿਤ ਅਕਾਦਮੀ ਵੱਲੋਂ ਸਰਵੋਤਮ ਪੁਸਤਕ ਐਵਾਰਡਾਂ ਦਾ ਐਲਾਨ

**ਚੰਡੀਗੜ੍ਹ:** ਚੰਡੀਗੜ੍ਹ ਸਾਹਿਤ ਅਕਾਦਮੀ ਨੇ ਸਾਲ 2020 ਤੇ 2021 ਲਈ ਸਰਵੋਤਮ ਪੁਸਤਕ ਐਵਾਰਡਾਂ ਦਾ ਐਲਾਨ ਕਰ ਦਿੱਤਾ ਹੈ। ਇਹ ਐਵਾਰਡ ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੀ ਪੁਸਤਕਾਂ ਦੇ ਲੇਖਕਾਂ ਨੂੰ ਦਿੱਤੇ ਜਾਣਗੇ। ਐਵਾਰਡ ਲਈ ਚੁਣੀ ਗਈ ਹਰ ਪੁਸਤਕ ਦੇ ਲੇਖਕ ਨੂੰ 25 ਹਜ਼ਾਰ ਰੁਪਏ ਦਾ ਨਗਦ ਇਨਾਮ ਦਿੱਤਾ ਜਾਵੇਗਾ। ਅਕਾਦਮੀ ਦੇ ਚੇਅਰਮੈਨ ਮਾਧਵ ਕੌਸ਼ਿਕ ਨੇ ਦੱਸਿਆ ਕਿ ਪੰਜਾਬੀ ਬਾਲ ਸਾਹਿਤ 2020 ਐਵਾਰਡ ਲਈ ਬਹਾਦਰ ਸਿੰਘ ਗੋਸਲ, ਬਿਹਤਰ ਅਨੁਵਾਦ 2021 ਲਈ ਸੁਰਿੰਦਰ ਬਾਂਸਲ, 2021 ਦੀ ਕਹਾਣੀ ਲਈ ਹਰਪ੍ਰੀਤ ਸਿੰਘ ਚਾਨੂੰ, 2021 ਦੀ ਕਵਿਤਾ ਲਈ ਸਤਵਿੰਦਰ ਸਿੰਘ ਧਨੋਆ ਦੀ ਚੋਣ ਕੀਤੀ ਗਈ ਹੈ ਜਦਕਿ ਉਰਦੂ ਕਵਿਤਾ 2021 ਲਈ ਚਮਨ ਸ਼ਰਮਾ ਨੂੰ ਚੁਣਿਆ ਗਿਆ ਹੈ। ਇਸ ਤੋਂ ਇਲਾਵਾ ਅੰਗਰੇਜ਼ੀ 2020 ਦੀ ਕਵਿਤਾ ਲਈ ਕੁਮਾਰ ਹਰਸ਼, 2021 ਦੇ ਨਾਵਲ ਲਈ ਮੰਜੂ ਜੈਦਕਾ, ਕਵਿਤਾ ਲਈ ਲਿਲੀ ਸਵਰਨ, ਬਾਲ ਸਾਹਿਤ ਲਈ ਸੁਲੇਖਾ ਸ਼ਰਮਾ ਜਦਕਿ ਹਿੰਦੀ 2020 ਬਾਲ ਸਾਹਿਤ ਲਈ ਕਿਰਨ ਕਾਲੀਆ, ਕਵਿਤਾ ਲਈ ਅਜੈ ਸਿੰਘ ਰਾਣਾ, ਨਾਵਲ ਲਈ ਵਿਜੈ ਸੌਦਾਈ, ਅਨੁਵਾਦ ਲਈ ਪ੍ਰੋਮਿਲਾ ਰਾਣੀ ਗੁਪਤਾ, 2021 ਕਹਾਣੀ ਲਈ ਸ਼ੈਲਜਾ ਕੌਸ਼ਲ ਕੇਛੜ, ਕਵਿਤਾ ਲਈ ਅਨੀਤਾ ਸੁਰਭੀ ਤੇ ਅਨੁਵਾਦ ਲਈ ਰਿਤੂ ਭਨੋਟ ਨੂੰ ਐਵਾਰਡ ਲਈ ਚੁਣਿਆ ਗਿਆ ਹੈ।

# ਸਿਮਰਨਜੀਤ ਵੱਲੋਂ ਪਾਕਿਸਤਾਨ ਨਾਲ ਵਪਾਰ ਵਧਾਉਣ ਦੀ ਸਲਾਹ

**ਮੋਗਾ:** ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਤੇ ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਧਰਤੀ ਹੇਠਲੇ ਪ੍ਰਦੂਸ਼ਿਤ ਪਾਣੀ ਕਾਰਨ ਕੈਂਸਰ ਵਰਗੀਆਂ ਨਾ-ਮੁਰਾਦ ਬਿਮਾਰੀਆਂ ਦੀ ਲਪੇਟ 'ਚ ਆਉਣ ਕਾਰਨ ਮਰ ਰਹੇ ਲੋਕਾਂ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਸੂਬਾ ਸਰਕਾਰ ਕੋਲੋਂ ਕਮੇਟੀ ਬਣਾਉਣ ਦੀ ਮੰਗ ਕੀਤੀ ਹੈ।

ਉਨ੍ਹਾਂ ਕਿਹਾ ਕਿ ਵਾਹਗਾ ਤੇ ਹੁਸੈਨੀਵਾਲਾ ਬਾਰਡਰ ਖੋਲ੍ਹ ਕੇ ਪਾਕਿਸਤਾਨ ਨਾਲ ਵਪਾਰ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ, ਜਿਸ ਨਾਲ ਹਰ ਵਰਗ ਨੂੰ ਫਾਇਦਾ ਹੋਵੇਗਾ। ਸੰਸਦ ਮੈਂਬਰ ਨੇ ਜੰਮੂ ਕਸ਼ਮੀਰ ਵਿਚ ਹੋ ਰਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ 'ਤੇ ਚਿੰਤਾ ਜਤਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਜੰਮੂ ਵਿਚ ਦਾਖ਼ਲ ਨਹੀਂ ਹੋਣ ਦਿੱਤਾ ਗਿਆ ਤੇ ਜੇਕਰ ਹੁਣ ਰਾਹੁਲ ਗਾਂਧੀ ਨੂੰ 'ਭਾਰਤ ਜੋੜੋ ਯਾਤਰਾ' ਸਮੇਤ ਉਥੇ ਜਾਣ ਦਿੱਤਾ ਗਿਆ ਤਾਂ ਉਹ ਸੰਸਦ ਵਿਚ ਮੁੱਦਾ ਉਠਾਉਣਗੇ। ਉਨ੍ਹਾਂ




ਦੋਸ਼ ਲਾਇਆ ਕਿ ਕੇਂਦਰ ਤੇ ਰਾਜ ਸਰਕਾਰ ਜਾਣ-ਬੁੱਝ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨਹੀਂ ਕਰਵਾ ਰਹੀ। ਉਨ੍ਹਾਂ ਕਿਹਾ ਕਿ 328 ਪਾਵਨ ਸਰੂਪਾਂ ਦੇ ਖੁਰਦ-ਬੁਰਦ ਹੋਣ ਦਾ ਮਾਮਲਾ ਵੀ ਬੁਝਾਰਤ ਬਣ ਗਿਆ ਹੈ।

ਸੰਸਦ ਮੈਂਬਰ ਨੇ ਕਿਹਾ ਕਿ ਲੋਕਾਂ ਨੂੰ ਸਿਹਤ ਸਹੂਲਤਾਂ ਦੇ ਦਾਅਵਿਆਂ ਦੇ ਉਲਟ ਸੂਬਾ ਦੇ ਸਰਕਾਰੀ ਹਸਪਤਾਲਾਂ ਵਿਚ ਸੈਂਕੜੇ ਅਸਾਮੀਆਂ ਖਾਲੀ ਹਨ। ਮੁੱਖ ਮੰਤਰੀ ਭਗਵੰਤ ਮਾਨ ਦੇ ਆਪਣੇ ਜ਼ਿਲ੍ਹੇ 'ਚ ਮਾਹਰ (ਐਮਡੀ ਮੈਡੀਸਨ) ਡਾਕਟਰਾਂ ਤੇ ਮੈਡੀਕਲ ਅਫਸਰਾਂ ਦੀਆਂ ਕਰੀਬ 127 ਅਸਾਮੀਆਂ ਖਾਲੀ ਹਨ। ਸਿਮਰਨਜੀਤ ਸਿੰਘ ਮਾਨ ਨੇ ਪਰਵਾਸੀ ਪੰਜਾਬੀ ਮਿਲਣੀ ਸਮਾਗਮਾਂ 'ਚ ਐਨ.ਆਰ.ਆਈਜ਼. ਦੇ ਪੈਸੇ ਦੀ ਵਰਤੋਂ ਕਰਨ ਦਾ ਦੋਸ਼ ਲਾਉਂਦਿਆਂ ਕਿਹਾ 'ਆਪ'ਸਰਕਾਰ ਮੁਫ਼ਤ 'ਚ ਵਾਹ-ਵਾਹ ਖੱਟਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਸੂਬੇ ਲਈ ਨਸ਼ਾ ਸਭ ਤੋਂ ਵੱਡੀ ਸਮੱਸਿਆ ਬਣੀ ਹੋਈ ਹੈ, ਜਿਸ ਦੇ ਖ਼ਾਤਮੇ ਲਈ ਸਰਕਾਰੀ ਝਾਕ ਛੱਡ ਕੇ ਸਾਰਿਆਂ ਨੂੰ ਇਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

# ਮਨਪ੍ਰੀਤ ਤੇ ਰਾਜਾ ਵੜਿੰਗ ਵਿਚਾਲੇ ਸਿਆਸੀ ਧੜੇਬੰਦੀ ਸਿਖਰਾਂ ਵੱਲ ਵਧੀ






**ਬਠਿੰਡਾ:** ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਧੜੇ ਵਿਚਕਾਰ ਚੱਲ ਰਹੀ ਸਿਆਸੀ ਸ਼ਰੀਕੇਬਾਜ਼ੀ ਇਸ ਸਮੇਂ ਸਿਖਰਾਂ ਉਤੇ ਪਹੁੰਚੀ ਹੋਈ ਹੈ, ਜੋ ਆਉਣ ਵਾਲੇ ਦਿਨਾਂ ਵਿਚ ਕਾਂਗਰਸ ਖਾਸਕਰ ਰਾਹੁਲ ਗਾਂਧੀ ਦੀ ਪੰਜਾਬ ਪੁੱਜ ਰਹੀ 'ਭਾਰਤ ਜੋੜੋ ਯਾਤਰਾ' ਲਈ ਘਾਤਕ ਸਿੱਧ ਹੋ ਸਕਦੀ ਹੈ, ਕਿਉਂਕਿ ਮਨਪ੍ਰੀਤ ਦੇ ਧੜੇ ਦੀ ਅਗਵਾਈ ਕਰਨ ਵਾਲੇ ਉਨ੍ਹਾਂ ਦੇ ਰਿਸ਼ਤੇਦਾਰ ਜੈਜੀਤ ਸਿੰਘ ਜੌਹਲ ਉਰਫ ਜੋਜੋ ਨੇ ਇੰਨੀਂ ਦਿਨੀਂ ਵੜਿੰਗ ਸਮੇਤ ਉਨ੍ਹਾਂ ਦੇ ਧੜੇ ਖ਼ਿਲਾਫ ਪੂਰੀ ਤਰ੍ਹਾਂ ਕਮਰ ਕੱਸ ਰੱਖੀ ਹੈ, ਜਿਸ ਦੇ ਚਲਦਿਆਂ ਜਿੱਥੇ ਬਠਿੰਡਾ ਦੇ ਕਾਂਗਰਸੀ ਮੇਅਰ ਸਮੇਤ ਵੱਡੀ ਗਿਣਤੀ ਕੌਂਸਲਰਾਂ ਨੇ ਬੀਤੇ ਦਿਨੀਂ ਰਾਜਾ ਵੜਿੰਗ ਦੀ ਅਗਵਾਈ ਹੇਠ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨਾਂ ਦੀ ਤਾਜਪੋਸ਼ੀ ਵਾਲੇ ਸਮਾਗਮ ਤੋਂ ਪੂਰੀ ਤਰ੍ਹਾਂ ਦੂਰੀ ਬਣਾਈ ਰੱਖੀ ਸੀ, ਉਥੇ ਰਾਹੁਲ ਗਾਂਧੀ ਦੀ ਅਗਵਾਈ ਵਾਲੀ 'ਭਾਰਤ ਜੋੜੋ ਯਾਤਰਾ' ਦੀ ਤਿਆਰੀ ਵਜੋਂ ਕਾਂਗਰਸ ਦੇ ਸਾਬਕਾ ਮੰਤਰੀ ਵਿਜੇ ਇੰਦਰ ਸਿੰਗਲਾ ਦੀ ਅਗਵਾਈ ਵਿਚ ਕੱਢੀ ਯਾਤਰਾ ਤੋਂ ਵੀ ਮਨਪ੍ਰੀਤ ਧੜਾ ਪੂਰੀ ਤਰ੍ਹਾਂ ਗਾਇਬ ਰਿਹਾ।

ਜ਼ਿਕਰਯੋਗ ਹੈ ਕਿ ਲੋਕ ਸਭਾ ਚੋਣਾਂ ਤੋਂ ਵੜਿੰਗ ਤੇ ਮਨਪ੍ਰੀਤ ਵਿਚਕਾਰ ਸਿਆਸੀ ਖਿੱਚੋਤਾਣ ਚੱਲ ਰਹੀ ਹੈ, ਜੋ ਲੰਘੀਆਂ ਵਿਧਾਨ ਸਭਾ ਚੋਣਾਂ ਮੌਕੇ ਖੂਬ ਜੱਗ-ਜਾਹਰ ਹੋਈ ਸੀ। ਹੁਣ ਜਦੋਂ ਤੋਂ ਪੰਜਾਬ ਕਾਂਗਰਸ ਦੀ ਵਾਂਗਡੋਰ ਵੜਿੰਗ ਦੇ ਹੱਥ ਆਈ ਹੈ ਤਾਂ ਉਨ੍ਹਾਂ ਵੱਲੋਂ ਮਨਪ੍ਰੀਤ ਤੇ ਜੋਜੋ ਵਿਰੁੱਧ ਭੜਾਸ ਕੱਢਣ ਵਾਲੇ ਆਗੂਆਂ ਨੂੰ ਅਹੁਦੇ ਦੇ ਕੇ ਨਿਵਾਜਿਆ ਜਾ ਰਿਹਾ, ਜਿਸ ਖ਼ਿਲਾਫ ਬੇਸ਼ੱਕ ਮਨਪ੍ਰੀਤ ਤਾਂ ਖੁੱਲ੍ਹ ਕੇ ਸਾਹਮਣੇ ਨਹੀਂ ਆਏ ਪਰ ਜੋਜੋ ਡੱਟ ਕੇ ਵਿਰੋਧ ਕਰ ਰਹੇ ਹਨ।

# ਨਸ਼ਾ ਤਸਕਰੀ: ਪੰਜਾਬ ਲਈ ਚੁਣੌਤੀ ਬਣੀ ਪਾਕਿਸਤਾਨ ਨਾਲ ਲੱਗਦੀ ਸਰਹੱਦ

**ਅੰਮ੍ਰਿਤਸਰ:** ਪਿਛਲੇ ਕੁਝ ਦਿਨਾਂ ਤੋਂ ਪੈ ਰਹੀ ਸੰਘਣੀ ਧੁੰਦ ਦੇ ਚੱਲਦਿਆਂ ਸਰਹੱਦ ਨਾਲ ਲੱਗਦੇ ਖੇਤਰਾਂ 'ਚ ਪਾਕਿਸਤਾਨ ਪਾਸੇ ਤਸਕਰਾਂ ਤੇ ਘੁਸਪੈਠੀਆਂ ਦੀ ਹਲਚਲ ਵਿਚ ਤੇਜੀ ਦੀਆਂ ਖ਼ਬਰਾਂ ਆ ਰਹੀਆਂ ਹਨ। ਪੰਜਾਬ ਦੀ ਪਾਕਿਸਤਾਨ ਨਾਲ 425 ਕਿਲੋਮੀਟਰ ਲੰਮੀ ਸਾਂਝੀ ਕੌਮਾਂਤਰੀ ਸਰਹੱਦ ਹੈ।

ਪਿਛਲੇ ਇਕ ਸਾਲ ਦੌਰਾਨ ਸਰਹੱਦ ਪਾਰੋਂ ਹੋ ਰਹੀਆਂ ਡਰੋਨ ਸਰਗਰਮੀਆਂ ਵਿਚ ਤਕਰੀਬਨ ਚਾਰ ਗੁਣਾ ਵਾਧਾ ਦੇਖਣ ਨੂੰ ਮਿਲਿਆ ਹੈ। ਸੂਬੇ ਵਿਚ 2022 ਦੌਰਾਨ 250 ਤੋਂ ਜ਼ਿਆਦਾ ਡਰੋਨ ਸਰਗਰਮੀਆਂ ਦਰਜ ਕੀਤੀਆਂ ਗਈਆਂ ਹਨ। ਇਹ ਅੰਕੜਾ ਗੁਆਂਢੀ ਮੁਲਕ ਨਾਲ ਸਾਂਝੀਆਂ ਸਰਹੱਦਾਂ ਵਾਲੇ ਦੂਜੇ ਸੂਬਿਆਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ-ਰਾਜਸਥਾਨ, ਜੰਮੂ ਕਸ਼ਮੀਰ ਤੇ ਗੁਜਰਾਤ ਵਿਚ ਦਰਜ ਅਜਿਹੇ ਮਾਮਲਿਆਂ ਦੇ ਮੁਕਾਬਲੇ ਕਿਤੇ ਵੱਡਾ ਹੈ।



ਪਾਕਿਸਤਾਨ ਤੋਂ ਪੰਜਾਬ ਵਿਚ ਹਥਿਆਰਾਂ, ਨਸ਼ੀਲੀਆਂ ਵਸਤਾਂ ਅਤੇ ਨਕਲੀ ਨੋਟਾਂ ਦੀ ਤਸਕਰੀ/ਸਮਗਲਿੰਗ ਲਈ ਡਰੋਨਾਂ ਦੀ ਵੱਡੇ ਪੱਧਰ 'ਤੇ ਵਰਤੋਂ ਕੀਤੀ ਜਾ ਰਹੀ ਹੈ। ਬਹੁਤੇ ਮਾਮਲਿਆਂ ਵਿਚ ਬਾਰਡਰ ਸਕਿਉਰਿਟੀ ਫੋਰਸ (ਬੀ.ਐਸ.ਐਫ.) ਦੇ ਜਵਾਨਾਂ ਨੇ ਅਜਿਹੇ ਡਰੋਨਾਂ ਉਤੇ ਗੋਲੀਬਾਰੀ ਕੀਤੀ ਪਰ ਇਸ ਦੇ ਬਾਵਜੂਦ ਇਨ੍ਹਾਂ ਮਨੁੱਖ ਰਹਿਤ ਹਵਾਈ ਵਾਹਨਾਂ (ਯੂ.ਏ.ਵੀਜ਼.) ਵਿਚੋਂ ਕੁਝ ਕੁ ਨੂੰ ਹੀ ਫੁੰਡਿਆ ਜਾ ਸਕਿਆ ਹੈ। ਸਰਦ ਰੁੱਤ ਦੌਰਾਨ ਸਰਹੱਦ ਦੇ ਆਰ-ਪਾਰ ਡਰੋਨ ਸਰਗਰਮੀ ਵਿਚ ਤੇਜ ਵਾਧਾ ਦੇਖਣ ਨੂੰ ਮਿਲਿਆ ਹੈ। ਇਸ ਸਮੇਂ ਖਿੱਤੇ ਵਿਚ ਸੰਘਣੀ ਧੁੰਦ ਛਾਈ ਹੁੰਦੀ ਹੈ ਅਤੇ ਦੂਰ ਤਕ ਦੇਖਣ ਦੀ ਸਮਰੱਥਾ ਘਟ ਜਾਂਦੀ ਹੈ।

ਵਧਾਈ ਗਈ ਚੌਕਸੀ ਤੋਂ ਬਾਅਦ ਵੀ ਵਧ ਰਹੀ ਡਰੋਨ ਸਰਗਰਮੀ ਤੋਂ ਨਾ ਸਿਰਫ ਇਹ ਜ਼ਾਹਿਰ ਹੁੰਦਾ ਹੈ ਕਿ ਸਮਗਲਰ ਆਪਣੀ ਅੜੀ 'ਤੇ ਕਾਇਮ ਹਨ ਸਗੋਂ ਇਹ ਵੀ ਪਤਾ ਲੱਗਦਾ ਹੈ ਕਿ ਨਸ਼ਿਆਂ ਦੇ ਵਪਾਰ ਵਿਚੋਂ ਹੁੰਦਾ ਮੁਨਾਫ਼ਾ ਬਹੁਤ ਜ਼ਿਆਦਾ ਹੋਣ ਕਾਰਨ ਇਹ ਕਾਰਵਾਈਆਂ ਜਲਦੀ ਰੁਕਣ ਵਾਲੀਆਂ ਨਹੀਂ ਹਨ।

# ਸੜਕ ਹਾਦਸਿਆਂ ਵਿਚ ਮੌਤਾਂ ਅਣਗਹਿਲੀ ਦਾ ਸਿੱਟਾ

**ਚੰਡੀਗੜ੍ਹ:** ਬੀਤੇ ਸਾਲ ਭਾਰਤ ਭਰ ਵਿਚ ਸੜਕ ਹਾਦਸਿਆਂ 'ਚ ਮਾਰੇ ਗਏ ਹਰ 10 ਕਾਰ ਸਵਾਰਾਂ ਵਿਚੋਂ ਘੱਟੋ-ਘੱਟ 8 ਨੇ ਸੀਟ ਬੈਲਟਾਂ ਨਹੀਂ ਸੀ ਲਾਈਆਂ ਹੋਈਆਂ। ਸੜਕ ਹਾਦਸਿਆਂ ਦੌਰਾਨ ਜਿਹੜੇ ਦੋਪਹੀਆ ਵਾਹਨ ਸਵਾਰਾਂ ਦੀਆਂ ਮੌਤਾਂ ਹੋਈਆਂ ਉਨ੍ਹਾਂ ਵਿਚੋਂ ਹਰੇਕ ਤਿੰਨ 'ਚੋਂ ਦੋ ਨੇ ਹੈਲਮਟ ਨਹੀਂ ਪਹਿਨੇ ਹੋਏ ਸਨ।

ਕੇਂਦਰੀ ਸੜਕ ਆਵਾਜਾਈ ਮੰਤਰਾਲੇ ਦੀ ਰਿਪੋਰਟ ਸੀਟ ਬੈਲਟਾਂ ਤੇ ਹੈਲਮਟਾਂ ਨੂੰ ਇਨਸਾਨੀ ਜਾਨਾਂ ਦੇ ਰਾਖੇ ਕਰਾਰ ਦਿੰਦੀ ਹੈ। ਵਿਸ਼ਵ ਸਿਹਤ ਸੰਸਥਾ ਮੁਤਾਬਕ ਸੀਟ ਬੈਲਟਾਂ ਨਾਲ ਸੜਕ ਹਾਦਸਿਆਂ ਦੀ ਸੂਰਤ ਵਿਚ ਗੰਭੀਰ ਸੱਟਾਂ ਤੇ ਮੌਤਾਂ ਦਾ ਖ਼ਦਸ਼ਾ ਅੱਧਾ ਘਟਾਇਆ ਜਾ ਸਕਦਾ ਹੈ; ਸਹੀ ਢੰਗ ਨਾਲ ਬੰਨ੍ਹੇ ਹੋਏ ਤੇ ਪੂਰੇ ਚਿਹਰੇ ਨੂੰ ਢਕਣ ਵਾਲੇ ਹੈਲਮਟਾਂ ਰਾਹੀਂ ਹਾਦਸਿਆਂ ਵਿਚ ਜਾਨਲੇਵਾ ਸੱਟਾਂ ਨੂੰ 64 ਫ਼ੀਸਦੀ ਤੱਕ ਤੇ ਸਿਰ ਦੀਆਂ ਸੱਟਾਂ ਨੂੰ 74 ਫ਼ੀਸਦੀ ਤੱਕ ਘਟਾਇਆ ਜਾ ਸਕਦਾ ਹੈ।

ਭਾਰਤ ਨੇ ਸੜਕ ਹਾਦਸਿਆਂ ਵਿਚ ਮੌਤਾਂ ਦੀ ਗਿਣਤੀ ਪੰਜ ਸਾਲਾਂ ਵਿਚ ਅੱਧੀ ਘਟਾਉਣ ਦੇ ਟੀਚੇ ਨਾਲ 2015 ਵਿਚ ਬ੍ਰਾਜ਼ੀਲ ਦੀ ਰਾਜਧਾਨੀ ਬ੍ਰਜ਼ੀਲੀਆ ਵਿਚ ਸੜਕਾਂ 'ਤੇ ਸੁਰੱਖਿਆ ਬਾਰੇ ਹੋਏ 'ਬ੍ਰਜ਼ੀਲੀਆ ਐਲਾਨਨਾਮੇ' ਉੱਤੇ ਸਹੀ ਪਾਈ ਸੀ। ਇਸ ਦੇ ਬਾਵਜੂਦ 2019 ਤੱਕ ਇਹ ਗਿਣਤੀ 3 ਫ਼ੀਸਦੀ ਵਧ ਗਈ। ਮੁਲਕ ਭਰ ਵਿਚ 2021 ਦੌਰਾਨ 4.12 ਲੱਖ ਸੜਕ ਹਾਦਸੇ ਦਰਜ ਹੋਏ ਜਿਨ੍ਹਾਂ ਵਿਚ 1.53 ਲੱਖ ਜਾਨਾਂ ਜਾਂਦੀਆਂ ਰਹੀਆਂ ਜੋ ਬਹੁਤ ਚਿੰਤਤ ਕਰਨ ਵਾਲਾ ਅੰਕੜਾ ਹੈ। 2019 ਦੇ ਮੁਕਾਬਲੇ ਹਾਦਸਿਆਂ ਦੀ ਗਿਣਤੀ 8.1 ਫ਼ੀਸਦੀ ਤੇ ਜ਼ਖ਼ਮੀਆਂ ਦੀ ਗਿਣਤੀ 14.8 ਫ਼ੀਸਦੀ ਘਟ ਗਈ ਪਰ ਮੌਤਾਂ ਦੀ ਦਰ ਵਿਚ 1.9 ਫ਼ੀਸਦੀ ਵਾਧਾ ਹੋਇਆ। ਕਰੋਨਾ ਦੀ ਆਲਮੀ ਮਹਾਮਾਰੀ ਦੌਰਾਨ ਲੱਗੀਆਂ ਬੰਦਿਸ਼ਾਂ ਦੇ ਸਿੱਟੇ ਵਜੋਂ 2020 ਦੌਰਾਨ ਸੜਕ ਹਾਦਸਿਆਂ, ਜ਼ਖ਼ਮੀਆਂ ਤੇ ਮੌਤਾਂ ਦੀ ਦਰ ਵਿਚ ਜ਼ੋਰਦਾਰ ਗਿਰਾਵਟ ਦੇਖਣ ਨੂੰ ਮਿਲੀ। ਪੰਜਾਬ ਪੁਲਿਸ ਦੁਆਰਾ ਜਾਰੀ ਕੀਤੀ ਗਈ ਰਿਪੋਰਟ 'ਪੰਜਾਬ ਸੜਕ ਹਾਦਸੇ ਅਤੇ ਟਰੈਫ਼ਿਕ-2021' ਅਨੁਸਾਰ 2021 ਵਿਚ ਪੰਜਾਬ ਵਿਚ 4589 ਵਿਅਕਤੀਆਂ ਭਾਵ ਰੋਜ਼ਾਨਾ 13 ਵਿਅਕਤੀਆਂ ਦੀ ਮੌਤ ਹੋਈ। ਉਨ੍ਹਾਂ ਵਿਚੋਂ 70 ਫ਼ੀਸਦੀ 18-45 ਵਰ੍ਹਿਆਂ ਦੇ ਸਨ। ਲਗਭਗ 21 ਫ਼ੀਸਦੀ ਹਾਦਸੇ ਸ਼ਾਮ ਦੇ 6 ਵਜੇ ਤੋਂ 9 ਵਜੇ ਦੇ ਵਿਚਕਾਰ ਹੋਏ। ਇਸ ਤਰ੍ਹਾਂ 2021 ਵਿਚ ਉਸ ਤੋਂ ਪਿਛਲੇ ਸਾਲ (2020) ਦੇ ਮੁਕਾਬਲੇ ਸੜਕ ਹਾਦਸਿਆਂ ਵਿਚ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵਿਚ 17.7 ਫ਼ੀਸਦੀ ਦਾ ਵਾਧਾ ਹੋਇਆ।



# ਜਿਨਸੀ ਸ਼ੋਸ਼ਣ ਮਾਮਲੇ ਵਿਚ ਘਿਰੇ ਸੰਦੀਪ ਸਿੰਘ ਵੱਲੋਂ ਖੇਡ ਵਿਭਾਗ ਤੋਂ ਅਸਤੀਫਾ

**ਚੰਡੀਗੜ੍ਹ:** ਜਿਨਸੀ ਸ਼ੋਸ਼ਣ ਦੇ ਦੋਸ਼ਾਂ ਵਿਚ ਘਿਰੇ ਹਰਿਆਣਾ ਦੇ ਖੇਡ ਮੰਤਰੀ ਸੰਦੀਪ ਸਿੰਘ ਨੇ ਖੇਡ ਵਿਭਾਗ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਕਦਮ ਨੈਤਿਕਤਾ ਦੇ ਆਧਾਰ ਉਤੇ ਚੁੱਕਿਆ ਹੈ। ਇਸ ਤੋਂ ਪਹਿਲਾਂ ਚੰਡੀਗੜ੍ਹ ਪੁਲਿਸ ਨੇ ਹਰਿਆਣਾ ਦੀ ਮਹਿਲਾ ਜੂਨੀਅਰ ਅਥਲੈਟਿਕਸ ਕੋਚ ਦੀ ਸ਼ਿਕਾਇਤ ਉਤੇ ਸੰਦੀਪ ਸਿੰਘ ਖ਼ਿਲਾਫ ਜਿਨਸੀ ਸ਼ੋਸ਼ਣ ਤੇ ਗਲਤ ਤਰੀਕੇ ਨਾਲ ਕੈਦ ਕਰਨ ਦੇ ਦੋਸ਼ਾਂ ਤਹਿਤ ਐਫ.ਆਈ.ਆਰ. ਦਰਜ ਕੀਤੀ ਸੀ।

ਸੰਦੀਪ ਸਿੰਘ ਨੇ ਹਾਲਾਂਕਿ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਆਪਣੇ ਉਤੇ ਲਗਾਏ ਦੋਸ਼ਾਂ ਨੂੰ ਖਾਰਜ ਕੀਤਾ ਤੇ ਮਾਮਲੇ ਵਿਚ ਸੁਤੰਤਰ ਜਾਂਚ ਦੀ ਮੰਗ ਕੀਤੀ ਹੈ। ਉਧਰ, ਪੀੜਤ ਮਹਿਲਾ ਕੋਚ ਨੇ ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਨਾਲ ਮੁਲਾਕਾਤ ਕੀਤੀ, ਜਿਨ੍ਹਾਂ ਪੀੜਤ ਮਹਿਲਾ ਨੂੰ ਇਨਸਾਫ ਦਿਵਾਉਣ ਦੀ ਗੱਲ ਕਹੀ ਹੈ। ਸੰਦੀਪ ਸਿੰਘ ਨੇ ਕਿਹਾ ਕਿ ਉਸ ਨੇ ਖੇਡ ਵਿਭਾਗ ਛੱਡ ਦਿੱਤਾ ਹੈ। ਸਾਬਕਾ ਓਲੰਪੀਅਨ ਤੇ ਕੁਰੂਕਸ਼ੇਤਰ ਦੇ ਪਿਹੋਵਾ ਤੋਂ ਪਹਿਲੀ ਵਾਰ ਵਿਧਾਇਕ ਬਣੇ ਸੰਦੀਪ ਸਿੰਘ ਕੋਲ ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ ਵੀ ਹੈ, ਹਾਲਾਂਕਿ ਉਨ੍ਹਾਂ ਮੰਤਰੀ ਮੰਡਲ ਤੋਂ ਅਸਤੀਫਾ ਨਹੀਂ ਦਿੱਤਾ ਹੈ। ਹਰਿਆਣਾ ਦੇ



ਡੀ.ਜੀ.ਪੀ. ਨੇ ਸੰਦੀਪ ਸਿੰਘ ਵੱਲੋਂ ਕੋਚ ਖ਼ਿਲਾਫ ਸ਼ਿਕਾਇਤ ਦਰਜ ਕਰਵਾਉਣ ਤੋਂ ਬਾਅਦ ਇਕ ਕਮੇਟੀ ਦਾ ਗਠਨ ਕੀਤਾ ਹੈ। ਸੰਦੀਪ ਸਿੰਘ ਨੇ ਦਾਅਵਾ ਕੀਤਾ ਹੈ ਕਿ ਮਹਿਲਾ ਕੋਚ ਨੇ ਮੇਰੇ ਅਕਸ ਨੂੰ ਖਰਾਬ ਕੀਤਾ ਹੈ। ਸੰਦੀਪ ਸਿੰਘ ਨੇ ਕਿਹਾ ਕਿ ਜਦੋਂ ਤੱਕ ਕਮੇਟੀ ਆਪਣੀ ਰਿਪੋਰਟ ਨਹੀਂ ਦਿੰਦੀ, ਉਦੋਂ ਤੱਕ ਉਹ ਨੈਤਿਕਤਾ ਦੇ ਆਧਾਰ ਉਤੇ ਮੁੱਖ ਮੰਤਰੀ ਨੂੰ ਖੇਡ ਵਿਭਾਗ ਸੌਂਪ ਰਿਹਾ ਹੈ। ਸੰਦੀਪ ਨੇ ਇਕ ਵਾਰ ਫਿਰ ਦੁਹਰਾਇਆ ਕਿ ਮਹਿਲਾ ਕੋਚ ਵੱਲੋਂ ਉਸ ਉਤੇ ਲਾਏ ਗਏ ਦੋਸ਼ ਬੇਬੁਨਿਆਦ ਹਨ।

# ਲਤੀਫਪੁਰਾ ਉਜਾੜਾ: ਮੁੜ ਵਸੇਬਾ ਸਾਂਝੇ ਮੋਰਚੇ ਵੱਲੋਂ ਸੰਘਰਸ਼ ਹੋਰ ਤਿੱਖਾ ਕਰਨ ਦੀ ਚਿਤਾਵਨੀ

**ਜਲੰਧਰ:** ਲਤੀਫ਼ਪੁਰਾ ਦੇ 50 ਤੋਂ ਵੱਧ ਪਰਿਵਾਰਾਂ ਨੂੰ ਨਗਰ ਸੁਧਾਰ ਟਰੱਸਟ ਵੱਲੋਂ ਉਜਾੜੇ ਜਾਣ ਖ਼ਿਲਾਫ਼ ਪੀ.ਏ.ਪੀ. ਚੌਕ 'ਤੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਜਥੇਬੰਦੀਆਂ ਵੱਲੋਂ ਬਣਾਏ ਗਏ ਸਾਂਝੇ ਮੋਰਚੇ ਨੇ ਢਾਈ ਘੰਟੇ ਤੱਕ ਨੈਸ਼ਨਲ ਹਾਈਵੇਅ 'ਤੇ ਚੱਕਾ ਜਾਮ ਕੀਤਾ। ਠੰਢ ਦੇ ਬਾਵਜੂਦ ਉੱਜੜੇ ਪਰਿਵਾਰਾਂ ਤੇ ਆਮ ਲੋਕਾਂ ਨੇ ਧਰਨੇ ਵਿਚ ਵਧ ਚੜ੍ਹ ਕੇ ਸ਼ਮੂਲੀਅਤ ਕੀਤੀ ਅਤੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

ਲਤੀਫ਼ਪੁਰਾ ਮੁੜ ਵਸੇਬਾ ਮੋਰਚਾ ਨੇ ਐਲਾਨ ਕੀਤਾ ਕਿ ਜੇਕਰ ਉਜਾੜੇ ਗਏ ਲੋਕਾਂ ਨੂੰ ਲਤੀਫਪੁਰਾ ਵਿਚ ਮੁੜ ਵਸਾਉਣ ਫੈਸਲਾ ਨਾ ਕੀਤਾ ਗਿਆ ਤਾਂ 16 ਜਨਵਰੀ ਨੂੰ ਰੇਲਵੇ ਲਾਈਨ ਅਤੇ ਕੌਮੀ ਮਾਰਗ ਨੂੰ ਇਕੋ ਸਮੇਂ ਜਾਮ ਕੀਤਾ ਜਾਵੇਗਾ। ਕੌਮੀ ਮਾਰਗ 'ਤੇ ਚੱਕਾ ਜਾਮ ਕਰਨ ਲਈ ਪੀੜਤ ਪਰਿਵਾਰ ਤੇ ਕਿਸਾਨ-ਮਜ਼ਦੂਰ ਜਥੇਬੰਦੀਆਂ ਦੇ ਕਾਰਕੁਨ ਮਿੱਥੇ ਸਮੇਂ ਤੋਂ ਪਹਿਲਾਂ ਹੀ ਪੁੱਜਣੇ ਸ਼ੁਰੂ ਹੋ ਗਏ ਸਨ। ਹਾਲਾਂਕਿ ਕੌਮੀ ਮਾਰਗ ਜਾਮ ਕਰਨ ਦਾ ਸਮਾਂ 12 ਤੋਂ 2 ਵਜੇ ਤੱਕ ਮਿਥਿਆ ਗਿਆ ਪਰ ਲੋਕਾਂ ਦੇ ਉਤਸ਼ਾਹ ਕਾਰਨ ਇਹ ਜਾਮ ਤਿੰਨ ਘੰਟੇ ਤੱਕ ਚੱਲਿਆ।

ਮੋਰਚੇ ਦੇ ਆਗੂਆਂ ਨੇ ਜਾਮ ਕਾਰਨ ਲੋਕਾਂ ਨੂੰ ਹੋਈ ਪਰੇਸ਼ਾਨੀ ਦਾ ਜ਼ਿਕਰ ਕਰਦਿਆਂ ਦੁੱਖ ਵੀ ਪ੍ਰਗਟਾਇਆ ਪਰ ਉਨ੍ਹਾਂ ਨਗਰ ਸੁਧਾਰ ਟਰੱਸਟ ਵੱਲੋਂ ਉਜਾੜੇ ਗਏ ਲੋਕਾਂ ਦੇ ਦੁੱਖ ਨੂੰ ਕੁੱਝ ਘੰਟਿਆਂ ਦੇ ਜਾਮ ਨਾਲੋਂ ਕਿਤੇ ਵੱਡਾ ਦੱਸਿਆ। ਪੁਲਿਸ ਨੇ ਕੌਮੀ ਮਾਰਗ ਦੀ ਆਵਾਜਾਈ ਨੂੰ ਬਦਲਵੇਂ ਰੂਟਾਂ 'ਤੇ ਲੰਘਾਉਣ ਦੇ ਪ੍ਰਬੰਧ ਕੀਤੇ ਹੋਏ ਸਨ। ਮੋਰਚੇ ਦੇ ਆਗੂਆਂ ਨੇ ਕਿਹਾ ਕਿ ਲੋਕਾਂ ਨੂੰ ਸਹੀ ਰਾਹ ਦੱਸਣ ਦੀ ਥਾਂ ਪੁਲਿਸ ਮੁਲਾਜ਼ਮ ਉਨ੍ਹਾਂ ਨੂੰ ਪਿੰਡਾਂ ਦੇ ਅਜਿਹੇ ਅਣਜਾਣ ਰਾਹਾਂ ਵੱਲ ਮੋੜਦੇ ਰਹੇ, ਜਿਸ ਕਾਰਨ ਲੋਕ ਡਾਢੇ ਪਰੇਸ਼ਾਨ ਹੋਏ। ਧਰਨਾਕਾਰੀਆਂ ਲਈ ਲੰਗਰ ਦਾ ਪ੍ਰਬੰਧ ਪਿੰਡ ਤੱਲਣ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਗਿਆ ਸੀ।

ਧਰਨੇ ਦੀ ਸਮਾਪਤੀ ਵੇਲੇ ਜਗਤਾਰ ਸਿੰਘ ਸੰਘੇੜਾ ਚੇਅਰਮੈਨ ਇੰਮਰੂਵਮੈਂਟ ਟਰੱਸਟ ਵੱਲੋਂ ਹੋਰ ਥਾਂ ਫਲੈਟ ਦੇਣ ਦੀ ਦਿੱਤੀ ਗਈ ਪੇਸ਼ਕਸ਼ ਨੂੰ ਠੁਕਰਾਉਂਦਿਆਂ ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਉਜਾੜੇ ਵਾਲੀ ਜਗ੍ਹਾ ਉੱਪਰ ਹੀ ਪੀੜਤ ਲੋਕਾਂ ਦਾ ਮੁੜ ਵਸੇਬਾ ਨਾ ਕੀਤਾ, ਨੁਕਸਾਨ ਦੀ ਪੂਰਤੀ ਲਈ ਮੁਆਵਜ਼ਾ ਨਾ ਦਿੱਤਾ ਅਤੇ ਲੋਕਾਂ ਨਾਲ ਵਧੀਕੀ ਕਰਨ ਵਾਲੇ ਡੀ.ਸੀ.ਪੀ. ਜਸਕਰਨਜੀਤ ਸਿੰਘ ਤੇਜਾ ਖ਼ਿਲਾਫ਼ ਕਾਰਵਾਈ ਨਾ ਕੀਤੀ ਤਾਂ ਧੰਨੋਵਾਲੀ ਨੇੜੇ ਚਾਰ ਘੰਟੇ ਲਈ ਕੌਮੀ ਮਾਰਗ ਅਤੇ ਰੇਲਵੇ ਲਾਈਨਾਂ 'ਤੇ ਜਾਮ ਲਗਾਇਆ ਜਾਵੇਗਾ।




Ray Dhaliwal
Real Estate Broker

Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com

# ਐਨ.ਆਰ.ਆਈ. ਸੰਮੇਲਨ ਲਈ ਖਰਚੇ ਉਤੇ ਛਿੜਿਆ ਨਵਾਂ ਵਿਵਾਦ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਪ੍ਰੋਗਰਾਮ 'ਐਨ.ਆਰ.ਆਈ. ਪੰਜਾਬੀਆਂ ਨਾਲ ਮਿਲਣੀ' ਤੋਂ ਨਵਾਂ ਵਿਵਾਦ ਛਿੜ ਗਿਆ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਪੰਜਾਬ ਸਰਕਾਰ ਇਸ ਮਾਮਲੇ 'ਤੇ ਆਹਮੋ-ਸਾਹਮਣੇ ਆ ਗਏ ਹਨ। ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਐਨ.ਆਰ.ਆਈ. ਸਭਾ ਦੇ ਪੈਸੇ ਖ਼ਰਚ ਕਰਕੇ ਇਹ ਪ੍ਰੋਗਰਾਮ ਹੋ ਰਹੇ ਹਨ ਪਰ ਸਰਕਾਰ ਇਨ੍ਹਾਂ ਸਮਾਗਮਾਂ 'ਤੇ ਕੋਈ ਪੈਸਾ ਨਹੀਂ ਖਰਚ ਰਹੀ ਹੈ। ਉਨ੍ਹਾਂ ਕਿਹਾ ਕਿ ਪੈਸਾ ਮਾਲਕਾਂ ਦਾ ਅਤੇ ਮਸ਼ਹੂਰੀ ਕੰਪਨੀ ਦੀ ਹੋ ਰਹੀ ਹੈ।

ਬਾਜਵਾ ਨੇ ਕਿਹਾ ਕਿ ਪਰਵਾਸੀ ਭਾਰਤੀਆਂ ਦੀ ਮਿਹਨਤ ਦੀ ਕਮਾਈ ਨੂੰ ਸਰਕਾਰੀ ਸਮਾਗਮਾਂ ਲਈ ਵਰਤਿਆ ਜਾ ਰਿਹਾ ਹੈ ਅਤੇ ਜੇਕਰ ਸਰਕਾਰ ਪਰਵਾਸੀ ਪੰਜਾਬੀਆਂ ਦੀਆਂ ਮੁਸ਼ਕਲਾਂ ਵੱਲ ਧਿਆਨ ਦੇਣਾ ਚਾਹੁੰਦੀ ਹੈ ਤਾਂ ਖ਼ੁਦ ਸਰਕਾਰ ਇਨ੍ਹਾਂ ਸਮਾਗਮਾਂ ਦਾ ਪ੍ਰਬੰਧ ਕਰੇ। ਬਾਜਵਾ ਨੇ ਕਿਹਾ ਕਿ ਐਨ.ਆਰ.ਆਈ. ਸਭਾ ਦੇ ਖਾਤੇ 'ਚੋਂ ਇਨ੍ਹਾਂ ਸਮਾਗਮਾਂ ਲਈ ਸਰਕਾਰ ਨੇ 10 ਲੱਖ ਰੁਪਏ ਕਢਵਾਏ ਹਨ, ਜਿਸ ਦੀ ਪੁਸ਼ਟੀ ਜਲੰਧਰ ਦੀ ਡਿਵੀਜ਼ਨਲ ਕਮਿਸ਼ਨਰ ਗੁਰਪ੍ਰੀਤ ਕੌਰ ਸਪਰਾ ਨੇ ਕੀਤੀ ਹੈ। ਇਹ ਪੈਸਾ ਕਢਵਾਉਣਾ ਗ਼ੈਰਕਾਨੂੰਨੀ ਕਦਮ ਹੈ। ਬਾਜਵਾ ਨੇ ਕਿਹਾ ਕਿ ਨਾ ਤਾਂ ਐਨ.ਆਰ.ਆਈ. ਸਭਾ ਸੂਬਾ ਸਰਕਾਰ ਦੀ ਹੈ ਅਤੇ ਨਾ ਹੀ ਇਸ ਨੂੰ ਪੰਜਾਬ ਸਰਕਾਰ ਤੋਂ ਕੋਈ



ਗਰਾਂਟ ਮਿਲਦੀ ਹੈ। ਉਨ੍ਹਾਂ ਇਸ ਦੀ ਜਾਂਚ ਦੀ ਮੰਗ ਵੀ ਕੀਤੀ ਹੈ।

ਪਰਵਾਸੀ ਭਾਰਤੀ ਮਾਮਲੇ ਵਿਭਾਗ ਦੇ ਪ੍ਰਮੁੱਖ ਸਕੱਤਰ ਜੇ.ਐਮ. ਬਾਲਮੁਰਗਨ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਐਨ.ਆਰ.ਆਈ. ਸਭਾ ਕੋਈ ਐਨ.ਜੀ.ਓ. ਨਹੀਂ ਹੈ ਬਲਕਿ ਇਹ ਇਕ ਸੁਸਾਇਟੀ ਹੈ, ਜੋ ਸੂਬਾ ਸਰਕਾਰ ਦੀ ਪ੍ਰਵਾਨਗੀ ਨਾਲ ਸੁਸਾਇਟੀਜ਼ ਰਜਿਸਟ੍ਰੇਸ਼ਨ ਐਕਟ 1860 ਤਹਿਤ ਰਜਿਸਟਰਡ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਇਸ ਦੇ ਚੀਫ ਪੈਟਰਨ ਅਤੇ ਸਭਾ ਦੇ ਸਰਪ੍ਰਸਤ ਵੀ ਹਨ। ਪ੍ਰਮੁੱਖ ਸਕੱਤਰ ਨੇ ਕਿਹਾ ਕਿ ਐਨ.ਆਰ.ਆਈ. ਸਭਾ ਸਰਕਾਰ ਦੀ ਸਰਪ੍ਰਸਤੀ ਹੇਠ ਕੰਮ ਕਰਦੀ ਹੈ ਅਤੇ ਸਭਾ ਦਾ ਮੁੱਖ ਉਦੇਸ਼ ਪੰਜਾਬ ਦੇ ਪਰਵਾਸੀ ਭਾਰਤੀਆਂ ਦੀ ਭਲਾਈ ਅਤੇ ਹਿੱਤਾਂ ਲਈ ਕੰਮ ਕਰਨਾ ਹੈ। ਸਰਕਾਰ ਅਨੁਸਾਰ ਪਰਵਾਸੀ ਪੰਜਾਬੀਆਂ ਨਾਲ ਮਿਲਣੀ ਪ੍ਰੋਗਰਾਮ 'ਤੇ ਖ਼ਰਚ ਕੀਤਾ ਜਾ ਰਿਹਾ ਪੈਸਾ ਪੂਰੀ ਤਰ੍ਹਾਂ ਸਰਕਾਰੀ ਕੰਮਕਾਜ ਨਾਲ ਸਬੰਧਤ ਹੈ ਅਤੇ ਪੰਜਾਬ ਦੇ ਪਰਵਾਸੀ ਭਾਰਤੀਆਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਵਰਤਿਆ ਜਾ ਰਿਹਾ ਹੈ। ਇਸ ਮੁੱਦੇ ਨੂੰ ਉਠਾਉਣ ਵਾਲੇ ਵਿਅਕਤੀਆਂ ਦੀ ਐਨ.ਆਰ.ਆਈ. ਸਭਾ ਦੇ ਪ੍ਰਬੰਧਕੀ ਤੇ ਵਿੱਤੀ ਕੰਮਕਾਜ ਵਿਚ ਕੋਈ ਭੂਮਿਕਾ ਨਹੀਂ ਹੈ।

### ਸਰਕਾਰ ਐਨ.ਆਰ.ਆਈਜ਼. ਦਾ ਪੈਸਾ ਖਰਚ ਕੇ ਵਾਹ ਵਾਹ ਖੱਟ ਰਹੀ: ਸਿਮਰਨਜੀਤ ਮਾਨ

**ਮੋਗਾ:** ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਅਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਧਰਤੀ ਹੇਠਲੇ ਪ੍ਰਦੂਸ਼ਿਤ ਪਾਣੀ ਕਾਰਨ ਕੈਂਸਰ ਵਰਗੀਆਂ ਨਾ-ਮੁਰਾਦ ਬਿਮਾਰੀਆਂ ਨਾਲ ਬਿਮਾਰ ਤੇ ਮਰ ਰਹੇ ਲੋਕਾਂ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਸੂਬਾ ਸਰਕਾਰ ਕੋਲੋਂ ਕਮੇਟੀ ਬਣਾਉਣ ਦੀ ਮੰਗ ਕੀਤੀ ਹੈ। ਪੰਜਾਬ ਦਾ ਵਾਹਗਾ ਤੇ ਹੁਸੈਨੀਵਾਲਾ ਬਾਰਡਰ ਸਾਨੂੰ ਖੋਲ੍ਹਣਾ ਚਾਹੀਦਾ ਹੈ ਤੇ ਪਾਕਿਸਤਾਨ ਨਾਲ ਵਪਾਰ ਕਰਨਾ ਚਾਹੀਦਾ ਹੈ ਜਿਸ ਨਾਲ ਹਰ ਵਰਗ ਨੂੰ ਫਾਇਦਾ ਹੋਵੇਗਾ। ਸੰਸਦ ਮੈਂਬਰ ਨੇ ਕਿਹਾ ਕਿ ਲੋਕਾਂ ਨੂੰ ਸਿਹਤ ਸਹੂਲਤਾਂ ਦੇ ਦਾਅਵਿਆਂ ਦੇ ਉਲਟ ਸੂਬਾ ਦੇ ਸਰਕਾਰੀ ਹਸਪਤਾਲਾਂ ਵਿਚ ਸੈਂਕੜੇ ਅਸਾਮੀਆਂ ਖਾਲੀ ਹਨ। ਉਨ੍ਹਾਂ ਪਰਵਾਸੀ ਪੰਜਾਬੀ ਮਿਲਣੀ ਸਮਾਗਮਾਂ 'ਚ ਐਨ.ਆਰ.ਆਈਜ਼. ਦੇ ਪੈਸੇ ਦੀ ਵਰਤੋਂ ਕਰਨ ਉੱਤੇ ਕਿਹਾ ਕਿ 'ਆਪ' ਸਰਕਾਰ ਮੁਫ਼ਤ 'ਚ ਵਾਹ-ਵਾਹ ਖੱਟਣਾ ਚਾਹੁੰਦੀ ਹੈ।

### ਪਰਵਾਸੀਆਂ ਦੇ 60% ਝਗੜੇ ਪਰਿਵਾਰਕ: ਧਾਲੀਵਾਲ

**ਅੰਮ੍ਰਿਤਸਰ:** ਪੰਜਾਬ ਦੇ ਐਨ.ਆਰ.ਆਈ. ਦੀਆਂ ਸਮੱਸਿਆਵਾਂ ਦੇ ਮਾਮਲਿਆਂ ਵਿਚ 60 ਫੀਸਦੀ ਪਰਿਵਾਰਕ ਝਗੜਿਆਂ ਦੇ ਕੇਸ ਹਨ। ਇਹ ਖੁਲਾਸਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕੀਤਾ। ਉਨ੍ਹਾਂ ਹਾਲ ਹੀ ਵਿਚ ਪਿਛਲੇ 15 ਦਿਨਾਂ ਵਿਚ ਐਨ.ਆਰ.ਆਈਜ਼. ਨਾਲ ਵੱਖ-ਵੱਖ ਜ਼ਿਲ੍ਹਿਆਂ ਵਿਚ ਪੰਜ ਮਿਲਣੀਆਂ ਕੀਤੀਆਂ ਹਨ। ਇਨ੍ਹਾਂ ਮਿਲਣੀਆਂ ਦੌਰਾਨ ਪੰਜਾਬ ਸਰਕਾਰ ਕੋਲ ਲਗਭਗ 650 ਕੇਸ ਪੁੱਜੇ ਹਨ। ਸ੍ਰੀ ਧਾਲੀਵਾਲ ਨੇ ਦੱਸਿਆ ਕਿ ਹੁਣ ਤੱਕ ਪ੍ਰਾਪਤ ਹੋਈਆਂ ਦਰਖ਼ਾਸਤਾਂ ਵਿਚੋਂ ਲਗਭਗ 60 ਫ਼ੀਸਦੀ ਮਾਮਲੇ ਪਰਿਵਾਰਕ ਝਗੜਿਆਂ ਦੇ ਹਨ। ਇਨ੍ਹਾਂ ਵਿਚ ਆਪਣਿਆਂ ਵੱਲੋਂ ਹੀ ਆਪਣਿਆਂ ਦੀਆਂ ਜ਼ਮੀਨਾਂ-ਜਾਇਦਾਦਾਂ 'ਤੇ ਕਬਜ਼ੇ ਕੀਤੇ ਹੋਏ ਹਨ। ਕੁਝ ਮਾਮਲਿਆਂ ਵਿਚ ਆਪਣਿਆਂ ਵੱਲੋਂ ਹੀ ਆਪਣਿਆਂ ਨੂੰ ਧੋਖਾ ਦਿੱਤਾ ਗਿਆ ਹੈ।

# ਸਰਕਾਰ ਵੱਲੋਂ ਪਰਵਾਸੀ ਪੰਜਾਬੀਆਂ ਦੇ ਸਾਰੇ ਗਿਲੇ ਦੂਰ ਕਰਨ ਦਾ ਭਰੋਸਾ



**ਅੰਮ੍ਰਿਤਸਰ:** ਪਰਵਾਸੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਰਵਾਸੀ ਪੰਜਾਬੀਆਂ ਦੇ ਮਸਲਿਆਂ ਨੂੰ ਛੇਤੀ ਹੱਲ ਕਰਨ ਦੀ ਸਹੂਲਤ ਦੇਣ ਲਈ ਸੂਬੇ ਵਿਚ ਜਲਦ ਹੀ ਫਾਸਟ ਟਰੈਕ ਅਦਾਲਤਾਂ ਦੀ ਸਥਾਪਨਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਅਜਿਹੀਆਂ ਮਿਲਣੀਆਂ ਕਰਵਾ ਕੇ ਪਰਵਾਸੀਆਂ ਦੀਆਂ ਸ਼ਿਕਾਇਤਾਂ ਦਾ ਅਦਾਲਤਾਂ ਜ਼ਰੀਏ ਨਿਪਟਾਰਾ ਕਰੇਗੀ। ਪਰਵਾਸੀ ਭਾਰਤੀਆਂ ਦੇ ਸਿਵਲ ਕੇਸਾਂ ਦੇ ਨਿਪਟਾਰੇ ਲਈ ਅਦਾਲਤਾਂ ਦੀ ਸਥਾਪਨਾ ਲਈ ਜਲਦ ਹੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ ਤਾਂ ਕਿ ਪਰਵਾਸੀਆਂ ਦਾ ਸਮਾਂ ਅਤੇ ਪੈਸਾ ਬਚਾਇਆ ਜਾ ਸਕੇ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਜ਼ਿਲ੍ਹਿਆਂ ਵਿੱਚ ਨੋਡਲ ਅਫਸਰ ਤਾਇਨਾਤ ਕੀਤੇ ਜਾ ਰਹੇ ਹਨ ਜੋ ਪਰਵਾਸੀ ਭਾਰਤੀਆਂ ਦੇ ਮਸਲੇ ਬਿਨਾਂ ਕਿਸੇ ਦੇਰੀ ਦੇ ਨਿਪਟਾਉਣਗੇ। ਸ੍ਰੀ ਧਾਲੀਵਾਲ ਨੇ ਸਿਵਲ ਅਤੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਦੀ ਹਾਜ਼ਰੀ ਵਿਚ ਜ਼ਿਲ੍ਹਾ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ ਅਤੇ ਤਰਨ ਤਾਰਨ ਦੇ ਪਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਹਦਾਇਤ ਕੀਤੀ ਕਿ ਇਨ੍ਹਾਂ ਸ਼ਿਕਾਇਤਾਂ ਦਾ ਤੁਰਤ ਨਿਪਟਾਰਾ ਕੀਤਾ ਜਾਵੇ।

ਇਸ ਮੌਕੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਇਕ ਵਟਸਐਪ ਨੰਬਰ 90560-09884 ਜਾਰੀ ਕੀਤਾ। ਉਨ੍ਹਾਂ ਕਿਹਾ ਕਿ ਇਸ ਨੰਬਰ 'ਤੇ ਪ੍ਰਾਪਤ ਹੋਈ ਸ਼ਿਕਾਇਤ ਸਬੰਧਤ ਅਧਿਕਾਰੀ ਤੱਕ ਪਹੁੰਚਾਈ ਜਾਵੇਗੀ ਅਤੇ ਇਸ ਬਾਰੇ ਸ਼ਿਕਾਇਤ ਦੀ ਅਪਡੇਟ ਵੀ ਸਬੰਧਤ ਪਰਵਾਸੀ ਨੂੰ ਦਿੱਤੀ ਜਾਵੇਗੀ।

### ਪਰਵਾਸੀ ਪਰਿਵਾਰ ਨੂੰ ਜ਼ਮੀਨ ਵਾਪਸ ਮਿਲਣ ਦੀ ਆਸ ਬੱਝੀ

**ਸਮਾਲਸਰ:** ਪਿੰਡ ਰੋਡੇ ਦੇ ਯੂਕੇ ਵਸਦੇ ਪਰਵਾਸੀ ਪੰਜਾਬੀ ਪਰਿਵਾਰ ਨੂੰ ਹੁਣ ਆਸ ਬੱਝ ਗਈ ਹੈ ਕਿ ਉਨ੍ਹਾਂ ਦੀ ਨਾਜਾਇਜ਼ ਕਬਜ਼ੇ ਹੇਠ ਜ਼ਮੀਨ ਨੂੰ ਛੁਡਵਾ ਕੇ ਜਲਦ ਹੀ ਉਨ੍ਹਾਂ ਦੇ ਸਪੁਰਦ ਕਰ ਦਿੱਤਾ ਜਾਵੇਗਾ। ਇਸ ਮਾਮਲੇ ਵਿਚ ਪੰਜਾਬ ਦੇ ਪਰਵਾਸੀ ਪੰਜਾਬੀ ਮਾਮਲੇ ਵਿਭਾਗ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪਿੰਡ ਰੋਡੇ ਪਹੁੰਚ ਕੇ ਪੀੜਤ ਪਰਿਵਾਰ ਨੂੰ ਭਰੋਸਾ ਦਿਵਾਇਆ ਹੈ ਕਿ ਇਸ ਮਾਮਲੇ ਵਿਚ ਪੰਜਾਬ ਸਰਕਾਰ ਹਰ ਸੰਭਵ ਕਾਨੂੰਨੀ ਚਾਰਾਜੋਈ ਕਰੇਗੀ। ਇਸ ਤੋਂ ਇਲਾਵਾ ਇਸ ਮਾਮਲੇ ਵਿਚ ਮੁਲਜ਼ਮ ਪਾਏ ਜਾਣ ਵਾਲੇ ਹਰੇਕ ਅਧਿਕਾਰੀ ਅਤੇ ਵਿਅਕਤੀ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਇੰਗਲੈਂਡ ਦੇ ਮੰਤਰੀ ਤਨਮਨਜੀਤ ਸਿੰਘ ਢੇਸੀ ਨੇ ਵੀ ਸ਼ਿਕਾਇਤ ਕਰ ਕੇ ਪਿੰਡ ਰੋਡੇ ਦੀ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਛੁਡਵਾਉਣ ਲਈ ਕਿਹਾ ਸੀ।

## ਜ਼ਮੀਨ ਵਿਵਾਦ: ਨੂੰਹ ਤੇ ਪੋਤੇ ਵੱਲੋਂ ਬਜ਼ੁਰਗ ਦੀ ਹੱਤਿਆ

**ਮੁਕੇਰੀਆਂ:** ਪੁਲਿਸ ਨੇ ਪਿੰਡ ਛਾਂਗਲਾ ਦੇ 82 ਸਾਲਾ ਬਜ਼ੁਰਗ ਦੇ ਕਤਲ ਦੀ ਗੁੱਥੀ ਸੁਲਝਾ ਲਈ ਹੈ। ਪੁਲਿਸ ਨੇ ਇਕ ਔਰਤ ਨੂੰ ਗ੍ਰਿਫਤਾਰ ਕਰ ਕੇ ਅਦਾਲਤ ਤੋਂ ਰਿਮਾਂਡ ਹਾਸਲ ਕੀਤਾ ਹੈ।

24 ਦਸੰਬਰ ਨੂੰ ਬਿਧੀ ਚੰਦ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਉਸ ਨੂੰ ਗੰਭੀਰ ਜ਼ਖਮੀ ਕਰ ਦਿੱਤਾ ਗਿਆ ਸੀ। ਉਸ ਨੂੰ ਸਿਵਲ ਹਸਪਤਾਲ ਮੁਕੇਰੀਆਂ ਦਾਖਲ ਕਰਵਾਇਆ ਜਿੱਥੋਂ ਉਸ ਨੂੰ ਡੀ.ਐਮ.ਸੀ. ਲੁਧਿਆਣਾ ਰੈਫਰ ਕਰ ਦਿੱਤਾ ਗਿਆ ਪਰ ਬਜ਼ੁਰਗ ਦੀ 27 ਦਸੰਬਰ ਨੂੰ ਇਲਾਜ ਦੌਰਾਨ ਮੌਤ ਹੋ ਗਈ।

ਮੁਕੇਰੀਆਂ ਪੁਲਿਸ ਨੇ ਮ੍ਰਿਤਕ ਦੇ ਭਤੀਜੇ ਜਗਮੋਹਨ ਸਿੰਘ ਪੁੱਤਰ ਗੁਰਦਾਸ ਰਾਮ ਵਾਸੀ ਛਾਂਗਲਾ ਦੇ ਬਿਆਨਾਂ ਦੇ ਆਧਾਰ 'ਤੇ 25 ਦਸੰਬਰ ਨੂੰ ਅਣਪਛਾਤਿਆਂ ਖ਼ਿਲਾਫ਼ ਕੇਸ ਦਰਜ ਕੀਤਾ ਸੀ।

ਪੁਲਿਸ ਅਫਸਰ ਨੇ ਇਸ ਬਾਰੇ ਦੱਸਿਆ ਹੈ ਕਿ ਜਾਂਚ ਦੌਰਾਨ ਸਾਹਮਣੇ ਆਇਆ ਕਿ ਜ਼ਮੀਨੀ ਝਗੜੇ ਕਾਰਨ ਬਜ਼ੁਰਗ ਬਿਧੀ ਚੰਦ ਦੀ ਨੂੰਹ ਸੁਮਨ ਕੁਮਾਰੀ ਪਤਨੀ ਮਲਕੀਤ ਸਿੰਘ ਅਤੇ ਪੋਤਰੇ ਵਿਸਵਾ ਮਿਨਹਾਸ ਪੁੱਤਰ ਮਲਕੀਤ ਸਿੰਘ ਵਾਸੀ ਛਾਂਗਲਾ ਨੇ ਆਪਣੇ ਤਿੰਨ ਹੋਰ ਸਾਥੀਆਂ ਨਾਲ ਮਿਲ ਕੇ ਬਜ਼ੁਰਗ ਬਿਧੀ ਚੰਦ 'ਤੇ ਜਾਨਲੇਵਾ ਹਮਲਾ ਕੀਤਾ ਸੀ ਜਿਸ ਦੀ ਇਲਾਜ ਦੌਰਾਨ ਮੌਤ ਹੋ ਗਈ ਸੀ।

# ਵਿਰੋਧੀ ਧਿਰਾਂ ਨੇ ਵਿੱਤੀ ਤੰਗੀ ਉਤੇ 'ਆਪ' ਸਰਕਾਰ ਘੇਰੀ

**ਚੰਡੀਗੜ੍ਹ:** ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸਾਲ ਦੇ ਅੰਤ ਵਿਚ ਕਾਰਗੁਜ਼ਾਰੀ ਦਾ ਮੁਲਾਂਕਣ ਕਰਦੇ ਹੋਏ ਕਿਹਾ ਕਿ ਵੱਡੇ-ਵੱਡੇ ਦਾਅਵਿਆਂ ਦੇ ਬਾਵਜੂਦ 'ਆਪ' ਜ਼ਿਆਦਾਤਰ ਖੇਤਰਾਂ ਵਿਚ ਸਾਰਥਕ ਕੰਮ ਕਰਨ ਵਿਚ ਅਸਫਲ ਰਹੀ ਹੈ। ਬਾਜਵਾ ਨੇ ਕਿਹਾ, ''ਅਸਲ ਵਿਚ 'ਆਪ' ਸਰਕਾਰ ਨੇ ਆਪਣੇ ਸ਼ਾਸਨ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਗਲਤ ਨੀਤੀਆਂ, ਗਲਤ ਵਿਕਲਪਾਂ ਅਤੇ ਪੂਰੀ ਤਰ੍ਹਾਂ ਨਾਲ ਢਿੱਲੇ ਰਵੱਈਏ ਨਾਲ ਸੂਬੇ ਦੀ ਤਰੱਕੀ ਨੂੰ ਬੈਕ ਗੇਅਰ ਵਿਚ ਪਾ ਦਿੱਤਾ ਹੈ।'' ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਚੋਣਾਂ ਤੋਂ ਪਹਿਲਾਂ ਅਤੇ ਬਾਅਦ ਵਿਚ ਦਿੱਤੇ ਆਪਣੇ ਭਰੋਸੇ ਨੂੰ ਪੂਰਾ ਕਰਨ ਵਿਚ ਅਸਫਲ ਰਹੀ ਹੈ। ਇਹ ਸਰਕਾਰ ਨਾ ਤਾਂ ਸੂਬੇ ਦੀ ਆਰਥਿਕ ਸਥਿਤੀ ਨੂੰ ਉਚਾ ਚੁੱਕ ਸਕੀ ਹੈ, ਜੋ ਪਹਿਲਾਂ ਹੀ ਤੰਗੀ ਨਾਲ ਜੂਝ ਰਹੀ ਹੈ ਅਤੇ ਨਾ ਹੀ ਇਹ ਪੰਜਾਬ ਦੀ ਵਿਗੜਦੀ ਕਾਨੂੰਨ ਵਿਵਸਥਾ ਨੂੰ ਸੁਧਾਰ ਸਕੀ ਹੈ।

ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਮਾਹਿਰਾਂ ਨੇ ਅਨੁਮਾਨ ਲਗਾਇਆ ਹੈ ਕਿ ਇਸ ਵਿੱਤੀ ਸਾਲ



ਦੇ ਅੰਤ ਤੱਕ ਪੰਜਾਬ ਦਾ ਕਰਜ਼ਾ 3 ਲੱਖ ਕਰੋੜ ਰੁਪਏ ਨੂੰ ਪਾਰ ਕਰ ਜਾਵੇਗਾ ਜਦਕਿ ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੋਵਾਂ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੱਖ-ਵੱਖ ਸਰੋਤਾਂ ਤੋਂ ਮਾਲੀਆ ਪੈਦਾ ਕਰਨ ਦੇ ਵੱਡੇ-ਵੱਡੇ ਦਾਅਵੇ ਕੀਤੇ ਸਨ। ਬਾਜਵਾ ਨੇ ਕਿਹਾ ਕਿ ਉਨ੍ਹਾਂ ਦੇ ਸਾਰੇ ਵਾਅਦੇ ਅਤੇ ਗਾਰੰਟੀਆਂ ਸਪਸ਼ਟ ਤੌਰ 'ਤੇ ਅਸਫਲ ਸਾਬਤ ਹੋਈਆਂ ਹਨ। ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਨਾਲ ਢਹਿ ਗਈ ਹੈ। ਬੰਦੂਕ ਨਾਲ ਸਬੰਧਤ ਅਪਰਾਧ ਵਧ ਰਹੇ ਹਨ। ਸ੍ਰੀ ਬਾਜਵਾ ਨੇ 'ਆਪ' ਸਰਕਾਰ ਨੂੰ ਜ਼ੀਰਾ ਵਿੱਚ ਸ਼ਰਾਬ ਦੀ ਡਿਸਟਿਲਰੀ ਖ਼ਿਲਾਫ਼ ਪ੍ਰਦਰਸ਼ਨ ਨਾਲ ਸਹੀ ਢੰਗ ਨਾਲ ਨਾ ਨਜਿੱਠਣ ਲਈ ਵੀ ਜ਼ਿੰਮੇਵਾਰ ਠਹਿਰਾਇਆ, ਨਤੀਜੇ ਵਜੋਂ ਉਥੇ ਸਥਿਤੀ ਵਿਗੜ ਗਈ ਹੈ।

ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਦੋਸ਼ ਲਾਇਆ ਕਿ ਭਗਵੰਤ ਮਾਨ ਸਰਕਾਰ ਦੇ ਰਾਜ 'ਚ ਸੂਬੇ ਦੇ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਸੂਬੇ ਵਿਚ ਡਰ ਦਾ ਮਾਹੌਲ ਹੈ ਕਿਉਂਕਿ ਇਥੇ ਰੋਜ਼ਾਨਾ ਕਤਲ ਹੋ ਰਹੇ ਹਨ। ਭਾਜਪਾ ਪ੍ਰਧਾਨ ਨੇ ਕਿਹਾ ਕਿ 'ਆਪ' ਸਰਕਾਰ ਵੇਲੇ ਸੂਬੇ ਨੂੰ 1980 ਦੇ ਦੌਰ ਵੱਲ ਧੱਕਿਆ ਜਾ ਰਿਹਾ ਹੈ। ਪੰਜਾਬ ਔਖੇ ਦੌਰ ਵਿਚੋਂ ਲੰਘ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦਾ ਮੁੱਖ ਉਦੇਸ਼ ਆਗਾਮੀ ਨਗਰ ਨਿਗਮ ਚੋਣਾਂ ਵਿਚ ਭਾਜਪਾ ਦਾ ਅੰਮ੍ਰਿਤਸਰ ਵਿਚ ਮੇਅਰ ਬਣਾਉਣਾ ਹੈ। ਉਨ੍ਹਾਂ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਵੀ ਸਿਰ 'ਤੇ ਹਨ ਅਤੇ ਪਾਰਟੀ ਨੂੰ ਮਜ਼ਬੂਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਆਮ ਆਦਮੀ ਪਾਰਟੀ ਦੇ ਲਾਰਿਆਂ ਬਾਰੇ ਜਾਣ ਚੁੱਕੇ ਹਨ, ਇਸ ਲਈ ਆਉਣ ਵਾਲੇ ਸਮੇਂ ਪੰਜਾਬ ਵਿਚ ਭਾਜਪਾ ਦੀ ਸਰਕਾਰ ਬਣਨੀ ਯਕੀਨੀ ਹੈ।

### ਬਾਹਰਲੇ ਬੰਦਿਆਂ ਤੋਂ ਵੀ ਨਹੀਂ ਚੱਲ ਰਹੀ ਸਰਕਾਰ: ਵੜਿੰਗ

**ਰੂਪਨਗਰ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਬਾਹਰਲੇ ਸੂਬਿਆਂ ਦੇ ਲੋਕ ਸਰਕਾਰ ਚਲਾ ਰਹੇ ਹਨ, ਪਰ ਫਿਰ ਵੀ ਸਰਕਾਰ ਤੋਂ ਕੰਮ ਨਹੀਂ ਹੋ ਰਿਹਾ ਅਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਦੇ ਕੰਮਾਂ ਦੀ ਚਿੰਤਾ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਨਵਜੋਤ ਸਿੰਘ ਸਿੱਧੂ ਸਮੇਤ ਸਾਰਿਆਂ ਦਾ ਸਤਿਕਾਰ ਕਰਦੇ ਹਨ ਅਤੇ ਉਨ੍ਹਾਂ ਨੂੰ ਕਿਸੇ ਤੋਂ ਕੋਈ ਅਸੁਰੱਖਿਆ ਨਹੀਂ ਹੈ। ਉਨ੍ਹਾਂ ਕਿਹਾ ਕਿ ਚੰਗੀ ਗੱਲ ਹੈ ਕਿ ਨਵਜੋਤ ਸਿੰਘ ਸਿੱਧੂ ਜਲਦੀ ਹੀ ਘਰ ਵਾਪਸ ਪਰਤ ਰਹੇ ਹਨ ਅਤੇ ਉਹ ਚਾਹੁੰਦੇ ਹਨ ਕਿ ਸ੍ਰੀ ਸਿੱਧੂ ਭਾਰਤ ਜੋੜੋ ਯਾਤਰਾ ਵਿਚ ਸ਼ਾਮਲ ਹੋਣ।

ਪੰਜਾਬ ਟਾਈਮਜ਼

*ਸਨਿਚਰਵਾਰ, 7 ਜਨਵਰੀ 2023*

## ਸਰਕਾਰ ਅਤੇ ਸਿਆਸਤ

ਖਾਸ ਏਜੰਡੇ ਤਹਿਤ ਮਨਮਰਜ਼ੀ ਕਰ ਰਹੀ ਮੋਦੀ ਸਰਕਾਰ ਅਦਾਲਤਾਂ ਰਾਹੀਂ ਆਪਣਾ ਪ੍ਰਭਾਵ ਕਾਇਮ ਕਰਨ ਦੇ ਮਾਮਲੇ ਵਿਚ ਹੁਣ ਦੋ ਕਦਮ ਹੋਰ ਅਗਾਂਹ ਚਲੀ ਗਈ ਹੈ। ਮੁਲਕ ਦੀ ਸੁਪਰੀਮ ਕੋਰਟ ਨੇ ਫੈਸਲਾ ਸੁਣਾਇਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 8 ਨਵੰਬਰ 2016 ਨੂੰ ਕੀਤਾ ਨੋਟਬੰਦੀ ਦਾ ਫੈਸਲਾ ਕਾਨੂੰਨੀ ਤੌਰ 'ਤੇ ਜਾਇਜ਼ ਹੈ। ਜਸਟਿਸ ਅਬਦੁਲ ਨਜ਼ੀਰ ਦੀ ਅਗਵਾਈ ਵਾਲੇ ਪੰਜ ਮੈਂਬਰੀ ਬੈਂਚ ਨੇ ਇਹ ਫੈਸਲਾ 4-1 ਦੇ ਬਹੁਮਤ ਨਾਲ ਦਿੱਤਾ। ਜਸਟਿਸ ਬੀ.ਵੀ. ਨਾਗਰਤਨਾ ਨੇ ਬਹੁਮਤ ਦੇ ਫੈਸਲੇ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਕਿਹਾ ਕਿ ਇਹ ਫੈਸਲਾ ਕਾਨੂੰਨ ਵਿਰੋਧੀ ਸੀ ਕਿਉਂਕਿ ਭਾਰਤੀ ਰਿਜ਼ਰਵ ਬੈਂਕ ਨੇ ਇਸ ਮੁੱਦੇ ਬਾਰੇ ਆਪਣੀ ਰਾਇ ਆਜ਼ਾਦਾਨਾ ਤਰੀਕੇ ਨਾਲ ਨਹੀਂ ਸੀ ਦਿੱਤੀ। ਉਨ੍ਹਾਂ ਮੁਤਾਬਿਕ ਇਹ ਫੈਸਲਾ ਦੇਸ਼ ਦੀ ਸੰਸਦ ਨੂੰ ਕਰਨਾ ਚਾਹੀਦਾ ਸੀ, ਸਰਕਾਰੀ ਹੁਕਮ ਅਨੁਸਾਰ ਨਹੀਂ ਜਿਸ ਤਰ੍ਹਾਂ ਪ੍ਰਧਾਨ ਮੰਤਰੀ ਨੇ ਕੀਤਾ ਸੀ।ਅਜਿਹੇ ਅਹਿਮ ਫੈਸਲੇ ਸੰਸਦ ਵਿਚ ਵਿਚਾਰ-ਵਟਾਂਦਰੇ ਤੋਂ ਬਿਨਾ ਨਹੀਂ ਕੀਤੇ ਜਾਣੇ ਚਾਹੀਦੇ। ਯਾਦ ਰਹੇ ਕਿ ਨੋਟਬੰਦੀ ਕਰ ਕੇ ਮੋਦੀ ਸਰਕਾਰ ਨੇ 1000 ਤੇ 500 ਰੁਪਏ ਦੇ ਕਰੰਸੀ ਨੋਟ ਬੰਦ ਕਰ ਦਿੱਤੇ ਸਨ ਅਤੇ ਸਰਕਾਰ ਦੇ ਇਸ ਫੈਸਲੇ ਨੇ ਦੇਸ਼ ਭਰ ਵਿਚ ਕਾਰੋਬਾਰਾਂ ਅਤੇ ਰੋਜ਼ੀ-ਰੋਟੀ ਨੂੰ ਨੁਕਸਾਨ ਪਹੁੰਚਾਇਆ ਸੀ। ਇਹੀ ਨਹੀਂ, ਨੋਟਬੰਦੀ ਦੇ ਫੈਸਲੇ ਦਾ ਭਾਰਤ ਦੇ ਅਰਥਚਾਰੇ 'ਤੇ ਬਹੁਤ ਮਾੜਾ ਅਸਰ ਪਿਆ ਸੀ ਅਤੇ ਲੱਖਾਂ ਲੋਕਾਂ ਦੀਆਂ ਨੌਕਰੀਆਂ ਜਾਂਦੀਆਂ ਰਹੀਆਂ ਸਨ। ਇਸ ਫੈਸਲੇ ਦੀ ਜ਼ਿਆਦਾ ਮਾਰ ਗਰੀਬ ਅਤੇ ਘੱਟ ਸਾਧਨਾਂ ਵਾਲੇ ਲੋਕਾਂ ਨੂੰ ਝੱਲਣੀ ਪਈ। ਬੈਂਕਾਂ ਸਾਹਮਣੇ ਲਾਈਨਾਂ 'ਚ ਖੜ੍ਹੇ ਕਈ ਵਿਅਕਤੀਆਂ ਦੀਆਂ ਜਾਨਾਂ ਵੀ ਚਲੀਆਂ ਗਈਆਂ ਸਨ।

ਮੋਦੀ ਸਰਕਾਰ ਦੇ ਇਸ ਫੈਸਲੇ ਨਾਲ ਬੇਰੁਜ਼ਗਾਰੀ ਵਿਚ ਵੀ ਤਿੱਖਾ ਵਾਧਾ ਦਰਜ ਕੀਤਾ ਗਿਆ ਸੀ ਜਿਸ ਦਾ ਅਸਰ ਹੁਣ ਤੱਕ ਦਿਖਾਈ ਦੇ ਰਿਹਾ ਹੈ। ਭਾਰਤ ਵਿਚ ਦਸੰਬਰ ਮਹੀਨੇ ਬੇਰੁਜ਼ਗਾਰੀ ਦੀ ਦਰ ਪਿਛਲੇ 16 ਮਹੀਨਿਆਂ ਦੌਰਾਨ ਸਭ ਤੋਂ ਵੱਧ ਰਹੀ ਹੈ। ਨਵੰਬਰ 2022 ਵਿਚ ਇਹ ਦਰ 8 ਫੀਸਦੀ ਸੀ ਜੋ ਦਸੰਬਰ ਵਿਚ ਵਧ ਕੇ 8.3 ਫੀਸਦੀ ਹੋ ਗਈ।ਜ਼ਾਹਿਰ ਹੈ ਕਿ ਬੇਰੁਜ਼ਗਾਰੀ ਦੀ ਸਮੱਸਿਆ ਵਿਕਰਾਲ ਰੂਪ ਧਾਰ ਰਹੀ ਹੈ। ਸਰਕਾਰੀ ਖੇਤਰ ਵਿਚ ਉਪਲਬਧ ਹੋਣ ਵਾਲੀਆਂ ਨੌਕਰੀਆਂ ਸੀਮਤ ਹਨ ਅਤੇਪ੍ਰਾਈਵੇਟ ਖੇਤਰ ਵਿਚ ਖੜੋਤ ਹੈ। ਭਾਰਤ ਵਸਤਾਂ ਦੇ ਉਤਪਾਦਨ ਦੇ ਖੇਤਰ ਵਿਚ ਵੀ ਪਛੜ ਰਿਹਾ ਹੈ। ਇਸ ਕਾਰਨ ਦੂਸਰੇ ਦੇਸ਼ਾਂ ਤੋਂ ਦਰਾਮਦ ਵਧ ਰਹੀ ਹੈ। ਬਾਹਰਲੇ ਦੇਸ਼ਾਂ ਦੇ ਵਪਾਰ ਦੇ ਮਾਮਲੇ ਵਿਚ ਸੰਤੁਲਨ ਭਾਰਤ ਦੇ ਹੱਕ ਵਿਚ ਨਹੀਂ ਹੈ। ਅਸਲ ਮਸਲਾ ਇਹ ਹੈ ਕਿ ਕਾਰਪੋਰੇਟਪੱਖੀ ਨੀਤੀਆਂ ਕਾਰਨ ਵੱਡੇ ਕਾਰਖ਼ਾਨੇ ਤਾਂ ਲੱਗਦੇ ਹਨ ਪਰ ਮਸ਼ੀਨੀਕਰਨ ਹੋਣ ਕਰ ਕੇ ਰੁਜ਼ਗਾਰ ਪੈਦਾ ਨਹੀਂ ਹੁੰਦਾ। ਸਰਕਾਰ ਦਾ ਧਿਆਨ ਰੁਜ਼ਗਾਰ ਵਧਾਉਣ ਵਾਲੀਆਂ ਸਨਅਤਾਂ ਲਗਾਉਣ ਪਾਸੇ ਹੈ ਹੀ ਨਹੀਂ।

ਦੂਜੇ, ਸਰਕਾਰ ਨੇ ਜਿਨ੍ਹਾਂ ਟੀਚਿਆਂ ਲਈ ਨੋਟਬੰਦੀ ਦਾ ਐਲਾਨ ਕੀਤਾ, ਉਹ ਵੀ ਪੂਰੇ ਨਹੀਂ ਹੋਏ ਹਨ। ਸਰਕਾਰ ਦਾ ਐਲਾਨ ਸੀ ਕਿ ਨੋਟਬੰਦੀ ਨਾਲ ਅਤਿਵਾਦੀ ਜਥੇਬੰਦੀਆਂ ਦਾ ਲੱਕ ਟੁੱਟ ਜਾਵੇਗਾ ਪਰ ਜੰਮੂ ਕਸ਼ਮੀਰ ਲਈ ਨਵਾਂ ਸਾਲ ਮਾੜੀਆਂ ਘਟਨਾਵਾਂ ਨਾਲ ਚੜ੍ਹਿਆ ਹੈ। ਮੋਦੀ ਸਰਕਾਰ ਦਾਅਵੇ ਤਾਂ ਬਥੇਰੇ ਕਰਦੀ ਹੈ ਕਿ ਜੰਮੂ ਕਸ਼ਮੀਰ ਵਿਚ ਅਤਿਵਾਦ ਨੂੰ ਕਾਬੂ ਹੇਠ ਕਰ ਲਿਆ ਹੈ; ਇਸ ਕਾਰਜ ਤਹਿਤ ਇਸ ਨੇ ਜੰਮੂ ਕਸ਼ਮੀਰ ਤੋਂ ਰਾਜ ਦਾ ਦਰਜਾ ਖੋਹ ਕੇ ਇਸ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਹੀ ਨਹੀਂ ਸੀ ਬਣਾਇਆ ਸਗੋਂ ਇਸ ਦੇ ਟੁਕੜੇ ਵੀ ਕਰ ਦਿੱਤੇ ਸਨ ਪਰ ਵਾਰਦਾਤਾਂ ਠੱਲ੍ਹੀਆਂ ਨਹੀਂ ਜਾ ਸਕੀਆਂ। ਨਵੇਂ ਸਾਲ ਦੇ ਪਹਿਲੇ ਹੀ ਦਿਨ ਦਹਿਸ਼ਤਗਰਦਾਂ ਨੇ ਸਰਹੱਦੀ ਜ਼ਿਲ੍ਹੇ ਰਾਜੌਰੀ ਵਿਚ ਚਾਰ ਜਾਨਾਂ ਲੈ ਲਈਆਂ। ਅਗਲੇ ਹੀ ਦਿਨ ਹੋਏ ਬੰਬ ਧਮਾਕੇ ਵਿਚ ਦੋ ਬੱਚੇ ਮਾਰੇ ਗਏ। ਚੇਤੇ ਰਹੇ ਕਿ 2019 ਵਿਚ ਸੰਵਿਧਾਨ ਦੀ ਧਾਰਾ 370ਰੱਦ ਕਰ ਕੇ ਜੰਮੂ ਕਸ਼ਮੀਰ ਸੂਬੇ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ- ਜੰਮੂ ਕਸ਼ਮੀਰ ਤੇ ਲੱਦਾਖ ਵਿਚ ਵੰਡ ਦਿੱਤਾ ਗਿਆ ਸੀ। ਉਸ ਸਮੇਂ ਵਿਕਾਸ ਅਤੇ ਅਮਨ ਬਾਰੇ ਵੱਡੇ ਵਾਅਦੇ ਕੀਤੇ ਗਏ। ਹੋਰ ਤਾਂ ਹੋਰ, ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਨੂੰ ਸਿਆਸਤ ਤੋਂ ਦੂਰ ਰੱਖਿਆ ਗਿਆ ਹੈ। ਉਸ ਵਕਤ ਜੰਮੂ ਕਸ਼ਮੀਰ ਦੇ ਲੋਕਾਂ ਤੋਂ ਇੰਟਰਨੈਟ ਤੱਕ ਦੀ ਸਹੂਲਤ ਵੀ ਖੋਹ ਲਈ ਗਈ ਸੀ। ਇਨ੍ਹਾਂ ਕਾਰਨਾਂ ਕਰ ਕੇ ਹੀ ਜੰਮੂ ਕਸ਼ਮੀਰ ਦੇ ਲੋਕਾਂ ਵਿਚ ਬੇਚੈਨੀ ਵਧੀ ਹੈ। ਇਕ ਨਾਬਾਲਗ ਦੁਆਰਾ ਸੁਰੱਖਿਆ ਕਰਮਚਾਰੀ ਤੋਂ ਏ.ਕੇ.-47 ਖੋਹ ਕੇ ਲੈ ਜਾਣਾ ਇਸ ਬੇਚੈਨੀ ਦਾ ਹੀ ਪ੍ਰਤੀਕ ਹੈ। ਅਸਲ ਵਿਚ ਮੋਦੀ ਸਰਕਾਰ ਦਾ ਹਰ ਫੈਸਲਾ ਇਕ ਖਾਸ ਏਜੰਡੇ ਤਹਿਤ ਚਲਾਇਆ ਜਾ ਰਿਹਾ ਹੈ। ਇਹ ਏਜੰਡਾ ਮੁਲਕ ਵਿਚ ਹਿੰਦੂ ਰਾਸ਼ਟਰ ਦੀ ਕਾਇਮੀ ਦਾ ਹੈ। ਇਸ ਏਜੰਡੇ ਤਹਿਤ ਹੀ ਸਭ ਤੋਂ ਪਹਿਲਾਂ ਹੌਲੀ-ਹੌਲੀ ਕਰ ਕੇ ਵੱਖ-ਵੱਖ ਢੰਗ-ਤਰੀਕਿਆਂ ਰਾਹੀਂ ਵਿਰੋਧੀ ਧਿਰ ਨੂੰ ਕਮਜ਼ੋਰ ਕੀਤਾ ਗਿਆ, ਫਿਰ ਇਕ-ਇਕ ਕਰ ਕੇ ਮੁਲਕ ਦੀਆਂ ਜਮਹੂਰੀ ਅਤੇ ਖੁਦਮੁਖਤਾਰ ਸੰਸਥਾਵਾਂ ਨੂੰ ਤਹਿਸ-ਨਹਿਸ ਕੀਤਾ ਗਿਆ। ਅਜਿਹਾ ਕਰਨ ਲਈ ਸਰਕਾਰੀ ਤਾਕਤ ਅਤੇ ਮਸ਼ੀਨਰੀ ਦੀ ਦੁਰਵਰਤੋਂ ਰੱਜ ਕੇ ਕੀਤੀ ਗਈ। ਸੁਪਰੀਮ ਕੋਰਟ ਦੇ ਨੋਟਬੰਦੀ ਬਾਰੇ ਫੈਸਲੇ ਨੂੰ ਇਸੇ ਪ੍ਰਸੰਗ ਵਿਚ ਵਿਚਾਰਨਾ ਚਾਹੀਦਾ ਹੈ। ਕਿਸੇ ਦੇ ਚਿਤ-ਚੇਤੇ ਵੀ ਨਹੀਂ ਸੀ ਕਿ ਸਰਕਾਰ ਅਦਾਲਤਾਂ ਉਤੇ ਪ੍ਰਭਾਵ ਪਾ ਕੇ ਰਾਮ ਮੰਦਰ ਬਣਾਉਣ ਦੇ ਹੱਕ ਵਿਚ ਵੀ ਫੈਸਲੇ ਕਰਵਾ ਲਵੇਗੀ। ਕਹਿੰਦੇ-ਕਹਾਉਂਦੇ ਅਰਥਸ਼ਾਸਤਰੀ ਕਹਿ ਚੁੱਕੇ ਹਨ ਕਿ ਨੋਟਬੰਦੀ ਦੇ ਫੈਸਲੇ ਨਾਲ ਭਾਰਤ ਦੀ ਆਰਥਿਕਤਾ ਉਤੇ ਬਹੁਤ ਮਾੜਾ ਅਸਰ ਪਿਆ ਪਰ ਅਦਾਲਤ ਨੇ ਇਸ ਮਸਲੇ ਨੂੰ ਮਹਿਜ਼ ਤਕਨੀਕੀ ਆਧਾਰ 'ਤੇ ਪਰਖ ਕੇ ਇਸ ਨੂੰ ਕਾਨੂੰਨੀ ਕਰਾਰ ਦੇ ਦਿੱਤਾ ਹੈ ਅਤੇ ਇਸ ਦੇ ਮਾੜੇ ਅਸਰਾਂ ਬਾਰੇ ਵਿਚਾਰ ਤੱਕ ਨਹੀਂ ਕੀਤਾ ਗਿਆ। ਸਾਫ ਜ਼ਾਹਿਰ ਹੈ ਕਿ ਸਰਕਾਰ ਹਰ ਸੰਸਥਾ ਨੂੰ ਆਪਣੀ ਸਹੂਲਤ ਲਈ ਵਰਤ ਰਹੀ ਹੈ। ਹੁਣ 2024 ਵਾਲੀਆਂ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਇਸ ਲਈ ਵਿਰੋਧੀ ਧਿਰ ਨੂੰ ਆਪਸੀ ਮਤਭੇਦ ਪਾਸੇ ਰੱਖ ਕੇ ਆਪਣੀ ਤਾਕਤ ਇਕੱਠੀ ਕਰਨੀ ਚਾਹੀਦੀ ਹੈ ਤਾਂ ਕਿ ਇਸ ਸਰਕਾਰ ਨੂੰ ਸਿਆਸੀ ਪਿੜ ਵਿਚੋਂ ਖਾਰਜ ਕੀਤਾ ਜਾ ਸਕੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਕਰੋਨੇ ਦੀ ਕਰਾਮਾਤ ?

ਸਿਆਸਤਦਾਨ ਹਮੇਸ਼ਾਂ ਹੀ ਕਪਟ ਕਰਕੇ, ਢੰਗ ਵਰਤ ਕੇ 'ਨਵਾਂ' ਕੋਈ ਠੱਗਦਾ ਏ।
ਦਾਅ ਜਿਹੜਾ ਵੀ ਲੱਗਜੇਉਹ ਲਾ ਲੈਂਦੇ, ਚੁੱਲ੍ਹਾ ਸਿਆਸਤ ਦਾ ਇਉਂ ਹੀ ਮਘਦਾ ਏ।
'ਮਿਸ਼ਨ' ਗੁਪਤ ਸਰਕਾਰਾਂ ਦੇ ਸੋਈ ਜਾਣੇ, ਦੀਵਾ ਗਿਆਨ ਦਾ ਜਿਹਦੇ ਸਿਰ ਜਗਦਾ ਏ।
ਪਿਛਲੀ ਵਾਰ ਕਰੋਨੇ ਦੀ ਲਹਿਰ ਵੇਲੇ, ਜੋ ਜੋ ਹੋਇਆ ਸੀ ਪਤਾ ਹੁਣ ਲੱਗਦਾ ਏ।
ਪੰਜਾ ਕਮਲ 'ਤੇ ਭਾਰੀ ਤਾਂ ਨਹੀਂ ਪੈਂਦਾ, ਇਹ ਗੱਲ ਵੀ 'ਅਗਲੀਆਂ' ਘੋਖਦੀ ਏ।
ਹੁਣ ਦੀ ਵਾਰ ਕਰੋਨੇ ਨੇ ਜਾਪਦਾ ਹੈ, 'ਭਾਰਤ ਜੋੜੋ' ਦੀ ਯਾਤਰਾ ਰੋਕਣੀ ਏ!

# ਪੰਜਾਬ ਅੰਦਰ ਭਾਰਤ ਜੋੜੋ ਯਾਤਰਾ ਦੀ ਪ੍ਰਸੰਗਿਕਤਾ

**ਭਾਜਪਾ ਇੱਕ ਖਾਸ ਵਿਚਾਰਧਾਰਾ ਤਹਿਤ ਚੱਲ ਰਹੀ ਹੈ ਜਿਸ ਦਾ ਮੰਤਵ ਘੱਟ ਗਿਣਤੀਆਂ ਨੂੰ ਦਬਾਉਂਦਿਆਂ ਬਹੁ ਗਿਣਤੀ ਨੂੰ ਖ਼ੁਸ਼ ਕਰ ਕੇ ਸੱਤਾ ਵਿਚ ਰਹਿਣਾ ਹੈ। ਇਸ ਵਿਚਾਰਧਾਰਾ ਨੂੰ ਕਾਟ ਕਰਨ ਲਈ ਕਾਂਗਰਸ ਕੋਲ ਕੋਈ ਵਿਚਾਰਧਾਰਕ ਸਟੈਂਡ ਨਹੀਂ। ਭਾਜਪਾ ਵਿਰੋਧੀ ਪਾਰਟੀਆਂ 'ਚੋਂ ਕਾਂਗਰਸ ਭਾਵੇਂ ਸਭ ਤੋਂ ਵੱਡੀ ਪਾਰਟੀ ਹੈ ਪਰ ਇਸ ਪਾਰਟੀ ਲੀਡਰਸ਼ਿਪ ਦੀ ਪਹੁੰਚ ਦੂਜੀਆਂ ਖੇਤਰੀ ਪਾਰਟੀਆਂ ਨੂੰ ਨਾਲ ਲੈ ਕੇ ਚੱਲਣ ਵਾਲੀ ਵੀ ਨਜ਼ਰ ਨਹੀਂ ਆ ਰਹੀ ਹੈ। ਉਂਝ ਵੀ, ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਪਹੁੰਚਣ ਤੋਂ ਪਹਿਲਾਂ ਪੰਜਾਬ ਕਾਂਗਰਸ ਜੁੜਦੀ ਨਜ਼ਰ ਨਹੀਂ ਆ ਰਹੀ।**

ਪੰਜਾਬ ਵਿਚ ਕਾਂਗਰਸ ਆਗੂ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਨੂੰ ਲੈ ਕੇ ਕਾਂਗਰਸੀਆਂ ਦੇ ਨਾਲ-ਨਾਲ ਕਈ ਜਮਹੂਰੀ ਕਹਾਉਣ ਵਾਲੇ ਸ਼ਖ਼ਸ ਵੀ ਪੱਬਾਂ ਭਾਰ ਹਨ। ਵੱਖ-ਵੱਖ ਪ੍ਰਸੰਗਾਂ ਕਾਰਨ ਪੰਜਾਬ ਵਿਚ ਰਾਹੁਲ ਗਾਂਧੀ ਦੀ ਯਾਤਰਾ ਸਭ ਤੋਂ ਵੱਧ ਚਰਚਿਤ ਰਹਿਣ ਵਾਲੀ ਹੈ। ਇਸ ਸਮੇਂ ਇਸ ਯਾਤਰਾ ਦੀ ਪ੍ਰਸੰਗਿਕਤਾ ਜਾਨਣੀ ਅਹਿਮ ਹੈ।

ਕੰਨਿਆਕੁਮਾਰੀ ਤੋਂ 7 ਸਤੰਬਰ ਨੂੰ ਸ਼ੁਰੂ ਹੋਈ 'ਭਾਰਤ ਜੋੜੋ ਯਾਤਰਾ' ਹੁਣ ਤੱਕ ਤਾਮਿਲਨਾਡੂ, ਕੇਰਲ, ਕਰਨਾਟਕ, ਤਿਲੰਗਾਨਾ, ਮਹਾਰਾਸ਼ਟਰ, ਮੱਧ ਪ੍ਰਦੇਸ਼, ਰਾਜਸਥਾਨ, ਹਰਿਆਣਾ, ਦਿੱਲੀ ਵਿਚੋਂ ਲੰਘ ਚੁੱਕੀ ਹੈ। ਹੁਣ ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਵੱਲੋਂ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਭਾਰਤ ਜੋੜੋ ਯਾਤਰਾ



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਦੌਰਾਨ 24 ਦਸੰਬਰ ਨੂੰ ਦਿੱਲੀ ਵਿਚ ਵਾਪਰੇ ਛੋਟੇ ਜਿਹੇ ਘਟਨਾਕ੍ਰਮ ਦਾ ਹਵਾਲਾ ਦਿੰਦਿਆਂ ਮੰਗ ਕੀਤੀ ਗਈ ਹੈ ਕਿ ਚੜ੍ਹਦੀ ਜਨਵਰੀ ਪੰਜਾਬ ਅਤੇ ਜੰਮੂ ਕਸ਼ਮੀਰ ਵਿਚ ਦਾਖਲ ਹੋ ਰਹੀ ਯਾਤਰਾ ਨੂੰ ਜ਼ਿਆਦਾ ਸੁਰੱਖਿਆ ਮੁਹੱਈਆ ਕੀਤੀ ਜਾਵੇ।

ਪੰਜਾਬ ਦਾ ਅਕਸਰ 'ਸੱਤਾ' ਤੋਂ ਬਾਗੀ ਰਹਿਣ ਵਾਲਾ ਇਤਿਹਾਸ ਆਪਣੇ ਅੰਦਰ ਬਹੁਤ ਕੁਝ ਸਮੋਈ ਬੈਠਾ ਹੈ। ਆਰ.ਐਸ.ਐਸ. ਤੇ ਭਾਜਪਾ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਆਪਣਾ ਫਿਰਕੂ ਪੱਤਾ ਪੰਜਾਬ 'ਚ ਚਲਾ ਨਹੀਂ ਸਕੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਮ ਆਦਮੀ ਪਾਰਟੀ ਦੀ ਅਖੌਤੀ ਬਦਲਾਓ ਦੀਆਂ ਜੜ੍ਹਾਂ ਵੀ ਪੰਜਾਬੀਆਂ ਨੇ ਹੀ ਲਵਾਈਆਂ ਹਨ। ਕਾਂਗਰਸ ਪਾਰਟੀ ਭਾਰਤੀ ਰਾਜਨੀਤੀ ਵਿਚ ਆਪਣੀ ਪੁਨਰ ਸੁਰਜੀਤੀ ਦਾ ਰਸਤਾ ਪੰਜਾਬ ਰਾਹੀਂ ਵੇਖ ਰਹੀ ਹੈ।

ਇਹ ਵੀ ਤੱਥ ਹੈ ਕਿ ਵੋਟ ਰਾਜਨੀਤੀ ਵਿਚ 'ਉੱਤਰ ਕਾਟੋ ਮੇਰੀ ਵਾਰੀ' ਦੀ ਖੇਡ ਚੱਲਦੀ ਹੈ। ਲੋਕ ਇੱਕ ਪਾਰਟੀ ਤੋਂ ਅੱਕ ਕੇ ਉਸ ਨੂੰ ਹਰਾਉਣ ਲਈ ਵੋਟ ਪਾਉਂਦੇ ਹਨ ਜਿਸ ਦੇ ਨਤੀਜੇ ਵਜੋਂ ਦੂਜੀ ਪਾਰਟੀ ਜਾਂ ਸੰਭਾਵੀ 'ਬਦਲ' ਜਿੱਤ ਜਾਂਦਾ ਹੈ; ਇਸ ਦਾ ਇਹ ਮਤਲਬ ਹਰਗਿਜ਼ ਨਹੀਂ ਕੱਢਿਆ ਜਾ ਸਕਦਾ ਹੈ ਕਿ ਵੋਟਾਂ ਜਿੱਤਣ ਵਾਲੀ ਪਾਰਟੀ ਦੀ ਲੋਕਾਂ ਵਿਚ ਹਰਮਨ-ਪਿਆਰਤਾ ਬਹੁਤ ਜ਼ਿਆਦਾ ਸੀ। ਲੰਘੀਆਂ ਵਿਧਾਨ ਸਭਾ ਚੋਣਾਂ 'ਚ ਵੀ ਪੰਜਾਬ ਦੇ ਲੋਕ ਕਾਂਗਰਸ, ਅਕਾਲੀ-ਭਾਜਪਾ ਦੀ ਸੱਤਾ ਤੋਂ ਅੱਕ ਚੁੱਕੇ ਸਨ, ਇਸ ਲਈ ਉਹਨਾਂ ਨੇ ਇਹਨਾਂ ਪਾਰਟੀਆਂ ਨੂੰ ਹਰਾਉਣ ਲਈ ਵੋਟ ਪਾਈ। ਨਤੀਜੇ ਵਜੋਂ 'ਆਪ' ਸੱਤਾ ਹਾਸਲ ਕਰਨ ਵਿਚ ਕਾਮਯਾਬ ਰਹੀ। ਹੁਣ ਲੋਕ 'ਆਪ' ਸਰਕਾਰ ਦੇ ਪਿਛਲੇ 9 ਮਹੀਨਿਆਂ ਦੇ ਕਾਰਜਕਾਲ ਤੋਂ ਵੀ ਬੁਰੀ ਤਰ੍ਹਾਂ ਅੱਕ ਚੁੱਕੇ ਹਨ, ਇਸ ਲਈ ਕਾਂਗਰਸ ਇਸ ਮੂਡ ਵਿਚ ਹੈ ਕਿ ਸ਼ਾਇਦ ਹੁਣ ਉਹਨਾਂ ਦਾ ਦਾਅ ਲੱਗ ਜਾਵੇ। 'ਆਪ' ਸਰਕਾਰ ਬੇਰੁਜ਼ਗਾਰੀ, ਨਸ਼ਿਆਂ ਦਾ ਫੈਲਾਅ, ਗੈਂਗਸਟਰਾਂ ਦਾ ਬੋਲਬਾਲਾ ਜਿਹੇ ਮਸਲਿਆਂ ਨੂੰ ਹੱਲ ਵਿਚ ਨਾਕਾਮ ਰਹੀ ਹੈ ਜਿਸ ਕਾਰਨ ਸਾਰੀਆਂ ਹੀ ਰਵਾਇਤੀ ਪਾਰਟੀਆਂ ਪੰਜਾਬ ਦੀ ਸਿਆਸਤ ਵਿਚ ਮੁੜ ਆਪਣੀ ਜ਼ਮੀਨ ਤਲਾਸ਼ ਰਹੀਆਂ ਹਨ।

ਦੇਸ਼ ਦੇ ਬੁੱਧੀਜੀਵੀਆਂ ਅਤੇ ਪੰਜਾਬ ਦੇ ਜਮਹੂਰੀ ਹਲਕਿਆਂ ਦਾ ਇੱਕ ਹਿੱਸਾ ਭਾਜਪਾ ਦੀ ਫਿਰਕੂ ਫਾਸ਼ੀਵਾਦੀ ਰਾਜਨੀਤੀ ਦਾ ਸਿਆਸੀ ਬਦਲ ਕਾਂਗਰਸ ਜਾਂ ਰਾਹੁਲ ਗਾਂਧੀ ਵਿਚੋਂ ਵੇਖ ਰਿਹਾ ਹੈ ਪਰ ਜਜ਼ਬਾਤੀ ਹੋਣ ਤੋਂ ਪਹਿਲਾਂ ਸਾਡੇ ਲਈ ਇਹ ਸਮਝਣਾ ਬੇਹੱਦ ਜ਼ਰੂਰੀ ਹੈ ਕਿ ਭਾਰਤ ਦੇ ਜਮਹੂਰੀ ਕਹੇ ਜਾਣ ਵਾਲੇ ਇਸ ਢਾਂਚੇ ਵਿਚ ਆਖਿਰ ਆਰ.ਐਸ.ਐਸ./ਭਾਜਪਾ ਪ੍ਰਫੁੱਲਿਤ ਕਿਵੇਂ ਹੋਈ ਹੈ। ਜੇ ਅਸੀਂ ਇਸ ਸਵਾਲ ਨੂੰ ਹੱਲ ਕਰਨ ਲਈ ਖੋਜਲਾਂਗੇ ਤਾਂ ਸਾਨੂੰ ਇਸ ਸਵਾਲ ਦਾ ਜਵਾਬ ਮਿਲ ਸਕਦਾ ਹੈ ਕਿ ਰਾਹੁਲ ਜਾਂ ਇਕੱਲੀ ਕਾਂਗਰਸ ਭਾਜਪਾ ਦਾ ਸਿਆਸੀ ਬਦਲ ਬਣ ਸਕਦੀ ਹੈ?



ਸੱਚ ਤਾਂ ਇਹ ਹੈ ਕਿ ਕਾਂਗਰਸ ਪਾਰਟੀ ਨੇ ਆਰ.ਐਸ.ਐਸ. ਵਰਗੇ ਸੰਗਠਨ ਨੂੰ ਭਾਰਤ ਵਿਚ ਫੈਲਣ ਲਈ ਬੇਹੱਦ ਰਿਆਇਤਾਂ ਮੁਹੱਈਆ ਕੀਤੀਆਂ ਹਨ। ਬਾਬਰੀ ਮਸਜਿਦ ਢਾਹੇ ਜਾਣ ਦੀ ਯੋਜਨਾਬੱਧ ਕਾਰਵਾਈ ਅਤੇ ਉਸ ਤੋਂ ਬਾਅਦ ਮੁਸਲਿਮ ਭਾਈਚਾਰੇ ਦੇ ਕਤਲੇਆਮ ਵਿਚ ਮਾਰੇ ਗਏ 2000 ਦੇ ਕਰੀਬ ਲੋਕਾਂ ਦੇ ਮਾਮਲੇ ਵਿਚ ਕਾਂਗਰਸ ਨੇ ਸੱਤਾ ਵਿਚ ਰਹਿੰਦਿਆਂ ਕੋਈ ਠੋਸ ਕਾਰਵਾਈ ਕਰਨ ਦੀ ਜੁਅਰਤ ਨਹੀਂ ਕੀਤੀ। ਕਾਂਗਰਸ ਪਾਰਟੀ ਦੇ ਆਗੂਆਂ ਦੀ ਅਗਵਾਈ ਹੇਠ 1984 ਦੌਰਾਨ ਦਿੱਲੀ ਸਮੇਤ ਦੇਸ਼ ਦੇ ਕਈ ਹਿੱਸਿਆਂ ਵਿਚ ਘੱਟ ਗਿਣਤੀ ਸਿੱਖ ਭਾਈਚਾਰੇ ਦੇ ਕਤਲ ਕਰਨ ਅਤੇ ਉਸ ਤੋਂ ਬਾਅਦ ਕਾਤਲਾਂ ਨੂੰ ਬਚਾਉਣ ਵਿਚ ਨਿਭਾਈ ਭੂਮਿਕਾ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ ਹੈ।

ਭਾਜਪਾ ਇੱਕ ਖਾਸ ਵਿਚਾਰਧਾਰਾ ਤਹਿਤ ਚੱਲ ਰਹੀ ਹੈ ਜਿਸ ਦਾ ਮੰਤਵ ਘੱਟ ਗਿਣਤੀਆਂ ਨੂੰ ਦਬਾਉਂਦਿਆਂ ਬਹੁ ਗਿਣਤੀ ਨੂੰ ਖ਼ੁਸ਼ ਕਰ ਕੇ 'ਸੱਤਾ' ਵਿਚ ਬਣੇ ਰਹਿਣਾ ਹੈ ਤੇ ਇਸ ਵਿਚਾਰਧਾਰਾ ਨੂੰ ਕਾਟ ਕਰਨ ਲਈ ਕਾਂਗਰਸ ਕੋਲ ਕੋਈ ਵਿਚਾਰਧਾਰਕ ਸਟੈਂਡ ਨਹੀਂ ਹੈ। ਕਾਂਗਰਸ ਪਾਰਟੀ ਦੀ ਲੀਡਰਸ਼ਿਪ ਬਾਕੀਆਂ ਵਾਂਗ ਸਿਰਫ ਤੇ ਸਿਰਫ ਸੱਤਾ ਲਈ ਮੌਕਾਪ੍ਰਸਤ ਹੈ। ਇਸੇ ਕਰ ਕੇ ਪਿਛਲੇ ਦਿਨੀਂ ਪਾਰਟੀ ਨੂੰ ਸੱਤਾ ਤੋਂ ਦੂਰ ਵੇਖ ਕੇ ਪਾਰਟੀ ਦੇ ਪੰਜਾਬ ਦੇ ਮੁੱਖ ਆਗੂ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ, ਰਾਜ ਕੁਮਾਰ ਵੇਰਕਾ ਆਦਿ ਭਾਜਪਾ ਵਿਚ ਚਲੇ ਗਏ। ਚਾਰ ਦਹਾਕੇ ਕਾਂਗਰਸ ਦੀ ਲੀਡਰਸ਼ਿਪ ਵਿਚ ਰਹਿਣ ਵਾਲੇ ਆਗੂ ਜੇ ਮਾੜੇ ਜਿਹੇ ਰੋਸੇ ਨਾਲ ਭਾਜਪਾ ਦਾ ਲੜ ਫੜ ਸਕਦੇ ਹਨ ਤਾਂ ਅਸੀਂ ਇਸ ਤਰ੍ਹਾਂ ਦੀ ਲੀਡਰਸ਼ਿਪ ਤੋਂ ਭਾਜਪਾ ਦਾ ਬਦਲ ਬਣਨ ਦੀ ਕਾਮਨਾ ਕਿਵੇਂ ਕਰ ਸਕਦੇ ਹਾਂ? ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਕਾਂਗਰਸ ਦਾ ਅੱਜ ਤੱਕ ਦਾ ਕਿਰਦਾਰ ਲੋਕ ਵਿਰੋਧੀ ਰਿਹਾ ਹੈ ਤੇ ਭਾਜਪਾ ਵਰਗੀ ਲੋਕ ਵਿਰੋਧੀ ਫਿਰਕੂ ਪਾਰਟੀ ਦੇ ਉਭਾਰ ਵਿਚ ਇਸ ਦਾ ਖਾਸ ਯੋਗਦਾਨ ਹੈ।

ਭਾਜਪਾ ਵਿਰੋਧੀ ਪਾਰਟੀਆਂ ਵਿਚੋਂ ਕਾਂਗਰਸ ਭਾਵੇਂ ਸਭ ਤੋਂ ਵੱਡੀ ਪਾਰਟੀ ਹੈ ਪਰ ਇਹ ਵੀ ਤੱਥ ਹੈ ਕਿ ਇਸ ਪਾਰਟੀ ਲੀਡਰਸ਼ਿਪ ਦੀ ਪਹੁੰਚ ਦੂਜੀਆਂ ਖੇਤਰੀ ਪਾਰਟੀਆਂ ਨੂੰ ਨਾਲ ਲੈ ਕੇ ਚੱਲਣ ਵਾਲੀ ਵੀ ਨਜ਼ਰ ਨਹੀਂ ਆ ਰਹੀ ਹੈ। ਭਾਜਪਾ ਲੀਡਰਸ਼ਿਪ ਨੇ ਕੁਝ ਸਮਾਂ ਪਹਿਲਾਂ ਆਪਣੇ ਵਰਕਰਾਂ ਨੂੰ 'ਕਾਂਗਰਸ ਮੁਕਤ ਭਾਰਤ' ਦਾ ਨਾਅਰਾ ਦਿੱਤਾ ਸੀ ਤੇ ਇਹ ਨਾਅਰਾ ਦੇਣ ਤੋਂ ਬਾਅਦ ਭਾਜਪਾ ਨੇ ਕਾਂਗਰਸ ਨੂੰ ਸਿਆਸੀ ਤੌਰ 'ਤੇ ਬਹੁਤ ਢਾਅ ਲਾਈ ਹੈ। ਹੁਣ ਹੌਲੀ-ਹੌਲੀ ਇਹ ਨਾਅਰਾ 'ਵਿਰੋਧੀ ਧਿਰਾਂ ਮੁਕਤ ਭਾਰਤ' ਦੇ ਰੂਪ ਵਿਚ ਵੀ ਵਿਖਾਈ ਦੇਣ ਲੱਗਾ ਹੈ। ਈ.ਡੀ., ਸੀ.ਬੀ.ਆਈ., ਐਨ.ਆਈ.ਏ. ਵਰਗੀਆਂ ਏਜੰਸੀਆਂ ਕੇਂਦਰ ਸਰਕਾਰ ਦੇ ਇਸ਼ਾਰੇ ਤਹਿਤ ਲੱਗੀਆਂ ਹੋਈਆ ਹਨ। ਅਜਿਹੇ ਵਿਚ ਇਸ ਸਵਾਲ ਦੀ ਮਹੱਤਤਾ ਹੋਰ ਜ਼ਿਆਦਾ ਵਧ ਜਾਂਦੀ ਹੈ ਕਿ ਭਾਜਪਾ ਦਾ ਬਦਲ ਕੀ ਹੋਵੇਗਾ?

ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਪਹੁੰਚਣ ਤੋਂ ਪਹਿਲਾਂ ਪੰਜਾਬ ਕਾਂਗਰਸ ਜੁੜਦੀ ਨਜ਼ਰ ਨਹੀਂ ਆ ਰਹੀ ਹੈ। ਪੰਜਾਬ ਵਿਚ ਕਾਂਗਰਸ ਦੀ ਲੀਡਰਸ਼ਿਪ ਦਾ ਵੱਡਾ ਹਿੱਸਾ ਭਾਜਪਾ ਵਿਚ ਸ਼ਾਮਲ ਹੋ ਚੁੱਕਾ ਹੈ ਤੇ ਬਚੀ-ਖੁਚੀ ਕਾਂਗਰਸ ਦੇ ਕਈ ਗੁੱਟ ਇੱਕ ਦੂਜੇ ਨੂੰ ਠਿੱਬੀ ਲਾਉਣ ਲਈ ਤਤਪਰ ਨਜ਼ਰ ਆ ਰਹੇ ਹਨ। ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਸੂਬੇ ਦੀ ਸੱਤਾ ਧਿਰ ਨਾਲ ਘੱਟ ਉਲਝ ਰਹੇ ਹਨ ਬਲਕਿ ਕਾਂਗਰਸ ਦੇ ਕੁੱਝ ਲੀਡਰਾਂ ਨਾਲ ਜ਼ਿਆਦਾ ਉਲਝ ਰਹੇ ਹਨ।

ਭਾਰਤੀ ਜਨਤਾ ਪਾਰਟੀ ਵੱਲੋਂ ਕਾਂਗਰਸ ਦੀ ਇਸ ਯਾਤਰਾ 'ਤੇ ਕੋਈ ਸਿਆਸੀ ਟਿੱਪਣੀ ਕਰਨ ਦੀ ਥਾਂ ਜਾਣਬੁੱਝ ਕੇ ਰਾਹੁਲ ਗਾਂਧੀ ਦੇ ਪਹਿਰਾਵੇ, ਟੀ-ਸ਼ਰਟ, ਉਸ ਦੀ ਦਿੱਖ 'ਤੇ ਵਾਰ-ਵਾਰ ਨਿੱਜੀ ਟਿੱਪਣੀਆਂ ਕਰ ਕੇ ਸਿਆਸੀ ਮਾਹੌਲ ਨੂੰ ਮਜ਼ਾਕੀਆਂ ਲਹਿਜੇ ਵਿਚ ਮੋੜਾ ਦੇ ਰਹੇ ਹਨ। ਭਾਜਪਾ ਚਾਹੁੰਦੀ ਹੈ ਕਿ ਰਾਹੁਲ ਗਾਂਧੀ ਬਾਰੇ ਮੀਡੀਆ 'ਚ ਚਰਚਾ ਮਜ਼ਾਕੀਆ ਹੀ ਬਣੀ ਰਹੇ।

ਇਸ ਯਾਤਰਾ ਦੌਰਾਨ ਰਾਹੁਲ ਗਾਂਧੀ ਨੇ ਅੰਬਾਨੀ-ਅਡਾਨੀ ਨੂੰ ਨਿਸ਼ਾਨੇ 'ਤੇ ਲੈਂਦਿਆਂ ਬਹੁਤ ਸਾਰੇ ਬਿਆਨ ਜਾਰੀ ਕੀਤੇ ਹਨ ਪਰ ਕਾਂਗਰਸ ਦੀ ਸੱਤਾ ਸਮੇਂ ਇਹਨਾਂ ਸਮੇਤ ਅਨੇਕਾਂ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੀ ਪੂਰਤੀ ਕੀਤੀ ਜਾਂਦੀ ਰਹੀ ਹੈ। ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੀ ਪੂਰਤੀ ਵਾਲੀਆਂ ਵਿਸ਼ਵੀਕਰਨ, ਉਦਾਰੀਕਰਨ, ਨਿੱਜੀਕਰਨ ਵਰਗੀਆਂ ਨੀਤੀਆਂ ਇਸੇ ਪਾਰਟੀ ਦੀ ਦੇਣ ਹਨ। ਦਰਅਸਲ, ਇਤਿਹਾਸਕ ਕਿਸਾਨ ਅੰਦੋਲਨ ਨੇ ਮੋਦੀ ਹਕੂਮਤ ਪਿਛਲੇ ਕਾਰਪੋਰੇਟ ਘਰਾਣਿਆਂ ਨੂੰ ਲੋਕਾਂ ਸਾਹਮਣੇ ਰੱਖਿਆ ਤੇ ਵਗਦੀ ਗੰਗਾ ਵਿਚ ਹੱਥ ਧੋਣ ਵਾਂਗ ਮੌਕਾ ਵੇਖ ਰਾਹੁਲ ਗਾਂਧੀ ਨੇ ਵੀ ਕੁਝ ਚੁਣਵੇਂ ਕਾਰਪੋਰੇਟ ਘਰਾਣਿਆਂ ਖਿਲਾਫ ਬੋਲਣਾ ਸ਼ੁਰੂ ਕਰ ਦਿੱਤਾ ਹੈ।

ਪੰਜਾਬ ਦੀ ਪਿਛਲੀ ਕਾਂਗਰਸ ਸਰਕਾਰ ਸਮੇਂ ਹੋਏ ਘੁਟਾਲਿਆਂ ਕਾਰਨ ਕਈ ਸਾਬਕਾ ਮੰਤਰੀ ਵਿਜੀਲੈਂਸ ਜਾਂਚ ਦਾ ਸਾਹਮਣਾ ਕਰ ਰਹੇ ਹਨ ਤੇ ਕਈ ਤਾਂ ਜੇਲ੍ਹ ਵੀ ਜਾ ਚੁੱਕੇ ਹਨ। ਹੁਣ ਉਹੀ ਕਾਂਗਰਸੀ ਆਗੂ ਭਾਰਤ ਜੋੜੋ ਯਾਤਰਾ ਦੌਰਾਨ ਮੋਹਰੀ ਕਤਾਰ ਵਿਚ ਨਜ਼ਰ ਆਉਣਗੇ। ਲੰਘੀਆਂ ਵਿਧਾਨ ਸਭਾ ਚੋਣਾਂ ਸਮੇਂ ਗਾਂਧੀ ਪਰਿਵਾਰ ਨੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਵਜੋਂ ਉਭਾਰਿਆ ਸੀ ਪਰ ਚੋਣਾਂ ਨਿਬੜਦੇ ਹੀ ਚਰਨਜੀਤ ਸਿੰਘ ਚੰਨੀ ਵਿਦੇਸ਼ ਉਡਾਰੀ ਮਾਰ ਗਏ ਤੇ 7 ਮਹੀਨੇ ਤੋਂ ਜ਼ਿਆਦਾ ਸਮਾਂ ਵਿਦੇਸ਼ ਵਿਚ ਬਤੀਤ ਕਰ ਕੇ ਹੁਣ ਪਰਤੇ ਹਨ। ਚੰਨੀ ਦੇ ਵਿਦੇਸ਼ ਵਿਚ ਸਮਾਂ ਬਤੀਤ ਕਰਨ ਪਿੱਛੇ ਮੁੱਖ ਕਾਰਨ ਕਈ ਮਸਲਿਆਂ ਵਿਚ ਉਸ ਖਿਲਾਫ ਸੂਬਾ ਸਰਕਾਰ ਵੱਲੋਂ ਕੀਤੀ ਜਾਣ ਵਾਲੀ ਸੰਭਾਵੀ ਕਾਰਵਾਈ ਮੰਨਿਆ ਜਾਂਦਾ ਹੈ। ਅਜਿਹੇ ਆਗੂਆਂ ਤੋਂ ਇਹ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ ਕਿ ਉਹ ਲੋਕਾਂ ਦੇ ਮੰਗਾਂ ਮਸਲਿਆਂ ਦੇ ਹੱਲ ਲਈ ਸੰਜੀਦਾ ਹਨ।

ਮਹਿੰਗਾਈ, ਬੇਰੁਜ਼ਗਾਰੀ, ਗਰੀਬੀ, ਹਕੂਮਤ ਵੱਲੋਂ ਪੈਦਾ ਕੀਤੀ ਜਾ ਰਹੀ ਫਿਰਕਾਪ੍ਰਸਤੀ ਕਾਰਨ ਬਣੇ ਮਾਹੌਲ ਦੌਰਾਨ ਦੇਸ਼ ਭਰ ਵਿਚ ਲੋਕਾਂ ਦਾ ਜਿਊਣਾ ਮੁਹਾਲ ਹੋ ਰਿਹਾ ਹੈ ਤੇ ਅਜਿਹੇ ਵਿਚ ਇਨਕਲਾਬੀ ਜਮਹੂਰੀ ਧਿਰਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਲੋਕਾਂ ਨੂੰ ਹਕੀਕੀ ਬਦਲਾਓ ਲਈ ਪ੍ਰੇਰਨ। ਕਾਂਗਰਸ ਆਗੂ ਰਾਹੁਲ ਗਾਂਧੀ ਦੀ ਸਿਆਸਤ ਭਾਜਪਾ ਅਤੇ ਕੇਜਰੀਵਾਲ ਦੇ ਅਖੌਤੀ ਬਦਲਾਉ ਤੋਂ ਕਿਸੇ ਵੀ ਤਰ੍ਹਾਂ ਵੱਖਰੀ ਨਹੀਂ ਹੈ। ਅਜਿਹੇ ਬਦਲਾਉ ਦਾ ਮਤਲਬ ਸਿਰਫ ਚਿਹਰਿਆਂ ਦੀ ਤਬਦੀਲੀ ਹੈ।

# ਧਰਮ-ਬਦਲੀ ਦੇ ਨਾਂ 'ਤੇ ਆਦਿਵਾਸੀਆਂ ਵਿਰੁੱਧ ਹਿੰਸਾ

ਆਰ.ਐੱਸ.ਐੱਸ.-ਭਾਜਪਾ ਦੀ ਵਿਚਾਰਧਾਰਕ ਡਿਕਸ਼ਨਰੀ ਵਿਚ ਮੁਸਲਮਾਨਾਂ ਅਤੇ ਕਮਿਊਨਿਸਟਾਂ ਤੋਂ ਬਾਅਦ ਤੀਜੇ ਦੁਸ਼ਮਣ ਇਸਾਈ ਹਨ। ਇਸਾਈਆਂ ਨੂੰ ਦਬਾਉਣ ਲਈ ਸੰਘ ਅਤੇ ਇਸ ਦੀਆਂ ਵੱਖ-ਵੱਖ ਜਥੇਬੰਦੀਆਂ ਕੋਈ ਨਾ ਕੋਈ ਮੁੱਦਾ ਖੜ੍ਹਾ ਕਰੀ ਰੱਖਦੀਆਂ ਹਨ। ਇਸਾਈ ਭਾਈਚਾਰੇ ਵਿਰੁੱਧ ਹਿੰਦੂਤਵੀ ਹਿੰਸਾ ਸਿਰਫ਼ ਉਦੋਂ ਹੀ ਚਰਚਾ ਵਿਚ ਆਉਂਦੀ ਹੈ ਜਦੋਂ ਕੋਈ ਵੱਡਾ ਕਾਂਡ ਵਾਪਰਦਾ ਹੈ। ਇਸਾਈਆਂ ਵਿਰੁੱਧ ਹਿੰਦੂਤਵੀ ਦਹਿਸ਼ਤਵਾਦ ਦਾ ਇਕ ਬੇਹੱਦ ਘਿਨਾਉਣਾ ਕਾਰਾ 22 ਜਨਵਰੀ 1999 ਦੀ ਰਾਤ ਨੂੰ ਉੜੀਸਾ ਦੇ ਕਿਓਂਝਰ ਜ਼ਿਲ੍ਹੇ ਵਿਚ ਇਸਾਈ ਪਾਦਰੀ ਡਾ. ਗ੍ਰਾਹਮ ਸਟੇਨਜ਼ ਅਤੇ ਉਸ ਦੇ ਦੋ ਨਾਬਾਲਿਗ ਬੱਚਿਆਂ ਨੂੰ ਬਜਰੰਗ ਦਲ ਦੇ ਗੁੰਡਿਆਂ ਵੱਲੋਂ ਜ਼ਿੰਦਾ ਸਾੜ ਦੇਣਾ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਸੀ ਜਿਸ ਨੇ ਭਾਰਤ ਵਿਚ ਘੱਟ ਗਿਣਤੀ ਇਸਾਈ ਭਾਈਚਾਰੇ ਦੀ ਚਿੰਤਾਜਨਕ ਹਾਲਤ ਵੱਲ ਧਿਆਨ ਖਿੱਚਿਆ ਸੀ ਪਰ ਜੋ ਧੀਮੀ ਸੁਰ ਵਾਲੀ ਹਿੰਸਾ ਰੋਜ਼ ਵਾਪਰਦੀ ਹੈ, ਉਸ ਦਾ ਸ਼ਾਇਦ ਹੀ ਕਦੇ ਨੋਟਿਸ ਲਿਆ ਜਾਂਦਾ ਹੈ। 2014 'ਚ ਕੇਂਦਰ ਵਿਚ ਹਿੰਦੂਤਵੀ ਸਰਕਾਰ ਬਣਨ ਤੋਂ ਬਾਅਦ ਅਜਿਹੀ ਹਿੰਸਾ ਵਿਚ ਖ਼ਾਸ ਤੇਜ਼ੀ ਆਈ ਹੈ। ਹਿੰਦੂਤਵੀ ਗਰੋਹਾਂ ਵੱਲੋਂ ਕਈ ਸ਼ਹਿਰਾਂ ਵਿਚ ਇਸਾਈ ਚਰਚਾਂ ਦੀ ਭੰਨਤੋੜ ਅਤੇ ਕ੍ਰਿਸਮਸ ਦੇ ਸਮਾਗਮਾਂ 'ਚ ਖ਼ਲਲ ਇਸੇ ਦਾ ਹਿੱਸਾ ਹੈ।

ਆਦਿਵਾਸੀ ਇਲਾਕਿਆਂ ਵਿਚ ਧਰਮ-ਬਦਲੀ ਦੀ ਸਮੱਸਿਆ ਹੋਰ ਵੀ ਗੁੰਝਲਦਾਰ ਹੈ। ਇਕ ਪਾਸੇ ਆਦਿਵਾਸੀ ਸੰਤਾਪੀ ਜ਼ਿੰਦਗੀ ਤੋਂ ਰਾਹਤ ਲੈਣ ਲਈ ਰਵਾਇਤੀ ਕਬਾਇਲੀ ਰੀਤੀ-ਰਿਵਾਜ ਛੱਡ ਕੇ ਇਸਾਈ ਮਿਸ਼ਨਰੀਆਂ ਦੇ ਪ੍ਰਭਾਵ ਹੇਠ ਇਸਾਈ ਬਣ ਰਹੇ ਹਨ; ਦੂਜੇ ਪਾਸੇ ਆਰ.ਐੱਸ.ਐੱਸ. ਦੇ ਕਾਰਿੰਦੇ ਉਨ੍ਹਾਂ ਨੂੰ ਇਹ ਜਚਾ ਕੇ ਹਿੰਦੂ ਧਰਮ ਵਿਚ 'ਘਰ ਵਾਪਸੀ' ਕਰਾਉਣ ਲਈ ਸਿਰ-ਤੋੜ ਯਤਨ ਕਰ ਰਹੇ ਹਨ ਕਿ ਉਨ੍ਹਾਂ ਦੇ ਦੇਵੀ-ਦੇਵਤੇ ਹਿੰਦੂ ਧਰਮ ਦਾ ਹਿੱਸਾ ਸਨ। ਉਹ ਇਸਾਈ ਧਰਮ ਨੂੰ ਬਾਹਰੋਂ ਆਇਆ ਧਰਮ ਦੱਸ ਕੇ ਇਸ ਵਿਰੁੱਧ ਨਫ਼ਰਤ ਫੈਲਾਉਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੰਦੇ। ਉਹ ਕਹਿੰਦੇ ਹਨ ਕਿ ਹਿੰਦੂਆਂ ਨੂੰ ਵਰਗਲਾ ਕੇ ਅਤੇ ਲਾਲਚ ਦੇ ਕੇ ਇਸਾਈ ਬਣਾਇਆ ਜਾ ਰਿਹਾ ਹੈ। ਬਜਰੰਗ ਦਲ ਵਰਗੇ ਹਿੰਦੂ ਅਤਿਵਾਦੀ ਗਰੁੱਪ ਇਸਾਈ ਪ੍ਰਚਾਰਕਾਂ ਨੂੰ ਦਹਿਸ਼ਤਜ਼ਦਾ ਕਰ ਕੇ ਭਜਾਉਣ ਲਈ ਰਾਜਕੀ ਪੁਸ਼ਤ-ਪਨਾਹੀ ਨਾਲ ਸ਼ਰੇਆਮ ਹਿੰਸਕ ਮੁਹਿੰਮਾਂ ਚਲਾਉਂਦੇ ਹਨ। ਆਦਿਵਾਸੀ ਸਮਾਜ ਵਿਚ ਪਾਟਕ ਪਾਉਣ ਅਤੇ ਉਨ੍ਹਾਂ ਦੀ ਭਾਈਚਾਰਕ ਇਕਜੁੱਟਤਾ ਨੂੰ ਤੋੜਨ ਲਈ ਹਿੰਦੂ ਬਨਾਮ ਇਸਾਈ ਦਾ ਟਕਰਾਓ ਬਹੁਤ ਹੀ ਸ਼ਾਤਰਾਨਾ ਤਰੀਕੇ ਨਾਲ ਖੜ੍ਹਾ ਕੀਤਾ ਜਾ ਰਿਹਾ ਹੈ। ਐਸੀਆਂ ਚਾਲਾਂ ਦਾ ਹੀ ਨਤੀਜਾ ਹੈ ਕਿ ਛੱਤੀਸਗੜ੍ਹ ਦੇ ਦੋ ਜ਼ਿਲ੍ਹਿਆਂ ਵਿਚ ਇਹ ਟਕਰਾਓ ਪਿਛਲੇ ਦਿਨੀਂ ਇਸਾਈ ਆਦਿਵਾਸੀਆਂ ਨੂੰ ਪਿੰਡਾਂ ਵਿਚੋਂ ਉਜਾੜਨ ਦੀ ਹੱਦ ਤੱਕ ਪਹੁੰਚ ਗਿਆ ਹੈ। ਇਕੱਲਾ ਸੰਘ ਪਰਿਵਾਰ ਹੀ ਨਹੀਂ, ਇਸਾਈ ਭਾਈਚਾਰਾ ਕੱਟੜਪੰਥੀ ਸਿੱਖ ਜਥੇਬੰਦੀਆਂ ਦੇ ਵੀ ਨਿਸ਼ਾਨੇ 'ਤੇ ਹੈ। ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਅਤੇ ਕੁਝ ਹੋਰ ਇਲਾਕਿਆਂ ਵਿਚ ਦਲਿਤਾਂ ਵੱਲੋਂ ਇਸਾਈ ਧਰਮ ਅਪਣਾਉਣ ਦਾ ਰੁਝਾਨ ਹੈ ਅਤੇ ਕੱਟੜਪੰਥੀ ਤਾਕਤਾਂ ਇਸ ਧਰਮ-ਬਦਲੀ ਨੂੰ ਸਿੱਖ ਧਰਮ ਵਿਰੁੱਧ ਵੱਡੀ ਸਾਜ਼ਿਸ਼ ਦੇ ਤੌਰ 'ਤੇ ਪੇਸ਼ ਕਰ ਰਹੀਆਂ ਹਨ।



ਹਾਲ ਹੀ ਵਿਚ ਇਕ ਤੱਥ ਖੋਜ ਰਿਪੋਰਟ ਨੇ ਖ਼ੁਲਾਸਾ ਕੀਤਾ ਹੈ ਕਿ 9 ਦਸੰਬਰ ਤੋਂ ਲੈ ਕੇ 18 ਦਸੰਬਰ 2022 ਤੱਕ ਛੱਤੀਸਗੜ੍ਹ ਦੇ ਨਰਾਇਣਪੁਰ ਜ਼ਿਲ੍ਹੇ ਦੇ 18 ਪਿੰਡਾਂ ਅਤੇ ਕੌਂਡਾਗਾਓਂ ਜ਼ਿਲ੍ਹੇ ਦੇ 15 ਪਿੰਡਾਂ ਵਿਚ 'ਹਿੰਦੂ ਆਦਿਵਾਸੀਆਂ' ਵੱਲੋਂ ਇਸਾਈ ਆਦਿਵਾਸੀਆਂ ਉੱਪਰ ਹਮਲੇ ਕੀਤੇ ਗਏ ਅਤੇ ਇਕ ਹਜ਼ਾਰ ਤੋਂ ਵਧੇਰੇ ਇਸਾਈ ਆਦਿਵਾਸੀਆਂ ਨੂੰ ਉਨ੍ਹਾਂ ਦੇ ਪਿੰਡਾਂ 'ਚੋਂ ਉਜਾੜ ਦਿੱਤਾ ਗਿਆ। ਉੱਘੇ ਬੁੱਧੀਜੀਵੀ ਇਰਫ਼ਾਨ ਇੰਜੀਨੀਅਰ ਜੋ ਸੈਂਟਰ ਫਾਰ ਸਟੱਡੀ ਆਫ਼ ਸੁਸਾਇਟੀ ਅਤੇ ਸੈਕੂਲਰਿਜ਼ਮ ਦੇ ਡਾਇਰੈਕਟਰ ਹਨ ਅਤੇ ਆਲ ਇੰਡੀਆ ਪੀਪਲਜ਼ ਫੋਰਮ ਦੀ ਛੱਤੀਸਗੜ੍ਹ ਇਕਾਈ ਦੇ ਕਨਵੀਨਰ ਬ੍ਰਿਜੇਂਦਰ ਤਿਵਾੜੀ ਦੀ ਅਗਵਾਈ ਹੇਠ ਤੱਥ ਖੋਜ ਟੀਮ ਨੇ ਰਾਹਤ ਕੈਂਪਾਂ ਅਤੇ 30 ਪਿੰਡਾਂ ਦਾ ਦੌਰਾ ਕੀਤਾ। ਉਨ੍ਹਾਂ ਨੇ ਪੀੜਤਾਂ ਨੂੰ ਮਿਲ ਕੇ ਅਤੇ ਪਿੰਡ ਦੇ ਮੁਖੀਆਂ ਸਮੇਤ ਗੈਰ-ਇਸਾਈ ਆਦਿਵਾਸੀਆਂ ਦਾ ਪੱਖ ਸੁਣ ਕੇ ਸਚਾਈ ਸਾਹਮਣੇ ਲਿਆਂਦੀ ਹੈ। ਟੀਮ ਵਿਚ ਆਲ ਇੰਡੀਆ ਲਾਇਰਜ਼ ਐਸੋਸੀਏਸ਼ਨ ਫਾਰ ਜਸਟਿਸ ਅਤੇ ਯੂਨਾਈਟਿਡ ਕ੍ਰਿਸਚੀਅਨ ਫੋਰਮ ਦੇ ਨੁਮਾਇੰਦੇ ਵੀ ਸ਼ਾਮਿਲ ਸਨ।

ਰਿਪੋਰਟ ਦੱਸਦੀ ਹੈ ਕਿ ਉਜਾੜੇ ਗਏ ਲੋਕਾਂ ਨੂੰ ਆਪਣੇ ਇਸਾਈ ਅਕੀਦੇ ਤਿਆਗ ਦੇਣ ਅਤੇ ਹਿੰਦੂ ਧਰਮ ਅਪਣਾਉਣ ਲਈ ਕਿਹਾ ਗਿਆ। ਇੰਞ ਨਾ ਕਰਨ ਦੀ ਸੂਰਤ 'ਚ ਉਨ੍ਹਾਂ ਨੂੰ ਮਰਨ ਲਈ ਜਾਂ ਗੰਭੀਰ ਨਤੀਜੇ ਭੁਗਤਣ ਲਈ ਤਿਆਰ ਰਹਿਣ ਦੀ ਧਮਕੀ ਦਿੱਤੀ ਗਈ। ਬਹੁਤ ਸਾਰੇ ਇਸਾਈ ਆਦਿਵਾਸੀਆਂ ਨੂੰ ਬੁਰੀ ਤਰ੍ਹਾਂ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਨੂੰ ਡੰਡਿਆਂ, ਟਾਇਰਾਂ ਅਤੇ ਰਾਡਾਂ ਨਾਲ ਇੰਨੀ ਬੁਰੀ ਤਰ੍ਹਾਂ ਕੁੱਟਿਆ ਗਿਆ ਕਿ ਘੱਟੋ-ਘੱਟ ਦੋ ਦਰਜਨ ਫੱਟੜ ਲੋਕਾਂ ਨੂੰ ਹਸਪਤਾਲ ਦਾਖ਼ਲ ਕਰਵਾਉਣਾ ਪਿਆ। ਉਹ ਉਨ੍ਹਾਂ ਦੇ ਘਰਾਂ ਵਿਚੋਂ ਧੱਕੇ ਨਾਲ ਬਾਈਬਲ ਦੀਆਂ ਕਾਪੀਆਂ ਵੀ ਚੁੱਕ ਕੇ ਲੈ ਗਏ। ਮੜਮਨਾਰ ਪਿੰਡ ਦੇ ਮੰਗਲੂ ਕੋੜਮ ਨੇ ਟੀਮ ਨੂੰ ਦੱਸਿਆ ਕਿ ਉਸ ਨੂੰ ਅਤੇ ਉਸ ਦੇ ਪਿੰਡ ਦੇ 21 ਪਰਿਵਾਰਾਂ ਨੂੰ ਧੱਕੇ ਨਾਲ ਪਿੰਡ ਦੇ ਮੰਦਰ ਵਿਚ ਲਿਜਾਇਆ ਗਿਆ ਜਿੱਥੇ ਪੁਜਾਰੀ ਨੇ ਉਨ੍ਹਾਂ ਉੱਪਰ ਜਲ ਛਿੜਕਿਆ, ਕੁਝ ਹੋਰ ਧਾਰਮਿਕ ਰਸਮਾਂ ਕੀਤੀਆਂ ਅਤੇ ਫਿਰ ਉਨ੍ਹਾਂ ਨੂੰ ਹਿੰਦੂ ਐਲਾਨ ਦਿੱਤਾ ਗਿਆ। ਇਸੇ ਤਰ੍ਹਾਂ ਉੜਿਦਗਾਓਂ ਪਿੰਡ ਦੇ 18, ਫੁਲਹੜਗਾਓਂ ਦੇ 3 ਅਤੇ ਪੁਤਨਚੰਦਾਗਾਓਂ ਦੇ 3 ਪਰਿਵਾਰਾਂ ਨੂੰ ਧੱਕੇ ਨਾਲ ਹਿੰਦੂ ਬਣਾਇਆ ਗਿਆ। ਗਰਭਵਤੀ ਔਰਤਾਂ ਅਤੇ ਅਪਾਹਜ ਵੀ ਇਸ ਹਿੰਸਾ ਤੋਂ ਬਚ ਨਾ ਸਕੇ।

ਪੀੜਤ ਆਦਿਵਾਸੀਆਂ ਨੇ ਟੀਮ ਨੂੰ ਦੱਸਿਆ ਕਿ ਇਨ੍ਹਾਂ ਧਮਕੀਆਂ ਅਤੇ ਚਿਤਾਵਨੀਆਂ ਬਾਰੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਤਲਾਹ ਦੇ ਦਿੱਤੀ ਗਈ ਸੀ ਪਰ ਪ੍ਰਸ਼ਾਸਨ ਨੇ ਇਸ ਨੂੰ ਰੋਕਣ ਲਈ ਕੋਈ ਕਾਰਵਾਈ ਨਹੀਂ ਕੀਤੀ। ਨਰਾਇਣਪੁਰ ਦੇ ਜ਼ਿਲ੍ਹਾ ਕੁਲੈਕਟਰ ਨੇ ਇਹ ਗੱਲ ਮੰਨੀ ਹੈ ਕਿ ਹਿੰਸਾ ਹੋਈ ਹੈ ਜਿਸ ਵਿਚ 500 ਲੋਕਾਂ ਨੂੰ ਪਿੰਡਾਂ 'ਚੋਂ ਉਜਾੜ ਦਿੱਤਾ ਗਿਆ। ਕੁਲੈਕਟਰ ਦਾ ਕਹਿਣਾ ਹੈ ਕਿ ਇਨ੍ਹਾਂ ਵਿਚੋਂ 250 ਲੋਕਾਂ ਨੂੰ ਵਾਪਸ ਉਨ੍ਹਾਂ ਦੇ ਪਿੰਡਾਂ ਵਿਚ ਭੇਜ ਦਿੱਤਾ ਗਿਆ ਹੈ ਅਤੇ ਬਾਕੀਆਂ ਨੂੰ ਵਾਪਸ ਭੇਜਣ ਦੇ ਇੰਤਜ਼ਾਮ ਕੀਤੇ ਜਾ ਰਹੇ ਹਨ। ਉਨ੍ਹਾਂ ਨੂੰ ਸੁਰੱਖਿਆ ਦਿੱਤੀ ਗਈ ਹੈ ਅਤੇ ਸੱਤ ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ ਪਰ ਪ੍ਰਸ਼ਾਸਨ ਅਤੇ ਛੱਤੀਸਗੜ੍ਹ ਘੱਟਗਿਣਤੀ ਕਮਿਸ਼ਨ ਦਾ ਚੇਅਰਮੈਨ ਇਸ ਤੋਂ ਮੁੱਕਰ ਰਹੇ ਹਨ ਕਿ ਇਸਾਈ ਆਦਿਵਾਸੀਆਂ ਨੂੰ ਧੱਕੇ ਨਾਲ ਹਿੰਦੂ ਬਣਾਇਆ ਗਿਆ ਹੈ। ਉਨ੍ਹਾਂ ਮੁਤਾਬਿਕ ਹਿੰਸਾ ਹੋਰ ਝਗੜਿਆਂ ਕਾਰਨ ਹੋਈ ਹੈ ਅਤੇ ਹਾਲਾਤ ਕਾਬੂ ਹੇਠ ਹਨ।

ਜਾਂਚ ਟੀਮ ਨੇ ਜੋ ਜ਼ਮੀਨੀ ਤੱਥ ਨੋਟ ਕੀਤੇ, ਉਹ ਪ੍ਰਸ਼ਾਸਨ ਦੇ ਦਾਅਵਿਆਂ ਦੇ ਝੂਠ ਨੂੰ ਬਖ਼ੂਬੀ ਬੇਪਰਦ ਕਰਦੇ ਹਨ। ਰਿਪੋਰਟ ਦੱਸਦੀ ਹੈ ਕਿ ਜਿਨ੍ਹਾਂ ਪਿੰਡਾਂ ਵਿਚ ਹਿੰਸਾ ਹੋਈ ਉਨ੍ਹਾਂ ਦੇ ਜ਼ਿੰਦਗੀ ਦੇ ਵਸੀਲੇ ਇੱਕੋ ਤਰ੍ਹਾਂ ਦੇ ਹਨ ਅਤੇ ਉਹ ਤੇਂਦੂ ਪੱਤਾ ਤੋੜ ਕੇ, ਮਹੂਏ ਦੇ ਫੁੱਲ ਇਕੱਠੇ ਕਰ ਕੇ, ਮੱਛੀਆਂ ਫੜ ਕੇ ਅਤੇ ਛੋਟੀਆਂ ਛੋਟੀਆਂ ਜ਼ਮੀਨੀ ਜੋਤਾਂ ਵਾਹ-ਬੀਜ ਕੇ ਗੁਜ਼ਾਰਾ ਕਰਦੇ ਹਨ। ਸਿੱਧੇ-ਸਾਦੇ ਆਦਿਵਾਸੀ ਵੱਖ-ਵੱਖ ਧਰਮਾਂ ਦਾ ਪ੍ਰਭਾਵ ਕਬੂਲ ਰਹੇ ਹਨ ਅਤੇ ਜਿਸ ਕਾਰਨ ਧਾਰਮਿਕ ਝਗੜੇ ਪੈਦਾ ਹੋ ਰਹੇ ਹਨ। ਚਲਕਾ ਪਿੰਡ ਦੇ ਉਨ੍ਹਾਂ 17 ਆਦਿਵਾਸੀਆਂ ਨਾਲ ਬਾਕੀ ਆਦਿਵਾਸੀਆਂ ਦੇ ਝਗੜੇ ਦਾ ਕਾਰਨ ਵੀ ਉਨ੍ਹਾਂ ਦਾ 'ਵਿਸ਼ਵਾਸੂ' ਬਣ ਜਾਣਾ ਬਣਿਆ ਹੈ। 2015 ਤੋਂ ਬਾਅਦ ਉਨ੍ਹਾਂ ਨੇ ਈਸਾ ਨੂੰ ਮੰਨਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਪ੍ਰਭੂ ਈਸਾ ਨੂੰ ਪ੍ਰਾਰਥਨਾ ਕਰਨ ਨਾਲ ਉਨ੍ਹਾਂ ਦੀ ਬਿਮਾਰੀ ਠੀਕ ਹੋ ਗਈ। ਕੁਝ ਪਰਿਵਾਰਾਂ ਦੇ ਜੀਅ 'ਵਿਸ਼ਵਾਸੂ' ਹਨ, ਕੁਝ ਨਹੀਂ ਹਨ ਪਰ ਉਹ ਆਪਸ ਵਿਚ ਪ੍ਰੇਮ ਭਾਵਨਾ ਨਾਲ ਰਹਿੰਦੇ ਸਨ। ਵਿਸ਼ਵਾਸੂ ਦਾ ਭਾਵ ਇਹ ਹੈ ਕਿ ਉਹ ਬਕਾਇਦਾ ਕਿਸੇ ਕੇਂਦਰੀ ਚਰਚ ਦੀ ਅਗਵਾਈ ਹੇਠ ਇਸਾਈ ਧਰਮ ਨਾਲ ਜੁੜੇ ਹੋਏ ਨਹੀਂ। ਉਨ੍ਹਾਂ ਨੇ ਪ੍ਰਸ਼ਾਸਨ ਕੋਲ ਲਿਖਤੀ ਤੌਰ 'ਤੇ ਆਪਣਾ ਇਸਾਈ ਧਰਮ ਦਰਜ ਨਹੀਂ ਕਰਵਾਇਆ। ਸਰਕਾਰੀ ਕਾਗਜ਼ਾਂ 'ਚ ਦਰਜ ਹੋ ਚੁੱਕੇ ਵਿਅਕਤੀਆਂ ਨੂੰ ਕਾਗਜ਼ਾਂ ਵਾਲੇ ਇਸਾਈ ਕਿਹਾ ਜਾਂਦਾ ਹੈ। ਵਿਸ਼ਵਾਸੂ ਪਿੰਡ ਦੇ ਰਵਾਇਤੀ ਤਿਓਹਾਰਾਂ ਵਿਚ ਯੋਗਦਾਨ ਤਾਂ ਪਾਉਂਦੇ ਹਨ ਪਰ ਉਹ ਰਵਾਇਤੀ ਦੇਵਤਿਆਂ ਦੀ ਪੂਜਾ ਵਿਚ ਹਿੱਸਾ ਨਹੀਂ ਲੈਂਦੇ। ਟੀਮ ਨੇ ਤਿੰਨ ਦਿਨਾਂ ਦੇ ਦੌਰੇ ਸਮੇਂ ਨੋਟ ਕੀਤਾ ਕਿ ਜੋ ਆਦਿਵਾਸੀ ਵਿਸ਼ਵਾਸੂ ਬਣ ਗਏ ਹਨ, ਉਨ੍ਹਾਂ ਨੇ ਦਾਰੂ ਪੀਣੀ ਛੱਡ ਦਿੱਤੀ ਹੈ ਅਤੇ ਇਹ ਪੈਸੇ ਉਹ ਬੱਚਿਆਂ ਦੀ ਪੜ੍ਹਾਈ ਅਤੇ ਚੰਗੇ ਕੱਪੜੇ ਪਹਿਨਣ 'ਤੇ ਖ਼ਰਚਦੇ ਹਨ। ਵਿਸ਼ਵਾਸੂ ਕਿਸੇ ਕੇਂਦਰੀ ਚਰਚ ਦੀ ਲੀਡਰਸ਼ਿਪ ਦੇ ਮਤਹਿਤ ਨਹੀਂ ਹਨ ਅਤੇ ਉਨ੍ਹਾਂ ਦੇ ਪਾਦਰੀ ਬਕਾਇਦਾ ਸਿਖਲਾਈਸ਼ੁਦਾ ਵਿਅਕਤੀ ਨਹੀਂ ਹਨ। ਉਨ੍ਹਾਂ ਦੇ ਸੁਤੰਤਰ ਚਰਚ ਹਨ, ਯਾਨੀ ਪਿੰਡ ਦੇ ਜਿਸ ਪਹਿਲੇ ਬੰਦੇ ਨੇ ਕਿਸੇ ਚਰਚ ਦੀ ਪ੍ਰਾਰਥਨਾ 'ਚ ਜਾ ਕੇ ਕੁਝ ਜਾਣਕਾਰੀ ਹਾਸਲ ਕਰ ਲਈ ਅਤੇ ਜਿਹੜਾ ਐਸਾ ਬੰਦਾ ਬਾਕੀ ਪਿੰਡ ਵਾਸੀਆਂ ਦੇ ਵਿਰੋਧ ਅੱਗੇ ਡੱਟਣ ਦਾ ਸਵੈ-ਵਿਸ਼ਵਾਸ ਜੁਟਾ ਲੈਂਦਾ ਹੈ ਉਸੇ ਨੂੰ ਉਹ ਆਪਣੇ ਚਰਚ ਦਾ ਕਰਤਾ-ਧਰਤਾ ਮੰਨ ਲੈਂਦੇ ਹਨ।

ਹੋਰ ਆਦਿਵਾਸੀ ਵਿਸ਼ਵਾਸੂਆਂ ਤੋਂ ਖ਼ਫ਼ਾ ਹਨ ਜੋ ਖ਼ੁਦ ਨੂੰ ਗੌਂਡਵਾਨਾ ਸਮਾਜ ਦੱਸਦੇ ਹਨ ਪਰ ਦਰਅਸਲ ਉਨ੍ਹਾਂ 'ਚ ਹਿੰਦੂਤਵ ਦੀ ਡੂੰਘੀ ਘੁਸਪੈਠ ਹੈ। ਪਿਛਲੇ ਦਿਨੀਂ ਚਲਕਾ ਪਿੰਡ ਵਿਚ ਇਕ ਆਦਿਵਾਸੀ ਦੀ ਮੌਤ 'ਤੇ ਇਕੱਠੇ ਹੋਏ ਇਨ੍ਹਾਂ ਇਕ ਸੌ ਲੋਕਾਂ ਨੇ ਅੰਤਿਮ ਸੰਸਕਾਰ ਤੋਂ ਬਾਅਦ ਵਿਸ਼ਵਾਸੂਆਂ ਦੇ ਘਰੀਂ ਜਾ ਕੇ ਉਨ੍ਹਾਂ ਨੂੰ ਧਰਮ ਬਦਲ ਕੇ ਹਿੰਦੂ ਬਣ ਜਾਣ ਲਈ ਕਿਹਾ। ਜਦੋਂ ਉਨ੍ਹਾਂ ਨੇ ਈਸਾ 'ਚ ਵਿਸ਼ਵਾਸ ਨੂੰ ਤਿਆਗਣ ਤੋਂ ਨਾਂਹ ਕਰ ਦਿੱਤੀ ਤਾਂ ਸਰਪੰਚ ਦੀ ਅਗਵਾਈ ਹੇਠ ਪਿੰਡ ਦੇ ਲੋਕਾਂ ਨੇ ਉਨ੍ਹਾਂ ਦੇ ਘਰਾਂ ਨੂੰ ਘੇਰਾ ਪਾ ਕੇ ਧਮਕਾਉਣਾ ਸ਼ੁਰੂ ਕਰ ਦਿੱਤਾ ਕਿ ਜਾਂ ਤਾਂ ਪਿੰਡ ਛੱਡ ਜਾਓ ਜਾਂ ਮਰਨ ਲਈ ਤਿਆਰ ਹੋ ਜਾਓ। ਉਨ੍ਹਾਂ ਨੂੰ ਪਿੰਡੋਂ ਕੱਢ ਕੇ ਹੀ ਦਮ ਲਿਆ ਗਿਆ। ਪੁਲਿਸ ਨੂੰ ਸ਼ਿਕਾਇਤ ਕਰਨ 'ਤੇ ਪਰਚਾ ਦਰਜ ਕਰਨ ਦੀ ਬਜਾਇ ਇੰਸਪੈਕਟਰ ਉਨ੍ਹਾਂ ਨੂੰ ਮੋੜ ਕੇ ਪਿੰਡ 'ਚ ਤਾਂ ਲੈ ਗਿਆ ਪਰ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਨੂੰ ਪਿੰਡ ਵਿਚ ਰਹਿਣ ਦੀ ਇਜਾਜ਼ਤ ਨਾ ਦੇਣ 'ਤੇ ਉਹ ਪੀੜਤਾਂ ਨੂੰ ਉਨ੍ਹਾਂ ਦੇ ਹਾਲਤ 'ਤੇ ਛੱਡ ਕੇ ਵਾਪਸ ਚਲਾ ਗਿਆ। ਹੋਰ ਪਿੰਡਾਂ 'ਚੋਂ ਵਿਸ਼ਵਾਸੂਆਂ ਨੂੰ ਉਜਾੜਨ ਲਈ ਹਿੰਸਾ ਦਾ ਸਹਾਰਾ ਲਿਆ ਗਿਆ। ਉਨ੍ਹਾਂ ਦੇ ਘਰ ਅਤੇ ਪ੍ਰਾਰਥਨਾ ਸਥਾਨ ਤੋੜ ਦਿੱਤੇ ਗਏ ਅਤੇ ਇੰਞ ਪ੍ਰਸ਼ਾਸਨ ਵੱਲੋਂ ਮੂਕ ਦਰਸ਼ਕ ਬਣੇ ਰਹਿਣ ਕਾਰਨ 'ਹਿੰਦੂ ਆਦਿਵਾਸੀਆਂ' ਨੇ ਇਸਾਈਆਂ ਨੂੰ 40 ਪਿੰਡਾਂ ਵਿਚੋਂ ਉਜਾੜ ਕੇ ਸ਼ਹਿਰ ਦੇ ਚਰਚਾਂ ਜਾਂ ਹੋਰ ਰਾਹਤ ਕੈਂਪਾਂ ਦੀ ਸ਼ਰਨ ਲੈਣ ਲਈ ਮਜਬੂਰ ਕਰ ਦਿੱਤਾ। ਦਰਅਸਲ, ਰਾਜਤੰਤਰ ਆਦਿਵਾਸੀ ਸਮਾਜ 'ਚ ਪਾਟਕ ਪਾਉਣ ਲਈ ਐਸੇ ਝਗੜਿਆਂ ਨੂੰ ਸ਼ਹਿ ਦੇ ਰਿਹਾ ਹੈ ਤਾਂ ਜੋ ਉਨ੍ਹਾਂ ਦੀ ਭਾਈਚਾਰਕ ਤਾਕਤ ਨੂੰ ਕਮਜ਼ੋਰ ਕਰਕੇ ਉਨ੍ਹਾਂ ਨੂੰ ਜੰਗਲਾਂ-ਪਹਾੜਾਂ 'ਚੋਂ ਸੌਖਿਆਂ ਉਜਾੜਿਆ ਜਾ ਸਕੇ।

ਇਸ ਦੀ ਤਸਦੀਕ ਪੁਲਿਸ ਅਤੇ ਪ੍ਰਸ਼ਾਸਨ ਦਾ ਬਹੁਗਿਣਤੀਵਾਦੀ ਝੁਕਾਅ ਵੀ ਕਰਦਾ ਹੈ। ਚਲਕਾ ਪਿੰਡ ਦੇ 17 ਪੀੜਤਾਂ ਨੇ ਟੀਮ ਨੂੰ ਦੱਸਿਆ ਕਿ ਕਸਬੇ ਦੇ ਪੁਲਿਸ ਇੰਸਪੈਕਟਰ ਅਤੇ ਕੌਂਡਾਗਾਓਂ ਦੇ ਜ਼ਿਲ੍ਹਾ ਕੁਲੈਕਟਰ ਨੇ ਉਨ੍ਹਾਂ ਨੂੰ ਸਾਫ਼ ਕਿਹਾ ਕਿ ਉਨ੍ਹਾਂ ਨੇ ਆਪਣੇ ਯੁਗਾਂ ਪੁਰਾਣੇ ਰੀਤੀ-ਰਿਵਾਜ ਤਿਆਗ ਕੇ ਗ਼ਲਤ ਕੀਤਾ ਹੈ ਅਤੇ ਜੇ ਉਹ ਆਪਣੇ ਪਿੰਡਾਂ 'ਚ ਵਾਪਸ ਜਾਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਹਿੰਦੂ ਧਰਮ ਅਪਣਾ ਲੈਣਾ ਚਾਹੀਦਾ ਹੈ। ਜ਼ਾਹਿਰ ਹੈ ਕਿ ਸੰਘ ਬ੍ਰਿਗੇਡ ਅਤੇ ਪ੍ਰਸ਼ਾਸਨ ਮਿਲ ਕੇ ਆਦਿਵਾਸੀਆਂ ਦੀ ਮਨਪਸੰਦ ਧਰਮ ਨੂੰ ਮੰਨਣ ਦੀ ਆਜ਼ਾਦੀ ਖੋਹ ਰਹੇ ਹਨ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਸਥਾਪਤ ਚਰਚ ਵੀ ਇਨ੍ਹਾਂ ਇਸਾਈਆਂ ਦੀ ਮਦਦ ਲਈ ਅਤੇ ਉਜਾੜੇ ਵਿਰੁੱਧ ਆਵਾਜ਼ ਉਠਾਉਣ ਲਈ ਅੱਗੇ ਨਹੀਂ ਆ ਰਹੇ। ਜਿਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਹਾਸ਼ੀਏ 'ਤੇ ਧੱਕੇ ਹਿੱਸਿਆਂ ਦੇ ਲੋਕ ਆਪਣੀਆਂ ਸੰਤਾਪੀਆਂ ਜ਼ਿੰਦਗੀਆਂ ਦੇ ਹਾਲਾਤ 'ਚੋਂ ਇਸਲਾਮ ਅਤੇ ਇਸਾਈ ਧਰਮ ਨੂੰ ਅਪਣਾਉਂਦੇ ਹਨ। ਸੰਘ ਬ੍ਰਿਗੇਡ ਦਾ ਧਰਮ-ਬਦਲੀ ਦਾ ਝੂਠਾ ਬਿਰਤਾਂਤ ਤਾਂ ਮਹਿਜ਼ ਮੁਸਲਮਾਨ ਅਤੇ ਇਸਾਈ ਘੱਟਗਿਣਤੀਆਂ ਉੱਪਰ ਬਹੁਗਿਣਤੀ ਦੀ ਧੌਂਸ ਅਤੇ ਦਾਬਾ ਥੋਪਣ ਦਾ ਬਹਾਨਾ ਹੈ।

# ਮੋਦੀ ਦੀ ਸੁੱਤੀ ਜ਼ਮੀਰ ਨੂੰ ਸਵਾਲ

## ਖੁੱਲ੍ਹੇ ਖਤ 'ਚ ਖੁਲਾਸਾ: ਤੁਹਾਡੇ ਦੁੱਖ ਦਾ ਅਫਸੋਸ ਹੈ ਪਰ ਤੁਹਾਨੂੰ ਦਿਆਲੂ ਹੋਣ ਦੀ ਵੀ ਲੋੜ...

ਸ੍ਰੀ ਨਰਿੰਦਰ ਮੋਦੀ
ਪ੍ਰਧਾਨ ਮੰਤਰੀ, ਭਾਰਤ।

ਕਿਰਪਾ ਕਰ ਕੇ ਆਪਣੀ ਮਾਂ ਦੇ ਦੇਹਾਂਤ ਉੱਪਰ ਮੇਰੇ ਵੱਲੋਂ ਪ੍ਰਗਟਾਈ ਸੰਵੇਦਨਾ ਨੂੰ ਸਵੀਕਾਰ ਕਰੋ। 2017 ਵਿਚ ਮੇਰੇ ਆਪਣੇ ਪਿਤਾ ਜੀ ਸਦਾ ਲਈ ਵਿਛੜ ਗਏ ਸਨ ਅਤੇ ਪੰਜ ਸਾਲ ਬਾਅਦ ਵੀ ਉਨ੍ਹਾਂ ਦੀ ਮੌਤ ਚੇਤੇ ਕਰ ਕੇ ਅਕਸਰ ਹੀ ਮੈਂ ਬੇਹੱਦ ਉਦਾਸ ਹੋ ਜਾਂਦਾ ਹਾਂ। ਇਸ ਲਈ ਮੈਂ ਤੁਹਾਡੇ ਦਰਦ ਨੂੰ ਸਮਝ ਸਕਦਾ ਹਾਂ। ਇਹ ਤੁਹਾਡੇ ਲਈ ਔਖਾ ਸਮਾਂ ਹੋਵੇਗਾ, ਤੇ ਮੈਨੂੰ ਉਮੀਦ ਹੈ ਕਿ ਤੁਸੀਂ ਜਲਦੀ ਹੀ ਸਹਿਜ ਹੋ ਜਾਓਗੇ। ਇਹ ਦੇਖ ਕੇ ਚੰਗਾ ਲੱਗਾ ਕਿ ਭਾਰਤ ਦੇ ਵਿਰੋਧੀ ਨੇਤਾਵਾਂ ਜਿਨ੍ਹਾਂ ਵਿਚ ਕਾਂਗਰਸ ਪਾਰਟੀ ਦੇ ਨੇਤਾ ਵੀ ਸ਼ਾਮਲ ਹਨ, ਨੇ ਕਿਵੇਂ ਤੁਹਾਡੇ ਨਾਲ ਹਮਦਰਦੀ ਜ਼ਾਹਿਰ ਕੀਤੀ ਹੈ। ਕਾਂਗਰਸ ਦੇ ਰਾਹੁਲ ਗਾਂਧੀ ਜਿਸ ਦਾ ਤੁਸੀਂ ਅਤੇ ਤੁਹਾਡੇ ਹਮਾਇਤੀ ਅਕਸਰ ਮਜ਼ਾਕ ਉਡਾਉਂਦੇ ਰਹਿੰਦੇ ਹੋ, ਨੇ ਟਵਿੱਟਰ 'ਤੇ ਵਿਛੜੀ ਰੂਹ ਨੂੰ ਦਿਲੋਂ ਸ਼ਰਧਾਂਜਲੀ ਦਿੱਤੀ ਹੈ। ਸੋਸ਼ਲ ਮੀਡੀਆ 'ਤੇ ਮੈਂ ਜਿਨ੍ਹਾਂ ਲੋਕਾਂ ਨੂੰ ਫਾਲੋ ਕਰਦਾ ਹਾਂ, ਉਨ੍ਹਾਂ 'ਚੋਂ ਕਈ ਮੁੱਖ ਧਰਮ ਨਿਰਪੱਖ ਅਤੇ ਉਦਾਰਵਾਦੀਆਂ ਨੇ ਵੀ ਅਜਿਹਾ ਹੀ ਕੀਤਾ ਹੈ। ਆਮ ਤੌਰ 'ਤੇ, ਉਹ ਤੁਹਾਡੀ ਸੱਜੇ ਪੱਖੀ ਅਤੇ ਫਿਰਕੂ ਰਾਜਨੀਤੀ ਵਿਰੁੱਧ ਬਹੁਤ ਆਵਾਜ਼ ਉਠਾਉਂਦੇ ਹਨ। ਅਜਿਹਾ ਲੱਗਦਾ ਹੈ ਕਿ ਭਾਰਤ ਵਿਚ ਵਿਰੋਧੀ ਧਿਰ ਬਹੁਤ ਦਿਆਲੂ ਹੈ। ਇਸ ਦੇ ਲਈ ਤੁਹਾਨੂੰ ਧੰਨਵਾਦੀ ਹੋਣਾ ਚਾਹੀਦਾ ਹੈ; ਹਾਲਾਂਕਿ, ਮੈਂ ਕੋਈ ਡਿਪਲੋਮੈਟ ਜਾਂ ਸਿਆਸਤਦਾਨ ਨਹੀਂ ਹਾਂ, ਸਾਫ਼ ਦਿਲ ਇਨਸਾਨ ਹਾਂ ਅਤੇ ਇਸ ਪਲ ਮੈਂ ਤੁਹਾਨੂੰ ਉਹ ਕਹਿਣਾ ਚਾਹਾਂਗਾ ਜੋ ਤੁਹਾਨੂੰ ਕਹਿਣ ਦੀ ਜ਼ਰੂਰਤ ਹੈ।

ਤੁਹਾਡੇ ਸਿਆਸੀ ਵਿਰੋਧੀਆਂ ਨੇ ਵਿਚਾਰਧਾਰਕ ਮੱਤਭੇਦਾਂ ਤੋਂ ਉੱਪਰ ਉੱਠ ਕੇ ਜਿਵੇਂ ਆਪਣੀਆਂ ਸੰਵੇਦਨਾਵਾਂ ਤੁਹਾਡੇ ਨਾਲ ਸਾਂਝੀਆਂ ਕੀਤੀਆਂ ਹਨ, ਉਸ ਦੀ ਰੋਸ਼ਨੀ ਵਿਚ ਮੈਂ ਚਾਹੁੰਦਾ ਹਾਂ ਕਿ ਤੁਸੀਂ ਅਤੇ ਤੁਹਾਡੀ ਬੇਕਿਰਕ ਸਰਕਾਰ ਵੀ ਹਮਦਰਦ ਬਣ ਕੇ ਦਿਖਾਏ। ਯਾਦ ਕਰੋ, ਕਿਵੇਂ ਤੁਹਾਡੀ ਸਰਕਾਰ ਨੇ ਦਿੱਲੀ ਯੂਨੀਵਰਸਿਟੀ ਦੇ ਅਪਾਹਜ ਪ੍ਰੋਫੈਸਰ ਜੀ.ਐਨ. ਸਾਈਬਾਬਾ ਨੂੰ ਉਦੋਂ ਜੇਲ੍ਹ ਤੋਂ ਬਾਹਰ ਨਹੀਂ ਆਉਣ ਦਿੱਤਾ ਜਦੋਂ ਉਸ ਦੇ ਮਾਤਾ ਜੀ ਮਰਨ ਕਿਨਾਰੇ ਸਨ ਅਤੇ ਆਪਣੇ ਪੁੱਤਰ ਦਾ ਮੂੰਹ ਦੇਖਣ ਲਈ ਤਰਸ ਰਹੇ ਸਨ। ਵ੍ਹੀਲਚੇਅਰ ਦੇ ਮੁਥਾਜ ਸਾਈਬਾਬਾ ਜੋ ਕਈ ਬਿਮਾਰੀਆਂ ਨਾਲ ਜੂਝ ਰਹੇ ਹਨ, ਨੂੰ ਸਿਰਫ ਸੱਤਾ 'ਤੇ ਸਵਾਲ ਉਠਾਉਣ ਅਤੇ ਗਰੀਬਾਂ ਅਤੇ ਹਾਸ਼ੀਏ 'ਤੇ ਧੱਕੇ ਲੋਕਾਂ ਦੇ ਹੱਕ ਵਿਚ ਖੜ੍ਹੇ ਹੋਣ ਬਦਲੇ ਅਣਮਨੁੱਖੀ ਹਾਲਤਾਂ ਵਿਚ ਜੇਲ੍ਹ ਵਿਚ ਸਾੜਨਾ ਜਾਰੀ ਹੈ। ਇਸ ਦੀ ਬਜਾਇ, ਤੁਹਾਡੀ ਸਰਕਾਰ ਉਨ੍ਹਾਂ ਸ਼ਖਸਾਂ ਨੂੰ ਆਜ਼ਾਦੀ ਦੇ ਕੇ ਖੁਸ਼ ਹੋਈ ਜਿਨ੍ਹਾਂ ਨੇ 2002 ਵਿਚ, ਜਦੋਂ ਤੁਸੀਂ ਗੁਜਰਾਤ ਦੇ ਮੁੱਖ ਮੰਤਰੀ ਸੀ, ਇਕ ਮੁਸਲਿਮ ਔਰਤ ਬਿਲਕੀਸ ਬਾਨੋ ਨਾਲ ਸਮੂਹਿਕ ਬਲਾਤਕਾਰ ਕੀਤਾ ਸੀ, ਜਦੋਂ ਕਿ ਇਕ ਐਸੇ ਵਿਦਵਾਨ ਲਈ ਤੁਸੀਂ ਕਦੇ ਵੀ ਕੋਈ ਹਮਦਰਦੀ ਨਹੀਂ ਦਿਖਾਈ ਜਿਸ ਨੇ ਕਿਸੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ।



ਪ੍ਰੋਫੈਸਰ ਜੀ.ਐਨ. ਸਾਈਬਾਬਾ

ਤੁਸੀਂ ਖੁਸ਼ਕਿਸਮਤ ਹੋ ਕਿ ਜਦੋਂ ਪਾਕਿਸਤਾਨ ਦੇ ਇਕ ਨੇਤਾ ਨੇ ਤੁਹਾਨੂੰ 'ਗੁਜਰਾਤ ਦਾ ਕਸਾਈ' ਕਿਹਾ, ਉਦੋਂ ਵੀ ਤੁਹਾਡੀ ਮਰੀਅਲ ਜਿਹੀ ਵਿਰੋਧੀ ਧਿਰ ਤੁਹਾਡੇ ਹੱਕ ਵਿਚ ਖੜ੍ਹੀ; ਇਹ ਇਸ ਤੱਥ ਦੇ ਬਾਵਜੂਦ ਹੈ ਕਿ ਉਸ ਸਮੇਂ ਦੀ ਕਾਂਗਰਸ ਦੀ ਆਗੂ ਸੋਨੀਆ ਗਾਂਧੀ ਨੇ ਵੀ ਤੁਹਾਨੂੰ 'ਮੌਤ ਦਾ ਵਣਜਾਰਾ' ਕਿਹਾ ਸੀ। ਸਪੱਸ਼ਟ ਤੌਰ 'ਤੇ ਜਦੋਂ ਕੋਈ ਗੁਆਂਢੀ ਤੁਹਾਡੇ ਵੱਲ ਉਂਗਲ ਉਠਾਉਂਦਾ ਹੈ ਤਾਂ ਸਾਰੇ ਭਾਰਤੀ ਆਗੂ ਅਖੌਤੀ ਰਾਸ਼ਟਰੀ ਹਿੱਤਾਂ ਦੇ ਨਾਂ 'ਤੇ ਤੁਹਾਡਾ ਬਚਾਓ ਕਰਨ ਲਈ ਇਕਜੁੱਟ ਹੋ ਜਾਂਦੇ ਹਨ। ਇਹ ਪਾਖੰਡ ਤੋਂ ਇਲਾਵਾ ਕੁਝ ਨਹੀਂ ਹੈ।

ਇਸ ਤੋਂ ਪਹਿਲਾਂ ਕਿ ਤੁਸੀਂ ਮੇਰੇ ਕਹੇ ਸ਼ਬਦਾਂ ਕਾਰਨ ਗੁੱਸੇ ਜਾਂ ਨਾਰਾਜ਼ ਹੋਵੋ, ਮੈਂ ਤੁਹਾਨੂੰ ਯਾਦ ਕਰਾਵਾਂਗਾ ਕਿ ਤੁਸੀਂ ਹਾਲ ਹੀ ਵਿਚ ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਉੱਪਰ ਉਨ੍ਹਾਂ ਬਾਰੇ ਜੋ ਟਵੀਟ ਕੀਤਾ ਸੀ। ਤੁਸੀਂ ਕਿਹਾ, "ਉਨ੍ਹਾਂ ਦੀ ਬੇਮਿਸਾਲ ਹਿੰਮਤ ਆਉਣ ਵਾਲੇ ਸਾਲਾਂ ਤੱਕ ਲੋਕਾਂ ਨੂੰ ਪ੍ਰੇਰਦੀ ਰਹੇਗੀ।" ਦਰਅਸਲ, ਮੈਂ ਇਹ ਤੁਹਾਨੂੰ ਗੁਰੂ ਜੀ ਵੱਲੋਂ ਜ਼ਾਲਮ ਔਰੰਗਜ਼ੇਬ ਨੂੰ ਲਿਖੀ ਇਤਿਹਾਸਕ ਚਿੱਠੀ ਤੋਂ ਪ੍ਰੇਰਿਤ ਹੋ ਕੇ ਲਿਖ ਰਿਹਾ ਹਾਂ। ਜੇ ਤੁਹਾਨੂੰ ਕੋਈ ਸ਼ੱਕ ਹੈ ਤਾਂ ਜ਼ਫ਼ਰਨਾਮਾ ਪੜ੍ਹ ਲੈਣਾ ਜੋ ਤੁਹਾਡੇ ਜਾਬਰ ਰਾਜ ਦੇ ਅਧੀਨ ਅੱਜ ਹੋਰ ਵੀ ਪ੍ਰਸੰਗਿਕ ਹੋ ਗਿਆ ਹੈ, ਜਿੱਥੇ ਘੱਟ ਗਿਣਤੀਆਂ ਅਤੇ ਸਿਆਸੀ ਅਸਹਿਮਤੀ ਰੱਖਣ ਵਾਲਿਆਂ ਦੇ ਹੱਕਾਂ ਨੂੰ ਦਬਾਇਆ ਜਾ ਰਿਹਾ ਹੈ। ਤੁਸੀਂ ਇਹ ਵੀ ਜਾਣਦੇ ਹੋਵੋਗੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਵੀ ਕਿਹਾ ਸੀ ਕਿ ਜਦੋਂ ਹੋਰ ਸਾਰੇ ਹੀਲੇ ਮੁੱਕ ਜਾਂਦੇ ਹਨ ਤਾਂ ਵਹਿਸ਼ਤ ਦਾ ਵਿਰੋਧ ਕਰਨ ਲਈ ਤਲਵਾਰ ਉਠਾਉਣੀ ਜਾਇਜ਼ ਹੈ। ਆਪਣੇ ਕਾਰਿਆਂ ਨਾਲ ਤੁਸੀਂ ਲੋਕਾਂ ਨੂੰ ਹਥਿਆਰ ਚੁੱਕਣ ਲਈ ਉਕਸਾ ਰਹੇ ਹੋ। ਜ਼ਫ਼ਰਨਾਮਾ ਜਿੰਨਾ ਔਰੰਗਜ਼ੇਬ ਉੱਪਰ ਲਾਗੂ ਹੁੰਦਾ ਹੈ, ਓਨਾ ਤੁਹਾਡੇ ਉੱਪਰ ਵੀ ਲਾਗੂ ਹੁੰਦਾ ਹੈ। ਆਪਣਾ ਖ਼ਿਆਲ ਰੱਖੋ ਅਤੇ ਦਿਆਲੂ ਬਣੋ।

**-ਗੁਰਪ੍ਰੀਤ ਸਿੰਘ**
**ਫਰੀਲਾਂਸ ਪੱਤਰਕਾਰ ਕੈਨੇਡਾ।**

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਪਕਾਰ



**ਬਿਕਰਮਜੀਤ ਸਿੰਘ ਜੀਤ**
**ਫੋਨ: 87278-00372**

ਦਸਵੇਂ ਗੁਰੂ, ਬਾਦਸ਼ਾਹ ਦਰਵੇਸ਼, ਹੱਕ-ਸੱਚ ਤੇ ਨਿਆਂ ਦੇ ਰਾਖੇ, ਸਰਬੰਸਦਾਨੀ, ਸਾਹਿਬ-ਏ-ਕਮਾਲ, ਮਹਾਨ ਬਾਣੀਕਾਰ, ਨਿਡਰ ਯੋਧੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਦੀ ਨਿਰਮਲ ਜੋਤ ਦੇ ਦਸਵੇਂ ਵਾਰਸ ਵਜੋਂ ਜ਼ੁਲਮ ਅਤੇ ਜ਼ਾਲਮ ਦਾ ਖਾਤਮਾ ਕਰਨ ਹਿੱਤ ਸ੍ਰੀ ਪਟਨਾ ਸਾਹਿਬ, ਬਿਹਾਰ ਦੀ ਧਰਤੀ 'ਤੇ 1666 ਈ. ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗ੍ਰਹਿ ਮਾਤਾ ਗੁਜਰੀ ਜੀ ਦੀ ਪਾਵਨ ਕੁੱਖੋਂ ਪ੍ਰਕਾਸ਼ ਧਾਰਿਆ। ਇਸ ਬਾਬਤ ਗੁਰੂ ਜੀ ਆਪਣੀ ਪਵਿੱਤਰ ਬਾਣੀ 'ਬਚਿਤ੍ਰ ਨਾਟਕ' ਵਿਚ ਫੁਰਮਾਉਂਦੇ ਹਨ:


ਤਹੀ ਪ੍ਰਕਾਸ ਹਮਾਰਾ ਭਯੋ॥ ਪਟਨਾ ਸਹਰ ਬਿਖੈ ਭਵ ਲਯੋ॥

ਗੁਰੂ ਸਾਹਿਬ ਨੇ ਆਪਣੇ ਜੀਵਨ-ਕਾਲ ਦੌਰਾਨ ਜੋ ਮਹਾਨ ਕਾਰਜ ਕੀਤੇ ਉਨ੍ਹਾਂ ਦੀ ਮਿਸਾਲ ਦੁਨੀਆ ਦੇ ਇਤਿਹਾਸ 'ਤੇ ਕਿਧਰੇ ਨਹੀਂ ਮਿਲਦੀ। ਇਹ ਮਿਸਾਲਮਈ ਕਾਰਜ ਗੁਰੂ ਜੀ ਵੱਲੋਂ ਆਪਣੇ 42 ਸਾਲਾਂ ਦੇ ਜੀਵਨ ਵਿਚ ਕੀਤੇ ਅਜਿਹੇ ਪਰਉਪਕਾਰ ਸਨ, ਜਿਨ੍ਹਾਂ ਨੇ ਸੰਸਾਰ ਦੇ ਇਤਿਹਾਸ ਵਿਸ਼ੇਸ਼ ਕਰਕੇ ਧਾਰਮਿਕ ਜਗਤ ਅੰਦਰ ਅਜਿਹੀਆਂ ਉਦਾਹਰਨਾਂ ਪੈਦਾ ਕੀਤੀਆਂ ਜਿਨ੍ਹਾਂ ਨੇ ਧਰਮ ਨੂੰ ਕੇਵਲ ਦਿੱਬਤਾ ਜਾਂ ਦੈਵੀ ਅਨੁਭਵ ਨਾਲ ਹੀ ਨਹੀਂ ਜੋੜਿਆ, ਸਗੋਂ ਜਨ-ਸਾਧਾਰਨ ਅੰਦਰ ਸਮਾਜਿਕ ਕਲਿਆਣ ਦੀ ਭਾਵਨਾ ਪੈਦਾ ਕਰ ਕੇ, ਭਗਤੀ ਤੋਂ ਸ਼ਕਤੀ ਦਾ ਸੁਮੇਲ ਕਰ ਕੇ ਹਾਕਮਾਂ ਦੀ ਦੱਬੀ-ਕੁਚਲੀ ਅਤੇ ਸ਼ੋਸ਼ਣ ਦਾ ਸ਼ਿਕਾਰ ਜਨਤਾ ਨੂੰ ਆਪਣੇ ਪੈਰੀਂ ਖੜ੍ਹੇ ਹੋਣਾ ਸਿਖਾਇਆ। ਗੁਰੂ ਸਾਹਿਬ ਦੇ ਇਹ ਉਪਕਾਰ ਆਪਣੇ ਤੋਂ ਪਹਿਲਾਂ ਦੇ ਨੌਂ ਗੁਰੂ ਸਾਹਿਬਾਨ ਦੀ ਸਿਧਾਂਤਕ ਲੀਹ 'ਤੇ ਗੁਰਮਤਿ ਵਿਚਾਰਧਾਰਾ ਨੂੰ ਵਿਹਾਰਕਤਾ ਵਿਚ ਮੋੜਨ ਦਾ ਮਹਾਨ ਉਪਰਾਲਾ ਸੀ, ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਤੋਂ ਉਪਰੰਤ ਲੀਹੇ ਚਾੜ੍ਹਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕੇਵਲ 33 ਸਾਲਾਂ ਦੀ ਆਯੂ ਵਿਚ ਸੰਨ 1699 ਈ. ਦੀ ਵਿਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਕੀਤੀ ਖਾਲਸਾ ਪੰਥ ਦੀ ਸਿਰਜਣਾ ਕੇਵਲ ਹਿੰਦੁਸਤਾਨ ਹੀ ਨਹੀਂ, ਬਲਕਿ ਦੁਨੀਆ ਦੀਆਂ ਉਨ੍ਹਾਂ ਤਮਾਮ ਪ੍ਰਭੂਸੱਤਾ ਸੰਪੰਨ ਧਿਰਾਂ ਨੂੰ ਇਕ ਚੁਣੌਤੀ ਸੀ, ਜੋ ਰਾਜ ਗੱਦੀ 'ਤੇ ਬੈਠ ਕੇ ਆਮ ਜਨਤਾ ਅਤੇ ਮਜ਼ਲੂਮ ਧਿਰਾਂ ਦੀ ਹੱਕ-ਸੱਚ ਦੀ ਰਾਖੀ ਦੀ ਬਜਾਏ, ਉਨ੍ਹਾਂ ਉੱਪਰ ਇਕ ਵਿਸ਼ੇਸ਼ ਅਤੇ ਆਪਣੀ ਮਰਜ਼ੀ ਦਾ ਹੁਕਮ ਥੋਪ ਕੇ, ਸਭ ਨੂੰ ਇੱਕੋ ਗ਼ੁਲਾਮੀ ਦੇ ਜੂਲੇ ਹੇਠੋਂ ਕੱਢਣਾ ਚਾਹੁੰਦੀਆਂ ਸਨ।

ਗੁਰੂ ਜੀ ਵੱਲੋਂ 'ਖਾਲਸਾ ਪੰਥ' ਦੀ ਸਿਰਜਣਾ ਨੇ ਇਹ ਸਿੱਧ ਕੀਤਾ ਕਿ ਮਨੁੱਖੀ ਹੱਕ ਕੇਵਲ ਹਕੂਮਤਾਂ ਤੇ ਉਨ੍ਹਾਂ ਦੀ ਰਾਜ-ਸੱਤਾ ਅਧੀਨ ਸਵੈ-ਸੁਆਰਥ ਵਿਚ ਵਿਚਰਦੇ ਚੰਦ ਕੁ ਲੋਕਾਂ ਦੇ ਮੁਥਾਜ ਨਹੀਂ, ਬਲਕਿ ਧਰਤੀ 'ਤੇ ਵਿਚਰ ਰਿਹਾ ਹਰ ਮਨੁੱਖ ਭਾਵੇਂ ਉਹ ਕਿਸੇ ਵੀ ਖਿੱਤੇ, ਧਰਮ, ਜਾਤ, ਨਸਲ ਦਾ ਕਿਉਂ ਨਾ ਹੋਵੇ, ਵੀ ਉਨ੍ਹਾਂ ਹੱਕਾਂ ਨੂੰ ਪੂਰੀ ਖੁੱਲ੍ਹ ਅਤੇ ਆਜ਼ਾਦੀ ਨਾਲ ਮਾਣਨ ਦਾ ਹੱਕਦਾਰ ਹੈ।

ਔਰੰਗਜ਼ੇਬ ਦੇ ਕੱਟੜ ਰਵੱਈਏ ਨੇ ਪੂਰੇ ਹਿੰਦੁਸਤਾਨ ਵਿਚ ਇਸਲਾਮ ਨੂੰ ਕਬੂਲਣ ਦਾ ਆਦੇਸ਼ ਦਿੱਤਾ ਹੋਇਆ ਸੀ। ਜੋ ਲੋਕ ਦੀਨ-ਏ-ਇਲਾਹੀ ਭਾਵ ਇਸਲਾਮ ਧਰਮ ਨੂੰ ਕਬੂਲ ਨਹੀਂ ਸਨ ਕਰ ਰਹੇ, ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਦੇਣ ਦਾ ਦੌਰ ਜਾਰੀ ਕੀਤਾ ਗਿਆ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਮੁਗ਼ਲ ਹਾਕਮਾਂ ਦੀ ਇਸ ਕੱਟੜ ਅਤੇ ਇਸਲਾਮ ਤੋਂ ਇਲਾਵਾ ਕਿਸੇ ਦੂਜੇ ਧਰਮ ਨੂੰ ਬਰਦਾਸ਼ਤ ਨਾ ਕੀਤੇ ਜਾਣ ਦੀ ਨੀਤੀ ਤਹਿਤ ਹੀ ਸਿੱਖਾਂ ਦੇ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਤਤਕਾਲੀ ਬਾਦਸ਼ਾਹ ਜਹਾਂਗੀਰ ਦੇ ਹੁਕਮਾਂ ਨਾਲ ਸ਼ਹੀਦੀ ਹੋਈ ਸੀ। ਜਿਸ ਤੋਂ ਬਾਅਦ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੀ ਨੀਤੀ ਅਪਣਾਅ ਕੇ ਸਿੱਖਾਂ ਵਿਚ ਇਕ ਨਵਾਂ ਜੋਸ਼ ਭਰਿਆ, ਜਿਸ ਦੀ ਸਿਖਰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ 'ਖਾਲਸੇ' ਦੇ ਰੂਪ ਵਿਚ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਗਟ ਕੀਤੀ। ਔਰੰਗਜ਼ੇਬ ਵੱਲੋਂ ਵੀ ਇਸੇ ਤਰ੍ਹਾਂ ਇਸਲਾਮ ਤੋਂ ਛੁੱਟ ਦੂਜੇ ਧਰਮਾਂ ਦਾ ਜੋ ਹਾਲ ਕੀਤਾ ਗਿਆ, ਉਸ ਦੀ ਸਥਿਤੀ ਇੰਨੀ ਤਰਸਯੋਗ ਸੀ ਕਿ ਬਿਆਨ ਤੋਂ ਵੀ ਬਾਹਰ ਹੈ। ਗੈਰ-ਇਸਲਾਮੀ ਧਾਰਮਿਕ ਕੇਂਦਰਾਂ ਨੂੰ ਢਾਹ ਕੇ ਉਨ੍ਹਾਂ ਉੱਪਰ ਮਸੀਤਾਂ ਬਣਵਾਈਆਂ ਜਾਣ ਲੱਗੀਆਂ। ਵਿਸ਼ੇਸ਼ਕਰ ਉੱਤਰ-ਭਾਰਤ ਦੇ ਖੇਤਰ ਪੰਜਾਬ ਤੇ ਕਸ਼ਮੀਰ ਇਸ ਤਹਿਤ ਵੱਡਾ ਸੰਤਾਪ ਭੋਗਣ ਲੱਗੇ।



ਕਸ਼ਮੀਰੀ ਪੰਡਤਾਂ ਨੂੰ ਜਦ ਆਪਣੇ ਧਰਮ ਦਾ ਬਚਾਅ ਕਰਨ ਲਈ ਕੋਈ ਹੋਰ ਰਾਹ ਨਾ ਲੱਭਾ ਤਾਂ ਉਸ ਸਮੇਂ ਕਸ਼ਮੀਰੀ ਪੰਡਤਾਂ ਦਾ ਇਕ ਜਥਾ ਪੰਡਤ ਕਿਰਪਾ ਰਾਮ ਦੀ ਅਗਵਾਈ ਵਿਚ ਆਪਣੇ ਧਰਮ ਦੀ ਰੱਖਿਆ ਖਾਤਰ ਸ੍ਰੀ ਅਨੰਦਪੁਰ ਸਾਹਿਬ (ਚੱਕ ਨਾਨਕੀ) ਦੇ ਰਾਹੇ ਪੈ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਰਨ ਵਿਚ ਆਇਆ।

ਬੱਸ ਫਿਰ ਕੀ ਸੀ, ਇੱਥੋਂ ਹੀ ਇਤਿਹਾਸ ਅੰਦਰ ਉਹ ਮੋੜ ਆਇਆ ਜਿਸ ਤਹਿਤ ਜਿੱਥੇ ਸਿੱਖ ਧਰਮ ਦੇ ਗੁਰੂ-ਸਾਹਿਬਾਨ ਨੇ ਆਪਣੇ ਧਰਮ 'ਤੇ ਅਟੱਲ ਰਹਿਣ ਲਈ ਜੋ ਕੁੱਲ ਦੁਨੀਆ ਨੂੰ ਸੁਨੇਹਾ ਦਿੱਤਾ ਸੀ, ਉਸੇ ਸਿਧਾਂਤ 'ਤੇ ਖ਼ੁਦ ਚੱਲਦਿਆਂ ਇਹ ਗੱਲ ਵਿਹਾਰਕ ਤੌਰ 'ਤੇ ਸਪੱਸ਼ਟ ਵੀ ਕਰ ਦਿੱਤੀ ਕਿ ਮਜ਼ਲੂਮ ਦੀ ਅਤੇ ਧਾਰਮਿਕ ਸੁਤੰਤਰਤਾ ਦੀ ਰੱਖਿਆ ਲਈ ਕਿਵੇਂ ਤਤਪਰ ਰਹਿਣਾ ਹੈ।

ਸੋ ਇਸੇ ਤਹਿਤ ਬਾਲ ਗੋਬਿੰਦ ਰਾਏ (ਸ੍ਰੀ ਗੁਰੂ ਗੋਬਿੰਦ ਸਿੰਘ) ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਭਾਰਤੀ ਲੋਕਾਂ ਦੇ ਧਰਮ ਅਤੇ ਉਨ੍ਹਾਂ ਦੇ ਤਿਲਕ-ਜੰਞੂ ਦੀ ਰੱਖਿਆ ਖਾਤਰ ਸ੍ਰੀ ਅਨੰਦਪੁਰ ਸਾਹਿਬ (ਚੱਕ ਨਾਨਕੀ) ਤੋਂ ਦਿੱਲੀ ਵਿਖੇ ਸ਼ਹੀਦੀ ਦੇਣ ਲਈ ਭੇਜਿਆ। ਗੁਰੂ ਜੀ ਦੀ ਦਿੱਲੀ ਵਿਖੇ ਇਸ ਸ਼ਹਾਦਤ ਦਾ ਇਕ ਵੱਖਰਾ ਗੌਰਵਮਈ ਇਤਿਹਾਸ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਉਦੋਂ ਸਦਾ ਲਈ ਅਮਰ ਕਰ ਦਿੱਤਾ, ਜਦ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਤੋਂ ਆਈ ਲੋਕਾਈ ਵਿਚੋਂ ਪੰਜ ਮਰਜੀਵੜਿਆਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਅਤੇ ਖ਼ੁਦ ਉਨ੍ਹਾਂ ਤੋਂ ਅੰਮ੍ਰਿਤ ਛਕ ਕੇ 'ਖਾਲਸਾ' ਭਾਵ ਉਸ ਸ਼ੁੱਧਤਾ ਦਾ ਰੂਪ ਦਿੱਤਾ, ਜਿਸ ਅੰਦਰ ਨਾ ਤਾਂ ਡਰ ਸੀ, ਨਾ ਹੀ ਕਿਸੇ ਦੀ ਅਧੀਨਗੀ ਨੂੰ ਕਬੂਲ ਕਰਨ ਦੀ ਭਾਵਨਾ, ਬਲਕਿ ਖਾਲਸਾ ਮਜ਼ਲੂਮਾਂ ਦੀ ਢਾਲ ਬਣ ਕੇ, ਜਬਰ ਅਤੇ ਜ਼ੁਲਮ ਦੀ ਜੜ੍ਹ ਨੂੰ ਮੁੱਢੋਂ ਹੀ ਪੁੱਟ ਦੇਣ ਦਾ ਜਜ਼ਬਾ ਰੱਖਦਾ ਸੀ, ਜਿਸ ਨੇ ਵਾਕਈ ਇਹ ਸਭ ਕੁਝ ਕਰ ਦਿਖਾਇਆ। ਇਸ ਜਜ਼ਬੇ ਦਾ ਗਵਾਹ ਬਾਅਦ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਵੀ ਬਣਿਆ।

ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਅਤੇ ਉਸ ਵਿਚਲੀ ਸ਼ਕਤੀ ਦਾ ਜਜ਼ਬਾ ਹੀ ਸੀ, ਜਿਸ ਨੇ 'ਸਵਾ ਲਾਖ ਸੇ ਏਕ ਲੜਾਊ' ਦਾ ਹੌਸਲਾ ਪੈਦਾ ਕੀਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਖਾਲਸਾ ਪੰਥ ਦੀ ਸਾਜਣਾ ਤੋਂ ਬਾਅਦ ਸਦੀਆਂ ਤੋਂ ਚੱਲਦੀਆਂ ਆ ਰਹੀਆਂ ਉਨ੍ਹਾਂ ਪਰੰਪਰਾਵਾਂ ਨੂੰ ਵੀ ਇਕ ਨਵੀਂ ਦਿਸ਼ਾ ਅਤੇ ਨਵਾਂ ਰੂਪ ਦਿੱਤਾ, ਜੋ ਲੋਕਾਂ ਅੰਦਰ ਬੁਜ਼ਦਿਲੀ ਅਤੇ ਫਜ਼ੂਲ ਦੇ ਕਰਮ-ਕਾਂਡਾਂ ਨੂੰ ਉਤਸ਼ਾਹਿਤ ਕਰਦੀਆਂ ਸਨ। ਦਸਵੇਂ ਪਾਤਸ਼ਾਹ ਨੇ ਇਕ ਨਵੀਂ 'ਰਹਿਤ ਮਰਯਾਦਾ' ਸਥਾਪਿਤ ਕਰ ਕੇ, ਖਾਲਸੇ ਨੂੰ 'ਪੰਜ ਕਕਾਰ' ਬਖ਼ਸ਼ ਕੇ, ਭਗਤੀ ਨਾਲ ਸ਼ਕਤੀ ਦਾ ਸੁਮੇਲ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੁਨੀਆ ਦੇ ਤਮਾਮ ਲੋਕਾਂ ਅੰਦਰ ਬਰਾਬਰਤਾ, ਸਮਾਨਤਾ, ਧਾਰਮਿਕ ਆਜ਼ਾਦੀ ਦੀ ਭਾਵਨਾ ਪੈਦਾ ਕਰ ਕੇ ਕੱਟੜਤਾ ਦੀ ਸੌੜੀ ਸੋਚ ਨੂੰ ਮਨੁੱਖੀ ਮਨਾਂ ਅੰਦਰੋਂ ਪਰ੍ਹਾਂ ਵਗਾਹ ਮਾਰਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੁੱਚੀ ਮਾਨਵਤਾ ਨੂੰ ਆਪਣੇ ਉਨ੍ਹਾਂ ਹਿੱਤਾਂ ਦੀ ਰਾਖੀ ਕਰਨੀ ਸਿਖਾਈ, ਜਿਹੜੇ ਸਦੀਆਂ ਤੋਂ ਚੱਲੀ ਆ ਰਹੀ ਭਾਰਤੀ ਜਨਤਾ ਦੀ ਮਾਨਸਿਕਤਾ ਵਿਚ ਕਾਇਰਤਾ ਵਾਲੀ ਭਾਵਨਾ ਦੇ ਪਨਪਣ ਕਰਕੇ ਕਿਧਰੇ ਗੁਆਚ ਚੁੱਕੇ ਸਨ।

ਇਹ ਸਭ ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਹ ਉਪਕਾਰ ਸਨ ਜਿਨ੍ਹਾਂ ਨੇ ਸਮੁੱਚੀ ਮਨੁੱਖਤਾ ਅੰਦਰ ਸਵੈਮਾਣ, ਬਰਾਬਰਤਾ ਅਤੇ ਧਰਮ ਦੀ ਆਜ਼ਾਦੀ ਦੇ ਨਾਲ ਮਨੁੱਖਤਾ ਨੂੰ ਇੱਜ਼ਤ ਨਾਲ ਜੀਣ ਅਤੇ ਜੀਊਣ ਦੇਣ ਦੇ ਸਰੋਕਾਰਾਂ ਨਾਲ ਲਬਰੇਜ਼ ਕੀਤਾ।

# ਕੁਟੰਬਲਮ ਅਤੇ ਸਰਬੰਸ-ਦਾਨ ਦਾ ਬਚਿਤ੍ਰ ਨਾਟਕ

**ਅਵਤਾਰ ਸਿੰਘ**
**ਫ਼ੋਨ: 94175-18384**

ਕੁਟੰਬਲਮ ਕੇਰਲਾ ਦਾ ਅਜਿਹਾ ਮੰਚ-ਮੰਦਰ ਹੈ, ਜਿਸ ਵਿਚ ਭਾਰਤ ਦੇ ਪੁਰਾਤਨ ਰੀਤੀ ਰਿਵਾਜ਼ ਅਤੇ ਕਲਾਤਮਿਕਤਾ ਨੂੰ ਨਾਟਕੀ ਰੂਪ ਵਿਚ ਪੇਸ਼ ਕਰਨ ਲਈ ਇਕ ਬੰਦ ਹਾਲ ਬਣਿਆ ਹੋਇਆ ਹੈ, ਜਿਸਦਾ ਨਿਰਮਾਣ ਭਰਤਮੁਨੀ ਦੇ ਨਾਟ-ਸ਼ਾਸਤਰ ਦੇ ਦੂਜੇ ਕਾਂਡ ਵਿਚ ਦੱਸੀਆਂ ਹਦਾਇਤਾਂ ਮੁਤਾਬਕ ਕੀਤਾ ਗਿਆ ਹੈ। ਇਸ ਇਮਾਰਤ ਦੇ ਚੁਬਾਰੇ ਵਿਚ ਇੱਕ ਹਾਲ ਹੈ, ਜਿਸ ਵਿਚ ਬਣੇ ਹੋਏ ਮੰਚ ਨੂੰ ਧਾਰਮਿਕ ਅਸਥਾਨ ਦੀ ਤਰ੍ਹਾਂ ਪਵਿੱਤਰ ਮੰਨਿਆ ਜਾਂਦਾ ਹੈ।

ਦਿੱਲੀ ਵਿਖੇ ਭਾਰਤੀ ਸਾਹਿਤ ਅਕਾਦਮੀ ਦੇ ਪ੍ਰਮੁੱਖ ਭਵਨ ਵਿਚ, ਗੋਵਰਧਨ ਪੰਚਾਲ ਜੀ ਦਾ ਬਣਾਇਆ, ਇਸ ਕੁਟੰਬਲਮ ਦਾ ਮਾਡਲ ਰੱਖਿਆ ਹੋਇਆ ਹੈ, ਜਿਸਨੂੰ ਦੇਖ ਕੇ ਹੀ ਪ੍ਰਾਚੀਨ ਭਾਰਤ ਦੀ ਨਾਟ-ਕਲਾ ਦੀ ਮਹਾਨਤਾ ਅਤੇ ਮਹੱਤਵ ਦਾ ਪਤਾ ਲੱਗਦਾ ਹੈ।

ਪਿਛਲੇ ਦਿਨੀਂ ਭਾਰਤੀ ਸਾਹਿਤ ਅਕਾਦਮੀ ਦੇ ਅਨੁਵਾਦ ਇਨਾਮ ਲਈ, ਜਿਊਰੀ ਮੈਂਬਰ ਵਜੋਂ, ਦਿੱਲੀ ਵਿਖੇ ਜਾਣ ਦਾ ਸਬੱਬ ਬਣਿਆ ਤਾਂ ਮੈਂ ਇਨਾਮ ਸ਼ਨਾਮ ਦੀ ਕਾਰਵਾਈ ਤੋਂ ਵਿਹਲਾ ਹੋ ਕੇ ਦੇਰ ਤੱਕ ਇਸ ਮਹਾਨ ਮਾਡਲ ਨੂੰ ਦੇਖਦਾ ਰਿਹਾ ਤੇ ਭਾਰਤੀ ਨਾਟ ਪਰੰਪਰਾ ਦੀ ਵਡਿਆਈ ਵਿਚ ਸੋਚਦਾ ਰਿਹਾ।

ਇਹ ਸੋਚਦੇ ਸੋਚਦੇ ਮੇਰੇ ਮਨ ਵਿਚ ਦਸਮੇਸ਼ ਪਿਤਾ ਦੇ 'ਬਚਿਤ੍ਰ ਨਾਟਕ' ਦਾ ਖਿਆਲ ਉੱਭਰ ਆਇਆ ਕਿ ਉਨ੍ਹਾਂ ਲਈ ਸ੍ਰਿਸ਼ਟੀ ਹੀ ਇਕ ਵਿਸ਼ਾਲ ਮੰਚ-ਮੰਦਰ ਜਾਂ ਕੁਟੰਬਲਮ ਸੀ, ਜਿਸ ਵਿਚ ਉਨ੍ਹਾਂ ਨੇ ਆਪਣੇ ਕੁਟੰਬ ਸਮੇਤ ਅਜਿਹਾ ਨਾਟਕ ਖੇਡਿਆ, ਜਿਹੋ ਜਿਹਾ ਸ਼ਾਇਦ ਹੀ ਕਿਤੇ ਹੋਰ ਖੇਡਿਆ ਗਿਆ ਹੋਵੇ। ਇਸੇ ਲਈ ਉਹ ਨਾਟਕ 'ਬਚਿਤ੍ਰ ਨਾਟਕ' ਅਖਵਾਇਆ।

ਭਾਈ ਕਪੂਰ ਸਿੰਘ ਨੇ ਆਪਣੀ ਪੁਸਤਕ 'ਪ੍ਰਾਸ਼ਰਪ੍ਰਸ਼ਨ' ਦੇ ਪਹਿਲੇ ਅਧਿਆਇ ਦੇ ਪਹਿਲੇ ਵਾਕ ਵਿਚ ਲਿਖਿਆ ਕਿ "ਘੁਰੁ ਘੋਬਨਿਦ 'ਨਿਗਹ ਗਅਵਣ ਪਰੌ`ਾ ਹਸਿ ਟਹੋਰੁ`ਗਹ ਕਨੌ`ਲਣਦਗਏ`ਾ ਟਹਏ ਅਰਟ`ਾ ਦਰਅਮਅ-ਟੁਰਗੇ"

ਲੇਖਕ ਪਹਿਲਾਂ ਨਾਟਕ ਲਿਖਦੇ ਹਨ ਤੇ ਫਿਰ ਨਾਟ-ਕਰਮੀ ਉਸਨੂੰ ਖੇਡਦੇ ਹਨ। ਮਤਲਬ ਲਿਖਦਾ ਕੋਈ ਹੋਰ ਹੈ ਤੇ ਖੇਡਦੇ ਕੋਈ ਹੋਰ ਹਨ। ਪਰ ਦਸਮੇਸ਼ ਪਿਤਾ ਨੇ ਕੁਟੰਬਲਮ ਅਰਥਾਤ ਸਰਬੰਸ-ਦਾਨ ਦਾ ਬਚਿਤ੍ਰ ਨਾਟਕ ਹਿੰਦੁਸਤਾਨ ਦੇ ਇਤਿਹਾਸਕ ਚਿਤਰਪਟ ਜਾਂ ਧਰਮ-ਮੰਚ 'ਤੇ ਪਹਿਲਾਂ ਖ਼ੁਦ ਖੇਡਿਆ ਤੇ ਬਾਅਦ ਵਿਚ ਖ਼ੁਦ ਹੀ ਲਿਖਿਆ।




ਉਸ 'ਬਚਿਤ੍ਰ ਨਾਟਕ' ਦੇ ਦੋ ਅਹਿਮ ਕਾਂਡ ਪੋਹ ਦੀ ਹੱਡ ਚੀਰਵੀਂ ਠੰਢ ਵਿਚ ਖੇਡੇ ਗਏ, ਜਿਸ ਦੇ ਦਿਲ ਹੂਲਵੇਂ ਦ੍ਰਿਸ਼ ਚਮਕੌਰ ਦੀ ਕੱਚੀ ਗੜ੍ਹੀ ਅਤੇ ਸਰਹਿੰਦ ਦੀਆਂ ਪੱਕੀਆਂ ਨੀਂਹਾਂ ਵਿਚ ਸਾਕਾਰ ਹੋਏ। ਇਹ ਦ੍ਰਿਸ਼ ਅਜਿਹੇ ਹਨ, ਜਿਨ੍ਹਾਂ ਨੂੰ ਚੇਤੇ ਕਰਦਿਆਂ ਨੇਤਰਾਂ ਵਿਚ ਅੱਥਰੂ ਵਗ ਤੁਰਦੇ ਹਨ ਤੇ ਰਗਾਂ ਵਿਚ ਖ਼ੂਨ ਖੌਲਣ ਲੱਗਦਾ ਹੈ।

ਫਿਰ ਚੇਤੇ ਆਇਆ ਕਿ ਦਸਮੇਸ਼ ਪਿਤਾ ਨੇ ਸਾਨੂੰ ਮਨ ਨੀਵਾਂ ਤੇ ਮੱਤ ਉੱਚੀ ਰੱਖਣ ਦਾ ਸਖ਼ਤ ਆਦੇਸ਼ ਕੀਤਾ ਹੋਇਆ ਹੈ। ਜਿਸ ਕਰਕੇ ਅਸੀਂ ਹਰ ਹਾਲਤ ਵਿਚ ਅੱਥਰੂ ਕੇਰਨ ਅਤੇ ਖ਼ੂਨ ਖੌਲਣ ਦੀ ਬਜਾਏ ਬਿਬੇਕ ਤੋਂ ਕੰਮ ਲੈਣਾ ਹੈ ਤੇ ਅਜਿਹੀ ਜੀਵਨ ਸ਼ੈਲੀ ਦੀ ਮਿਸਾਲ ਬਣਨਾ ਹੈ, ਜਿਸ ਵਿਚ ਮੁੜ ਪਰਿਵਾਰ ਵਿਛੋੜੇ ਨਾ ਵਾਪਰਨ, ਜਿਸ ਅਨੁਸਾਰ ਅਸੀਂ ਆਪੋ ਆਪਣੇ ਕੁਟੰਬ ਸਮੇਤ ਭਰਪੂਰਤਾ ਨਾਲ ਜੀਵਨ ਬਸਰ ਕਰ ਸਕੀਏ।

ਸ਼ਹਾਦਤ ਅਸਲ ਵਿਚ ਸੁਹਾਗ ਨੂੰ ਕਹਿੰਦੇ ਹਨ ਤੇ ਮਹਾਨ ਲੋਕ ਇਸ ਲਈ ਸ਼ਹੀਦ ਹੁੰਦੇ ਕਿ ਮਨੁੱਖਤਾ ਸੁਖ ਚੈਨ ਨਾਲ ਜੀ ਸਕੇ। ਜੇ ਅਜਿਹਾ ਨਾ ਹੁੰਦਾ ਤਾਂ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ 'ਸੁਖਮਨੀ' ਦੀ ਰਚਨਾ ਕਿਉਂ ਕਰਦੇ। ਆਓ, ਪੋਹ ਦੀ ਹੱਡ ਚੀਰਵੀਂ ਠੰਢ ਵਿਚ ਸਾਹਿਬਜ਼ਾਦਿਆਂ ਦੀ ਦਿਲ ਚੀਰਵੀਂ ਸ਼ਹਾਦਤ ਨੂੰ ਯਾਦ ਕਰਕੇ ਸੁਖਮਨੀ ਸਾਹਿਬ ਦਾ ਪਾਠ ਕਰੀਏ ਤੇ ਉਸਨੂੰ ਵਿਚਾਰੀਏ।

ਅਸੀਂ ਹਾਲੇ ਤੱਕ ਦਸਮੇਸ਼ ਪਿਤਾ ਦੇ ਸਰਬੰਸ ਦਾਨ ਦੇ 'ਬਚਿਤ੍ਰ ਨਾਟਕ' ਜਹੇ ਕੁਟੰਬਲਮ ਦਾ ਇਕ ਵੀ ਭਵਨ ਜਾਂ ਮਾਡਲ ਤੱਕ ਵੀ ਤਿਆਰ ਨਹੀਂ ਕਰ ਸਕੇ। ਮਨ ਵਿਚ ਹਿਰਖ ਨਾਲ ਭਰਿਆ ਪੀਤਾ ਸਵਾਲ ਪੈਦਾ ਹੁੰਦਾ ਹੈ ਕਿ ਸਾਡੇ ਮੰਨੇ-ਪ੍ਰਮੰਨੇ ਸਾਹਿਤਕਾਰ, ਕਲਾਕਾਰ ਤੇ ਵਿਦਵਾਨ ਕਦੇ ਇਸ ਪਾਸੇ ਧਿਆਨ ਦੇਣਗੇ?

# ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਵਲੋਂ ਅਹਿਮ ਫੈਸਲੇ

## ਫਰਿਜ਼ਨੋ ਸਿਟੀ ਕਾਲਜ ਅਤੇ ਮੰਡੇਰਾ ਸਿਟੀ ਕਾਲਜ 'ਚ ਪੰਜਾਬੀ ਕਲਾਸਾਂ ਸ਼ੁਰ

**ਫਰਿਜ਼ਨੋ:** ਕੈਲੀਫੋਰਨੀਆ ਦੀ ਸੈਂਟਰਲ ਵੈਲੀ ਦੇ ਸਮੂਹ ਗੁਰੂਘਰਾਂ ਵੱਲੋਂ ਬਣਾਈ ਸੰਸਥਾ 'ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆਂ' ਦੇ ਮੁੱਖ ਮੈਂਬਰਾਂ ਦੀ ਇਸ ਨਵੇਂ



ਸਾਲ ਦੀ ਪਹਿਲੀ ਵਿਸ਼ੇਸ਼ ਮੀਟਿੰਗ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਸੁਖਦੇਵ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਦੀ ਸ਼ੁਰੂਆਤ ਗੁਰਮਤਿ ਮਰਿਯਾਦਾ ਅਨੁਸਾਰ ਮੂਲ ਮੰਤਰ ਦੇ ਜਾਪ ਨਾਲ ਹੋਈ। ਇਸ ਉਪਰੰਤ ਹਾਜ਼ਰ ਮੈਂਬਰਾਂ ਨੇ ਸਮੁੱਚੇ ਅਮਰੀਕਨ ਭਾਈਚਾਰੇ ਵਿਚ ਗੁਰਸਿੱਖੀ ਦੇ ਪ੍ਰਚਾਰ ਅਤੇ ਨਵੀਂ ਪੀੜ੍ਹੀ ਨੂੰ ਧਰਮ ਨਾਲ ਜੋੜਨ ਸੰਬੰਧੀ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਹਾਜ਼ਰ ਸਿਟੀ ਕਾਲਜ ਦੇ ਡੀਨ ਸ. ਗੁਰਮਿੰਦਰ ਸਿੰਘ ਸੰਘਾ ਨੇ ਦੱਸਿਆ ਕਿ ਇਸ ਸਾਲ ਫਰਿਜ਼ਨੋ ਅਤੇ ਮੰਡੇਰਾ ਸ਼ਹਿਰ ਦੇ ਸਿਟੀ ਕਾਲਜਾਂ ਵਿਚ ਪੰਜਾਬੀ ਭਾਸ਼ਾ ਦੀਆਂ ਕਲਾਸਾਂ ਸ਼ੁਰੂ ਹੋ ਜਾਣਗੀਆਂ ਪਰ ਇਸ ਲਈ ਯੋਗ ਪੰਜਾਬੀ ਅਧਿਆਪਕਾਂ ਦੀ ਲੋੜ ਹੈ। ਇਸੇ ਦੌਰਾਨ ਸੰਸਥਾ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਚੀਮਾ ਨੇ ਅਮਰੀਕਨ ਭਾਈਚਾਰੇ ਨੂੰ ਸਿੱਖੀ ਸਿਧਾਤਾਂ ਤੋਂ ਜਾਣੂ ਕਰਵਾਉਣ ਲਈ ਉਲੀਕੇ ਪ੍ਰੋਗਰਾਮ ਦਾ ਵੇਰਵਾ ਸਾਂਝਾ ਕੀਤਾ। ਸੁਹਿੰਦਰ ਸਿੰਘ ਅਠਵਾਲ ਨੇ ਬੀਤੇ ਮਹੀਨੇ ਦਾ ਲੇਖਾ-ਜੋਖਾ ਪੇਸ਼ ਕੀਤਾ। ਇਸ ਮੌਕੇ ਸੰਸਥਾ ਦੇ ਮੁੱਖ ਮੈਂਬਰਾਂ ਵਿਚੋਂ ਗੁਰਜੰਟ ਸਿੰਘ ਗਿੱਲ, ਰਾਜਵਿੰਦਰ ਸਿੰਘ ਬਰਾੜ, ਰੁਪਿੰਦਰ ਸਿੰਘ ਕੰਗ, ਸ਼ਰਨਜੀਤ ਸਿੰਘ ਢਿੱਲੋਂ, ਜਸਵੰਤ ਸਿੰਘ ਗਿੱਲ, ਜਸਦੀਪ ਸਿੰਘ, ਕੁਲਵੰਤ ਉੱਭੀ ਧਾਲੀਆਂ ਅਤੇ ਚਰਨਜੀਤ ਸਿੰਘ ਬਾਠ ਆਦਿ ਨੇ ਸੁਝਾਅ ਪੇਸ਼ ਕੀਤੇ। ਸਿੱਖ ਕੌਂਸਲ ਵਿਚ ਸ਼ਾਮਲ ਕੀਤੇ ਗਏ ਨਵੇਂ ਗੁਰੂਘਰਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਸਮੂਹ ਮੈਂਬਰਾਂ ਦੀ ਸਹਿਮਤੀ ਨਾਲ ਅਹਿਮ ਫੈਸਲੇ ਲਏ ਗਏ, ਜਿਨ੍ਹਾਂ ਵਿਚ ਇਹ ਤੈਅ ਕੀਤਾ ਗਿਆ ਕਿ ਕੌਂਸਲ ਅਗਲੇ ਦਿਨਾਂ ਵਿਚ ਸਮੂਹ ਸਹਿਯੋਗੀ ਗੁਰੂਘਰਾਂ ਦੇ ਧੰਨਵਾਦ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕਦੇ ਹੋਏ, ਗੁਰੂਘਰਾਂ ਨੂੰ ਸਨਮਾਨ ਦੇਵੇਗੀ।

*-ਤਸਵੀਰ ਤੇ ਵੇਰਵਾ: ਕੁਲਵੰਤ ਧਾਲੀਆਂ/ ਨੀਟਾ ਮਾਛੀਕੇ:*

# ਨਵੇਂ ਸਾਲ ਦੀ ਆਮਦ 'ਤੇ ਗੁਰਦੁਆਰਾ ਸਨਵਾਕੀਨ ਵਿਖੇ ਵਿਸ਼ੇਸ਼ ਸਮਾਗਮ ਕਰਵਾਏ

**ਫਰਿਜ਼ਨੋ:** ਨਵੇਂ ਸਾਲ 2023 ਦੀ ਆਮਦ 'ਤੇ ਸੈਂਟਰਲ ਵੈਲੀ ਦੇ ਸਭ ਤੋਂ ਪਹਿਲੇ ਅਤੇ ਸਰਕਾਰੀ ਤੌਰ 'ਤੇ ਹੈਰੀਟੇਜ ਦਾ ਦਰਜਾ ਪ੍ਰਾਪਤ





ਗੁਰਦੁਆਰਾ 'ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ' ਵਿਖੇ ਵਿਸ਼ੇਸ਼ ਪ੍ਰੋਗਰਾਮ ਕਰਵਾਏ ਗਏ। ਪਾਠਾਂ ਦੇ ਭੋਗ ਉਪਰੰਤ ਸਜਾਏ ਗਏ ਗੁਰਮਤਿ ਸਮਾਗਮ ਵਿਚ ਗੁਰੂਘਰ ਦੇ ਮੁੱਖ ਗ੍ਰੰਥੀ ਭਾਈ ਕੁਲਵੰਤ ਸਿੰਘ ਧਾਲੀਵਾਲ ਨੇ ਕਥਾ ਰਾਹੀਂ ਸੰਗਤ ਨੂੰ ਗੁਰਮਤਿ ਨਾਲ ਜੋੜਦੇ ਹੋਏ ਨਿਹਾਲ ਕੀਤਾ।

ਗੁਰੂਘਰ ਦੇ ਹਜ਼ੂਰੀ ਕੀਰਤਨੀਏ ਭਾਈ ਜੋਗਿੰਦਰ ਸਿੰਘ ਯੋਗੀ ਦੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਸਰਵਣ ਕਰਵਾਇਆ। ਇਸ ਸਮੇਂ ਸਥਾਨਕ ਗਾਇਕ ਅਵਤਾਰ ਸਿੰਘ ਗਰੇਵਾਲ ਅਤੇ ਪੱਪੀ ਭਦੌੜ ਨੇ ਧਾਰਮਿਕ ਗੀਤਾਂ ਰਾਹੀਂ ਹਾਜ਼ਰੀ ਭਰੀ। ਸੰਗਤਾਂ ਨੇ ਰਲ ਕੇ ਗੁਰਬਾਣੀ ਸਿਮਰਨ ਦਾ ਜਾਪ ਕੀਤਾ। ਕੁਲਵੰਤ ਉੱਭੀ ਨੇ ਮੀਡੀਆ ਸੇਵਾਵਾਂ ਦਿੰਦੇ ਹੋਏ ਸੰਗਤ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਦੀ ਸੇਵਾ ਗੁਰਬਿੰਦਰ ਸਿੰਘ ਧਾਲੀਵਾਲ ਨੇ ਨਿਭਾਉਂਦੇ ਹੋਏ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਲਈ ਪ੍ਰੇਰਿਆ। ਗੁਰੂ ਦਾ ਲੰਗਰ ਅਤੁੱਟ ਵਰਤਿਆ। ਅੰਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ।

# ਗੁਰਦੁਆਰਾ ਅਨੰਦਗੜ੍ਹ ਸਾਹਿਬ ਕਰਮਨ ਵਿਖੇ ਟਰੱਕ ਡਰਾਈਵਰਾਂ ਵਲੋਂ ਨਵੇਂ ਸਾਲ ਦੇ ਸਮਾਗਮ

**ਕਰਮਨ:** ਇੱਥੋਂ ਦੇ ਗੁਰਦੁਆਰਾ ਅਨੰਦਗੜ੍ਹ ਸਾਹਿਬ ਵਿਖੇ ਸਥਾਨਕ ਟਰੱਕ ਡਰਾਈਵਰਾਂ ਨੇ ਨਵੇਂ ਸਾਲ 2023 ਦੀ ਆਮਦ ਨੂੰ ਮੁੱਖ ਰੱਖਦੇ ਹੋਏ ਰਾਤਰੀ ਦੇ ਵਿਸ਼ੇਸ਼ ਸਮਾਗਮ ਕਰਵਾਏ। ਇਸ ਦੌਰਾਨ ਪਾਠਾਂ ਦੇ ਭੋਗ ਉਪਰੰਤ ਗੁਰੂਘਰ ਦੇ ਹਜ਼ੂਰੀ ਜਥੇ ਨੇ ਕੀਰਤਨ ਕਰਦੇ ਹੋਏ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ। ਕਥਾ ਵਾਚਕ ਭਾਈ ਤਰਸੇਮ ਸਿੰਘ ਹਰਖੋਵਾਲ ਵਾਲਿਆਂ ਨੇ ਕਥਾ ਰਾਹੀਂ ਸੰਗਤ ਨੂੰ ਗੁਰ-ਇਤਿਹਾਸ ਸਰਵਣ ਕਰਵਾਇਆ। ਇਸ ਤੋਂ ਬਾਅਦ ਗੁਰੂ ਨਾਨਕ ਸਿੱਖ



ਬਾਰਾਂ ਵਜੇ ਸਭ ਨੇ ਨਵੇਂ ਸਾਲ ਨੂੰ ਜੀ ਆਇਆਂ ਕਹਿੰਦੇ ਹੋਏ, ਦੁਨਿਆਵੀ ਸ਼ਾਂਤੀ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਨ੍ਹਾਂ ਸਮੁੱਚੇ ਪ੍ਰਬੰਧਾਂ ਵਿਚ ਟਰੱਕ ਡਰਾਈਵਰ ਹਰਪ੍ਰੀਤ ਸਿੱਧੂ, ਕਮਲ ਪਬਲਾ, ਗਗਨ ਪਬਲਾ, ਗੁਰਜੋਤ ਬਿੱਲਾ, ਜੱਸ ਬੈਂਸ, ਬਬਲੂ, ਸ਼ਿੰਦਾ ਢਿੱਲੋਂ, ਗੁਰਦੀਪ ਅਟਵਾਲ, ਸੰਨੀ ਸੋਨੋ ਥਰੂਵੇ, ਅਮਨ, ਦੀਪਾ ਗਿੱਲ, ਸੰਧੂ, ਸੁੱਖਾ, ਬਲਜੀਤ, ਤਾਜ ਗਿੱਲ, ਦੀਪਾ ਗਿੱਲ, ਕੁਲਦੀਪ ਧਾਲੀਆਂ, ਸਤਿਨਾਮ ਭੰਗੂ ਨੇ ਯੋਗਦਾਨ ਪਾਇਆ।

***ਵੇਰਵਾ ਤੇ ਤਸਵੀਰ: ਕੁਲਵੰਤ ਧਾਲੀਆਂ/ ਨੀਟਾ ਮਾਛੀਕੇ:***







ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ
ਦੀ ਪੰਜਾਬ ਟਾਈਮਜ਼ ਦੇ ਸਮੂਹ ਪਾਠਕਾਂ ਨੂੰ ਲੱਖ ਲੱਖ ਵਧਾਈ

# Golden State Realty

**Real Estate and Loans Under One Roof**

**Selling Homes from Gilroy to Sacramento, CA**
Call us before visiting new model homes to save big time.

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017
Grand Master Award Winner: 2018-2021

## *Call for Listing Special 2023*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
REALTOR
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 225 Lock Court Stockto, CA, 95210
2. 5079 Brett Court CA, 94538
3. 1379 Michael Dr Tracy, CA, 95337
4. 3055 Bernard Ave San Ramon, CA, 94583
5. 380 cardona Cir Pleasanton CA 94583
6. 5788 Arlene way Livermore CA 94550
7. 2569 Bennett ct Tracy CA 95377
8. 3055 Bernard Ave San Ramon, CA, 94583
9. 1693 Corpsman St Manteca, CA, 95337
10. 5177 Roycroft Way Fremont, CA, 94538
11. 2925 Mabury Rd San Jose, CA, 95133
12. 105 Machado Ct Tracy, CA, 95376
13. 3315 Mount Everest dr San Jose ca 95127
14. 16765 oak view Cir Morgan hill ca 95037
15. 1663 Dedini Ln Ripon, CA, 95366
16. 2447 Remy Cantos Dr Tracy, CA, 95376

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095

## ਬਰਫ਼ੀਲੇ ਤੂਫਾਨ ਮਗਰੋਂ ਆਏ ਹੜ੍ਹ ਨੇ ਲੋਕਾਂ ਦੀਆਂ ਮੁਸੀਬਤਾਂ ਵਧਾਈਆਂ

**ਕੈਲੀਫੋਰਨੀਆ:** ਇੱਥੇ ਬਰਫ਼ੀਲੇ ਤੂਫਾਨ ਮਗਰੋਂ ਪਈ ਬਾਰਿਸ਼ ਅਤੇ ਬਰਫ਼ ਪਿਘਲਣ ਕਾਰਨ ਲੋਕਾਂ ਦੀਆਂ ਮੁਸੀਬਤਾਂ ਵਧ ਗਈਆਂ ਹਨ। ਵਿਸ਼ੇਸ਼ ਕਰਕੇ ਰਾਜ ਦਾ ਅੱਧਾ ਉੱਤਰੀ ਹਿੱਸਾ ਬਰਫ਼ ਪਿਘਲਣ ਕਾਰਨ ਆਏ ਹੜ੍ਹ ਤੋਂ ਪ੍ਰਭਾਵਿਤ ਹੈ। ਸੜਕਾਂ ਉਪਰ ਗੋਡੇ-ਗੋਡੇ ਪਾਣੀ ਫਿਰ ਰਿਹਾ ਹੈ। ਕੈਲੀਫੋਰਨੀਆ ਦੇ ਸਭ ਤੋਂ ਮਸ਼ਹੂਰ ਮਾਰਗ ਯੂ ਐਸ ਹਾਈਵੇਅ 101 ਨੂੰ ਦੱਖਣੀ ਸਾਂਨ ਫਰਾਂਸਿਸਕੋ ਵਿਚ ਦੋਨਾਂ ਪਾਸਿਆਂ ਤੋਂ ਬੰਦ ਕਰਨਾ ਪਿਆ ਹੈ। ਕੌਮੀ ਮੌਸਮ ਸੇਵਾ ਨੇ ਬਾਰਿਸ਼ ਪੈਣ ਤੇ ਬਰਫ਼ ਪਿਘਲਣ ਕਾਰਨ ਸੰਭਾਵੀ ਹੜ੍ਹ ਦੀ ਪਹਿਲਾਂ ਹੀ ਭਵਿੱਖਬਾਣੀ ਕਰ ਦਿੱਤੀ ਸੀ ਤੇ ਲੋਕਾਂ ਨੂੰ ਚੌਕਸ ਰਹਿਣ ਲਈ ਕਹਿ ਦਿੱਤਾ ਸੀ। ਪਿਛਲੇ ਦੋ ਦਿਨ ਪਈ ਭਾਰੀ ਬਾਰਿਸ਼ ਨੇ ਉੱਤਰੀ ਤੇ ਕੇਂਦਰੀ ਕੈਲੀਫੋਰਨੀਆ ਵਿਚ ਹੜ੍ਹ ਦਾ ਖਤਰਾ ਪੈਦਾ ਕਰ ਦਿੱਤਾ ਹੈ। ਹੜ੍ਹ ਕਾਰਨ ਉੱਤਰੀ ਕੈਲੀਫੋਰਨੀਆ ਵਿਚ ਕੁਝ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਣ ਦਾ ਆਦੇਸ਼ ਦਿੱਤਾ ਗਿਆ ਹੈ।

*ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥*
*ਘੱਲੇ ਆਵਹਿ ਨਾਨਕਾ, ਸਦੇ ਉਠੀ ਜਾਹਿ॥*

## ਪਾਠ ਦਾ ਭੋਗ ਅਤੇ ਅੰਤਿਮ ਅਰਦਾਸ



*ਸਰਦਾਰਨੀ ਰਣਜੀਤ ਕੌਰ ਅਟਵਾਲ*

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਮਾਤਾ ਜੀ ਸਰਦਾਰਨੀ ਰਣਜੀਤ ਕੌਰ ਅਟਵਾਲ ਮਿਤੀ 28 ਦਸੰਬਰ 2022 ਦਿਨ ਬੁੱਧਵਾਰ ਨੂੰ ਕਰੀਬ 94 ਸਾਲ ਦੀ ਉਮਰ ਭੋਗ ਕੇ ਇਸ ਫਾਨੀ ਸੰਸਾਰ ਤੋਂ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦਾ ਅੰਤਿਮ ਸੰਸਕਾਰ ਮਿਤੀ 6 ਜਨਵਰੀ 2023 ਦਿਨ ਸ਼ੁਕਰਵਾਰ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਡੈਵਨਪੋਰਟ ਫਿਊਨਰਲ ਹੋਮ ਲੇਕ ਜ਼ਿਊਰਕ, (941 ਓਲਡ ਰੈਂਡ ਰੋਡ -60047) ਵਿਖੇ ਹੋਵੇਗਾ। ਉਪਰੰਤ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਪੈਲਾਟਾਈਨ ਵਿਖੇ ਬਾਅਦ ਦੁਪਹਿਰ 3 ਤੋਂ 5 ਵਜੇ ਤਕ ਹੋਵੇਗੀ। ਆਪ ਜੀ ਨੇ ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।

**ਦੁਖੀ ਹਿਰਦੇ:**

ਦਲਬੀਰ ਸਿੰਘ ਅਟਵਾਲ (ਸਪੁੱਤਰ), ਰਣਜੀਤ ਕੌਰ (ਨੂੰਹ) ਕੈਲੀਫੋਰਨੀਆ
ਫੋਨ ਨੰਬਰ 510-673-2771
ਸਵਰਗਵਾਸੀ ਸੁਰਜੀਤ ਸਿੰਘ ਅਟਵਾਲ (ਸਪੁੱਤਰ), ਜਸਵੀਰ ਕੌਰ (ਨੂੰਹ) ਇੰਡੀਆ
ਸੰਤੋਖ ਸਿੰਘ ਅਟਵਾਲ (ਸਪੁੱਤਰ), ਅਮਰਜੀਤ ਕੌਰ (ਨੂੰਹ) ਸ਼ਿਕਾਗੋ
ਫੋਨ ਨੰਬਰ 773-934-1544
ਇਕਬਾਲ ਸਿੰਘ ਅਟਵਾਲ (ਸਪੁੱਤਰ), ਇੰਦਰਜੀਤ ਕੌਰ (ਨੂੰਹ) ਜਰਮਨੀ
ਸੁਰਿੰਦਰ ਸਿੰਘ ਅਟਵਾਲ (ਸਪੁੱਤਰ), ਜਗਜੀਤ ਕੌਰ (ਨੂੰਹ) ਆਸਟਰੀਆ
ਭੁਪਿੰਦਰ ਸਿੰਘ ਅਟਵਾਲ (ਸਪੁੱਤਰ) , ਮਨਪ੍ਰੀਤ ਕੌਰ (ਨੂੰਹ) ਸ਼ਿਕਾਗੋ
ਫੋਨ ਨੰਬਰ 630-709-8125
ਹਰਬੰਸ ਕੌਰ (ਸਪੁੱਤਰੀ), ਮੱਖਣ ਸਿੰਘ ਜੋਹਲ (ਜਵਾਈ) ਸ਼ਿਕਾਗੋ
ਜਸਵੰਤ ਕੌਰ (ਸਪੁੱਤਰੀ), ਕਰਮਜੀਤ ਸਿੰਘ ਸਹੋਤਾ (ਜਵਾਈ)
ਅਤੇ ਪੋਤਰੇ-ਪੋਤਰੀਆਂ, ਦੋਹਤੇ-ਦੋਹਤਰੀਆਂ, ਪੜਪੋਤੇ -ਪੜਪੋਤਰੀਆਂ

# ਬਰਫ਼ੀਲੇ ਤੂਫਾਨ ਦੌਰਾਨ ਵਾਪਰੇ ਸੜਕ ਹਾਦਸੇ ਵਿਚ ਹਰਿਆਣਾ ਦੇ ਨੌਜਵਾਨ ਦੀ ਮੌਤ

***ਸੈਕਰਾਮੈਂਟੋ:*** ਅਮਰੀਕਾ ਵਿਚ ਆਏ ਭਿਆਨਕ ਬਰਫ਼ੀਲੇ ਤੂਫਾਨ ਦੌਰਾਨ ਵਾਪਰੇ ਇਕ ਸੜਕ ਹਾਦਸੇ ਵਿਚ 26 ਸਾਲਾ ਭਾਰਤੀ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਮਨਪ੍ਰੀਤ ਸਿੰਘ ਵਜੋਂ ਹੋਈ ਹੈ ਜੋ ਪਿਹੋਵਾ (ਹਰਿਆਣਾ) ਦਾ ਰਹਿਣ ਵਾਲਾ ਸੀ। ਉਹ ਹਾਲ ਹੀ ਵਿਚ ਕੁਈਨਜ਼ (ਨਿਊਯਾਰਕ) ਆ ਕੇ ਰਹਿਣ ਲੱਗਾ ਸੀ। ਉਸ ਨਾਲ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਉਹ ਇੰਡਿਆਨਾ ਜਾ ਰਿਹਾ ਸੀ।

ਕਲੇਰੀਆਨ ਕਾਊਂਟੀ ਦੇ ਕੋਰੋਨਰ ਅਧਿਕਾਰੀ ਡੈਨਸ਼ਿੰਗ ਲਡੈਕਰ ਨੇ ਦੱਸਿਆ ਕਿ ਭਾਰਤੀ ਨੌਜਵਾਨ ਨਾਲ ਹਾਦਸਾ ਕਲੇਰੀਆਨ ਟਾਊਨਸ਼ਿਪ ਦੇ ਪੱਛਮ ਵਿਚ ਇੰਟਰਸਟੇਟ 80 ਉਪਰ ਉਸ ਵੇਲੇ ਵਾਪਰਿਆ ਜਦੋਂ ਇਕ ਟਰੱਕ ਉਸ ਵਿਚ ਆ ਵੱਜਾ।

ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਹਾਦਸੇ ਉਪਰੰਤ ਇੰਟਰਸਟੇਟ 80 ਤਕਰੀਬਨ 12 ਘੰਟੇ ਬੰਦ ਰਿਹਾ। ਪਤਾ ਲੱਗਾ ਹੈ ਕਿ ਮਨਪ੍ਰੀਤ ਸਿੰਘ ਆਪਣੇ ਮਾਤਾ-ਪਿਤਾ ਦੀ ਇਕਲੌਤੀ ਔਲਾਦ ਸੀ।

# ਘਰ ਨੂੰ ਅੱਗ ਲੱਗਣ ਨਾਲ ਸੜ ਕੇ 3 ਬੱਚੀਆਂ ਦੀ ਮੌਤ

### ਬੱਚੀਆਂ ਦੀ ਦਾਦੀ ਸਣੇ 4 ਹੋਰ ਬੱਚੇ ਗੰਭੀਰ ਜ਼ਖਮੀ

***ਬੁਫਾਲੋ (ਨਿਊਯਾਰਕ):*** ਇੱਥੇ ਇਕ ਘਰ ਵਿਚ ਅੱਗ ਲੱਗਣ ਨਾਲ ਸੜ ਕੇ 7, 8 ਤੇ 9 ਸਾਲ ਦੀਆਂ 3 ਬੱਚੀਆਂ ਦੀ ਮੌਤ ਹੋ ਗਈ। ਉਨ੍ਹਾਂ ਦੀ ਦਾਦੀ ਸਮੇਤ 3 ਹੋਰ ਬੱਚੇ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ।


ਬੁਫਾਲੋ ਫਾਇਰ ਕਮਿਸ਼ਨਰ ਵਿਲੀਅਮ ਰੇਨਾਲਡੋ ਨੇ ਦੱਸਿਆ ਕਿ ਅੱਗ ਦਰਮਾਊਥ ਐਵਨਿਊ ਦੇ 200 ਬਲਾਕ ਵਿਚ ਸਵੇਰੇ 7.30 ਵਜੇ ਦੇ ਨੇੜੇ ਲੱਗੀ। ਹਸਪਤਾਲ ਦਾਖਲ ਕਰਵਾਈ ਗਈ ਇਕ ਲੜਕੀ ਤੇ ਇਕ ਲੜਕੇ ਦੀ ਹਾਲਤ ਗੰਭੀਰ ਹੈ ਜਦਕਿ ਇਕ ਹੋਰ 7 ਸਾਲਾ ਲੜਕੀ ਦੀ ਹਾਲਤ ਸਥਿਰ ਹੈ। 63 ਸਾਲਾ ਔਰਤ ਦੀ ਹਾਲਤ ਵੀ ਗੰਭੀਰ ਹੈ ਜਿਸ ਨੂੰ ਏਰੀ ਕਾਊਂਟੀ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ। ਰੇਨਾਲਡੋ ਅਨੁਸਾਰ ਬੱਚਿਆਂ ਦਾ ਪਾਲਣ ਪੋਸ਼ਣ ਉਨ੍ਹਾਂ ਦੇ ਦਾਦਾ-ਦਾਦੀ ਵੱਲੋਂ ਕੀਤਾ ਗਿਆ ਸੀ ਤੇ ਅੱਗ ਲੱਗਣ ਸਮੇਂ ਉਨ੍ਹਾਂ ਦਾ ਦਾਦਾ ਘਰ ਵਿਚ ਨਹੀਂ ਸੀ। ਅੱਗ ਲੱਗਣ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ। ਇੱਥੇ ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਬੁਫਾਲੋ ਨੂੰ ਬਰਫ਼ੀਲੇ ਤੂਫਾਨ ਤੇ ਬਰਫ਼ਬਾਰੀ ਨੇ ਬੁਰੀ ਤਰ੍ਹਾਂ ਝੰਬ ਸੁੱਟਿਆ, ਜਿਸ ਦੌਰਾਨ 39 ਲੋਕ ਮਾਰੇ ਗਏ। ਅਜਿਹੇ ਹਾਲਾਤ ਵਿਚ ਘਰ ਨੂੰ ਅੱਗ ਲੱਗਣ ਦੀ ਘਟਨਾ ਕਾਰਨ ਖੇਤਰ ਵਿਚ ਰਹਿੰਦੇ ਲੋਕਾਂ ਵਿਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ।

***- ਰਿਪੋਰਟ: ਹੁਸਨ ਲੜੋਆ ਬੰਗਾ***


**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)
**Now we have two locations:**
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
**Ph: (408) 737-7100**
www.homeopathicvibes.com
*We sell and ship homeopathic remedies through out North America.*



**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

GLOBAL

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**
FAX: 209.982.9997
www.globalmultiservices.com info@globalmultiservices.com

**REPAIR SHOP**
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
**TEL: 209.547.9210**
FAX: 209.547.9211

**REGISTRATION SERVICES**
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
**TEL: 209.982.9996**
FAX: 209.982.9997

# ਦੋ ਸਭਿਆਚਾਰਾਂ ਦਾ ਸੁਮੇਲ: ਚੰਨਣ ਰੁੱਖ

ਕਲਾ ਪਰਿਕਰਮਾ

'ਚੰਨਣ ਰੁੱਖ' ਸਾਡੀ ਸਮਰੱਥਾਵਾਨ ਨਾਵਲਕਾਰਾ ਹਰਕੀਰਤ ਕੌਰ ਚਹਿਲ ਦਾ ਨਵਾਂ ਨਾਵਲ ਹੈ। ਨਾਵਲ ਦੀ ਰਵਾਇਤੀ ਸ਼ੈਲੀ ਵਿਚ ਲਿਖਿਆ ਗਿਆ 'ਚੰਨਣ ਰੁੱਖ' ਆਪਣੀਆਂ ਜੜ੍ਹਾਂ ਨਾਲੋਂ ਟੁੱਟ ਕੇ ਦੂਜੇ ਦੇਸ਼ਾਂ ਵਿਚ ਵੱਸ ਰਹੇ ਲੋਕਾਂ ਦੇ ਜੀਵਨ 'ਤੇ ਝਾਤ ਪੁਆਉਂਦਾ ਹੈ। ਬੰਦੇ ਦਾ ਜਨਮ ਸਥਾਨ ਅਤੇ ਕਰਮ ਸਥਾਨ ਜਦੋਂ ਵੱਖ-ਵੱਖ ਹੋ ਜਾਂਦੇ ਹਨ ਤਾਂ ਬਹੁਤ ਸਾਰੀਆਂ ਸਭਿਆਚਾਰਕ ਅਤੇ ਵਿਚਾਰਧਾਰਕ ਵਿੱਥਾਂ ਪੈ ਜਾਂਦੀਆਂ ਹਨ। ਹਰਕੀਰਤ ਦਾ ਇਹ ਨਾਵਲ ਕੈਨੇਡਾ ਵਿਚ ਵਿਆਹ ਕਰਵਾ ਕੇ ਪਹੁੰਚੀ ਮੁਟਿਆਰ ਚੰਨੀ ਦੇ ਇਰਦ-ਗਿਰਦ ਘੁੰਮਦਾ ਹੈ। ਚੰਨੀ ਨਾਵਲ ਦੀ ਮੁੱਖ ਪਾਤਰ ਹੈ ਜੋ ਹੋਰਾਂ ਮੁਟਿਆਰਾਂ ਨਾਲੋਂ ਇਸ ਗੱਲੋਂ ਵੀ ਵੱਖਰੀ ਹੈ ਕਿ ਉਹ ਵਿਆਹ ਕਰਵਾ ਕੇ




**ਕੁਲਦੀਪ ਸਿੰਘ ਬੇਦੀ**

ਕੈਨੇਡਾ ਜਾ ਵੱਸਣ ਦੀ ਇੱਛਾ ਨਹੀਂ ਰੱਖਦੀ ਪਰ ਇਸ ਦੇ ਬਾਵਜੂਦ ਆਪਣੀ ਭੂਆ ਦੇਬੋ ਦੇ ਕਹਿਣ 'ਤੇ ਅਤੇ ਮਾਪਿਆਂ ਦੀ ਇਕਲੌਤੀ ਔਲਾਦ ਹੋਣ ਦੇ ਬਾਵਜੂਦ ਕੈਨੇਡਾ ਵੱਸਦੇ ਮੁੰਡੇ ਜੇਸਨ ਨਾਲ ਵਿਆਹ ਕਰਾਉਣ ਲਈ ਤਿਆਰ ਹੋ ਜਾਂਦੀ ਹੈ।

ਨਾਵਲ ਬਿਲਕੁਲ ਸਾਧਾਰਨ ਤੋਰੇ ਤੁਰਦਾ ਹੈ ਤੇ ਪਾਠਕ ਨੂੰ ਆਪਣੇ ਨਾਲ ਤੋਰ ਲੈਂਦਾ ਹੈ। ਚੰਨੀ ਕਾਲਜ ਵਿਚ ਪੜ੍ਹਦੀ ਹੁੰਦੜਹੇਲ ਮੁਟਿਆਰ ਹੈ, ਸੁਚੱਜੀ ਹੈ ਤੇ ਸੋਹਣੀ ਵੀ; ਇਸੇ ਕਰ ਕੇ ਉਹ ਕੈਨੇਡਾ ਵਾਲਿਆਂ ਨੂੰ ਪਸੰਦ ਵੀ ਆ ਜਾਂਦੀ ਹੈ। ਚੰਨੀ ਦਾ ਪਿਤਾ ਮੇਵਾ ਸਿੰਘ ਜ਼ਿਮੀਦਾਰ ਹੈ ਤੇ ਚੰਗੀ ਜ਼ਮੀਨ ਦਾ ਮਾਲਕ ਹੈ। ਉਹ ਆਪਣੀ ਪਤਨੀ ਬਚਿੰਤ ਕੌਰ ਨਾਲ ਪਿੰਡ 'ਚ ਚੰਗੀ ਜ਼ਿੰਦਗੀ ਜੀਅ ਰਿਹਾ ਹੈ। ਦੋਵਾਂ ਜੀਆਂ ਨੇ ਵੀ ਮਨ ਅੰਦਰ ਇਹ ਖਾਹਿਸ਼ ਨਹੀਂ ਰੱਖੀ ਕਿ ਉਨ੍ਹਾਂ ਦੀ ਧੀ ਚੰਨੀ ਵਿਆਹ ਮਗਰੋਂ ਕੈਨੇਡਾ ਚਲੀ ਜਾਏ ਅਤੇ ਉਹ ਔਲਾਦ ਦੇ ਸੁੱਖ ਤੋਂ ਵਾਂਝੇ ਹੋ ਜਾਣ। ਭੂਆ ਦੇਬੋ ਦਾ ਆਪਣੇ ਭਰਾ 'ਤੇ ਜ਼ੋਰ ਚਲ ਜਾਂਦਾ ਹੈ ਤੇ ਚੰਨੀ ਵਿਆਹ ਕਰਵਾ ਕੇ ਕੈਨੇਡਾ ਪਹੁੰਚ ਜਾਂਦੀ ਹੈ।

ਇਥੋਂ ਤਕ ਨਾਵਲ ਦੀ ਕਹਾਣੀ ਬੜੀ ਸਾਧਾਰਨ ਹੈ ਤੇ ਬੜੀ ਠਰ੍ਹੰਮੇ ਨਾਲ ਚਲਦੀ ਹੈ। ਕਿਧਰੇ ਵੀ ਕਿਸੇ ਵੀ ਤਰ੍ਹਾਂ ਦੇ ਵਿਰੋਧ ਦੀ ਝਲਕ ਨਹੀਂ ਦਿਖਾਈ ਦਿੰਦੀ। ਤਣਾਓ ਉਦੋਂ ਖੜ੍ਹਾ ਹੁੰਦਾ ਹੈ ਜਦੋਂ ਕਿਧਰੇ ਵਿਰੋਧ ਨਜ਼ਰ ਆਉਂਦਾ ਹੋਵੇ। ਬਾਹਰੋਂ ਆਇਆ ਜੇਸਨ, ਉਸ ਦੀ ਮਾਂ ਅਮਰਜੀਤ ਦਾ ਵਤੀਰਾ ਵੀ ਬੜਾ ਸਾਧਾਰਨ ਹੈ। ਮਾਂ ਪੁੱਤ ਚੰਨੀ ਨੂੰ ਪਸੰਦ ਕਰ ਕੇ ਹਫਤੇ ਦਸ ਦਿਨਾਂ ਵਿਚ ਵਿਆਹ ਕੇ ਲੈ ਜਾਂਦੇ ਹਨ। ਕੈਨੇਡਾ ਪਹੁੰਚ ਕੇ ਹੌਲੀ-ਹੌਲੀ ਚੰਨੀ ਨੂੰ ਜੇਸਨ ਦੇ ਸੁਭਾਅ ਦਾ ਪਤਾ ਲਗਦਾ ਹੈ ਤੇ ਦੋਵਾਂ ਵਿਚਕਾਰ ਵਿੱਥ ਵਧਣੀ ਸ਼ੁਰੂ ਹੋ ਜਾਂਦੀ ਹੈ। ਚੰਨੀ ਨੂੰ ਆਸ ਹੁੰਦੀ ਹੈ ਕਿ ਉਸ ਦਾ ਪਤੀ ਉਸ ਵੱਲ ਧਿਆਨ ਦੇਵੇ ਅਤੇ ਪਤੀ ਵਾਲਾ ਸਾਥ ਦੇਵੇ ਪਰ ਕੈਨੇਡਾ ਦਾ ਜੰਮਿਆ ਪਲਿਆ ਜੇਸਨ ਪਤਨੀ ਵਲੋਂ ਅਵੇਸਲਾ ਰਹਿੰਦਾ ਹੈ, ਇਥੋਂ ਤਕ ਕਿ ਜਦੋਂ ਚੰਨੀ ਗਰਭਵਤੀ ਹੋ ਜਾਂਦੀ ਹੈ, ਉਦੋਂ ਵੀ ਉਹ ਭਾਵਾਤਮਕ ਤੌਰ 'ਤੇ ਉਸ ਨਾਲ ਨਹੀਂ ਜੁੜਦਾ; ਹਾਲਾਂਕਿ ਚੰਨੀ ਦੀ ਸੱਸ ਅਮਰਜੀਤ ਕੌਰ ਉਸ ਨੂੰ ਬੇਗਾਨਗੀ ਦਾ ਅਹਿਸਾਸ ਨਹੀਂ ਹੋਣ ਦਿੰਦੀ।

ਚੰਨੀ ਦੇ ਜੌੜੇ ਪੁੱਤਰ ਪੈਦਾ ਹੁੰਦੇ ਹਨ ਪਰ ਦੋਵੇਂ ਹੀ ਮੰਦਬੁੱਧੀ ਵਾਲੇ ਬੱਚੇ ਹਨ। ਹੁਣ ਪਤੀ ਪਤਨੀ ਵਿਚਕਾਰ ਦੂਰੀਆਂ ਪੈਦਾ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਚੰਨੀ ਨੂੰ ਅਹਿਸਾਸ ਹੁੰਦਾ ਹੈ ਕਿ ਉਸ ਨੇ ਇਹ ਵਿਆਹ ਕਰਵਾ ਕੇ ਗਲਤੀ ਕਰ ਲਈ ਹੈ, ਫਿਰ ਵੀ ਉਸ ਨੂੰ ਇਸ ਗੱਲ ਦੀ ਧਰਵਾਸ ਹੈ ਕਿ ਇਸ ਦੌਰਾਨ ਉਹ ਆਪਣੇ ਪੈਰਾਂ 'ਤੇ ਖੜ੍ਹੀ ਹੋ ਜਾਣ ਦੀ ਯੋਗਤਾ ਪ੍ਰਾਪਤ ਕਰ ਲੈਂਦੀ ਹੈ। ਜੇਸਨ ਚੰਨੀ ਨਾਲੋਂ ਵੱਖ ਹੋਣ ਲਈ ਤਲਾਕ ਦੀ ਮੰਗ ਕਰਦਾ ਹੈ ਅਤੇ ਦੋਵਾਂ ਦੇ ਵੱਖ ਹੋਣ ਦੀਆਂ ਕਿਰਿਆਵਾਂ ਸ਼ੁਰੂ ਹੋ ਜਾਂਦੀਆਂ ਹਨ। ਪਤੀ ਪਤਨੀ ਵਿਚਕਾਰ ਹੁਣ ਦੋ ਬੱਚੇ ਹਨ ਜੋ ਕੜੀ ਦਾ ਕੰਮ ਕਰਦੇ ਹਨ। ਦਿਨ ਵੰਡ ਕੇ ਉਹ ਬੱਚਿਆਂ ਦਾ ਧਿਆਨ ਰੱਖਣਾ ਸ਼ੁਰੂ ਕਰ ਦਿੰਦੇ ਹਨ।




*ਕੈਨੇਡਾ ਵੱਸਦੀ ਲਿਖਾਰੀ ਹਰਕੀਰਤ ਕੌਰ ਚਹਿਲ ਦੇ ਨਵੇਂ ਨਾਵਲ 'ਚੰਨਣ ਰੁੱਖ' ਦਾ ਮੁਖੜਾ।*



*ਹਰਕੀਰਤ ਕੌਰ ਚਹਿਲ*

ਕਹਾਣੀ ਵਿਚ ਅਗਲਾ ਮੋੜ ਉਦੋਂ ਆਉਂਦਾ ਹੈ ਜਦੋਂ ਚੰਨੀ ਦੀ ਇਕ ਗੋਰੇ ਸ਼ਖਸ ਵਿਕਟਰ ਨਾਲ ਮੁਲਾਕਾਤ ਹੁੰਦੀ ਹੈ। ਵਿਕਟਰ ਦੀ ਇਕ ਬੱਚੀ ਹੈ ਜੋ ਮਾਂ-ਮਹਿੱਟਰ ਹੈ ਅਤੇ ਵਿਕਟਰ ਉਸ ਦੀ ਪਾਲਣਾ ਕਰ ਰਿਹਾ ਹੈ। ਚੰਨੀ ਦੇ ਬੱਚੇ ਅਤੇ ਵਿਕਟਰ ਦੀ ਬੱਚੀ ਅਜਿਹੇ ਸਕੂਲ 'ਚ ਹਨ ਜਿਥੇ ਬੱਚਿਆਂ ਨੂੰ ਜਿਊਣਾ ਸਿਖਾਇਆ ਜਾਂਦਾ ਹੈ ਅਤੇ ਵਿਕਟਰ ਚੰਨੀ 'ਚ ਮੁਲਾਕਾਤ ਕਰਾਉਣ ਦਾ ਸਬਬ ਇਹ ਬੱਚੇ ਹੀ ਬਣਦੇ ਹਨ। ਵਿਕਟਰ ਅਤੇ ਚੰਨੀ ਦੀ ਨੇੜਤਾ ਵਧਦੀ ਹੈ ਤੇ ਦੋਵੇਂ ਜਣੇ ਵੱਖੋ-ਵੱਖਰੇ ਸਭਿਆਚਾਰਾਂ ਵਿਚ ਪਲੇ ਹੋਣ ਦੇ ਬਾਵਜੂਦ ਇਕ ਦੂਜੇ ਦੀਆਂ ਧੜਕਣਾਂ ਨੂੰ ਮਹਿਸੂਸ ਕਰਦੇ ਹਨ।

ਕਹਾਣੀ ਦੇ ਅੰਤਮ ਪੜਾਅ ਤੇ ਵਿਕਟਰ ਅਤੇ ਚੰਨੀ ਦਾ ਜੀਵਨ ਸਾਥੀ ਬਣਨਾ, ਚੰਨੀ ਦੇ ਮਾਪਿਆਂ ਵੱਲੋਂ ਪਰਵਾਨ ਕਰ ਲੈਣਾ ਤੇ ਫਿਰ ਦੋਵਾਂ ਦੇ ਸੰਜੋਗ 'ਚੋਂ ਪੈਦਾ ਹੋਇਆ ਚੰਨਣ ਰੁਖ ਇਸ ਨਾਵਲ ਨੂੰ ਸੰਪੂਰਨਤਾ ਬਖਸ਼ਦਾ ਹੈ। ਉਂਝ ਜੇਸਨ-ਚੰਨੀ-ਵਿਕਟਰ ਦੀ ਕਹਾਣੀ ਨਾਲ ਕੈਨੇਡਾ ਦੇ ਜੀਵਨ ਦੀਆਂ ਕਈ ਪਰਤਾਂ ਉਧੜਦੀਆਂ ਨਜ਼ਰ ਆਉਂਦੀਆਂ ਹਨ ਪਰ ਨਾਵਲ ਵਿਚ ਦੋ ਕੁ ਹੋਰ ਵੀ ਘਟਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ ਜੋ ਵਿਆਹਾਂ ਨੂੰ ਆਧਾਰ ਬਣਾ ਕੇ ਕੈਨੇਡਾ ਵਿਚ ਪੱਕੇ ਠੱਕੇ ਵਸੀਲੇ ਦਾ ਕਾਰਨ ਬਣਦੀਆਂ ਹਨ।

ਇਨ੍ਹਾਂ 'ਚੋਂ ਇਕ ਘਟਨਾ ਹਰਿੰਦਰ ਨਾਂ ਦੇ ਨੌਜੁਆਨ ਦੀ ਹੈ ਜੋ ਪਹਿਲਾਂ ਆਪਣੇ ਪਰਿਵਾਰ ਕਰ ਕੇ ਕੈਨੇਡਾ ਦਾ ਪੱਕਾ ਵਸਨੀਕ ਬਣ ਚੁੱਕਾ ਹੈ ਪਰ ਉਹ ਵਿਹਲੜ ਹੈ, ਨਸ਼ੱਈ ਹੈ। ਘਰ ਦੇ ਸੋਚਦੇ ਹਨ ਕਿ ਇਸ ਦਾ ਵਿਆਹ ਕਰ ਦਿਓ ਸੁਧਰ ਜਾਏਗਾ। ਉਸ ਲਈ ਕੁੜੀ ਪੰਜਾਬ 'ਚੋਂ ਲੱਭੀ ਜਾਂਦੀ ਹੈ। ਅਮਨ ਪੜ੍ਹੀ ਲਿਖੀ ਤੇ ਸਮਝਦਾਰ ਮੁਟਿਆਰ ਹੈ, ਵਿਆਹ ਪਿਛੋਂ ਹਰਿੰਦਰ ਨਾਲ ਕੈਨੇਡਾ ਆ ਜਾਂਦੀ ਹੈ ਤੇ ਫਿਰ ਹੌਲੀ-ਹੌਲੀ ਹਰਿੰਦਰ ਦਾ ਅਸਲੀ ਰੰਗ ਉਸ ਦੇ ਸਾਹਮਣੇ ਆਉਣਾ ਸ਼ੁਰੂ ਹੋ ਜਾਂਦਾ ਹੈ। ਫਿਰ ਅੱਕ ਕੇ ਉਹ ਹਰਿੰਦਰ ਨੂੰ ਛੱਡ ਕੇ ਦੀਪ ਨਾਲ ਵਿਆਹ ਕਰ ਲੈਂਦੀ ਹੈ ਜਿਸ ਨੂੰ ਉਹ ਪੂਰੀ ਤਰ੍ਹਾਂ ਆਪਣੇ ਯੋਗ ਸਮਝਦੀ ਹੈ।

ਮੇਵਾ ਸਿੰਘ ਦਾ ਇਕ ਹੋਰ ਰਿਸ਼ਤੇਦਾਰ ਬਿੱਕਰ ਹੈ ਜੋ ਕਦੇ ਕੈਨੇਡਾ ਆਇਆ ਸੀ ਅਤੇ ਪੱਕੇ ਹੋਣ ਲਈ ਐਲੀ ਨਾਂ ਦੀ ਮੁਟਿਆਰ ਨਾਲ ਵਿਆਹ ਕਰਾ ਲੈਂਦਾ ਹੈ ਜੋ ਕੈਨੇਡਾ ਦੀ ਪੱਕੀ ਵਸਨੀਕ ਹੈ। ਬਿੱਕਰ ਕਿਉਂਕਿ ਪੰਜਾਬ ਵਿਚ ਪਹਿਲਾਂ ਹੀ ਵਿਆਹਿਆ ਹੈ, ਇਸ ਲਈ ਉਹ ਪੱਕੇ ਹੋਣ ਪਿਛੋਂ ਐਲੀ ਨੂੰ ਛੱਡ ਦਿੰਦਾ ਹੈ ਪਰ ਪਹਿਲੀ ਪਤਨੀ ਜਦੋਂ ਕੈਨੇਡਾ ਆ ਜਾਂਦੀ ਹੈ ਤਾਂ ਉਹ ਬਿੱਕਰ ਨੂੰ ਤਾਰੇ ਦਿਖਾ ਦਿੰਦੀ ਹੈ।

ਨਾਵਲ ਵਿਚਲੇ ਦੋ ਪਾਤਰ ਮੇਵਾ ਸਿੰਘ ਅਤੇ ਬਚਿੰਤ ਕੌਰ ਬੜੇ ਸਹਿਜ ਪਾਤਰ ਹਨ। ਮੇਵਾ ਸਿੰਘ ਜ਼ਿਮੀਦਾਰ ਹੈ ਤੇ ਆਪਣੀ ਸੁਖਮਈ ਜ਼ਿੰਦਗੀ ਹੰਢਾ ਰਿਹਾ ਹੈ। ਉਸ ਦੀ ਪਤਨੀ ਬਚਿੰਤ ਕੌਰ ਵੀ ਬੜੀ ਠਰ੍ਹੰਮੇ ਵਾਲੀ ਔਰਤ ਹੈ। ਦੋਵੇਂ ਇਕ ਦੂਜੇ ਦੀ ਲੈਅ ਨਾਲ ਲੈਅ ਮਿਲਾ ਕੇ ਜ਼ਿੰਦਗੀ ਬਿਤਾ ਰਹੇ ਹਨ। ਉਨ੍ਹਾਂ ਦੇ ਆਪਣੇ ਖੇਤਾਂ ਅਤੇ ਘਰਾਂ ਵਿਚ ਕੰਮ ਕਰਨ ਵਾਲੇ ਸੀਰੀਆਂ ਨਾਲ ਵੀ ਚੰਗੇ ਸਬੰਧ ਹਨ ਅਤੇ ਉਨ੍ਹਾਂ ਨੂੰ ਉਹ ਹਮੇਸ਼ਾ ਖੁਸ਼ ਰੱਖਦੇ ਹਨ। ਇਨ੍ਹਾਂ ਦੋਵਾਂ ਪਾਤਰਾਂ ਦੀ ਸਿਰਜਣਾ ਲੇਖਕਾ ਨੇ ਕਮਾਲ ਦੀ ਕੀਤੀ ਹੈ।

ਨਾਵਲਕਾਰਾ ਦੀ ਲਿਖਣ ਸ਼ੈਲੀ ਬੜੀ ਟੁੰਬਵੀਂ ਹੈ, ਉਸ ਦੇ ਪਹਿਲੇ ਨਾਵਲ 'ਤੇਰੇ ਬਾਝੋਂ", 'ਸ਼ੋਹਰਾਂ ਦੇ ਫੁੱਲ' ਅਤੇ 'ਆਦਮ ਗ੍ਰਹਿਣ' ਵੀ ਬੜੇ ਪਸੰਦ ਕੀਤੇ ਗਏ ਹਨ। ਨਾਵਲ ਦੀਆਂ ਘਟਨਾਵਾਂ ਸਾਨੂੰ ਕੈਨੇਡਾ ਵਿਚ ਗਏ ਉਨ੍ਹਾਂ ਲੋਕਾਂ ਦੀ ਵਿਥਿਆ ਤੋਂ ਜਾਣੂ ਕਰਾਉਂਦੀਆਂ ਹਨ ਜੋ ਆਮ ਹਨ। ਕੈਨੇਡਾ ਜਾ ਵੱਸਣ ਦੀ ਲਲਕ ਨੇ ਸਾਡੇ ਕੋਲੋਂ ਬਹੁਤ ਸਾਰੇ ਕੁਕਰਮ ਕਰਾਏ ਹਨ ਜਿਨ੍ਹਾਂ 'ਚੋਂ ਗੁਰੂ ਗ੍ਰੰਥ ਸਾਹਿਬ ਅੱਗੇ ਬੈਠ ਕੇ ਕਰਾਏ ਗਏ ਝੂਠੇ ਵਿਆਹ ਵੀ ਸ਼ਾਮਲ ਹਨ। ਹਰਕੀਰਤ ਦਾ ਜਿਨ੍ਹਾਂ ਘਟਨਾਵਾਂ ਨਾਲ ਵਾਹ ਪਿਆ ਹੈ, ਉਨ੍ਹਾਂ ਨੂੰ ਉਸ ਨੇ ਆਪਣੇ ਇਸ ਨਾਵਲ ਵਿਚ ਦਰਸਾਇਆ ਹੈ। ਉਸ ਦੀ ਸ਼ੈਲੀ ਬੜੀ ਵਧੀਆ ਹੈ ਅਤੇ ਪਾਠਕਾਂ ਨੂੰ ਆਪਣੇ ਨਾਲ ਜੋੜੀ ਰੱਖਦੀ ਹੈ।

ਨਾਵਲ ਵਿਚ ਕੋਈ ਵੱਡੇ ਤਣਾਅ ਪੈਦਾ ਨਹੀਂ ਹੁੰਦੇ, ਜੇ ਹੁੰਦੇ ਹਨ ਤਾਂ ਉਹ ਛੇਤੀ ਹੀ ਇਨ੍ਹਾਂ ਦਾ ਹੱਲ ਵੀ ਕਰ ਲੈਂਦੇ ਹਨ। ਕੈਨੇਡਾ 'ਚ ਜਾ ਕੇ ਸਾਡੇ ਪੰਜਾਬੀਆਂ ਦਾ ਵੱਸਣਾ ਤੇ ਵਿਗਸਣਾ, ਇਸ ਨਾਲੋਂ ਵੀ ਵੱਡੇ ਤਣਾਓ ਪੈਦਾ ਕਰਦਾ ਹੈ। ਕਈ ਅਜਿਹੇ ਵੀ ਲੋਕ ਹਨ ਜੋ ਸਾਰੀ ਜ਼ਿੰਦਗੀ ਕੈਨੇਡਾ 'ਚ ਪੱਕੇ ਨਹੀਂ ਹੁੰਦੇ। ਬਹੁਤ ਕੁਝ ਵਾਪਰ ਰਿਹਾ ਹੈ ਪਰ ਜ਼ਰੂਰੀ ਨਹੀਂ ਕਿ ਲੇਖਕ ਹਰ ਘਟਨਾ ਨੂੰ ਆਪਣੀ ਲੇਖਣੀ ਦਾ ਹਿੱਸਾ ਬਣਾਏ। ਹਰਕੀਰਤ ਕੌਰ ਚਹਿਲ ਦਾ ਨਾਵਲ 'ਚੰਨਣ ਰੁੱਖ' ਸ਼ਾਂਤ ਪਾਣੀਆਂ ਵਾਂਗ ਵਹਿੰਦਾ ਹੈ ਤੇ ਨਿੱਕੇ ਮੋਟੇ ਰੁਕਾਵਟ ਬਣੇ ਪੱਥਰਾਂ ਉਤੋਂ ਵੀ ਬੜੇ ਆਰਾਮ ਨਾਲ ਗੁਜ਼ਰ ਜਾਂਦਾ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਜਨਵਰੀ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-568



**ਅਮਨਾਂ ਦੀਏ ਘੁੱਗੀਏ ਨੀਂ, ਦੱਸੀਂ ਕੀ ਹੈ ਹਾਲ,**
**ਅੰਗ ਅੰਗ ਨੂੜਿਆ ਹੈ ਨੀਂ, ਕੀਤਾ ਬੁਰਾ ਹਾਲ।**
**ਨਾ ਮਾਰ ਸਕੇਂ ਉਡਾਰੀ ਨੀਂ, ਨਾ ਤੂੰ ਕਰੇਂ ਸਵਾਲ,**
**ਫਿਰਕਿਆਂ ਤੇ ਮਜ਼੍ਹਬਾਂ ਨੀਂ, ਕੀਤਾ ਹੈ ਨਿਢਾਲ।**

### ਕੈਪਸ਼ਨ ਮੁਕਾਬਲਾ-566



ਬੁੱਤਘਾੜੇ ਨੇ ਬੁੱਤ ਬਣਾਇਆ।
ਸਮਾਜਿਕ ਹਾਲਤ ਨੂੰ ਦਰਸਾਇਆ।
ਕੁੜੀਆਂ ਨੂੰ ਲੋਕੀਂ ਪੱਥਰ ਕਹਿੰਦੇ।
ਮੁੰਡਾ ਜੰਮਣ 'ਤੇ ਭੰਗੜੇ ਪੈਂਦੇ।
ਨੰਨ੍ਹੀ ਜਿੰਦ ਰੋ ਰੋ ਤਰਲੇ ਪਾਉਂਦੀ।
ਮਾਂ 'ਤੇ ਆਪਣਾ ਹੱਕ ਜਤਾਉਂਦੀ।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦੁਰ ਨਗਰ ਬਠਿੰਡਾ।***
***ਫੋਨ: 94176-49275***

ਮਨ ਚਿੱਤ ਲਾ ਕੇ ਕਲਾਕਾਰ ਨੇ
ਮਮਤਾ ਦੀ ਮੂਰਤ ਲਈ ਤਰਾਸ਼।
ਕੁੱਛੜ ਦੇ ਵਿਚ ਨਿੱਕਾ ਚੁੱਕਿਆ
ਨਿੱਕੀ ਹੋ ਗਈ ਕੁਝ ਨਿਰਾਸ਼
ਬੇ-ਬਸ ਜਾਪੇ ਮਾਂ ਦੀ ਮਮਤਾ
ਧਰਵਾਸ ਦੀ ਨਾ ਕੋਈ ਆਸ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ : +91 98783-37222***

---

ਕਮਾਲ ਹੈ ਬੁੱਤਘਾੜੇ ਦੀ ਦੂਰ ਅੰਦੇਸ਼ੀ
ਸਮਾਜਿਕ ਪਰਿਵਾਰਕ ਵਰਤਾਰਾ
ਜੋ ਆਮ ਹੈ ਕੁਦਰਤੀ ਹੀ
ਲੈ ਲੱਕੜ ਦਾ ਤਣਾ
ਮਾਰ ਰੰਦੇ 'ਤੇ ਰੰਦਾ
ਸ਼ਕਲ ਮਾਂ ਜਿਸ ਚੁੱਕਿਆ ਪੁੱਤ ਕੁੱਛੜ
ਦਿਖਾਉਂਦਾ ਰੋਅਬ ਈਰਖਾ
ਚੱਕਦਾ ਹੱਥ ਹੋ ਲਾਲ ਪੀਲਾ
ਭੈਣ ਤੇਰੀ, ਜੋ ਰੋ ਰੋ
ਲੀੜੇ ਖਿੱਚ ਰਹੀ ਮਾਂ ਦੇ
ਮਾਂ ਵਰਾਉਂਦੀ ਦੋਹਾਂ ਨੂੰ ਇਕੋ ਸਮਝ
ਕਲਾਕਾਰ ਦਿਖਦ ਦਿੱਤੇ ਅਸਲੀ ਜੌਹਰ
ਜੋ ਜੰਮਦਿਆਂ ਹੀ
ਇਕੋ ਖੂਨ ਪਰ ਚਿਹਰੇ ਦੋ
ਮੈਂ ਮੈਂ ਅਤੇ ਤੂੰ ਤੂੰ ਦਾ
ਵਖਰੇਵਾਂ ਚੱਲਣੇ ਸ਼ੂਰੂ ਹੋ ਜਾਂਦੇ।
***-ਦਰਸ਼ਨ ਪਾਲ ਦੋਸਾਂਝ***

*To Advertise with Punjab Times Call:*
*847-359-0746*
*E-mail:punjabtimes1@gmail.com*

# ਦਸਮ ਪਿਤਾ ਦੀਆਂ ਚਮਕੌਰ ਸਾਹਿਬ ਦੀਆਂ ਲੜਾਈਆਂ

ਸ੍ਰੀ ਚਮਕੌਰ ਸਾਹਿਬ ਦੀ ਧਰਤ ਸਿੱਖ ਇਤਿਹਾਸ ਵਿਚ ਨਿਵੇਕਲਾ ਸਥਾਨ ਰੱਖਦੀ ਹੈ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦਿਆਂ ਸਮੇਤ 40 ਸਿੰਘ ਸ਼ਹੀਦ ਹੋਏ ਸਨ। ਇਸ ਲੜਾਈ ਨੂੰ ਸੰਸਾਰ ਦੀ ਅਦਭੁੱਤ, ਵਿਲੱਖਣ, ਸੂਰਬੀਰਤਾ ਭਰੀ, ਲਾਸਾਨੀ ਅਤੇ ਅਸਾਵੀਂ ਜੰਗ ਮੰਨਿਆ ਜਾਂਦਾ ਹੈ। ਹਰ ਸਿੱਖ ਦੇ ਮਨ ਵਿਚ ਇਸ ਸਥਾਨ ਲਈ ਸ਼ਰਧਾ ਅਤੇ ਮੋਹ ਭਰਿਆ ਹੋਇਆ ਹੈ। ਇਸ ਸਥਾਨ 'ਤੇ ਦਸਮੇਸ਼ ਪਿਤਾ ਨੇ ਇੱਕ ਨਹੀਂ, ਦੋ ਲੜਾਈਆਂ ਲੜੀਆਂ ਸਨ ਜਿਨ੍ਹਾਂ ਦਾ ਸਿੱਖ ਇਤਿਹਾਸ ਵਿਚ ਵਰਣਨ ਮਿਲਦਾ ਹੈ। ਸ੍ਰੀ ਚਮਕੌਰ ਸਾਹਿਬ ਦੀ ਧਰਤ 'ਤੇ ਹਰ ਸਾਲ ਜੋੜ ਮੇਲੇ ਮੌਕੇ ਲੱਖਾਂ ਲੋਕ ਨਤਮਸਤਕ

**ਬਹਾਦਰ ਸਿੰਘ ਗੋਸਲ**
ਫੋਨ: +91-98764-52223

ਹੁੰਦੇ ਹਨ। ਕਲਗੀਧਰ ਪਾਤਸ਼ਾਹ ਵੱਲੋਂ ਸ੍ਰੀ ਚਮਕੌਰ ਸਹਿਬ ਵਿਖੇ ਲੜੀਆਂ ਗਈਆਂ ਜੰਗਾਂ ਦਾ ਸੰਖੇਪ ਵੇਰਵਾ ਇਉਂ ਹੈ:

**ਸ੍ਰੀ ਚਮਕੌਰ ਸਾਹਿਬ ਦੀ ਪਹਿਲੀ ਜੰਗ**

ਜਦੋਂ 1700 ਈਸਵੀ ਵਿਚ ਨਿਰਮੋਹਗੜ੍ਹ ਵਿਖੇ ਬੁਰੀ ਤਰ੍ਹਾਂ ਹਾਰ ਖਾ ਕੇ ਪਹਾੜੀ ਰਾਜੇ ਕੁਝ ਸ਼ਾਂਤ ਹੋ ਗਏ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਧਰਮ ਪ੍ਰਚਾਰ ਲਈ ਸਮਾਂ ਕੱਢਿਆ। ਪ੍ਰੋ. ਸਾਹਿਬ ਸਿੰਘ ਅਨੁਸਾਰ ਸੰਨ 1703 ਦੇ ਜਨਵਰੀ ਮਹੀਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੂਰਜ ਗ੍ਰਹਿਣ ਦੇ ਮੇਲੇ 'ਤੇ ਕੁਰੂਕਸ਼ੇਤਰ ਗਏ। ਇਸ ਮੇਲੇ 'ਤੇ ਅਜਮੇਰ ਚੰਦ ਕਈ ਪਹਾੜੀ ਰਾਜਿਆਂ ਸਮੇਤ ਕੁਰੂਕਸ਼ੇਤਰ ਪਹੁੰਚੇ ਹੋਏ ਸਨ।

ਕੁਰੂਕਸ਼ੇਤਰ ਤੋਂ ਵਾਪਸੀ ਸਮੇਂ ਗੁਰੂ ਜੀ ਰੋਪੜ (ਹੁਣ ਰੂਪਨਗਰ) ਤੋਂ ਪੰਦਰਾਂ ਕੁ ਮੀਲ ਦੂਰ ਚਮਕੌਰ ਪਹੁੰਚ ਗਏ। ਉਨ੍ਹਾਂ ਦਿਨਾਂ ਵਿਚ ਹੀ ਫ਼ੌਜਦਾਰ ਅਲਫ਼ ਖ਼ਾਂ ਅਤੇ ਸੈਦ ਬੇਗ ਦਿੱਲੀ ਵੱਲ ਜਾ ਰਹੇ ਸਨ। ਅਜਮੇਰ ਚੰਦ ਨੇ ਚੰਗਾ ਮੌਕਾ ਦੇਖ ਉਨ੍ਹਾਂ ਨੂੰ ਗੁਰੂ ਜੀ ਵਿਰੁੱਧ ਭੜਕਾਇਆ ਅਤੇ ਆਨੰਦਪੁਰ ਸਾਹਿਬ ਤੋਂ ਬਾਹਰ ਹੀ ਹੱਲਾ ਕਰਨ ਲਈ ਉਕਸਾਇਆ; ਇਸ ਬਦਲੇ ਚੰਗਾ ਨਜ਼ਰਾਨਾ ਦੇਣਾ ਵੀ ਕੀਤਾ। ਇਸ ਤਰ੍ਹਾਂ ਮੁਗ਼ਲਾਂ ਨੇ ਸਮਾਂ ਦੇਖ ਕੇ ਸਿੰਘਾਂ ਉਪਰ ਚਮਕੌਰ ਵਿਖੇ ਹੱਲਾ ਬੋਲ ਦਿੱਤਾ ਪਰ ਸੈਦ ਬੇਗ ਨੇ ਗੁਰੂ ਜੀ ਬਾਰੇ ਬੜਾ ਕੁਝ ਸੁਣ ਰੱਖਿਆ ਸੀ। ਉਸ ਨੇ ਅਮਨ-ਚੈਨ ਨਾਲ ਬੈਠੇ ਸਿੰਘਾਂ 'ਤੇ ਹਮਲਾ ਕਰਨਾ ਠੀਕ ਨਾ ਸਮਝਿਆ ਸਗੋਂ ਉਹ ਵਿਰੋਧ ਛੱਡ ਆਪਣੇ ਸਾਥੀਆਂ ਸਮੇਤ ਗੁਰੂ ਜੀ ਦੀ ਸ਼ਰਨ ਵਿਚ ਆ ਗਿਆ। ਲੜਾਈ ਸਮੇਂ ਸੈਦ ਬੇਗ ਗੁਰੂ ਜੀ ਨਾਲ ਜਾ ਰਲਿਆ ਅਤੇ ਦੱਸਿਆ ਕਿ ਉਹ ਭੀਮ ਚੰਦ ਦੇ ਭੜਕਾਉਣ ਕਰ ਕੇ ਜੰਗ ਲੜਨ ਦੀ ਗ਼ਲਤੀ ਕਰ ਬੈਠਾ ਹੈ। ਸੈਦ ਬੇਗ ਦੇ ਪਾਸਾ ਪਲਟਣ ਕਰ ਕੇ ਅਲਫ਼ ਖ਼ਾਂ ਬਹੁਤੀ ਦੇਰ ਲੜ ਨਾ ਸਕਿਆ ਅਤੇ ਆਪਣੀ ਫ਼ੌਜ ਲੈ ਕੇ ਦਿੱਲੀ ਵੱਲ ਤੁਰ ਪਿਆ। ਉੱਧਰ ਸੈਦ ਬੇਗ ਗੁਰੂ ਜੀ ਪਾਸ ਹੀ ਠਹਿਰ ਗਿਆ ਅਤੇ ਬਾਕੀ ਜੰਗਾਂ ਵਿਚ ਵੀ ਗੁਰੂ ਜੀ ਵੱਲੋਂ ਲੜਿਆ। ਗੁਰੂ ਜੀ ਸਿੰਘਾਂ ਸਮੇਤ ਮੁੜ ਸ੍ਰੀ ਆਨੰਦਪੁਰ ਸਾਹਿਬ ਆ ਗਏ।

**ਸ੍ਰੀ ਚਮਕੌਰ ਸਾਹਿਬ ਦੀ ਅਸਾਵੀਂ ਜੰਗ**





ਨਿਰਮੋਹਗੜ੍ਹ ਵਿਖੇ ਸਥਿਤ ਗੁਰਦੁਆਰਾ ਅਤੇ (ਸੱਜੇ) ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ।

ਸਰਸਾ ਨਦੀ ਰੋਪੜ ਤੋਂ 11 ਮੀਲ ਦੀ ਦੂਰੀ 'ਤੇ ਹੈ। ਸਰਸਾ ਪਾਰ ਕਰ ਕੇ ਅਤੇ ਰੋਪੜੀਏ ਪਠਾਣਾਂ ਵੱਲੋਂ ਰਸਤਾ ਘੇਰਨ 'ਤੇ ਉਨ੍ਹਾਂ ਨੂੰ ਸਬਕ ਸਿਖਾ ਗੁਰੂ ਜੀ ਰੋਪੜ ਤੋਂ ਦੋਵੇਂ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘਾਂ ਸਮੇਤ ਚਮਕੌਰ ਦੇ ਨੇੜੇ ਪਹੁੰਚ ਗਏ। ਚਮਕੌਰ ਰੋਪੜ ਤੋਂ 15 ਮੀਲ ਦੂਰ ਲਹਿੰਦੇ ਪਾਸੇ ਵੱਲ ਹੈ। ਜਦੋਂ ਇਹ ਵਹੀਰ ਚਮਕੌਰ ਦੇ ਨੇੜੇ ਪਹੁੰਚੀ ਤਾਂ ਸੂਹ ਮਿਲੀ ਕਿ ਦਿੱਲੀ ਤੋਂ ਦਸ ਲੱਖ ਮੁਗ਼ਲ ਸੈਨਾ ਉਨ੍ਹਾਂ ਦਾ ਪਿੱਛਾ ਕਰਨ ਲਈ ਚਮਕੌਰ ਨੇੜੇ ਪਹੁੰਚ ਚੁੱਕੀ ਹੈ ਤਾਂ ਗੁਰੂ ਜੀ ਨੇ ਚਮਕੌਰ ਵਿਖੇ ਹੀ ਰੁਕਣ ਦੀ ਵਿਉਂਤ ਬਣਾਈ। ਦੂਜਾ, ਇਸ ਦਾ ਵੱਡਾ ਕਾਰਨ ਇਹ ਵੀ ਸੀ ਕਿ ਸਿੰਘ ਸਵੇਰ ਤੋਂ ਭੁੱਖੇ ਭਾਣੇ ਅਤੇ ਥੱਕ-ਟੁੱਟ ਚੁੱਕੇ ਸਨ। ਕੁਝ ਆਰਾਮ ਦੀ ਜ਼ਰੂਰਤ ਵੀ ਸੀ।

ਚਮਕੌਰ ਵਿਖੇ ਠਾਹਰ ਉਨ੍ਹਾਂ ਨੇ ਪਿੰਡ ਦੀ ਉੱਚੀ ਥਾਂ 'ਤੇ ਬਣੀ ਦੋ ਭਰਾਵਾਂ ਬੁੱਧੀ ਚੰਦ ਅਤੇ ਗਰੀਬੂ ਦੀ ਹਵੇਲੀ ਜੋ ਉਨ੍ਹਾਂ ਨੂੰ ਦੇ ਦਿੱਤੀ ਗਈ ਸੀ, ਵਿਖੇ ਆਪਣੇ ਡੇਰੇ ਲਗਾਏ। ਪਿੰਡ ਵਾਸੀਆਂ ਨੇ ਗੁਰੂ ਜੀ ਦਾ ਉੱਥੇ ਪਹੁੰਚਣਾ ਸੁਣ ਕੇ ਲੰਗਰ-ਪਾਣੀ ਨਾਲ ਸੇਵਾ ਕੀਤੀ ਪਰ 7 ਪੋਹ ਦੀ ਰਾਤ ਨੂੰ ਹੀ ਮੁਗ਼ਲ ਸੈਨਾ ਨੇ ਉੱਥੇ ਪਹੁੰਚ ਕੇ ਕੱਚੀ ਗੜ੍ਹੀ ਨੂੰ ਘੇਰਾ ਪਾ ਲਿਆ। ਇੱਥੇ ਇਹ ਗੱਲ ਵੀ ਦੱਸਣ ਯੋਗ ਹੈ ਕਿ ਇਹ ਗੜ੍ਹੀ ਕੋਈ ਕਿਲ੍ਹਾ ਨਹੀਂ ਸੀ ਸਗੋਂ ਵੱਡੀ ਹਵੇਲੀ ਹੀ ਸੀ।

ਅੱਠ ਪੋਹ ਸੰਮਤ 1761 ਦਾ ਦਿਨ ਚੜ੍ਹਿਆ ਤੇ ਮੁਗ਼ਲ ਸੈਨਾਵਾਂ ਟਿੱਡੀ ਦਲ ਵਾਂਗ ਗੜ੍ਹੀ ਨੂੰ ਚੁਫੇਰਿਓਂ ਘੇਰ ਕੇ ਮਾਰੋ-ਮਾਰ ਬੰਦੂਕਾਂ ਅਤੇ ਸ਼ਸਤਰ ਚਲਾਉਣ ਲੱਗੀਆਂ। ਉੱਧਰ ਗੁਰੂ ਜੀ ਨੇ ਵੀ ਆਪਣੀ ਯੁੱਧ ਨੀਤੀ ਅਨੁਸਾਰ ਅੱਠ-ਅੱਠ ਸਿੰਘਾਂ ਨੂੰ ਤੀਰਾਂ, ਬੰਦੂਕਾਂ ਅਤੇ ਸ਼ਸਤਰਾਂ ਨਾਲ ਲੈਸ ਕਰ ਗੜ੍ਹੀ ਦੇ ਚਾਰ ਕੋਨਿਆਂ 'ਤੇ ਤਾਇਨਾਤ ਕਰ ਦਿੱਤਾ। ਦੋ ਸਿੰਘ ਦਰਵਾਜ਼ੇ 'ਤੇ ਲਗਾ ਦਿੱਤੇ। ਗੁਰੂ ਸਾਹਿਬ ਨੇ ਆਪ ਸਾਹਿਬਜ਼ਾਦਿਆਂ ਅਤੇ ਬਾਕੀ ਸਿੰਘਾਂ ਸਮੇਤ ਗੜ੍ਹੀ ਦੀ ਮਮਟੀ 'ਤੇ ਮੋਰਚਾ ਸੰਭਾਲ ਲਿਆ ਜਿੱਥੋਂ ਬੜੀ ਦੂਰ-ਦੂਰ ਤੱਕ ਸਭ ਕੁਝ ਨਜ਼ਰ ਆਉਂਦਾ ਸੀ। ਸਿੰਘਾਂ ਦੀ ਗਿਣਤੀ ਵੀ ਘੱਟ ਸੀ ਅਤੇ ਉਨ੍ਹਾਂ ਪਾਸ ਹਥਿਆਰ ਤੇ ਗੋਲੀ ਸਿੱਕਾ ਵੀ ਬਹੁਤ ਨਹੀਂ ਸੀ। ਲੱਖਾਂ ਦੀ ਫ਼ੌਜ ਦਾ ਮੁਕਾਬਲਾ ਕਰਨਾ ਕੋਈ ਸੌਖਾ ਨਹੀਂ ਸੀ।

ਸਿੰਘਾਂ ਦੀ ਥੋੜ੍ਹੀ ਗਿਣਤੀ ਸੁਣ ਮੁਗ਼ਲ ਸੈਨਾ ਦੇ ਹੌਸਲੇ ਬਹੁਤ ਵਧ ਗਏ ਸਨ। ਉਹ ਵਾਰ-ਵਾਰ ਗੜ੍ਹੀ 'ਤੇ ਹਮਲਾ ਕਰਦੇ ਪਰ ਅੰਦਰੋਂ ਮੀਂਹ ਵਾਂਗ ਤੀਰਾਂ ਦੀ ਵਰਖਾ ਦੇਖ ਨੇੜੇ ਢੁੱਕਣ ਦਾ ਹੌਸਲਾ ਨਾ ਕਰਦੇ। ਗੜ੍ਹੀ ਦੀ ਓਟ ਵਿਚ ਸਿੰਘਾਂ ਦਾ ਜਾਨੀ ਨੁਕਸਾਨ ਬਹੁਤ ਘੱਟ ਹੋ ਰਿਹਾ ਸੀ। ਗਹਿਗੱਚ ਲੜਾਈ ਵਿਚ ਨਾਹਰ ਖ਼ਾਨ, ਗੈਰਤ ਖ਼ਾਨ ਅਤੇ ਖ਼ਵਾਜਾ ਮੁਹੰਮਦ ਮਰਦੂਦ ਨੇ ਮਿਲ ਕੇ ਤਿੰਨਾਂ ਪਾਸਿਆਂ ਤੋਂ ਇਕੱਠਾ ਹਮਲਾ ਕੀਤਾ। ਉਸੇ ਸਮੇਂ ਤੀਰਾਂ ਦੀ ਮਾਰ ਨਾਲ ਨਾਹਰ ਖ਼ਾਨ ਅਤੇ ਗੈਰਤ ਖ਼ਾਨ ਮਾਰੇ ਗਏ ਪਰ ਮੁਹੰਮਦ ਮਰਦੂਦ ਗੜ੍ਹੀ ਦੀ ਦੀਵਾਰ ਦਾ ਆਸਰਾ ਲੈ ਕੇ ਬਚ ਨਿਕਲਿਆ। ਮੁਗ਼ਲਾਂ ਨੇ ਪੌੜੀਆਂ ਲਗਾ ਕੇ ਹਵੇਲੀ ਅੰਦਰ ਦਾਖ਼ਲ ਹੋਣ ਦਾ ਯਤਨ ਕੀਤਾ ਤਾਂ ਜਿਹੜਾ ਵੀ ਮੁਗ਼ਲ ਸੂਰਮਾ ਪੌੜੀ ਉੱਤੋਂ ਸਿਰ ਕੱਢਦਾ, ਤੀਰ ਨਾਲ ਵਿੰਨ੍ਹ ਦਿੱਤਾ ਜਾਂਦਾ। ਆਖ਼ਰ ਮੁਗ਼ਲਾਂ ਨੇ ਇਕੱਠੇ ਹੋ ਕੇ ਦਰਵਾਜ਼ੇ ਵਾਲੇ ਪਾਸਿਓਂ ਹਮਲਾ ਕਰਨ ਦੀ ਠਾਣੀ। ਗੁਰੂ ਜੀ ਨੇ ਵੀ ਪੰਜ ਪੰਜ ਸਿੰਘਾਂ ਦੇ ਜਥੇ ਬਣਾ ਕੇ ਰਣ-ਖੇਤਰ ਵਿਚ ਜੂਝਣ ਦਾ ਫ਼ੈਸਲਾ ਕੀਤਾ। ਦੋ ਜਥਿਆਂ ਦੇ ਮੁਖੀ ਦੋਵਾਂ ਸਾਹਿਬਜ਼ਾਦਿਆਂ ਨੂੰ ਬਣਾਇਆ ਗਿਆ। ਇਸ ਤਰ੍ਹਾਂ ਪੰਜ ਪੰਜ ਸਿੰਘ ਜਾਂਦੇ, ਜਦੋਂ ਉਹ ਸ਼ਹੀਦ ਹੋ ਜਾਂਦੇ ਤਾਂ ਪੰਜਾਂ ਦਾ ਅਗਲਾ ਜਥਾ ਜੂਝਣ ਲਈ ਜੰਗੇ ਮੈਦਾਨ 'ਚ ਪਹੁੰਚ ਜਾਂਦਾ।

ਇਸ ਸਮੇਂ ਵੱਡੇ ਸਾਹਿਬਜ਼ਾਦਾ ਅਜੀਤ ਸਿੰਘ ਦੀ ਉਮਰ 17 ਸਾਲ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਦੀ ਉਮਰ 15 ਸਾਲ ਸੀ। ਜਦੋਂ ਵੈਰੀਆਂ ਦਾ ਦਲ ਮਾਰੋ-ਮਾਰ ਕਰਦਾ ਗੜ੍ਹੀ ਦੇ ਦਰਵਾਜ਼ੇ ਵੱਲ ਵਧ ਰਿਹਾ ਸੀ ਤਾਂ ਸਾਹਿਬਜ਼ਾਦਾ ਅਜੀਤ ਸਿੰਘ ਪੰਜ ਸਿੰਘਾਂ ਦੇ ਜਥੇ ਨਾਲ ਜੈਕਾਰੇ ਲਗਾਉਂਦਿਆਂ ਜੰਗੇ ਮੈਦਾਨ ਵਿਚ ਪਹੁੰਚ ਗਏ। ਸਾਹਿਬਜ਼ਾਦਾ ਅਜੀਤ ਸਿੰਘ ਆਪਣੇ ਸਾਥੀ ਸਿੰਘਾਂ ਸਮੇਤ ਤਲਵਾਰ ਦੇ ਜੌਹਰ ਦਿਖਾ ਰਹੇ ਸਨ। ਅਨੇਕਾਂ ਮੁਗ਼ਲਾਂ ਨੂੰ ਮਾਰਨ ਉਪਰੰਤ ਆਪ ਸ਼ਹੀਦੀ ਜਾਮ ਪੀ ਗਏ। ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਸਾਹਿਬਜ਼ਾਦਾ ਜੁਝਾਰ ਸਿੰਘ ਦਸਵੇਂ ਗੁਰੂ ਤੋਂ ਅਸੀਸ ਲੈ ਕੇ ਆਪਣੇ ਜਥੇ ਨਾਲ ਜੰਗ ਦੇ ਮੈਦਾਨ ਵਿਚ ਤਲਵਾਰ ਦੇ ਜੌਹਰ ਦਿਖਾਉਣ ਲੱਗੇ। ਲੱਖਾਂ ਨਾਲ ਮੁਕਾਬਲਾ ਕਰਦਿਆਂ ਆਪ ਵੀ ਸ਼ਹੀਦ ਹੋ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗਰੀਬ ਦੱਬੀ ਕੁਚਲੀ ਜਨਤਾ ਖ਼ਾਤਰ ਆਪਣੇ ਜਿਗਰ ਦੇ ਟੋਟਿਆਂ ਨੂੰ ਆਪਣੀਆਂ ਅੱਖਾਂ ਸਾਹਮਣੇ ਜੂਝਦੇ ਅਤੇ ਕੁਰਬਾਨ ਹੁੰਦੇ ਦੇਖ ਰਹੇ ਸਨ।

ਬਾਬਾ ਜੁਝਾਰ ਸਿੰਘ ਅਤੇ ਉਨ੍ਹਾਂ ਨਾਲ ਗਏ ਸਾਰੇ ਸਿੰਘਾਂ ਦੇ ਸ਼ਹੀਦ ਹੋਣ ਵੇਲੇ ਤੱਕ ਸੂਰਜ ਡੁੱਬ ਚੁੱਕਾ ਸੀ। ਪ੍ਰੋਫੈਸਰ ਸਾਹਿਬ ਸਿੰਘ ਲਿਖਦੇ ਹਨ ਕਿ ਉਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਕੇਵਲ ਗਿਆਰਾਂ ਸਿੰਘ ਹੀ ਰਹਿ ਗਏ ਸਨ ਜਿਨ੍ਹਾਂ ਦੇ ਇਤਿਹਾਸ ਅਨੁਸਾਰ ਨਾਂ ਸਨ: ਭਾਈ ਧਰਮ ਸਿੰਘ, ਭਾਈ ਮਾਨ ਸਿੰਘ, ਭਾਈ ਸੰਗਤ ਸਿੰਘ, ਭਾਈ ਰਾਮ ਸਿੰਘ, ਭਾਈ ਦਇਆ ਸਿੰਘ, ਭਾਈ ਸੰਤੋਖ ਸਿੰਘ, ਭਾਈ ਦੇਵਾ ਸਿੰਘ, ਭਾਈ ਜਿਉਣ ਸਿੰਘ, ਭਾਈ ਕਾਠਾ ਸਿੰਘ, ਭਾਈ ਸੰਤ ਸਿੰਘ ਅਤੇ ਭਾਈ ਕਿਹਰ ਸਿੰਘ। ਰਾਤ ਪੈਣ 'ਤੇ ਗੜ੍ਹੀ ਦੇ ਚੁਫ਼ੇਰੇ ਮੀਲਾਂ ਤੱਕ ਮੁਗ਼ਲ ਅਤੇ ਪਹਾੜੀ ਫ਼ੌਜਾਂ ਦੇ ਡੇਰੇ ਲੱਗੇ ਹੋਏ ਸਨ। ਦੁਸ਼ਮਣਾਂ 'ਚੋਂ ਬਚ ਕੇ ਨਿਕਲਣਾ ਅਸੰਭਵ ਲੱਗਦਾ ਸੀ। ਦੁਸ਼ਮਣ ਫ਼ੌਜਾਂ ਦੇ ਜਰਨੈਲ ਬੇਫ਼ਿਕਰ ਸਨ ਕਿਉਂਕਿ ਵੱਡੀ ਗਿਣਤੀ ਵਿਚ ਸਿੰਘ ਸ਼ਹੀਦ ਹੋ ਚੁੱਕੇ ਸਨ। ਦੁਸ਼ਮਣ ਸੋਚਦੇ ਸਨ ਕਿ ਹੁਣ ਗੁਰੂ ਜੀ ਨੂੰ ਫੜਨਾ ਸੌਖਾ ਹੋ ਗਿਆ ਸੀ ਪਰ ਗੜ੍ਹੀ ਵਿਚ ਮੌਜੂਦ ਗਿਆਰਾਂ ਸਿੰਘ ਜਾਣਦੇ ਸਨ ਕਿ ਇਹ ਰਾਤ ਜ਼ਿੰਦਗੀ ਦੀ ਆਖ਼ਰੀ ਰਾਤ ਹੈ।

ਸਿੰਘਾਂ ਨੇ ਫ਼ੈਸਲਾ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਗੜ੍ਹੀ ਛੱਡ ਕੇ ਚਲੇ ਜਾਣ ਦੀ ਬੇਨਤੀ ਕੀਤੀ। ਉਨ੍ਹਾਂ ਵੱਲੋਂ ਇਨਕਾਰ ਕਰਨ 'ਤੇ ਪੰਜ ਸਿੰਘਾਂ ਨੇ ਪੰਜ ਪਿਆਰਿਆਂ ਵਜੋਂ ਗੁਰੂ ਸਾਹਿਬ ਨੂੰ ਚਲੇ ਜਾਣ ਦਾ ਹੁਕਮ ਦਿੱਤਾ ਜਿਨ੍ਹਾਂ ਦਾ ਹੁਕਮ ਆਪ ਨੇ ਸਿਰ ਮੱਥੇ ਕਬੂਲ ਕੀਤਾ। ਫ਼ੈਸਲਾ ਹੋਇਆ ਕਿ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਗੁਰੂ ਜੀ ਦੇ ਨਾਲ ਜਾਣਗੇ। ਇਸ ਸਮੇਂ ਗੁਰੂ ਜੀ ਨੇ ਖ਼ਾਲਸਾ ਪੰਥ ਨੂੰ ਗੁਰਿਆਈ ਦੇ ਕੇ ਭਾਈ ਸੰਗਤ ਸਿੰਘ ਜੀ ਨੂੰ ਆਪਣੇ ਬਸਤਰ ਅਤੇ ਕਲਗੀ ਪਹਿਨਾ ਕੇ ਜਾਣ ਦੀ ਤਿਆਰੀ ਕੀਤੀ। ਸਿੰਘਾਂ ਨੂੰ ਸਾਵਧਾਨ ਕਰ ਕੇ ਗੁਰੂ ਜੀ ਆਪਣਾ ਧਨੁੱਖ, ਤੀਰ ਅਤੇ ਸ੍ਰੀ ਸਾਹਿਬ ਲੈ ਕੇ ਕਮਰਕੱਸਾ ਕਰ ਮਾਛੀਵਾੜੇ ਵੱਲ ਚੱਲ ਪਏ। ਗੜ੍ਹੀ ਤੋਂ ਥੋੜ੍ਹੀ ਦੂਰ ਜਾ ਕੇ ਗੁਰੂ ਜੀ ਨੇ ਤਿੰਨ ਵਾਰ ਤਾੜੀ ਮਾਰ ਕੇ ਉੱਚੀ ਆਵਾਜ਼ ਵਿਚ ਕਿਹਾ, "ਸਿੱਖਾਂ ਦਾ ਗੁਰੂ ਨਿਕਲ ਚਲਿਆ ਜੇ।" ਜਾਣ ਲੱਗੇ ਜੇ ਕੋਈ ਤੁਰਕ ਸਾਹਮਣੇ ਆਇਆ, ਉਸ ਨੂੰ ਮੌਤ ਦੇ ਘਾਟ ਉਤਾਰ ਆਪ ਅੱਗੇ ਨਿਕਲ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਤਿੰਨ ਸਿੰਘਾਂ ਦੇ ਨਿਕਲ ਜਾਣ ਤੋਂ ਬਾਅਦ ਦਿਨ ਚੜ੍ਹੇ ਤਾਂ ਮੁਗ਼ਲਾਂ ਨੇ ਗੜ੍ਹੀ 'ਤੇ ਹਮਲਾ ਕੀਤਾ। ਭਾਈ ਸੰਗਤ ਸਿੰਘ ਅਤੇ ਭਾਈ ਸੰਤ ਸਿੰਘ ਸਮੇਤ ਸਿੰਘਾਂ ਨੇ ਆਖ਼ਰੀ ਦਮ ਤੱਕ ਮੁਗ਼ਲਾਂ ਦਾ ਮੁਕਾਬਲਾ ਕੀਤਾ ਅਤੇ ਅੰਤ ਵਿਚ ਸ਼ਹੀਦੀਆਂ ਪਾ ਗਏ। ਸ਼ਹੀਦ ਸਿੰਘਾਂ ਨੂੰ ਦੇਖ ਅਤੇ ਭਾਈ ਸੰਗਤ ਸਿੰਘ ਦੀ ਮ੍ਰਿਤਕ ਦੇਹ ਦੇਖ ਮੁਗ਼ਲ ਟਪਲਾ ਖਾ ਗਏ ਕਿ ਸਿੱਖਾਂ ਦਾ ਗੁਰੂ ਸ਼ਹੀਦ ਹੋ ਗਿਆ ਹੈ। ਬਾਅਦ ਵਿਚ ਸਚਾਈ ਸਾਹਮਣੇ ਆਉਣ 'ਤੇ ਸੂਬਾ ਸਰਹਿੰਦ ਨੇ ਆਲੇ-ਦੁਆਲੇ ਦੇ ਇਲਾਕੇ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਭਾਲ ਵਿਚ ਆਪਣੇ ਆਦਮੀ ਭੇਜ ਦਿੱਤੇ ਪਰ ਗੁਰੂ ਜੀ ਨੰਗੇ ਪੈਰੀਂ ਰਾਤ ਦੇ ਹਨੇਰੇ ਵਿਚ ਕੰਡਿਆਲੀਆਂ ਝਾੜੀਆਂ ਨੂੰ ਪਾਰ ਕਰਦਿਆਂ ਪਿੰਡ ਚੂਹੜਵਾਲ ਨੇੜੇ ਜੰਗਲ ਵਿਚ ਸੰਘਣੇ ਝਾੜਾਂ ਦੀ ਓਟ ਲੈ ਕੇ ਕੁਝ ਪਲ ਆਰਾਮ ਲਈ ਲੇਟ ਗਏ। ਉਜ ਕੱਲ੍ਹ ਇਸ ਅਸਥਾਨ 'ਤੇ ਗੁਰਦੁਆਰਾ ਸ੍ਰੀ ਝਾੜ ਸਾਹਿਬ ਸੁਸ਼ੋਭਿਤ ਹੈ।

# ਅਦੁੱਤੀ ਸ਼ਖਸੀਅਤ ਗੁਰੂ ਗੋਬਿੰਦ ਸਿੰਘ ਜੀ


ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਸ਼ਵ ਦੇ ਧਾਰਮਿਕ ਇਤਿਹਾਸ ਅੰਦਰ ਉਹ ਰਹਿਬਰ ਹਨ ਜਿਨ੍ਹਾਂ ਦਾ ਜੀਵਨ ਅਤੇ ਸ਼ਖ਼ਸੀਅਤ ਮਾਨਵਤਾ ਲਈ ਚਾਨਣ ਮੁਨਾਰਾ ਹੈ। ਉਨ੍ਹਾਂ ਆਪਣਾ ਸਰਬੰਸ ਧਰਮ ਤੇ ਮਨੁੱਖੀ ਕਦਰਾਂ-ਕੀਮਤਾਂ ਦੀ ਮਜ਼ਬੂਤੀ ਅਤੇ ਜ਼ੁਲਮ ਦੇ ਖ਼ਾਤਮੇ ਲਈ ਕੁਰਬਾਨ ਕੀਤਾ। ਇਹ ਕੋਈ ਛੋਟੀ ਗੱਲ ਨਹੀਂ ਕਿ ਆਪਣਾ ਸਾਰਾ ਪਰਿਵਾਰ ਵਾਰ ਕੇ ਵੀ ਕੋਈ ਗਿਲਾ ਨਹੀਂ ਸਗੋਂ ਕਰਤਾ ਪੁਰਖ ਦਾ ਸ਼ੁਕਰਾਨਾ ਹੀ ਸ਼ੁਕਰਾਨਾ। ਦਸਮੇਸ਼ ਪਿਤਾ ਜੀ ਦਾ ਸਾਰਾ ਜੀਵਨ ਹੀ ਮਾਨਵਤਾ ਲਈ ਸੀ; ਹਰ ਧਰਮ, ਹਰ ਵਰਗ, ਹਰ ਫਿਰਕੇ

**ਐਡਵੋਕੇਟ ਹਰਜਿੰਦਰ ਸਿੰਘ ਧਾਮੀ**

ਲਈ ਇਕਸਾਰ। ਅਸੀਂ ਗੁਰੂ ਜੀ ਦੇ ਜੀਵਨ ਦਰਸ਼ਨ ਦੇ ਆਧਾਰ 'ਤੇ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਸ਼ਬਦਾਂ ਵਿਚ ਬਿਆਨ ਤਾਂ ਕਰਦੇ ਹਾਂ ਪਰ ਸਾਡੇ ਸ਼ਬਦ ਸੀਮਤ ਹਨ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਦੀ ਮੁਕੰਮਲ ਬਿਆਨੀ ਸੰਭਵ ਨਹੀਂ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦ੍ਰਿੜਤਾ, ਸਬਰ ਤੇ ਸਿਦਕ ਭਰਪੂਰ ਅਦੁੱਤੀ ਜੀਵਨ ਗਾਥਾ ਸਮੁੱਚੀ ਮਨੁੱਖਤਾ ਅੰਦਰ ਹੱਕ-ਸੱਚ ਲਈ ਜੂਝਣ ਦਾ ਜਜ਼ਬਾ ਭਰਨ ਅਤੇ ਧਰਮ ਦੇ ਉਭਾਰ ਵਾਲੀ ਹੈ। ਉਨ੍ਹਾਂ ਦੇ ਜੀਵਨ ਦਾ ਉਦੇਸ਼ ਹੀ ਧਰਮ ਦੀ ਸਥਾਪਨਾ, ਮਜ਼ਲੂਮਾਂ ਦੀ ਰਾਖੀ ਅਤੇ ਜਬਰ-ਜ਼ੁਲਮ ਦਾ ਡਟ ਕੇ ਟਾਕਰਾ ਕਰਨਾ ਸੀ। ਉਨ੍ਹਾਂ ਆਪਣੇ ਉਦੇਸ਼ ਨੂੰ 'ਬਚਿਤ੍ਰ ਨਾਟਕ' ਵਿਚ ਸਪਸ਼ਟ ਕੀਤਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਭਾਰਤੀ ਇਤਿਹਾਸ ਵਿਚ ਇਨਕਲਾਬ ਦਾ ਆਰੰਭ ਸੀ। ਉਸ ਸਮੇਂ ਸਮਾਜ ਵਿਚ ਮਨੁੱਖੀ ਆਜ਼ਾਦੀ ਨੂੰ ਕਾਇਮ ਰੱਖਣਾ ਅਸੰਭਵ ਜਾਪਦਾ ਸੀ। ਉਨ੍ਹਾਂ 9 ਸਾਲ ਦੀ ਛੋਟੀ ਉਮਰ ਵਿਚ ਆਪਣੇ ਪਿਤਾ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਮਜ਼ਲੂਮਾਂ ਅਤੇ ਧਰਮ ਦੀ ਰੱਖਿਆ ਲਈ ਸ਼ਹਾਦਤ ਦੇਣ ਲਈ ਤੋਰਿਆ, ਖ਼ਾਲਸਾ ਪੰਥ ਦੀ ਸਿਰਜਣਾ ਕੀਤੀ, ਜ਼ੁਲਮ ਵਿਰੁੱਧ ਅਨੇਕਾਂ ਧਰਮ ਯੁੱਧ ਲੜੇ ਅਤੇ ਸਾਹ-ਸਤਹੀਣ ਹੋ ਚੁੱਕੀ ਲੋਕਾਈ ਵਿਚ ਨਵੀਂ ਰੂਹ ਫੂਕੀ। ਉਨ੍ਹਾਂ ਲੋਕਾਂ ਵਿਚ ਹਿੰਮਤ ਅਤੇ ਦਲੇਰੀ ਭਰਨ ਲਈ ਸ੍ਰੀ ਅਨੰਦਪੁਰ ਸਾਹਿਬ ਦੀਆਂ ਪਹਾੜੀਆਂ ਵਿਚ ਨਗਾਰੇ 'ਤੇ ਚੋਟਾਂ ਲਗਵਾਈਆਂ, ਕੇਸਰੀ ਨਿਸ਼ਾਨ ਸਾਹਿਬ ਝੁਲਾਏ, ਘੋੜ-ਸਵਾਰੀ ਤੇ ਸ਼ਸਤਰ ਵਿੱਦਿਆ ਦਾ ਪ੍ਰਬੰਧ ਕੀਤਾ। ਇਸ ਦੇ ਨਾਲ ਹੀ ਲੋਕਾਂ ਅੰਦਰ ਬਹਾਦਰੀ ਪੈਦਾ ਕਰਨ ਲਈ ਬੀਰ-ਰਸੀ ਸਾਹਿਤ ਦੀ ਰਚਨਾ ਕੀਤੀ ਤੇ ਕਰਵਾਈ ਜਿਸ ਨੇ ਅਜਿਹਾ ਕ੍ਰਿਸ਼ਮਾ ਦਿਖਾਇਆ ਕਿ ਗੁਰੂ ਕੇ ਸਿੱਖ ਸਵਾ ਸਵਾ ਲੱਖ ਨਾਲ ਇਕੱਲੇ ਲੜ ਗਏ।



ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜਨਮ ਸਥਾਨ ਸਥਿਤ ਗੁਰਦੁਆਰਾ ਪਟਨਾ ਸਾਹਿਬ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਸਾਜਣਾ ਦੀ ਗੱਲ ਕਰੀਏ ਤਾਂ ਇਹ ਪੂਰੀ ਦੁਨੀਆ ਦੇ ਧਾਰਮਿਕ ਇਤਿਹਾਸ ਨੂੰ ਪ੍ਰਭਾਵਿਤ ਕਰਨ ਵਾਲੀ ਘਟਨਾ ਸੀ। ਇਸ ਘਟਨਾ ਨਾਲ 1699 ਦੀ ਵਿਸਾਖੀ ਦਾ ਦਿਨ ਦੁਨੀਆ ਦੇ ਇਤਿਹਾਸ ਅੰਦਰ ਨਿਵੇਕਲਾ ਅਧਿਆਇ ਸਿਰਜ ਗਿਆ। ਗੁਰੂ ਜੀ ਦੇ ਖ਼ਾਲਸਾ ਸਿਰਜਣਾ ਦੇ ਅਦੁੱਤੀ ਕਾਰਨਾਮੇ ਨੇ ਸਦੀਆਂ ਤੋਂ ਲਤਾੜੇ, ਗੁਲਾਮੀ ਵਾਲਾ ਜੀਵਨ ਜੀਅ ਰਹੇ ਲੋਕਾਂ ਨੂੰ ਆਤਮ-ਵਿਸ਼ਵਾਸੀ ਬਣਾ ਕੇ ਅਰਸ਼ 'ਤੇ ਪਹੁੰਚਾ ਦਿੱਤਾ। ਖ਼ਾਲਸਾ ਸਾਜ ਕੇ ਆਪ ਨੇ ਸਾਰੀਆਂ ਜਾਤਾਂ ਤੇ ਵਰਗਾਂ ਦੇ ਲੋਕਾਂ ਨੂੰ ਏਕਤਾ ਦੇ ਸੂਤਰ ਵਿਚ ਪਰੋ ਲੈਣ ਦਾ ਅਦੁੱਤੀ ਤੇ ਮਹਾਨ ਕਾਰਜ ਕੀਤਾ। ਉਨ੍ਹਾਂ ਪੰਜ ਪਿਆਰਿਆਂ ਵਿਚ ਭਿੰਨ-ਭਿੰਨ ਵਰਗਾਂ ਦੇ ਲੋਕਾਂ ਨੂੰ ਸ਼ਾਮਲ ਕਰ ਕੇ ਉਚ ਨੀਚ ਦਾ ਫਰਕ ਸਦਾ ਲਈ ਮਿਟਾ ਦਿੱਤਾ। ਇੰਨਾ ਹੀ ਨਹੀਂ, ਫਿਰ ਆਪ ਵੀ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕਿਆ। ਇਹ ਵੀ ਧਰਮਾਂ ਦੇ ਇਤਿਹਾਸ ਵਿਚ ਵਿਲੱਖਣ ਸੀ। ਇਸ ਤੋਂ ਪਹਿਲਾਂ ਅਜਿਹੀ ਕੋਈ ਉਦਾਹਰਨ ਨਹੀਂ ਸੀ ਮਿਲਦੀ ਕਿ ਕਿਸੇ ਗੁਰੂ ਨੇ ਆਪਣੇ ਚੇਲਿਆਂ ਨੂੰ ਆਪਣੇ ਤੋਂ ਉੱਪਰ ਦਾ ਦਰਜਾ ਜਾਂ ਮਾਣ ਦਿੱਤਾ ਹੋਵੇ। ਇਹ ਮਾਣ ਕੇਵਲ ਦਸਮ ਪਾਤਸ਼ਾਹ ਜੀ ਨੇ ਹੀ ਆਪਣੇ ਖਾਲਸੇ ਨੂੰ ਬਖ਼ਸ਼ਿਆ। ਇਸੇ ਤਰ੍ਹਾਂ ਹੋਲਾ ਮਹੱਲਾ ਦਾ ਆਰੰਭ ਵੀ ਗੁਰੂ ਜੀ ਦੇ ਜੀਵਨ ਦਾ ਵਿਸ਼ੇਸ਼ ਕਾਰਨਾਮਾ ਹੈ ਜਿਸ ਨੇ ਸਿੱਖ ਕੌਮ ਨੂੰ ਸਵੈਮਾਣ, ਅਣਖ, ਦਲੇਰੀ, ਹਿੰਮਤ ਅਤੇ ਬੀਰਤਾ ਨਾਲ ਜੋੜਿਆ।

ਗੁਰੂ ਜੀ ਦੀ ਰਚੀ ਬਾਣੀ ਵੀ ਮਾਨਵਤਾ ਲਈ ਸੁਚੱਜੇ ਜੀਵਨ ਦੀ ਘਾੜਤ ਘੜਨ ਵਾਲੀ ਹੈ। ਆਪ ਨੇ ਆਪਣੀ ਬਾਣੀ ਵਿਚ ਪਾਖੰਡ ਤੇ ਕਰਮਕਾਂਡਾਂ ਦਾ ਖੰਡਨ ਕੀਤਾ ਅਤੇ ਲੋਕਾਈ ਨੂੰ ਉੱਤਮ ਜੀਵਨ ਦੇ ਧਾਰਨੀ ਹੋਣ ਦੀ ਪ੍ਰੇਰਨਾ ਕੀਤੀ। ਆਪ ਨੇ ਉਪਦੇਸ਼ ਕੀਤਾ ਕਿ ਮੂਰਤੀ ਪੂਜਾ, ਬੁੱਤ ਪੂਜਾ, ਤੀਰਥ ਯਾਤਰਾ ਜਾਂ ਸਮਾਧੀਆਂ ਨਾਲ ਅਕਾਲ-ਪੁਰਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜੀਵਨ ਅਹਿਮ ਹੈ ਤੇ ਇਸ ਨੂੰ ਵਿਅਰਥ ਦੇ ਕਰਮਕਾਂਡਾਂ ਤੇ ਭਰਮ ਭੁਲੇਖਿਆਂ ਵਿਚ ਪੈ ਕੇ ਬਰਬਾਦ ਕਰਨ ਦਾ ਕੋਈ ਲਾਭ ਨਹੀਂ। ਕਰਤਾ ਪੁਰਖ ਤਾਂ ਸਹਿਜ ਤੇ ਪਿਆਰ ਦਾ ਮਾਰਗ ਹੈ। ਇਸ ਦੀ ਸਮਝ ਵਾਲੇ ਹੀ ਉਸ 'ਚ ਅਭੇਦ ਹੁੰਦੇ ਹਨ। ਗੁਰੂ ਜੀ ਦਾ ਫੁਰਮਾਨ ਹੈ:

ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਿਆਨ ਲਗਾਇਓ॥
ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨਿ ਲੋਕ ਗਯੋ ਪਰਲੋਕ ਗਵਾਇਓ॥
ਬਾਸ ਕੀਓ ਬਿਖਿਆਨ ਸੋ ਬੈਠ ਕੈ ਐਸੇ ਹੀ ਐਸੇ ਸੁ ਬੈਸ ਬਿਤਾਇਓ॥
ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥

ਇਸ ਤੋਂ ਵੱਡੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖਤਾ ਨੂੰ ਸੁਖੀ ਦੇਖਣ ਦੀ ਲੋਚਾ ਨਾਲ ਆਪਣਾ ਸਾਰਾ ਪਰਿਵਾਰ ਵਾਰ ਦਿੱਤਾ। ਆਪ ਜੀ ਨੇ ਚਮਕੌਰ ਦੀ ਜੰਗ ਅੰਦਰ ਆਪਣੇ ਵੱਡੇ ਸਾਹਿਬਜ਼ਾਦਿਆਂ ਨੂੰ ਆਪਣੇ ਹੱਥੀਂ ਤਿਆਰ ਕਰ ਸ਼ਹਾਦਤਾਂ ਲਈ ਤੋਰਿਆ। ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਤੋਂ ਪਿੱਛੋਂ ਵੀ ਆਪ ਨੇ ਪਰਮਾਤਮਾ ਦਾ ਸ਼ੁਕਰ ਅਦਾ ਕੀਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਰਾ ਜੀਵਨ ਹੀ ਮਨੁੱਖਤਾ ਦੀ ਭਲਾਈ ਲਈ ਜੀਵਿਆ। ਉਨ੍ਹਾਂ ਨੇ ਮਨੁੱਖਤਾ ਨੂੰ ਅਗਿਆਨਤਾ ਰੂਪੀ ਹਨੇਰੇ ਵਿਚੋਂ ਬਾਹਰ ਕੱਢ ਕੇ ਜੀਵਨ ਦੀ ਅਸਲ ਸਚਾਈ ਦੇ ਰੂ-ਬ-ਰੂ ਕੀਤਾ। ਧਰਮ ਦੀ ਰਖਵਾਲੀ ਲਈ ਅਨੇਕਾਂ ਕਸ਼ਟ ਝੱਲੇ। ਜੇ ਅੱਜ ਅਸੀਂ ਸੁਖੀ ਜੀਵਨ ਜੀਅ ਰਹੇ ਹਾਂ ਤਾਂ ਇਹ ਗੁਰੂ ਜੀ ਦੀ ਬਦੌਲਤ ਹੈ। ਆਪ ਜੀ ਦੇ ਪ੍ਰਕਾਸ਼ ਪੁਰਬ 'ਤੇ ਸਾਡਾ ਫਰਜ਼ ਹੈ ਕਿ ਜਿਥੇ ਅਸੀਂ ਗੁਰੂ ਜੀ ਨੂੰ ਸਤਿਕਾਰ ਭੇਟ ਕਰਨਾ ਹੈ, ਉਥੇ ਉਨ੍ਹਾਂ ਦੇ ਦਰਸਾਏ ਮਾਰਗ ਦੇ ਪਾਂਧੀ ਵੀ ਬਣਨਾ ਹੈ। ਅਸੀਂ ਦੁਨੀਆ ਦੇ ਭਾਈਚਾਰੇ ਵਿਚ ਸਰਬ-ਸਾਂਝੀਵਾਲਤਾ ਦੇ ਪੈਗਾਮ ਨੂੰ ਤਦ ਹੀ ਲਿਜਾ ਸਕਾਂਗੇ ਜੇ ਅਸੀਂ ਦੁਨੀਆ ਦੇ ਹਰ ਖੇਤਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਕਥਨੀ ਤੇ ਕਰਨੀ ਦੇ ਸੂਰੇ ਬਣਾਂਗੇ। ਸੋ ਆਓ! ਗੁਰੂ ਬਖ਼ਸ਼ੀ ਖੰਡੇ-ਬਾਟੇ ਦੀ ਪਾਹੁਲ ਛਕ ਗੁਰਬਾਣੀ ਦੀ ਰੋਸ਼ਨੀ ਵਿਚ ਜੀਵਨ ਬਤੀਤ ਕਰੀਏ ਅਤੇ ਸਾਵੇਂ ਸੁਖਾਵੇਂ ਸਮਾਜ ਦੀ ਸਿਰਜਣਾ ਲਈ ਤੱਤਪਰ ਰਹੀਏ।

# ਵੱਡੀ ਕਹਾਣੀਕਾਰ ਤੇ ਉੱਚੀ ਇਨਸਾਨ ਸੁਖਵੰਤ ਕੌਰ ਮਾਨ -2

**ਕਲਮਾਂ ਵਾਲੀਆਂ**

*ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਪਿਛਲੇ ਕੁਝ ਸਮੇਂ ਤੋਂ ਉਹ ਵਾਰਤਕ ਪੁਸਤਕਾਂ ਦਾ ਢੇਰ ਲਾ ਰਹੇ ਹਨ। ਪੁਸਤਕਾਂ ਦਾ ਇਹ ਅਜਿਹਾ ਢੇਰ ਹੈ ਜਿਸ ਅੰਦਰ ਰਚਨਾਵਾਂ ਹੀਰੇ-ਮੋਤੀਆਂ ਵਾਂਗ ਪਰੋਈਆਂ ਮਿਲਦੀਆਂ ਹਨ। ਫਲਸਰੂਪ, ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਦੇ ਜ਼ਿਹਨ ਅੰਦਰ ਸਹਿਜੇ ਹੀ ਲਹਿ-ਲਹਿ ਜਾਂਦੀਆਂ ਹਨ। 'ਪੰਜਾਬ ਟਾਈਮਜ਼' ਲਈ ਉਨ੍ਹਾਂ ਔਰਤ ਲਿਖਾਰੀਆਂ ਦੀ ਲੜੀ 'ਕਲਮਾਂ ਵਾਲੀਆਂ' ਨਾਂ ਹੇਠ ਭੇਜੀ ਹੈ, ਜਿਸ ਵਿਚ ਸਾਹਿਤ ਦੇ ਨਾਲ-ਨਾਲ ਜ਼ਿੰਦਗੀ ਦੇ ਹੋਰ ਬਹੁਤ ਸਾਰੇ ਪੱਖਾਂ ਬਾਰੇ ਗੱਲਾਂ-ਬਾਤਾਂ ਬਹੁਤ ਸਲੀਕੇ ਨਾਲ ਕੀਤੀਆਂ ਗਈਆਂ ਹਨ। ਇਹ ਲੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਲੜੀ ਦੇ ਸੱਤਵੇਂ ਪੂਰ ਵਿਚ ਉੱਘੀ ਕਹਾਣੀਕਾਰ ਸੁਖਵੰਤ ਕੌਰ ਮਾਨ ਬਾਰੇ ਗੱਲਾਂ ਹਨ।*

ਇਕ ਵਾਰ ਮੈਂ ਪੁੱਛਿਆ, "ਕੁਝ ਲੋਕਾਂ ਦਾ, ਖਾਸ ਕਰ ਕੇ ਨਾਰੀਵਾਦੀ ਲੇਖਿਕਾਵਾਂ ਦਾ ਕਹਿਣਾ ਹੈ ਕਿ ਔਰਤ ਪਾਤਰ ਦੇ ਮਨ ਦੀ ਥਾਹ ਮਰਦ ਲੇਖਕ ਨਹੀਂ ਪਾ ਸਕਦਾ..."

ਉਹਨੇ ਮੇਰੀ ਗੱਲ ਵਿਚਾਲਿਉਂ ਟੋਕ ਕੇ ਕਿਹਾ, "ਮੈਂ ਇਸ ਗੱਲ ਨਾਲ ਸਹਿਮਤ ਨਹੀਂ। ਇਹ ਤਾਂ ਲੇਖਕ ਦੀ ਸਮਝ ਤੇ ਕਲਪਨਾ ਉੱਤੇ ਨਿਰਭਰ ਏ। ਮਰਦ ਕੀ ਤੇ ਔਰਤ ਕੀ। ਦੂਰ ਕੀ ਜਾਣਾ, ਤੁਸੀਂ ਆਪਣੀਆਂ ਕਹਾਣੀਆਂ ਦੀ ਗੱਲ ਹੀ ਲਉ। ਚਗ਼ਲ, ਵੱਤਰ, ਦੀਵੇ ਵਾਂਗ ਬਲਦੀ ਅੱਖ ਤੇ ਹੋਰ ਕਈ ਜਿਨ੍ਹਾਂ ਦੇ ਨਾਂ ਹੁਣ ਮੌਕੇ 'ਤੇ ਯਾਦ ਨਹੀਂ, ਮੈਂ ਨਹੀਂ ਸਮਝਦੀ, ਸਾਡੀਆਂ ਬਹੁਤੀਆਂ ਕਹਾਣੀ-ਲੇਖਿਕਾਵਾਂ ਨੇ ਔਰਤ ਦੇ ਮਨ



**ਗੁਰਬਚਨ ਸਿੰਘ ਭੁੱਲਰ**
**ਫੋਨ: +9180763-63058**

ਵਿਚ ਏਨਾ ਡੂੰਘਾ ਉੱਤਰ ਜਾਣ ਦੀ ਸਮਰੱਥਾ ਵਿਖਾਈ ਹੈ।"

ਅੱਗੇ ਚੱਲ ਕੇ ਜਦੋਂ ਮੈਂ ਆਪਣੀ ਪੁਸਤਕ 'ਕੀ ਕਹੇ ਕਹਾਣੀ' ਲਈ ਪੰਜਾਬੀ ਦੀਆਂ 25 ਕਹਾਣੀਆਂ ਚੁਣ ਕੇ ਉਨ੍ਹਾਂ ਦੀ ਪਾਠਕੀ ਪੜ੍ਹਤ ਕੀਤੀ, ਸੁਖਵੰਤ ਦੀ 'ਜਿਉਣ-ਜੋਗੇ' ਸ਼ਾਮਲ ਕਰਨੀ ਠੀਕ ਲੱਗੀ। ਇਹ ਕਹਾਣੀ ਉਹਨੇ ਚੰਡੀਗੜ੍ਹ ਦੀ ਕੰਨੀ ਉਤਲੀ ਇਕ 'ਗ਼ੈਰ-ਕਾਨੂੰਨੀ' ਵਸੋਂ ਢਾਹੇ ਜਾਣ ਦੀ ਘਟਨਾ ਦੁਆਲੇ ਬੁਣੀ ਸੀ। ਸਾਹਮਣੇ ਉਨ੍ਹਾਂ ਦੇ ਘਰਾਂ ਦੇ ਮਲਬੇ ਦੇ ਢੇਰ ਪਏ ਹਨ ਤੇ ਬਚਾ ਕੇ ਲਿਆਂਦੇ ਆਪਣੇ-ਆਪਣੇ ਭਾਂਡੇ-ਟੀਂਡੇ ਕੋਲ ਬੈਠੇ ਲੋਕ ਰੋਣ-ਪਿੱਟਣ ਦੀ ਥਾਂ, ਸ਼ੁਰੂਆਤੀ ਸਦਮੇ ਵਿਚੋਂ ਨਿੱਕਲ ਕੇ, ਜ਼ਿੰਦਗੀ ਨੂੰ ਨਵੇਂ ਸਿਰਿਉਂ ਸ਼ੁਰੂ ਕਰਨ ਦੀਆਂ ਤਿਆਰੀਆਂ ਕਰ ਰਹੇ ਹਨ। ਸਾਂਤਿਆਗੋ ਸਿਰਜਣ ਵਾਲ਼ੇ ਹੈਮਿੰਗਵੇ ਵਾਂਗ ਸੁਖਵੰਤ ਦਾ ਮੱਤ ਸੀ, ਮਨੁੱਖ ਨੂੰ ਬਰਬਾਦ ਕੀਤਾ ਜਾ ਸਕਦਾ ਹੈ ਪਰ ਹਰਾਇਆ ਨਹੀਂ ਜਾ ਸਕਦਾ!

ਉਹਦੀ ਕਹਾਣੀ ਚੰਗੀ ਲਗਦੀ ਤਾਂ ਮੈਂ ਆਪਣੀ ਪ੍ਰਸੰਸਾ, ਉਹਦੇ ਆਧਾਰ ਸਮੇਤ, ਉਸ ਤੱਕ ਪੁਜਦੀ ਕਰਨੋਂ ਨਾ ਖੁੰਝਦਾ। ਤੇ ਮੈਨੂੰ ਉਹਦੀ ਹਰ ਕਹਾਣੀ ਹੀ ਚੰਗੀ ਲਗਦੀ! ਉਹ ਆਖਦੀ, "ਕਹਾਣੀਕਾਰ ਵਜੋਂ ਮੇਰੀ ਵਡਿਆਈ ਦੇ ਤੁਹਾਡੇ ਲਫ਼ਜ਼ ਮੈਨੂੰ ਉਤਸਾਹ ਦਿੰਦੇ ਨੇ ਤੇ ਹੋਰ ਲਿਖਣ ਵਾਸਤੇ ਪ੍ਰੇਰਦੇ ਨੇ।" ਇਕ ਵਾਰ ਮੈਂ ਆਪਣੇ ਹੀ ਕੰਮਾਂ ਵਿਚ ਰੁੱਝਿਆ-ਉਲਝਿਆ ਕਾਫ਼ੀ ਸਮਾਂ ਉਹਨੂੰ ਚਿੱਠੀ ਨਾ ਲਿਖ ਸਕਿਆ। ਉਹਦੀ 4 ਅਪਰੈਲ 2003 ਦੀ, ਸਕੂਲੀ ਕਾਪੀ ਦੇ ਮੱਧਮ ਪੀਲ਼ੇ ਜਿਹੇ ਲਕੀਰਦਾਰ ਕਾਗ਼ਜ਼ ਉੱਤੇ ਲਾਲ ਸਿਆਹੀ ਨਾਲ ਲਿਖੀ ਹੋਈ, ਚਿੱਠੀ ਆਈ। ਇਹ ਉਹਦਾ ਹੂਬਹੂ ਉਤਾਰਾ ਹੈ:

"ਪਿਆਰ ਤੇ ਸਤਿਕਾਰ ਸਹਿਤ, ਭੁੱਲਰ ਸਾਹਿਬ, ਸਤਿ ਸ੍ਰੀ ਅਕਾਲ। ਆਸ ਏ ਆਪ ਕੁਸ਼ਲ ਮੰਗਲ ਹੋਵੋਗੇ, ਪਰ ਤੁਸੀਂ ਮੇਰੇ ਨਾਲ ਵਿੱਟਰ ਗਏ ਲਗਦੇ ਹੋ। ਕਦੀ ਕੋਈ ਖ਼ਤ ਪਤਰ ਨਹੀਂ, ਹੱਲਾ-ਸ਼ੇਰੀ ਨਹੀਂ...ਮੇਰੇ ਜਿਹੀ ਗ਼ਰੀਬਣੀ 'ਤੇ ਆਪ ਦਾ ਬਹੁਤ ਬਹੁਤ ਅਹਿਸਾਨ ਏਂ ਤੁਸਾਂ ਬਾਰ ਬਾਰ ਮੈਨੂੰ ਲਿਖਣ ਲਈ ਪ੍ਰੇਰਿਆ...ਤੇ ਮੈਂ ਮੂਰਖ਼ ਨੇ ਆਪਣੇ ਬਹੁਤ ਸਾਰੇ ਕੀਮਤੀ ਵਰ੍ਹੇ ਗਵਾਏ...ਮਨ ਹੀ ਮਨ ਮੈਂ ਆਪ ਦਾ ਬਹੁਤ ਧੰਨਵਾਦ ਕਰਦੀ ਹਾਂ...ਇਹ ਤੁਸੀਂ ਹੀ ਹੋ ਜਿਨ੍ਹਾਂ ਮੁੜ ਕੇ ਮੈਨੂੰ ਕਲਮ ਫ਼ੜਨ ਲਈ ਪ੍ਰੇਰਿਆ...ਪੁਸਤਕ 'ਵਿਹੜਾ' ਭੇਜ ਰਹੀ ਹਾਂ 'ਗਲਪ-ਕਾਵਿ'... ਸਦਾ ਸਦਾ ਸ਼ੁਭਚਿੰਤਕ ਸੁਖਵੰਤ ਕੌਰ ਮਾਨ"

ਮੈਨੂੰ ਉਹਦੇ 'ਗ਼ਰੀਬਣੀ' ਸ਼ਬਦ ਨੇ ਬਹੁਤ ਪਰੇਸ਼ਾਨ ਕੀਤਾ ਤੇ ਮੈਂ ਨਿਸਚਾ ਕੀਤਾ ਕਿ ਅੱਗੇ ਤੋਂ ਉਹਨੂੰ ਸ਼ਿਕਾਇਤ ਦਾ ਮੌਕਾ ਨਹੀਂ ਦੇਣਾ। ਹੁਣ ਤਾਂ ਉਹਦੇ ਨਾਲ ਫੋਨ 'ਤੇ ਗੱਲ ਕਰਨਾ ਵੀ ਸੰਭਵ ਹੋ ਗਿਆ ਸੀ। ਹੁਣ ਉਹ ਮੇਰੇ ਫੋਨ ਨਾਲ ਅਸਹਿਜ ਨਾ ਹੁੰਦੀ।

ਹਰ ਰਚਨਾ ਦੀ ਵੱਖਰੀ ਨੁਹਾਰ ਬਾਰੇ ਉਹਦਾ ਕਹਿਣਾ ਸੀ, ਜਦੋਂ ਕੋਈ ਲੇਖਕ ਆਪਣੀ ਨਕਲ ਆਪ ਹੀ ਕਰਨ ਲੱਗ ਜਾਵੇ, ਆਪਣੇ ਆਪ ਨੂੰ ਦੁਹਰਾਉਣ ਲੱਗ ਜਾਵੇ, ਉਹਦੇ ਰਚਨਾਤਮਿਕ ਸਮਰੱਥਾ ਦੇ ਸੋਮੇ ਸੁੱਕਣ ਲੱਗ ਪਏ ਹੁੰਦੇ ਨੇ ਤੇ ਉਹਨੂੰ ਲਿਖਣਾ ਬੰਦ ਕਰ ਦੇਣਾ ਚਾਹੀਦਾ ਹੈ। ਲੇਖਕ ਕੋਹਲੂ ਦਾ ਬਲ੍ਹਦ ਨਹੀਂ ਹੁੰਦਾ ਤੇ ਨਾ ਹੀ ਹੋਣਾ ਚਾਹੀਦਾ ਹੈ ਕਿ ਅੱਖਾਂ ਉੱਤੇ ਖੋਪੇ ਚਾੜ੍ਹ ਕੇ ਆਪਣੀਆਂ ਹੀ ਪੈੜਾਂ ਉੱਤੇ ਘੁੰਮਦਾ ਰਹੇ।

ਉਹਦੇ ਬਹੁਤੇ ਪਾਤਰਾਂ ਦੀ, 'ਜਿਉਣ-ਜੋਗੇ' ਦੇ ਵਿਸ਼ੇਸ਼ ਹਵਾਲੇ ਨਾਲ, ਸਭ ਮੁਸ਼ਕਿਲਾਂ ਨੂੰ ਚੀਰਦਿਆਂ ਜਿਉਣ ਦੀ ਸ਼ਕਤੀ ਦੀ ਗੱਲ ਚੱਲੀ ਤਾਂ ਉਹਨੇ ਕਿਹਾ, "ਇਹ ਨਹੀਂ ਕਿ ਢਹਿੰਦੀ ਕਲਾ ਵਾਲੇ ਲੋਕ ਸਾਡੇ ਚੁਫੇਰੇ ਹੈ ਨਹੀਂ ਜਾਂ ਮੇਰੇ ਦੇਖਣ ਵਿਚ ਨਹੀਂ ਆਏ। ਪਰ ਮੇਰੇ ਨਾਇਕ ਉਨ੍ਹਾਂ ਤੋਂ ਕਿਤੇ ਬਹੁਤੀ ਗਿਣਤੀ ਦੇ ਉਹ ਲੋਕ ਹਨ ਜੋ ਜਾਬਰ ਹਾਲਤਾਂ ਅੱਗੇ ਗੋਡੇ ਨਹੀਂ ਟੇਕਦੇ। ਮੇਰੇ ਚੁਫੇਰੇ ਉਹ ਬਹੁਤੇ ਸਨ ਤੇ ਉਹੋ ਮੇਰੀ ਪ੍ਰੇਰਨਾ ਬਣਦੇ ਸਨ। ਭੁੱਖਾਂ-ਥੁੜਾਂ ਕਟਦੇ ਪਰ ਜ਼ਿੰਦਗੀ ਨੂੰ ਰੱਜ ਕੇ ਮਾਣਦੇ। ਖਹਿੰਦੇ-ਟੱਕਰਦੇ ਪਰ ਮੌਕਾ ਪਏ ਤੋਂ ਇਕ ਹੋ ਜਾਂਦੇ। ਸੰਤਾਲੀ ਵਿਚ ਲਹੂ ਦਾ ਦਰਿਆ ਲੰਘੇ, ਚੁਰਾਸੀ ਵਿਚ ਲਹੂ ਦੇ ਛੱਪੜਾਂ ਵਿਚ ਨ੍ਹਾਤੇ, ਫੇਰ ਵੀ ਜਿਉਣ ਦੀ ਚਾਹ ਨਹੀਂ ਛੱਡੀ। ਕੁਕਨੂਸ ਬਣ ਕੇ ਆਪਣੀ ਸੁਆਹ ਵਿਚੋਂ ਨਵਾਂ ਜਨਮ ਲੈਂਦੇ ਰਹੇ। ਜੇ ਲਹੂ ਦੇ ਦਰਿਆ ਮਨੁੱਖ ਦੇ ਜਿਉਣ ਦੇ ਜਜ਼ਬੇ ਨੂੰ ਡੋਬ ਸਕਦੇ ਹੁੰਦੇ, ਦੁਨੀਆ ਤੋਂ ਕਦੋਂ ਦਾ ਮਨੁੱਖਜਾਤੀ ਦਾ ਖੁਰਾ-ਖੋਜ ਮਿਟ ਗਿਆ ਹੁੰਦਾ।" ਅਜਿਹੇ ਲੋਕਾਂ ਨੂੰ ਉਹ ਮਾਣ ਨਾਲ ਮੇਰੇ ਲੋਕ ਆਖਦੀ ਤੇ ਉਨ੍ਹਾਂ ਨੂੰ ਹੀ ਆਪਣੀਆਂ ਕਹਾਣੀਆਂ ਦੀ ਸ਼ਕਤੀ ਦਾ ਸੋਮਾ ਦਸਦੀ!

ਉਹਨੇ ਆਪਣੀਆਂ ਕਹਾਣੀਆਂ ਦੇ ਵਿਸ਼ਿਆਂ ਦੀ ਸਹਿਜ ਚੋਣ ਦੀ ਗੱਲ ਕੀਤੀ ਤਾਂ ਮੇਰਾ ਅਗਲਾ ਸੁਭਾਵਿਕ ਸਵਾਲ ਉਹਦੇ ਨਿਭਾਅ ਤੇ ਪੇਸ਼ਕਾਰੀ ਦੀ ਸਹਿਜਤਾ ਬਾਰੇ ਸੀ। ਉਹ ਕਹਿੰਦੀ, "ਕਹਾਣੀ ਵਿਚ ਵਿੰਗਵਲੇਵੇਂ ਸਿਰਫ਼ ਪਾਉਣ ਲਈ ਪਾਏ ਮੈਨੂੰ ਠੀਕ ਨਹੀਂ ਲਗਦੇ। ਮੈਂ ਅਜਿਹੀਆਂ ਕਲਾਬਾਜ਼ੀਆਂ ਦੀ ਕੋਈ ਲੋੜ ਮਹਿਸੂਸ ਨਹੀਂ ਕਰਦੀ। ਮੈਂ ਅਜਿਹਾ ਕੁਝ ਆਪਣੀ ਜ਼ਿੰਦਗੀ ਦਾ ਹਿੱਸਾ ਨਹੀਂ ਬਣਾਇਆ ਹੋਇਆ ਤਾਂ ਉਹ ਮੇਰੀਆਂ ਕਹਾਣੀਆਂ ਦਾ ਹਿੱਸਾ ਕਿਥੋਂ ਬਣਦਾ!"

ਦਿਲ ਤੇ ਦਿਮਾਗ਼ ਵਿਚੋਂ ਉਹ ਲੇਖਕ ਲਈ ਦਿਲ ਨੂੰ ਦਿਮਾਗ਼ ਨਾਲੋਂ ਪਹਿਲਾ ਸਥਾਨ ਦਿੰਦੀ ਸੀ। ਉਹਦਾ ਕਹਿਣਾ ਸੀ, ਦਿਲ ਜਜ਼ਬਾਤ ਦਾ ਆਲ੍ਹਣਾ ਏ ਤੇ ਦਿਮਾਗ਼ ਬੁੱਧੀ ਦਾ ਟਿਕਾਣਾ। ਰਚਨਾ ਨਿਰੋਲ ਮਹਿਸੂਸ ਕਰਨ ਨਾਲ ਸ਼ੁਰੂ ਹੁੰਦੀ ਹੈ। ਜੇ ਲੇਖਕ ਜਜ਼ਬਾਤੀ ਹੋ ਕੇ ਕੋਈ ਗੱਲ, ਕੋਈ ਘਟਨਾ ਮਹਿਸੂਸ ਨਹੀਂ ਕਰਦਾ, ਉਹ ਚੰਗੀ ਰਚਨਾ ਨਹੀਂ ਕਰ ਸਕਦਾ। ਬੁੱਧੀ ਲਿਖਣ ਵੇਲੇ ਤਾਂ ਕੰਮ ਆਉਂਦੀ ਹੈ, ਮਹਿਸੂਸ ਜਜ਼ਬਾ ਹੀ ਕਰਦਾ ਹੈ। ਬੁੱਧੀ ਲੇਖ ਲਿਖ ਸਕਦੀ ਹੈ, ਆਲੋਚਨਾ ਕਰ ਸਕਦੀ ਹੈ, ਕਹਾਣੀ, ਨਾਵਲ, ਕਵਿਤਾ ਨਹੀਂ ਸਿਰਜ ਸਕਦੀ। ਇਹ ਦਿਲ ਦਾ, ਜਜ਼ਬੇ ਦਾ ਕੰਮ ਏ।

ਇਕ ਵਾਰ ਰਚਨਾ ਦੀ ਚਰਚਾ ਦੇ ਮਹੱਤਵ ਦੀ ਗੱਲ ਚੱਲੀ ਤਾਂ ਮੈਂ ਉਹਨੂੰ ਵਿਰਕ ਵਾਲ਼ੀ ਗੱਲ ਸੁਣਾਈ। ਉਹਨੇ ਮੇਰੀ ਕਹਾਣੀ 'ਕੁੱਤਾ ਤੇ ਮਨੁੱਖ' ਪੜ੍ਹ ਕੇ ਸਿਰਫ਼ ਏਨਾ ਹੀ ਕਿਹਾ, "ਅੱਛਾ, ਅਮੀਰਾਂ ਦੇ ਮੁੰਡੇ ਹੀ ਲੁੱਚੇ ਤੇ ਕੁਕਰਮੀ ਹੁੰਦੇ ਨੇ..." ਤੇ ਮੇਰੇ ਕੰਨ ਖੁੱਲ੍ਹ ਗਏ। ਉਸ ਪਿੱਛੋਂ ਮੈਂ ਅਮੀਰਾਂ ਲਈ ਕਾਲਾ ਰੰਗ ਤੇ ਗ਼ਰੀਬਾਂ ਲਈ ਚਿੱਟਾ ਰੰਗ ਰਾਖਵਾਂ ਕਰਨ ਤੋਂ ਸੰਕੋਚ ਕਰਨ ਲੱਗਿਆ।

ਉਹਨੇ ਵੀ ਆਪਣੇ ਨਾਲ ਬੀਤੀ ਅਜਿਹੀ ਹੀ ਇਕ ਘਟਨਾ ਸੁਣਾਈ ਜਿਸ ਵਿਚ ਗੱਲ ਕਹਿਣ ਵਾਲ਼ਾ ਕੋਈ ਲੇਖਕ-ਆਲੋਚਕ ਵੀ ਨਹੀਂ ਸੀ, ਸਾਧਾਰਨ ਪਾਠਕ ਸੀ। ਪਿੰਡ ਵਿਚੋਂ ਚਾਚੇ ਦੀ ਥਾਂ ਲਗਦਾ ਉਹ ਬੰਦਾ ਸੀ ਤਾਂ ਪੜ੍ਹਿਆ-ਲਿਖਿਆ ਪਰ ਸੀ ਸਦਾ-ਸ਼ਰਾਬੀ। 'ਘਰ ਵਾਲੀ' ਨਾਂ ਦੀ ਸੁਖਵੰਤ ਦੀ ਉਹ ਕਹਾਣੀ 1965 ਵਿਚ 'ਆਰਸੀ' ਵਿਚ ਛਪੀ ਸੀ ਜਿਸ ਵਿਚ ਘਰੋਂ ਕੱਢ ਦਿੱਤੀ ਗਈ ਇਕ ਔਰਤ ਦਾ ਰੋਣਾ-ਧੋਣਾ ਸੀ। ਇਹ ਸਰਹਿੰਦ ਤੋਂ ਪਿੰਡ ਜਾਣ ਲਈ ਪਿੱਛੋਂ ਆਏ ਤਾਂਗੇ ਵਿਚ ਚੜ੍ਹੀ ਤਾਂ ਉਹ ਪਹਿਲਾਂ ਹੀ ਬੈਠਾ ਹੋਇਆ ਸੀ। ਉਹਨੇ ਉਹ ਕਹਾਣੀ ਪੜ੍ਹ ਲਈ ਹੋਈ ਸੀ। ਉਹ ਵਿਰਕ ਵਾਲ਼ੇ ਉਪਰੋਕਤ ਲਹਿਜ਼ੇ ਵਿਚ ਹੀ ਬੋਲਿਆ, "ਪੜ੍ਹੀ ਮੈਂ ਤੇਰੀ ਕਹਾਣੀ। ਅੱਛਾ, ਮਰਦ ਜ਼ਾਲਮ



ਹੁੰਦਾ ਐ ਤੇ ਔਰਤ ਮਜ਼ਲੂਮ। ਪਰ ਕੁੜੀਏ ਸੁਣ, ਜ਼ਿੰਦਗੀ ਇੰਜ ਦੀ ਨਹੀਂ ਹੁੰਦੀ। ਤੂੰ ਅਜੇ ਦੁਨੀਆ ਨਹੀਂ ਦੇਖੀ, ਜ਼ਾਲਮ ਔਰਤਾਂ ਹੁੰਦੀਆਂ ਨੇ ਤੇ ਬੀਬੀਆਂ ਰਾਣੀਆਂ ਬਣ ਕੇ ਜ਼ੁਲਮ ਕਰਦੀਆਂ ਨੇ।" ਤੇ ਉਹ ਠਹਾਕਾ ਮਾਰ ਕੇ ਹੱਸ ਪਿਆ ਜਿਵੇਂ ਸਾਰੇ ਨਿਜ਼ਾਮ ਦਾ ਮਖੌਲ਼ ਉਡਾ ਰਿਹਾ ਹੋਵੇ। ਤੇ ਭਲਾ ਇਹ ਹੋਇਆ ਕਿ ਕਹਾਣੀ ਵੀ ਸੁਖਵੰਤ ਦੀ ਉਹ ਪਹਿਲੀ ਹੀ ਸੀ ਜਿਸ ਕਰਕੇ ਅਗੇਤੀ ਆਈ ਮੱਤ ਇਹਦੇ ਬਹੁਤ ਕੰਮ ਆਈ।

ਇਕ ਵਾਰ ਅਜਿਹਾ ਸਬੱਬ ਬਣਿਆ ਕਿ ਸਾਹਿਤ ਅਕਾਦਮੀ ਦੇ ਇਨਾਮ ਲਈ ਮੈਨੂੰ ਜਿਊਰੀ ਦੇ ਮੈਂਬਰ ਵਜੋਂ ਬੁਲਾ ਲਿਆ ਗਿਆ ਤੇ ਪੁਸਤਕਾਂ ਦੀ ਜੋ ਸੂਚੀ ਜਿਊਰੀ ਅੱਗੇ ਰੱਖੀ ਗਈ, ਉਸ ਵਿਚ ਸੁਖਵੰਤ ਕੌਰ ਮਾਨ ਦਾ ਨਾਂ ਵੀ ਸ਼ਾਮਲ ਸੀ। ਕਿਸੇ ਜ਼ਮਾਨੇ ਵਿਚ ਕਨਵੀਨਰ ਦੀ ਬਹੁਤ ਚੱਲਿਆ ਕਰਦੀ ਸੀ ਤੇ ਉਹ ਬਾਕੀ ਮੈਂਬਰਾਂ ਵਿਚੋਂ ਮਨਮਰਜ਼ੀ ਦੇ ਕੋਈ ਦੋ ਆਪਣੇ ਨਾਲ ਮਿਲਾ ਕੇ ਫ਼ੈਸਲਾ ਕਰ ਲਿਆ ਕਰਦਾ ਸੀ। ਹਰਿੰਦਰ ਸਿੰਘ ਮਹਿਬੂਬ ਨੂੰ ਮਿਲੇ ਇਨਾਮ ਨਾਲ ਸੰਬੰਧਿਤ ਘਟਨਾ ਨੇ ਅਕਾਦਮੀ ਨੂੰ ਆਪਣੇ ਨੇਮ ਬਦਲਣ ਲਈ ਮਜਬੂਰ ਕਰ ਦਿੱਤਾ ਸੀ। ਕਨਵੀਨਰ ਨੂੰ ਇਨਾਮ ਦੇ ਫ਼ੈਸਲੇ ਸੰਬੰਧੀ ਹਰ ਅਧਿਕਾਰ ਤੋਂ ਪੂਰੀ ਤਰ੍ਹਾਂ ਵਿਰਵਾ ਕਰ ਦਿੱਤਾ ਗਿਆ ਸੀ ਤੇ ਉਹਦਾ ਕੰਮ ਜਿਊਰੀ ਅੱਗੇ ਇਨਾਮ ਨਾਲ ਸੰਬੰਧਿਤ ਕਾਗ਼ਜ਼-ਪੱਤਰ ਰੱਖ ਕੇ ਚੁੱਪ ਹੋ ਜਾਣਾ ਅਤੇ ਅੰਤ ਵਿਚ ਉਨ੍ਹਾਂ ਤੋਂ ਫ਼ੈਸਲੇ ਦੇ ਦਸਖ਼ਤਾਂ ਵਾਲੇ ਕਾਗ਼ਜ਼ ਲੈ ਲੈਣਾ ਰਹਿ ਗਿਆ। ਜਿਊਰੀ ਦੇ ਇਹ ਮੈਂਬਰ ਵੀ ਅਕਾਦਮੀ ਦੀ ਆਮ ਜਾਣੀ ਜਾਂਦੀ ਕਮੇਟੀ ਵਿਚੋਂ ਹੋਣ ਦੀ ਥਾਂ ਬਾਹਰੋਂ ਹੋਇਆ ਕਰਨੇ ਸਨ ਤੇ ਉਨ੍ਹਾਂ ਦੇ ਨਾਂ ਵੀ ਗੁਪਤ ਰਹਿਣੇ ਸਨ। ਮੈਨੂੰ ਵੀ ਬਾਕੀ ਦੋਵਾਂ ਦਾ ਪਤਾ ਕਮਰੇ ਵਿਚ ਜਾ ਕੇ ਹੀ ਲੱਗਿਆ ਸੀ।

ਅਕਾਦਮੀ ਦੇ ਇਨਾਮਾਂ ਵਿਚ ਹੇਰਫੇਰ ਤਾਂ ਕਈ ਵਾਰ ਪਹਿਲਾਂ ਵੀ ਚਲਦਾ ਸੀ ਪਰ ਜਿਸ ਨੂੰ ਮਾਫ਼ੀਆ ਰਾਜ ਕਿਹਾ ਜਾਣ ਲੱਗਿਆ, ਇਹ ਨੂਰ ਜੀ ਦੀ ਹੀ ਦੇਣ ਸੀ। ਉਹਦਾ ਬਹੁਤਾ ਸਮਾਂ ਅਕਾਦਮੀਆਂ, ਆਕਾਸ਼ਵਾਣੀ, ਦੂਰਦਰਸ਼ਨ ਤੇ ਹੋਰ ਅਜਿਹੀਆਂ ਸੰਸਥਾਵਾਂ ਦੇ ਦਫ਼ਤਰਾਂ ਵਿਚ ਹੀ ਬੀਤਦਾ ਸੀ। ਤਿੰਨੇ ਗੁਪਤ ਨਾਂਵਾਂ ਦਾ ਪਤਾ ਕਰਨਾ ਉਹਦੇ ਲਈ ਕੋਈ ਮੁਸ਼ਕਿਲ ਨਹੀਂ ਸੀ। ਫੇਰ ਉਹ ਪ੍ਰਭਾਵਿਤ ਕੀਤੇ ਜਾ ਸਕਣ ਵਾਲੇ ਜਿਊਰੀ-ਮੈਂਬਰਾਂ ਨਾਲ ਸੰਪਰਕ ਦੀ ਮੁਹਿੰਮ ਚਲਾਉਂਦਾ। ਕਈ ਬਿਚਾਰੇ-ਬਿਚਾਰੀਆਂ ਲਈ ਤਾਂ ਜਿਊਰੀ-ਮੈਂਬਰ ਬਣਾਏ ਜਾਣਾ ਹੀ ਆਪਣੇ ਸਾਹਿਤਕ ਕੱਦ ਦੇ ਮੁਕਾਬਲੇ ਏਡੀ ਵੱਡੀ ਪ੍ਰਾਪਤੀ ਹੁੰਦਾ ਹੈ ਕਿ ਉਹ ਆਪ ਹੀ ਕਨਵੀਨਰ ਤੋਂ 'ਹੁਕਮ ਆਕਾ' ਪੁਛਦੇ ਹਨ।

ਮੇਰੇ ਨਾਲ ਇਕ ਤਾਂ ਦਿੱਲੀ ਦੇ ਪ੍ਰੋ. ਹਰਮੀਤ ਸਿੰਘ ਸਨ, ਸਾਊ, ਤੇ ਘੱਟ-ਬੋਲੜੇ ਸੱਜਣ ਜਿਨ੍ਹਾਂ ਨੇ ਅਜਿਹੇ ਕੰਮਾਂ ਨਾਲ ਕੋਈ ਵਾਹ ਨਹੀਂ ਸੀ ਰੱਖਿਆ ਹੋਇਆ। ਦੂਜੀ ਜਲੰਧਰ ਤੋਂ ਕੋਈ ਬੀਬੀ ਬਲਜੀਤ ਕੌਰ ਸੀ। ਅਕਾਦਮੀ ਦੇ ਨੇਮਾਂ ਦੇ ਉਲਟ ਨੂਰ ਨੇ ਸਿੱਧਾ ਦਖ਼ਲ ਦੇ ਕੇ ਫ਼ੈਸਲਾ ਪ੍ਰਭਾਵਿਤ ਕੀਤਾ। ਲਗਦਾ ਸੀ, ਜੇ ਬਾਕੀ ਦੋਵਾਂ ਨਾਲ ਨਹੀਂ, ਉਹਦੀ ਇਕ ਨਾਲ ਤਾਂ ਗੱਲ ਤੈਅ ਹੋ ਹੀ ਚੁੱਕੀ ਸੀ ਕਿ ਇਕ-ਇਕ ਕਰ ਕੇ ਕਦਮ ਕਿਵੇਂ ਚੁੱਕਣੇ ਹਨ। ਜਦੋਂ ਮੈਂ ਸੁਖਵੰਤ ਕੌਰ ਮਾਨ ਦਾ ਨਾਂ ਲਿਆ, ਬੀਬੀ ਬਲਜੀਤ ਕੌਰ ਨੇ ਵੀ ਉਹਦੀਆਂ ਕਹਾਣੀਆਂ ਦਾ ਗੁਣ-ਗਾਨ ਸ਼ੁਰੂ ਕਰ ਦਿੱਤਾ। ਮੈਂ ਮੂਰਖ ਨੇ ਸੋਚਿਆ, ਗੱਲ ਬਣ ਗਈ! ਫੇਰ ਉਹਨੇ ਅਚਾਨਕ 'ਪਰ' ਦੇ ਬਰੇਕ ਲਾ ਦਿੱਤੇ, "ਪਰ ਉਹ ਇਕ ਗ਼ਲਤੀ ਕਰ ਗਈ, ਅਕਾਦਮੀ ਦੇ ਨੇਮਾਂ ਦੇ ਉਲਟ ਉਹਨੇ ਇਸ ਪੁਸਤਕ ਵਿਚ ਆਪਣੀਆਂ ਪਹਿਲਾਂ ਛਪੀਆਂ ਹੋਈਆਂ ਪੁਸਤਕਾਂ ਵਿਚੋਂ ਕਹਾਣੀਆਂ ਪਾ ਦਿੱਤੀਆਂ।"

ਮੈਂ ਹੈਰਾਨ ਹੋ ਕੇ ਕਿਹਾ, "ਇਹ ਕਿਵੇਂ ਹੋ ਸਕਦਾ ਹੈ? ਇਉਂ ਤਾਂ ਉਹ ਲੇਖਕ ਕਰਦਾ ਹੈ ਜਿਸ ਨੂੰ ਕਿਸੇ ਕਾਰਨ ਪੁਸਤਕ ਛਪਵਾਉਣ ਦੀ ਕਾਹਲ ਹੋਵੇ ਪਰ ਉਸ ਕੋਲ ਪੁਸਤਕ ਜੋਗੀਆਂ ਕਹਾਣੀਆਂ ਨਾ ਹੋਣ। ਉਹਦੇ ਕੋਲ ਤਾਂ ਅਣਛਪੇ ਖਰੜੇ ਪਏ ਰਹਿੰਦੇ ਨੇ।"

ਉਹ ਬੋਲੀ, "ਇਹ ਤਾਂ ਉਹ ਜਾਣੇ ਕਿ ਕਿਉਂ ਪਾਈਆਂ, ਪਰ ਪਾ ਦਿੱਤੀਆਂ!"

ਮੇਰੇ ਫੇਰ ਹੈਰਾਨ ਹੋਇਆਂ ਨੂਰ ਨੇ ਪੁਸ਼ਟੀ ਕੀਤੀ, "ਬਲਜੀਤ ਠੀਕ ਕਹਿੰਦੀ ਹੈ।"

ਉਨ੍ਹਾਂ ਦੀ ਸਾਜ਼ਿਸ਼ ਦਾ ਅਗਲਾ ਕਦਮ "ਚਲੋ, ਹੋਰ ਕੋਈ ਨਾਂ ਦੇਖ ਲਉ...ਹੋਰ ਕੋਈ ਨਾਂ ਦੇਖ ਲਉ..." ਸੀ। ਇਹ ਸਾਰਾ ਨਾਟਕ ਕਰਨ ਪਿੱਛੋਂ ਨੂਰ ਆਪਣੇ ਅਸਲੀ ਮੁੱਦੇ ਅਤੇ ਸਾਜ਼ਿਸ਼ ਦੇ ਆਖ਼ਰੀ ਪੜਾਅ ਉੱਤੇ ਆਇਆ, "ਹਲਵਾਰਵੀ ਦੇਖ ਲਉ।" ਦੂਜੇ ਦੋਵੇਂ ਝੱਟ ਸਹਿਮਤ ਹੋ ਗਏ। ਤਦ ਮੈਨੂੰ ਨੂਰ ਜੀ ਦੀ ਕਨਵੀਨਰ ਵਜੋਂ ਬੇਤਾਕਤਾ ਹੁੰਦਿਆਂ ਵੀ ਆਪਣੀ ਮਰਜ਼ੀ ਦਾ ਫ਼ੈਸਲਾ ਕਰਵਾਉਣ ਦੀ 'ਵਿਗਿਆਨਕ ਤਕਨੀਕ' ਦੀ ਸਮਝ ਆਈ। ਓਪਰੇ ਬੰਦੇ ਦੇ ਸੁਝਾਅ ਦੀ ਦੱਬ ਕੇ ਹਮਾਇਤ ਕਰਨ ਪਿਛੋਂ 'ਪਰ' ਲਾਉ ਅਤੇ ਆਪਣਾ ਮਿਥਿਆ ਨਾਂ ਪਹਿਲਾਂ ਨਹੀਂ, ਹੋਰਾਂ ਦੇ ਸੁਝਾਅ ਰੱਦ ਕਰਵਾਉਣ ਮਗਰੋਂ ਹੀ ਅੱਗੇ ਕਰੋ। ਉਸੇ ਮੀਟਿੰਗ ਵਿਚ ਅਜਮੇਰ ਸਿੰਘ ਔਲਖ ਦੇ ਨਾਂ ਦਾ ਮੇਰਾ ਸੁਝਾਅ ਵੀ ਝੂਠ ਬੋਲ ਕੇ ਇਸੇ ਤਕਨੀਕ ਨਾਲ ਰੱਦ ਕੀਤਾ ਜਾ ਚੁੱਕਿਆ ਸੀ।

ਮੈਂ ਕਸੂਤੀ ਹਾਲਤ ਵਿਚ ਫਸ ਗਿਆ। ਇਕ ਪਾਸੇ ਮੈਂ ਹਲਵਾਰਵੀ ਨੂੰ, ਪੁਰਾਣਾ ਮਿੱਤਰ ਹੋਣ ਦੇ ਬਾਵਜੂਦ, ਅਜਮੇਰ ਤੇ ਸੁਖਵੰਤ ਦੇ ਟਾਕਰੇ ਕਿਵੇਂ ਵੀ ਚੰਗੇਰਾ ਲੇਖਕ ਨਹੀਂ ਸੀ ਮੰਨਦਾ। ਦੂਜੇ ਪਾਸੇ ਵੰਡੀਆਂ ਵੋਟਾਂ ਨਾਲ ਹੋਇਆ ਫ਼ੈਸਲਾ ਦੂਜੀਆਂ ਭਾਸ਼ਾਵਾਂ ਵਾਲਿਆਂ ਵਿਚ ਤੇ ਕੌਮੀ ਅਖ਼ਬਾਰਾਂ ਵਿਚ ਚਰਚਾ ਦਾ ਵਿਸ਼ਾ ਬਣਨਾ ਸੀ ਅਤੇ ਇਹ ਗੱਲ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਬਿੰਬ ਲਈ ਠੀਕ ਨਹੀਂ ਸੀ ਹੋਣੀ। ਮੈਂ ਹਾਮੀ ਭਰ ਦਿੱਤੀ। ਸੋਚਿਆ, ਚਲੋ, ਪਹਿਲਾਂ ਦੇ ਕਈ ਇਨਾਮ-ਜੇਤੂਆਂ ਨਾਲੋਂ ਤਾਂ ਹਲਵਾਰਵੀ ਚੰਗਾ ਹੀ ਹੈ। ਦੋ ਕੁ ਇਨਾਮ-ਜੇਤੂ ਤਾਂ ਅਜਿਹੇ ਹਨ ਜਿਨ੍ਹਾਂ ਦਾ ਨਾਂ ਲਿਆਂ ਅਗਲਾ ਹੈਰਾਨ ਹੋ ਕੇ ਪੁਛਦਾ ਹੈ, "ਉਹ ਵੀ ਕੁਛ ਲਿਖਦਾ ਹੈ? ਹੱਦ ਹੋ ਗਈ! ਅੱਜ ਸੁਣੀ ਹੈ ਉਹਦੇ ਵੀ ਕੁਝ ਲਿਖਦਾ ਹੋਣ ਦੀ ਤੇ ਇਨਾਮੀ ਹੋਣ ਦੀ ਗੱਲ!"

ਕਈ ਵਾਰ ਕਮਾਲ ਦਾ ਸਬੱਬ ਬਣ ਜਾਂਦਾ ਹੈ। ਜੇ ਇਸ ਸਾਜ਼ਿਸ਼ੀ ਤਾਣੇ-ਬਾਣੇ ਦੀ ਕਿਸੇ ਪੁਸ਼ਟੀ ਦੀ ਲੋੜ ਸੀ, ਉਹ ਵੀ ਉਥੇ ਹੀ ਹੋ ਗਈ। ਓਦੋਂ ਭਸੀਨ ਨਾਂ ਦੇ ਸਾਹਿਤ ਅਕਾਦਮੀ ਦੇ ਇਕ ਅਧਿਕਾਰੀ, ਸ਼ਾਇਦ ਡਿਪਟੀ ਸੈਕਰੈਟਰੀ, ਸਨ। ਸਨਿਮਰ ਸੱਜਨ ਸਨ, ਹਰ ਕਿਸੇ ਨੂੰ ਮਿੱਠਤ ਨਾਲ ਮਿਲਣ ਵਾਲ਼ੇ। ਮੇਰਾ ਕਦੀ ਅਕਾਦਮੀ ਜਾਣਾ ਹੁੰਦਾ, ਉਹ ਬੜੇ ਪਿਆਰ ਨਾਲ ਮਿਲਦੇ। ਉਨ੍ਹਾਂ ਦਾ ਕਮਰਾ ਰਾਹ ਵਿਚ ਉਸੇ ਬਰਾਂਡੇ ਵਿਚ ਸੀ। ਮੈਂ ਮਿਲਣ ਚਲਿਆ ਗਿਆ। ਉਹ ਖੜ੍ਹੇ ਹੋ ਕੇ ਮਿਲਾਉਣ ਲਈ ਹੱਥ ਵਧਾਉਂਦਿਆਂ ਮੁਸਕਰਾਏ, "ਖ਼ਤਮ ਹੋ ਗਈ ਮੀਟਿੰਗ? ਹੋ ਗਿਆ ਹਲਵਾਰਵੀ ਦਾ ਫ਼ੈਸਲਾ?"

ਮੈਥੋਂ 'ਹਾਂ' ਸੁਣ ਕੇ ਉਹ ਬੋਲੇ, "ਚਲੋ, ਹੁਣ ਉਹ ਕਮੇਟੀ ਵਿਚ ਵੀ ਆ ਜਾਊ ਤੇ ਫੇਰ ਜੇ ਸਭ ਕੁਛ ਠੀਕ ਰਿਹਾ, ਕਨਵੀਨਰ ਵੀ ਬਣ ਜਾਊ।"

ਮਗਰੋਂ ਮੈਨੂੰ ਕਿਸੇ ਭੇਤੀ ਤੋਂ ਇਸ ਕੂੜ-ਨਾਟਕ ਦੀਆਂ ਅਗਲੀਆਂ ਝਾਕੀਆਂ ਦਾ ਵੀ ਪਤਾ ਲੱਗਿਆ ਕਿ ਇਸ ਪਿੱਛੋਂ ਹਲਵਾਰਵੀ ਨੇ ਨੂਰ ਲਈ ਕੀ ਕਰਨਾ ਸੀ ਤੇ ਫੇਰ ਅੱਗੇ ਕੀ ਹੋਣਾ ਸੀ। ਕੀਹਨੂੰ ਕਿਹੜੀ ਕਮੇਟੀ ਵਿਚ ਪੁਆਇਆ ਜਾਣਾ ਸੀ ਤੇ ਕੀਹਨੂੰ ਕਦੋਂ ਕਿਹੜਾ ਇਨਾਮ ਦੁਆ ਕੇ ਉਹਤੋਂ ਕਦੋਂ ਕਿਹੜੇ ਬੰਦੇ ਦੇ ਕਿਹੜੇ ਇਨਾਮ ਲਈ ਵੋਟ ਪੁਆਈ ਜਾਣੀ ਸੀ। ਬਹੁਤ ਫ਼ੈਲਵਾਂ ਤੇ ਸਾਜ਼ਿਸ਼ੀ ਢੰਗ ਨਾਲ ਬੁਣਿਆ ਹੋਇਆ ਤਾਣਾ-ਬਾਣਾ ਸੀ ਇਹ!

ਘਰ ਜਾ ਕੇ ਮੈਂ ਫੋਨ 'ਤੇ ਸੁਖਵੰਤ ਨਾਲ ਗੁੱਸੇ ਹੋਇਆ ਤਾਂ ਉਹ ਕਹਿੰਦੀ, "ਇਸ ਪੁਸਤਕ ਵਿਚ ਪਹਿਲਾਂ ਮੇਰੀ ਕਿਸੇ ਹੋਰ ਪੁਸਤਕ ਵਿਚ ਛਪੀ ਹੋਈ ਕੋਈ ਕਹਾਣੀ ਨਹੀਂ।"

ਅਜਮੇਰ ਨੂੰ ਤਾਂ ਛੇਤੀ ਹੀ ਮਗਰੋਂ ਇਨਾਮ ਮਿਲ ਗਿਆ ਪਰ ਦੁੱਖ ਦੀ ਗੱਲ ਹੈ ਕਿ ਨਿਰੋਲ ਝੂਠ ਅਤੇ ਸਾਜ਼ਿਸ਼ ਨਾਲ ਪੰਜਾਬੀ ਦੀ ਇਕ ਬੜੀ ਜਾਨਦਾਰ ਤੇ ਪੂਰੀ ਤਰ੍ਹਾਂ ਹੱਕਦਾਰ ਕਹਾਣੀਕਾਰ ਸੁਖਵੰਤ ਦਾ ਇਨਾਮ ਖੋਹ ਲਿਆ ਗਿਆ। ਉਹਦੇ ਨਾਲ ਕਬੀਰ ਜੀ ਦੇ ਦੋਹੇ "ਦੂਰ ਪੜੇਂਗੇ ਜਾਇ" ਵਾਲੀ ਹੋਈ ਤੇ ਉਹ ਨੂਰ ਦੇ ਚਲਾਣੇ ਮਗਰੋਂ ਵੀ ਚਲਦੀ ਰਹੀ ਇਸ ਰੀਤ ਕਾਰਨ ਬੇਇਨਾਮੀ ਹੀ ਚਲਾਣਾ ਕਰ ਗਈ। ਨੂਰ ਤਾਂ ਚਲਿਆ ਗਿਆ, ਬਾਕੀ ਦੋਵਾਂ ਦੇ ਮਨ ਵਿਚ ਕਦੀ ਪਾਪ-ਬੋਧ ਜਾਗਿਆ ਹੈ ਕਿ ਨਹੀਂ, ਪਤਾ ਨਹੀਂ!

ਨੂਰ ਨੇ ਸੁਖਵੰਤ ਕੌਰ ਮਾਨ ਨੂੰ ਸਾਹਿਤ ਅਕਾਦਮੀ ਇਨਾਮ ਤੋਂ ਹੀ ਵਿਰਵੀ ਨਹੀਂ ਸੀ ਰੱਖਿਆ, ਉਹਦਾ 'ਸ਼੍ਰੋਮਣੀ ਸਾਹਿਤਕਾਰ' ਸਨਮਾਨ ਵੀ ਮਾਰਿਆ।

**(ਬਾਕੀ ਅਗਲੇ ਸਫੇ 'ਤੇ)**

# ਆਓ ਆਪਣੇ ਆਪ ਦੇ ਰੂ-ਬ-ਰੂ ਹੋਈਏ!

**ਨਵੇਂ ਸਾਲ 'ਤੇ ਵਿਸ਼ੇਸ਼**

ਤਿੰਨ ਕੁ ਸਾਲ ਪਹਿਲਾਂ, ਬੀ. ਸੀ. ਵਿਖੇ ਇਕ ਕੈਂਪ ਲਾਉਣ ਦਾ ਮੌਕਾ ਮਿਲਿਆ। ਭਾਵੇਂ ਉਹ ਧਾਰਮਿਕ ਕੈਂਪ ਸੀ ਪਰ ਉਸ ਵਿਚ ਯੋਗ, ਮੈਡੀਟੇਸ਼ਨ, ਸਿੱਖ ਇਤਿਹਾਸ ਅਤੇ ਗਿਆਨ ਦੀਆਂ ਕਲਾਸਾਂ ਤੋਂ ਇਲਾਵਾ ਜ਼ਿੰਦਗੀ ਨਾਲ ਸਬੰਧਤ ਕਈ ਉਸਾਰੂ ਵਿਚਾਰ ਅਤੇ ਕਿਰਿਆਵਾਂ ਕਰਾਈਆਂ ਜਾਂਦੀਆਂ। ਇਹ ਸਭ ਪੂਰੇ ਅਨੁਸ਼ਾਸਨ ਵਿਚ ਹੁੰਦਾ। ਇਕ ਦਿਨ ਜਦੋਂ ਸਾਰੀ ਸੰਗਤ ਦਰਬਾਰ ਹਾਲ ਵਿਚ ਨਿੱਤ ਨੇਮ ਕਰ ਬੈਠੀ ਤਾਂ ਲਾਈਨਾਂ ਵਿਚ ਬੈਠੀ ਸੰਗਤ ਨੂੰ ਇਕ ਦੂਜੇ ਵੱਲ ਮੂੰਹ ਕਰ ਕੇ ਪੰਗਤ



**ਗੁਰਦੀਸ਼ ਕੌਰ ਗਰੇਵਾਲ**
ਫੋਨ: +91 98728 60488

ਦੀ ਸ਼ਕਲ ਵਿਚ ਬੈਠਣ ਨੂੰ ਕਿਹਾ ਗਿਆ। ਵਾਲੰਟੀਅਰਾਂ ਨੇ ਆਹਮੋ ਸਾਹਮਣੇ ਬੈਠਿਆਂ ਦੇ ਸਾਡੇ ਜੋੜੇ ਬਣਾ ਦਿੱਤੇ। ਮੇਰੇ ਸਾਹਮਣੇ ਇਕ ਕੈਲੀਫੋਰਨੀਆਂ ਤੋਂ ਆਈ ਔਰਤ ਸੀ। ਅਸੀਂ 3-4 ਮਿੰਟ ਵਿਚ ਇਕ ਦੂਜੇ ਨੂੰ ਆਪਣੇ ਦਸ ਗੁਣ ਤੇ ਔਗੁਣ ਦੱਸਣੇ ਸਨ। ਸਾਨੂੰ ਲੱਗਾ ਕਿ ਸ਼ਾਇਦ ਅਸੀਂ ਪਹਿਲੀ ਵਾਰ ਆਪਣੇ ਆਪ ਦੇ ਰੂ-ਬ-ਰੂ ਹੋਏ ਸਾਂ। ਹਰੇਕ ਨੂੰ ਆਪਣੇ ਅੰਦਰ ਝਾਤ ਮਾਰਨੀ ਬੜੀ ਔਖੀ ਲੱਗੀ। ਫਿਰ ਅਸੀਂ ਇਕ ਦੂਜੇ ਨੂੰ ਆਸ਼ੀਰਵਾਦ ਦੇਣੇ ਸਨ ਕਿ 'ਪ੍ਰਮਾਤਮਾ ਤੈਨੂੰ ਗੁਣਾਂ ਨੂੰ ਨਿਖਾਰਨ ਤੇ ਔਗੁਣਾਂ ਨੂੰ ਦੂਰ ਕਰਨ ਦਾ ਬਲ ਬਖ਼ਸ਼ੇ!'

ਇਨਸਾਨ ਸਾਰੀ ਉਮਰ ਦੂਜਿਆਂ ਦੇ ਗੁਣ ਜਾਂ ਔਗੁਣ ਦੇਖਣ ਵਿਚ ਹੀ ਬਿਤਾ ਦਿੰਦਾ ਹੈ। ਕਈਆਂ ਨੂੰ ਦੂਜਿਆਂ ਵਿਚ ਗੁਣ ਹੀ ਗੁਣ ਦਿਖਾਈ ਦਿੰਦੇ ਹਨ, ਤੇ ਆਪਣੇ ਵਿਚ ਕੋਈ ਨਜ਼ਰ ਹੀ ਨਹੀਂ ਆਉਂਦਾ। ਉਹ ਰੱਬ ਨੂੰ ਉਲ੍ਹਾਮੇ ਦਿੰਦੇ ਰਹਿੰਦੇ ਹਨ। ਆਪਣੀ ਤੁਲਨਾ ਹਮੇਸ਼ਾ ਦੂਜਿਆਂ ਨਾਲ ਕਰ ਕੇ ਕਹਿਣਗੇ- 'ਰੱਬਾ! ਫਲਾਣੇ ਨੂੰ ਇੰਨੀ ਸੁਹਣੀ ਆਵਾਜ਼ ਦਿੱਤੀ ਹੈ... ਫਲਾਣੇ ਨੂੰ ਇੰਨਾ ਹੁਸਨ ਦਿੱਤਾ ਹੈ... ਫਲਾਨਾ ਲਿਖਦਾ ਬੜਾ ਸੁਹਣਾ ਹੈ... ਫਲਾਣਾ ਗਾਉਂਦਾ ਬੜਾ ਸੁਹਣਾ ਹੈ... ਮੈਨੂੰ ਵੀ ਕੋਈ ਗੁਣ ਦੇ ਦਿੰਦਾ!' ਪਰ ਇਸ ਤਰ੍ਹਾਂ ਨਹੀਂ ਹੈ। ਹਰ ਬੰਦੇ ਵਿਚ ਕੋਈ ਨਾ ਕੋਈ ਗੁਣ ਜ਼ਰੂਰ ਹੁੰਦਾ ਹੈ- ਬੱਸ ਲੋੜ ਹੈ ਉਸ ਨੂੰ ਪਛਾਨਣ ਦੀ। ਇਸ ਦੁਨੀਆ ਵਿਚ ਕੋਈ ਵੀ ਦੋ ਮੂਰਤਾਂ ਰੱਬ ਨੇ ਇਕੋ ਜਿਹੀਆਂ ਨਹੀਂ ਬਣਾਈਆਂ। ਉਸ ਮਹਾਨ ਕਲਾਕਾਰ ਦੀ ਕਲਾ ਨੂੰ ਸਲਾਮ ਕਰੀਏ... ਜਿਸ ਨੇ ਹਰ ਬੰਦੇ ਦੀ ਵੱਖਰੀ ਪਛਾਣ ਬਣਾਈ ਹੈ। ਜੇ ਕਿਤੇ ਕਿਤੇ ਸ਼ਕਲਾਂ ਦਾ ਇਕੋ ਜਿਹੀਆਂ ਹੋਣ ਦਾ ਭੁਲੇਖਾ ਵੀ ਪਵੇ ਤਾਂ ਉਨ੍ਹਾਂ ਦੇ ਸੁਭਾਅ ਵੱਖਰੇ... ਉਂਗਲਾਂ ਤੇ ਅੰਗੂਠੇ ਦੇ ਨਿਸ਼ਾਨ ਵੱਖਰੇ ਹੁੰਦੇ ਹਨ। ਇਸੇ ਤਰ੍ਹਾਂ ਗੁਣ ਵੀ ਵੱਖਰੇ ਵੱਖਰੇ ਹਨ। ਮੂਰਖ ਕਹੇ ਜਾਂਦੇ ਬੰਦੇ ਵਿਚ ਵੀ ਕੋਈ ਨਾ ਕੋਈ ਗੁਣ ਜ਼ਰੂਰ ਹੁੰਦਾ ਹੈ।

ਕਈ ਲੋਕਾਂ ਦਾ ਸੁਭਾਅ ਹੈ ਕਿ ਉਨ੍ਹਾਂ ਨੂੰ ਆਪਣੇ ਵਿਚ ਗੁਣ ਹੀ ਗੁਣ ਨਜ਼ਰ ਆਉਂਦੇ ਹਨ ਤੇ ਦੂਜਿਆਂ ਵਿਚ ਔਗੁਣ। ਅਜਿਹੇ ਲੋਕ ਹਰ ਬੰਦੇ ਵਿਚ ਨੁਕਸ ਹੀ ਕੱਢੀ ਜਾਣਗੇ ਤੇ ਆਪਣੇ ਵਿਚ ਕਦੇ ਕੋਈ ਕਮੀ ਦਿਖਾਈ ਹੀ ਨਹੀਂ ਦਿੰਦੀ। ਉਹ ਜਿਸ ਮਹਿਫਲ ਵਿਚ ਵੀ ਜਾਣਗੇ, ਆਪਣੀ ਨਾਂਹਵਾਚਕ ਸੋਚ ਕਾਰਨ, ਉਸ ਦਾ ਅਨੰਦ ਮਾਨਣ ਦੀ ਬਜਾਏ, ਉਸ ਵਿਚ ਕਮੀਆਂ ਜਾਂ ਗਲਤੀਆਂ ਲੱਭਣ ਵਿਚ ਹੀ ਸਮਾਂ ਬਰਬਾਦ ਕਰ ਦੇਣਗੇ। ਅਜਿਹੇ ਲੋਕ 'ਈਗੋ' ਦਾ ਸ਼ਿਕਾਰ ਹੁੰਦੇ ਹਨ। ਉਹ ਸਿਰਫ਼ ਆਪਣੀ ਪ੍ਰਸ਼ੰਸਾ ਕਰਵਾਉਣਾ ਹੀ ਲੋਚਦੇ ਹਨ- ਕਿਸੇ ਹੋਰ ਦੀ ਨਹੀਂ ਕਰ ਸਕਦੇ। ਉਹ ਹਰ ਮਹਿਫਲ ਵਿਚ, ਹਰੇਕ 'ਤੇ ਆਪਣੀ ਵਿਚਾਰਧਾਰਾ ਠੋਸਣ ਦੀ ਕੋਸ਼ਿਸ਼ ਕਰਦੇ ਹਨ। ਉਹ ਆਪਣੇ ਆਪ ਨੂੰ ਅਗਾਂਹਵਧੂ ਤੇ ਦੂਜਿਆਂ ਨੂੰ ਪਿਛਾਂਹਖਿੱਚੂ ਕਹਿੰਦੇ ਹਨ। ਅਜਿਹੇ ਲੋਕ ਭਾਸ਼ਣ ਕਲਾ ਦੇ ਮਾਹਿਰ ਹੁੰਦੇ ਹਨ ਤੇ ਇਸ ਕਲਾ ਨੂੰ ਉਹ, ਲੋਕਾਂ ਨੂੰ ਆਪਣੇ ਵਿਚਾਰਾਂ ਦੇ ਹਾਮੀ ਬਣਾਉਣ, ਤੇ ਉਨ੍ਹਾਂ ਦੇ ਬਰੇਨ-ਵਾਸ਼ ਕਰਨ ਲਈ ਬਾਖ਼ੂਬੀ ਵਰਤਦੇ ਹਨ। ਇਸੇ ਕਾਰਨ ਉਹ ਬਹੁ-ਗਿਣਤੀ ਨੂੰ ਆਪਣੇ ਪਿੱਛੇ ਲਾਉਣ ਵਿਚ ਕਾਮਯਾਬ ਹੋ ਜਾਂਦੇ ਹਨ। ਇਹ ਕਲਾ ਸਿਆਸੀ ਲੋਕਾਂ ਲਈ ਬਹੁਤ ਫਾਇਦੇਮੰਦ ਸਿੱਧ ਹੁੰਦੀ ਹੈ। ਕਈ ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਵੀ ਇਸੇ ਆਧਾਰ 'ਤੇ ਚਲਦੀਆਂ ਹਨ। ਅਜਿਹੇ ਲੋਕ ਆਪਣੀ ਜੈ ਜੈ ਕਾਰ ਕਰਵਾ ਕੇ ਖੁਸ਼ ਹੁੰਦੇ ਹਨ। ਕਿਸੇ ਦੂਜੇ ਦੇ ਸਨਮਾਨ ਜਾਂ ਪ੍ਰਸ਼ੰਸਾ ਨਾਲ, ਉਨ੍ਹਾਂ ਦੀ 'ਈਗੋ' ਨੂੰ ਠੇਸ ਪਹੁੰਚਦੀ ਹੈ। ਇਹ ਸ਼ਿਅਰ ਅਜਿਹੇ ਲੋਕਾਂ ਦੀ ਤਰਜਮਾਨੀ ਕਰਦਾ ਹੈ-

ਉਂਗਲ ਕਰਨੀ ਦੂਜੇ ਦੇ ਵੱਲ ਹੈ ਸੌਖੀ,
ਅੰਦਰੋਂ ਤਾਂ ਹਰ ਬੰਦਾ ਕਾਣਾ ਹੁੰਦਾ ਹੈ।

ਕਹਿੰਦੇ ਹਨ - 'ਜੇ ਸਮਾਜ ਨੂੰ ਬਦਲਣਾ ਹੈ ਤਾਂ ਆਪਣੇ ਆਪ ਨੂੰ ਬਦਲੋ, ਸਮਾਜ ਆਪੇ ਬਦਲ ਜਾਏਗਾ'। ਸਮਾਜ ਤਾਂ ਇਕ ਸ਼ੀਸ਼ੇ ਦੀ ਨਿਆਈਂ ਹੈ, ਉਸ ਨੂੰ ਜਿਸ ਤਰ੍ਹਾਂ ਦੀ ਅੱਖ ਨਾਲ ਦੇਖਿਆ ਜਾਵੇ ਉਹ ਉਸੇ ਤਰ੍ਹਾਂ ਦਾ ਦਿਖਾਈ ਦਿੰਦਾ ਹੈ। ਜੇ ਅਸੀਂ ਸੁਖੀ ਹਾਂ ਤਾਂ ਸਾਨੂੰ ਸਾਰੇ ਸੁਖੀ ਨਜ਼ਰ ਆਉਂਦੇ ਹਨ। ਪਰ ਜੇ ਅਸੀਂ ਆਪ ਹੀ ਤਣਾਅ ਦਾ ਸ਼ਿਕਾਰ ਹਾਂ ਤਾਂ ਸਾਨੂੰ ਇਹ ਸਾਰਾ ਸੰਸਾਰ ਹੀ ਦੁੱਖਾਂ ਦਾ ਘਰ ਲੱਗੇਗਾ:

ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ॥ (ਅੰਗ 610)

ਇਕ ਹੋਰ ਗੱਲ ਵੀ ਵਿਚਾਰਨ ਵਾਲੀ ਹੈ ਕਿ ਜੇ ਸਾਡੀ ਨਿੱਜੀ ਜ਼ਿੰਦਗੀ, ਸਾਡੇ ਬੋਲਾਂ ਜਾਂ ਲਿਖਤਾਂ ਨਾਲ ਮੇਲ ਨਹੀਂ ਖਾਂਦੀ ਤਾਂ ਉਹ ਪੜ੍ਹਨ ਸੁਣਨ ਵਾਲਿਆਂ 'ਤੇ ਬਹੁਤੀ ਦੇਰ ਅਸਰ ਨਹੀਂ ਕਰ ਸਕਦੀ। ਹਾਂ ਹੋ ਸਕਦਾ ਹੈ ਕਿ ਸਰੋਤਾ ਜਾਂ ਪਾਠਕ ਕੁੱਝ ਸਮੇਂ ਲਈ ਉਸ ਦਾ ਕਾਇਲ ਹੋ ਜਾਵੇ ਪਰ ਜਿਉਂ ਹੀ ਉਸ ਨੂੰ ਉਸ ਇਨਸਾਨ ਦੇ ਕਿਰਦਾਰ ਦਾ ਪਤਾ ਲੱਗੇਗਾ ਤਾਂ ਉਹ ਉਸ ਦੇ



ਮਨ ਤੋਂ ਉਤਰ ਜਾਏਗਾ।

ਬਾਬਾ ਫਰੀਦ ਜੀ ਵੀ ਆਪਣੀ ਬਾਣੀ ਵਿਚ ਕਹਿ ਰਹੇ ਹਨ:

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨਾ ਲੇਖ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥ (ਅੰਗ 1378)

ਜੇ ਆਪਾਂ ਸਾਰੇ ਰਾਤ ਨੂੰ ਸੌਣ ਤੋਂ ਪਹਿਲਾਂ, ਆਪਣੇ ਆਪ ਦੇ ਰੂ-ਬ-ਰੂ ਹੋਈਏ, ਆਪਣੇ ਅੰਦਰ ਝਾਤ ਮਾਰੀਏ, ਆਪਣੀਆਂ ਕਮੀਆਂ ਦੀ ਨਿਸ਼ਾਨਦੇਹੀ ਕਰੀਏ ਤੇ ਉਨ੍ਹਾਂ ਨੂੰ ਦੂਰ ਕਰਨ ਲਈ ਆਪਣੇ ਆਪ ਨਾਲ ਪ੍ਰਣ ਕਰੀਏ, ਤਾਂ ਨਿਸ਼ਚੇ ਹੀ ਅਸੀਂ ਇਕ ਵਧੀਆ ਇਨਸਾਨ ਹੀ ਨਹੀਂ, ਸਗੋਂ ਪਰਿਵਾਰ ਤੇ ਸਮਾਜ ਲਈ ਚੰਗੇ ਰੋਲ ਮਾਡਲ ਵੀ ਬਣ ਸਕਦੇ ਹਾਂ। ਅਸੀਂ ਨਵੀਂ ਪੀੜ੍ਹੀ ਨੂੰ ਦੋਸ਼ ਦੇ ਰਹੇ ਹਾਂ ਕਿ ਉਹ ਕੁਰਾਹੇ ਪੈ ਰਹੀ ਹੈ। ਪਰ ਇਹ ਸਭ ਰੋਲ ਮਾਡਲਾਂ ਦੀ ਘਾਟ ਕਾਰਨ ਵੀ ਹੋ ਰਿਹਾ ਹੈ। ਜੇ ਅਸੀਂ ਬੱਚਿਆਂ ਨੂੰ ਪਿਆਰ, ਸਤਿਕਾਰ, ਤੇ ਅਨੁਸ਼ਾਸਨ ਸਿਖਾਉਣਾ ਹੈ ਤਾਂ ਪਹਿਲਾਂ ਇਹ ਸਾਰੇ ਗੁਣ ਆਪਣੇ ਵਿਚ ਲਿਆਉਣ ਦੀ ਕੋਸ਼ਿਸ਼ ਕਰਨੀ ਪਵੇਗੀ। ਕੁੱਝ ਗੁਣ ਤਾਂ ਸਾਨੂੰ ਕੁਦਰਤੀ ਤੌਰ 'ਤੇ, ਮਾਂ ਬਾਪ ਦੇ ਜੀਨਜ਼ ਤੋਂ ਹੀ ਮਿਲੇ ਹੁੰਦੇ ਹਨ, ਪਰ ਕੁੱਝ ਲਈ ਸਾਨੂੰ ਮਿਹਨਤ ਵੀ ਕਰਨੀ ਪੈਂਦੀ ਹੈ।

ਸਾਡੇ ਲੋਕਾਂ ਵਿਚ (ਸਾਰੇ ਨਹੀਂ) ਦੋਗਲੇ ਕਿਰਦਾਰਾਂ ਦੀ ਗਿਣਤੀ ਆਮ ਹੋ ਗਈ ਹੈ। ਅਸੀਂ ਅੰਦਰੋਂ ਕੁੱਝ ਹੋਰ ਹੁੰਦੇ ਹਾਂ ਤੇ ਬਾਹਰੋਂ ਕੁੱਝ ਹੋਰ ਦਿਖਾਈ ਦਿੰਦੇ ਹਾਂ। ਕਈ ਵਾਰੀ ਅਸੀਂ ਦਿਖਾਵੇ ਦੇ ਧਰਮੀ ਬਣਦੇ ਹਾਂ, ਕਦੇ ਸਮਾਜ ਸੇਵਕ, ਕਦੇ ਲੋੜ ਤੋਂ ਵੱਧ ਵਿਦਵਤਾ ਦਿਖਾਉਣ ਦੀ ਕੋਸ਼ਿਸ਼ ਤੇ ਕਦੇ ਆਪਣੀ ਤਾਰੀਫ਼ ਆਪ ਕਰ ਕੇ ਲੋਕਾਂ ਤੋਂ ਵਾਹ ਵਾਹ ਕਰਾਉਣੀ, ਸਾਡੀ ਆਦਤ ਬਣ ਗਈ ਹੈ। ਸਾਡੀ ਆਤਮਾ ਨੂੰ ਪਤਾ ਹੁੰਦਾ ਹੈ ਕਿ ਜੋ ਅਸੀਂ ਲੋਕਾਂ ਨੂੰ ਦਿਖਾਈ ਦਿੰਦੇ ਹਾਂ ਉਹ ਅਸੀਂ ਹਾਂ ਨਹੀਂ ਅਸਲ 'ਚ। ਬਾਹਰ ਦੀ ਗੱਲ ਛੱਡੋ, ਇਹ ਦੋਹਰੇ ਕਿਰਦਾਰ ਤਾਂ ਅਸੀਂ ਆਪਣੇ ਪਰਿਵਾਰਾਂ ਵਿਚ ਵੀ ਨਿਭਾਈ ਤੁਰੇ ਜਾਂਦੇ ਹਾਂ। ਇਸੇ ਕਾਰਨ ਪਰਿਵਾਰ ਟੁੱਟ ਰਹੇ ਹਨ। ਅਸੀਂ ਗਲਤੀ ਕਰ ਕੇ ਵੀ ਗਲਤੀ ਨੂੰ ਮੰਨਣ ਨੂੰ ਤਿਆਰ ਨਹੀਂ ਹੁੰਦੇ। ਸਾਡੇ ਨਾਲੋਂ ਅੰਗਰੇਜ਼ ਲੋਕ ਇਸ ਗੱਲੋਂ ਸੌ ਦਰਜੇ ਚੰਗੇ ਹਨ, ਜੋ ਛੋਟੀ ਜਿਹੀ ਗਲਤੀ 'ਤੇ ਝੱਟ 'ਸੌਰੀ' ਕਹਿ ਦਿੰਦੇ ਹਨ। ਇਨ੍ਹਾਂ ਲੋਕਾਂ ਦੀ ਸਚਾਈ ਤੇ ਇਮਾਨਦਾਰੀ ਦੀ ਕਦਰ ਕਰਨੀ ਬਣਦੀ ਹੈ। ਇਸ ਦਾ ਮਤਲਬ ਇਹ ਨਹੀਂ ਕਿ ਸਾਡੇ ਭਾਈਚਾਰੇ ਵਿਚ ਇਸ ਤਰ੍ਹਾਂ ਦੀਆਂ ਮਿਸਾਲਾਂ ਦੀ ਕਮੀ ਹੈ। ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਦੇ ਕਿਰਦਾਰ ਦਾ ਲੋਹਾ ਤਾਂ ਸਾਰੀ ਦੁਨੀਆਂ ਮੰਨਦੀ ਹੈ। ਪਰ ਕੁੱਝ ਮੁੱਠੀ ਭਰ ਲੋਕ, ਸਾਰੀ ਕੌਮ ਦੀ ਬਦਨਾਮੀ ਦਾ ਕਾਰਨ ਬਣ ਰਹੇ ਹਨ। ਇਹ ਲੋਕ ਗਲਤ ਹੁੰਦੇ ਹੋਏ ਵੀ ਆਪਣੇ ਆਪ ਨੂੰ ਲੋਕਾਂ ਵਿਚ ਠੀਕ ਸਿੱਧ ਕਰਨ ਵਿਚ ਹੀ ਸਾਰਾ ਜ਼ੋਰ ਲਗਾ ਦਿੰਦੇ ਹਨ। ਅਸੀਂ ਇਨ੍ਹਾਂ ਦੀਆਂ ਵੀਡੀਓ ਸ਼ੇਅਰ ਕਰ ਕਰ ਕੇ ਇਨ੍ਹਾਂ ਦੀ ਹੋਰ ਗੁੱਡੀ ਚੜ੍ਹਾ ਦਿੰਦੇ ਹਾਂ। ਭਾਈ! ਸੋਸ਼ਲ ਮੀਡੀਆ 'ਤੇ ਉਹ ਵੀਡੀਓ ਵੱਧ ਤੋਂ ਵੱਧ ਸ਼ੇਅਰ ਕਰਿਆ ਕਰੋ, ਜਿਸ ਨਾਲ ਸਾਡੀ ਕੌਮ ਦਾ ਸਿਰ ਉੱਚਾ ਹੋਵੇ। ਜੋ ਕਹਿਣੀ ਤੇ ਕਰਨੀ ਦੇ ਪੂਰੇ ਹੋਣ, ਜਿਨ੍ਹਾਂ 'ਤੇ ਅਸੀਂ ਮਾਣ ਕਰ ਸਕੀਏ। ਬੁਰਾਈ ਦੀਆਂ ਵੀਡੀਓ ਅੱਗੇ ਵੰਡਣ ਨਾਲ ਤਾਂ ਬੁਰਾਈ ਹੋਰ ਵਧਦੀ ਹੈ।

ਆਓ! ਅੱਜ ਆਪਣੇ ਆਪ ਨਾਲ ਸੰਵਾਦ ਰਚਾਈਏ। ਦੂਜਿਆਂ ਵਿਚ ਕਮੀਆਂ ਦੇਖਣ ਦੀ ਬਜਾਏ, ਆਪਣੇ ਔਗੁਣਾਂ ਦੀ ਪਛਾਣ ਕਰ ਕੇ, ਉਨ੍ਹਾਂ ਨੂੰ ਦੂਰ ਕਰਨ ਦਾ ਯਤਨ ਕਰੀਏ। ਸਾਡੀ ਆਤਮਾ ਸਾਨੂੰ ਦੱਸਦੀ ਹੈ ਕਿ ਇੱਥੇ ਅਸੀਂ ਗਲਤ ਹਾਂ ਜਾਂ ਅਸੀਂ ਕਿਸੇ ਨਾਲ ਧੋਖਾ ਕਰ ਰਹੇ ਹਾਂ ਜਾਂ ਝੂਠ ਬੋਲ ਕੇ ਕਿਸੇ ਨੂੰ ਬੁੱਧੂ ਬਣਾ ਰਹੇ ਹਾਂ। ਪਰ ਅਸੀਂ ਉਸ ਨੂੰ ਸੁਣਨ ਲਈ ਹੀ ਤਿਆਰ ਨਹੀਂ ਹੁੰਦੇ। ਸਾਡਾ ਸ਼ੈਤਾਨ ਮਨ ਉਸ ਨੂੰ ਦਬਾ ਦਿੰਦਾ ਹੈ। ਪਰ ਜੇ ਸ਼ਾਂਤ ਚਿੱਤ ਹੋ ਕੇ, ਆਪਣੇ ਅੰਦਰ ਝਾਕੀਏ ਤਾਂ ਇਹ ਆਵਾਜ਼ ਸਾਨੂੰ ਜ਼ਰੂਰ ਸੁਣੇਗੀ ਜੋ ਸਹੀ ਰਾਹ ਦਿਖਾਏਗੀ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਥਨ - ਹਮ ਨਹੀ ਚੰਗੇ ਬੁਰਾ ਨਹੀ ਕੋਇ॥(ਅੰਗ 728) 'ਤੇ ਅਮਲ ਕਰੀਏ। ਪ੍ਰਮਾਤਮਾ ਨਾਲ ਹਰ ਵੇਲੇ ਮਾੜੀ ਕਿਸਮਤ ਦਾ ਗਿਲਾ ਕਰਨ ਦੀ ਬਜਾਏ, ਉਸ ਵਲੋਂ ਮਿਲੇ ਗੁਣਾਂ ਲਈ ਤੇ ਦਾਤਾਂ ਲਈ, ਉਸ ਦਾ ਸ਼ੁਕਰਾਨਾ ਕਰੀਏ। ਆਪਣੇ ਮਨ ਦਾ ਲੇਖਾ-ਜੋਖਾ ਕਰੀਏ। ਜੇ ਪਿਛਲੇ ਸਾਲਾਂ ਵਿਚ, ਸਾਡੇ ਕਿਸੇ ਬੋਲ ਜਾਂ ਜਾਣੇ ਅਣਜਾਣੇ ਵਿਚ ਕੀਤੀ ਗਈ ਗਲਤੀ ਨਾਲ, ਕਿਸੇ ਦਾ ਦਿਲ ਦੁਖਿਆ ਹੋਵੇ ਜਾਂ ਕਿਸੇ ਰਿਸ਼ਤੇ ਵਿਚ ਖਟਾਸ ਆ ਗਈ ਹੋਵੇ, ਤਾਂ ਉਸ ਲਈ ਮੁਆਫੀ ਮੰਗਣ ਵਿਚ ਦੇਰੀ ਨਹੀਂ ਕਰਨੀ ਚਾਹੀਦੀ। ਸਾਡੇ ਗੁਰੂ ਸਾਹਿਬਾਂ ਨੇ ਤਾਂ ਲਿਖੇ ਹੋਏ ਬੇਦਾਵੇ ਪਾੜ ਕੇ ਸਾਨੂੰ ਖਿਮਾ ਨਿਮਰਤਾ ਦੀ ਜਾਚ ਸਿਖਾਈ ਹੋਈ ਹੈ। ਪਰ ਅਸੀਂ ਪਤਾ ਨਹੀਂ ਕਿਉਂ ਸਾਲਾਂ ਬੱਧੀ ਕਿਸੇ ਲਈ ਰੰਜਿਸ਼, ਆਪਣੇ ਮਨ ਵਿਚ ਪਾਲ ਕੇ ਕੁੜ੍ਹੀ ਜਾਂਦੇ ਹਾਂ? ਜਿਸ ਦਾ ਭੈੜਾ ਅਸਰ, ਸਭ ਤੋਂ ਪਹਿਲਾਂ ਸਾਡੀ ਆਪਣੀ ਸਿਹਤ 'ਤੇ ਪੈਂਦਾ ਹੈ। ਖਿਮਾ ਮੰਗਣਾ ਤੇ ਖਿਮਾ ਕਰਨਾ ਦੋਵੇਂ ਗੁਣ, ਜਿੱਥੇ ਪਰਿਵਾਰਕ ਖੁਸ਼ਹਾਲੀ ਦੇ ਥੰਮ੍ਹ ਹਨ, ਉੱਥੇ ਹੀ ਨਰੋਆ ਸਮਾਜ ਸਿਰਜਣ ਵਿਚ ਵੀ ਸਹਾਈ ਹੁੰਦੇ ਹਨ। ਆਪਣੀ ਸਵੈ-ਪੜਚੋਲ ਕਰਦੇ ਹੋਏ, ਜੇ ਆਪਣੀਆਂ ਕਮੀਆਂ, ਆਪਣੇ ਗੁਣਾਂ-ਦੋਸ਼ਾਂ ਅਤੇ ਮਨ ਦੇ ਵਿਕਾਰਾਂ 'ਤੇ ਕਾਬੂ ਪਾਉਣ ਲਈ, ਆਪਾਂ ਅੱਜ ਤੋਂ ਹੀ ਜੁਟ ਜਾਈਏ ਤਾਂ ਨਿਸ਼ਚੇ ਹੀ ਸਮਾਜ ਅੰਦਰ ਗੁਣਾਤਮਕ ਤਬਦੀਲੀ ਲਿਆ ਕੇ, ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਕੀਤੇ ਯਤਨਾਂ ਵਿਚੋਂ, ਇਹ ਸਾਡਾ ਪਹਿਲਾ ਸਫਲ ਕਦਮ ਹੋਏਗਾ!

## ਵੱਡੀ ਕਹਾਣੀਕਾਰ ਤੇ ਉੱਚੀ ਇਨਸਾਨ ਸੁਖਵੰਤ ਕੌਰ ਮਾਨ -2

(ਪਿਛਲੇ ਸਫੇ ਦਾ ਬਾਕੀ)

ਇਸ ਨੀਚ ਕੰਮ ਦਾ ਵੇਰਵਾ ਜਸਬੀਰ ਭੁੱਲਰ ਤੋਂ ਜਾਣੋ ਜੋ ਉਹਨੇ 4 ਜੂਨ 2016 ਨੂੰ ਹੋਏ ਸੁਖਵੰਤ ਦੇ ਚਲਾਣੇ ਦੇ ਸੋਗ ਵਿਚ 19 ਜੂਨ ਦੇ 'ਪੰਜਾਬੀ ਟ੍ਰਿਬਿਊਨ' ਲਈ ਲਿਖੇ ਲੇਖ ਵਿਚ ਦੱਸਿਆ ਸੀ। ਸਾਹਿਤ ਅਕਾਦਮੀ ਵਾਲੀ ਘਟਨਾ ਦਾ ਜ਼ਿਕਰ ਕਰਨ ਪਿੱਛੋਂ ਉਹਨੇ ਲਿਖਿਆ:

"ਇਹੋ ਜਿਹਾ ਨਾਟਕ ਭਾਸ਼ਾ ਵਿਭਾਗ, ਪੰਜਾਬ ਦੇ ਸ਼੍ਰੋਮਣੀ ਪੁਰਸਕਾਰਾਂ ਲਈ ਲੇਖਕਾਂ ਦੀ ਚੋਣ ਵੇਲੇ ਵੀ ਹੋਇਆ ਸੀ। ਸੁਹਿਰਦ ਮੈਂਬਰ ਸ਼੍ਰੋਮਣੀ ਸਾਹਿਤਕਾਰ ਦਾ ਪੁਰਸਕਾਰ ਸੁਖਵੰਤ ਕੌਰ ਮਾਨ ਨੂੰ ਦੇਣ ਦੇ ਹੱਕ ਵਿਚ ਸਨ। ਮਾਫ਼ੀਏ ਟੋਲੇ ਨੂੰ ਆਪਣਾ ਬੰਦਾ ਪਿੱਛੇ ਪੈਂਦਾ ਜਾਪਿਆ ਤਾਂ ਟੋਲੇ ਦਾ ਸਰਗਨਾ ਉੱਠ ਕੇ ਖਲੋ ਗਿਆ। ਉਹ ਖਲੋਤਾ ਹੋਇਆ ਵੀ ਓਡਾ ਹੀ ਸੀ, ਜੇਡਾ ਬੈਠਾ ਹੋਇਆ, ਪਰ ਉਹਦੀ ਆਵਾਜ਼ ਉੱਚੀ ਹੋ ਗਈ ਸੀ। ਉਸ ਨੇ ਸਖ਼ਤ ਆਵਾਜ਼ ਵਿਚ ਕਿਹਾ, 'ਇਹ ਪੁਰਸਕਾਰ ਤਾਂ ਫਲਾਣੇ ਨੂੰ ਹੀ ਮਿਲਣਾ ਚਾਹੀਦਾ ਹੈ। ਅਸੀਂ ਵੀ ਮੀਡੀਆ ਨੂੰ ਜਵਾਬ ਦੇਣਾ ਹੈ। ਬਾਅਦ ਵਿਚ ਸੁਖਵੰਤ ਕੌਰ ਮਾਨ ਦਾ ਨਾਂ ਬਾਲ ਸਾਹਿਤ ਦੇ ਪੁਰਸਕਾਰ ਲਈ ਵਿਚਾਰ ਲਵੋ ਭਾਵੇਂ।' ਉਸ ਦੇ ਬੋਲਾਂ ਵਿਚ ਲੁਕੀ ਹੋਈ ਧਮਕੀ ਵੀ ਸੀ। ਸਦਾਰਤ ਕਰ ਰਹੀ ਵਜ਼ੀਰ ਸਾਹਿਬਾ ਦੇ ਮੱਥੇ ਉੱਤੇ ਪ੍ਰੇਸ਼ਾਨੀ ਦੀਆਂ ਲਕੀਰਾਂ ਉਜਾਗਰ ਹੋ ਗਈਆਂ। ਉਸ ਮੈਂਬਰ ਦੀ ਧਮਕੀ ਨੂੰ ਫਲ ਪੈ ਗਏ। ਇਹ ਵੀ ਚੰਗਾ ਹੀ ਹੋਇਆ ਕਿ ਉਸ ਦਿਨ ਬਾਲ ਸਾਹਿਤ ਦਾ ਸ਼੍ਰੋਮਣੀ ਪੁਰਸਕਾਰ ਸੁਖਵੰਤ ਕੌਰ ਮਾਨ ਨੂੰ ਮਿਲ ਗਿਆ। ਸੁਖਵੰਤ ਕੌਰ ਮਾਨ ਦੇ ਨੌਂਗੇ ਦਾ ਇਹੋ ਇਕੋ-ਇਕ ਵੱਡਾ ਇਨਾਮ ਸੀ। ਜੇ ਬਾਲ ਸਾਹਿਤ ਲਈ ਉਨ੍ਹਾਂ ਦਾ ਕੋਈ ਆਪਣਾ ਬੰਦਾ ਹੁੰਦਾ ਤਾਂ ਇਹ ਪੁਰਸਕਾਰ ਵੀ ਸੁਖਵੰਤ ਨੂੰ ਨਹੀਂ ਸੀ ਮਿਲਣਾ!...ਉਹ ਜੋ ਇਨਾਮ-ਸਨਮਾਨ ਦੇਣ ਵਾਲੇ ਅਦਾਰਿਆਂ ਉੱਤੇ ਕਾਬਜ਼ ਸਨ, ਉਨ੍ਹਾਂ ਦੀਆਂ ਸ਼ਰਤਾਂ ਵਿਚ ਇਨਾਮ ਲਈ ਚੰਗਾ ਲਿਖਣ ਦੀ ਸ਼ਰਤ ਸ਼ਾਮਲ ਨਹੀਂ ਸੀ। ਜ਼ਾਹਿਰ ਹੈ ਕਿ ਸਾਹਿਤ ਦੇ ਉਸ ਮਾਫ਼ੀਆ ਟੋਲੇ ਦੀਆਂ ਆਪਣੀਆਂ ਸ਼ਰਤਾਂ ਮੁਤਾਬਿਕ ਉਹ ਇਨਾਮ ਦੀ ਹੱਕਦਾਰ ਨਹੀਂ ਸੀ।"

ਹੈਰਾਨੀ ਹੁੰਦੀ ਹੈ ਕਿ ਖੋਟੀਆਂ ਕਲਮਾਂ ਹੱਥ ਵਿਚ ਫੜ ਕੇ ਆਪਣੇ ਆਪ ਨੂੰ ਸਾਹਿਤਕਾਰ, ਵਿਦਵਾਨ, ਆਲੋਚਕ, ਚਿੰਤਕ ਤੇ ਹੋਰ ਪਤਾ ਨਹੀਂ ਕੀ-ਕੀ ਕਹਾਉਣ ਵਾਲੇ ਬੰਦੇ ਮਨੁੱਖ ਵਜੋਂ ਕਿੰਨੇ ਨੀਵੇਂ ਡਿੱਗ ਸਕਦੇ ਹਨ! ਇਨਾਮਾਂ ਤੋਂ ਵਿਰਵੀ ਰੱਖੀ ਗਈ ਸੁਖਵੰਤ ਦੀ ਕਲਮੀ ਸਮਰੱਥਾ ਤੋਂ ਜੇ ਕੋਈ ਵਾਕਿਫ਼ ਨਹੀਂ ਸੀ, ਜਸਬੀਰ ਨੇ ਉਸੇ ਲੇਖ ਵਿਚ ਉਹਦੀ ਕਹਾਣੀ-ਕਲਾ ਦਾ ਸਾਰ-ਤੱਤ ਵੀ ਦੱਸ ਦਿੱਤਾ ਸੀ:

"ਉਹ ਵੱਡੀ ਲੇਖਿਕਾ ਸੀ, ਪਰ ਮਸ਼ਹੂਰ ਲੇਖਿਕਾ ਨਹੀਂ ਸੀ। ਲੇਖਿਕਾਵਾਂ ਨੂੰ ਮਸ਼ਹੂਰ ਕਰਨ ਵਾਲਿਆਂ ਦੀਆਂ ਜ਼ਰਬਾਂ-ਤਕਸੀਮਾਂ ਵਿਚ ਉਹ ਨਹੀਂ ਸੀ ਆਉਂਦੀ। ਉਹ ਸਾਹਿਤ ਦੇ ਮਾਫ਼ੀਏ ਟੋਲੇ ਤੋਂ ਪਰ੍ਹਾਂ ਪਰ੍ਹਾਂ ਹੀ ਰਹਿੰਦੀ ਸੀ। ਲਿਖਣ-ਪੜ੍ਹਨ ਦੇ ਪਵਿੱਤਰ ਕਾਰਜ ਵਿਚ ਭਲਾ ਗੁੰਡਿਆਂ ਦਾ ਕੀ ਕੰਮ! ਲਿਖਣਾ ਸੁਖਵੰਤ ਕੌਰ ਮਾਨ ਲਈ ਕੁਝ ਇਸ ਤਰ੍ਹਾਂ ਹੀ ਸੀ ਜਿਵੇਂ ਕੋਈ ਫ਼ਕੀਰ ਦੂਰ-ਦੁਰਾਡੇ ਜੰਗਲ ਵਿਚ ਧੂਣੀ ਰਮਾ ਕੇ ਬੈਠ ਜਾਂਦਾ ਹੈ। ਜਿਵੇਂ ਕੋਈ ਰਿਸ਼ੀ ਗੁਫ਼ਾ ਵਿਚ ਬੈਠ ਕੇ ਤਪ ਕਰਦਾ ਹੈ। ਉਸ ਦੇ ਤਪ ਨੇ ਜਿਹੜੀਆਂ ਕਹਾਣੀਆਂ ਨੂੰ ਜਨਮ ਦਿੱਤਾ, ਉਨ੍ਹਾਂ ਵਿਚ ਜ਼ਿੰਦਗੀ ਧੜਕਦੀ ਸੀ। ਜਿਸ ਤਰ੍ਹਾਂ ਦੀਆਂ ਕਹਾਣੀਆਂ ਸੁਖਵੰਤ ਕੌਰ ਮਾਨ ਨੇ ਲਿਖੀਆਂ, ਪੰਜਾਬੀ ਦੀ ਕਿਸੇ ਵੀ ਹੋਰ ਲੇਖਿਕਾ ਨੇ ਉਸ ਤਰ੍ਹਾਂ ਦੀਆਂ ਕਹਾਣੀਆਂ ਨਹੀਂ ਲਿਖੀਆਂ। ਉਹੋ ਜਿਹੀਆਂ ਕਹਾਣੀਆਂ ਲਿਖਣੀਆਂ ਆਉਂਦੀਆਂ ਵੀ ਨਹੀਂ ਸਨ ਉਨ੍ਹਾਂ ਨੂੰ। ਰਿਸ਼ਤਿਆਂ ਦੇ ਤਾਣੇ-ਬਾਣੇ ਨੂੰ ਜਿਸ ਤਰ੍ਹਾਂ ਸੁਖਵੰਤ ਸਮਝਦੀ ਸੀ, ਇਹ ਸਿਰਫ਼ ਉਸੇ ਦਾ ਹੀ ਹਾਸਲ ਸੀ। ਉਹਨੂੰ ਰਿਸ਼ਤਿਆਂ ਦੀ ਰੂਹ ਤੱਕ ਉੱਤਰਨਾ ਆਉਂਦਾ ਸੀ।"

ਸਾਹਿਤ ਅਕਾਦਮੀ ਵਾਲੇ ਇਨਾਮ ਸੰਬੰਧੀ ਉਸ ਨਾਲ ਧੱਕਾ ਕਰਨ ਵਾਲਿਆਂ ਨੂੰ ਮੈਂ ਅੱਜ ਤੱਕ ਮਾਫ਼ ਨਹੀਂ ਕਰ ਸਕਿਆ। ਸੁਖਵੰਤ ਦੇ ਜਾਣ ਮਗਰੋਂ ਵੀ ਗੁਨਾਹਗਾਰਾਂ ਲਈ ਮੇਰੀ ਗਿਲਾਨੀ ਘਟੀ ਨਹੀਂ। ਮੇਰਾ ਅੱਜ ਵੀ ਮੱਤ ਹੈ, ਉਨ੍ਹਾਂ ਨੂੰ ਝੂਠ ਦੇ ਸਹਾਰੇ ਉਹਦਾ ਇਨਾਮ ਖੋਹਣ ਕਰਕੇ ਸੁਖਵੰਤ ਦੀ ਯਾਦ ਤੋਂ ਤੇ ਪੰਜਾਬੀ ਸਾਹਿਤਕ ਪਰਿਵਾਰ ਤੋਂ ਮਾਫ਼ੀ ਮੰਗਣੀ ਚਾਹੀਦੀ ਹੈ। ਵੈਸੇ ਜਿਹੜੇ ਲੋਕ ਅਜਿਹੇ ਗੁਨਾਹ ਕਰ ਕੇ ਕਿਸੇ ਪਾਪ-ਬੋਧ ਤੋਂ ਬਿਨਾਂ ਜਿਉਂ ਸਕਦੇ ਹਨ, ਧੰਨ ਤਾਂ ਉਨ੍ਹਾਂ ਨੂੰ ਵੀ ਕਹਿਣਾ ਬਣਦਾ ਹੈ! ਪਰ ਸੁਖਵੰਤ ਆਪ ਕਿੰਨੇ ਵੱਡੇ ਦਿਲ ਵਾਲੀ ਤੇ ਦੂਜਿਆਂ ਦੇ ਗੁਨਾਹਾਂ ਨੂੰ ਮਾਫ਼ ਕਰਨ ਵਾਲੀ ਸੀ, ਹੈਰਾਨੀ ਹੁੰਦੀ ਹੈ।

ਉਸ ਨਾਲ ਹੋਏ ਇਸ ਧੱਕੇ ਤੇ ਧੋਖੇ ਦਾ ਜ਼ਿਕਰ ਮੈਂ ਇਕ ਲੇਖ ਵਿਚ ਕਰ ਦਿੱਤਾ। ਉੱਥੋਂ ਇਹ ਜ਼ਿਕਰ ਹੋਰ ਕਈ ਥਾਂਈਂ ਹੋ ਗਿਆ। ਉਸ ਤੋਂ ਕੁਝ ਚਿਰ ਮਗਰੋਂ ਤਰਸੇਮ ਨੇ ਦਿੱਲੀ ਦੇ ਵੀਹ ਪੰਜਾਬੀ ਲੇਖਕਾਂ ਨਾਲ ਇੰਟਰਵਿਊ ਕਰਨ ਦੀ ਵਿਉਂਤ ਬਣਾ ਲਈ। ਮੇਰੇ ਨਾਲ ਗੱਲਬਾਤ ਕਰਦਿਆਂ ਉਹਨੇ ਸੁਖਵੰਤ ਦਾ ਇਨਾਮ ਖੋਹੇ ਜਾਣ ਬਾਰੇ ਸਵਾਲ ਪੁੱਛ ਲਿਆ। ਇਹ ਗੱਲਬਾਤ ਉਹਨੇ 'ਕਲਾ-ਸਿਰਜਕ' ਵਿਚ ਛਪਵਾ ਦਿੱਤੀ। ਸੁਖਵੰਤ ਨੇ ਪੜ੍ਹੀ ਤੇ ਉਹਦੀ 12 ਅਪਰੈਲ 2008 ਦੀ ਲਿਖੀ ਹੋਈ ਚਿੱਠੀ ਆਈ। ਇਸ ਚਿੱਠੀ ਨੇ ਮੈਨੂੰ ਹੈਰਾਨ ਕਰ ਦਿੱਤਾ, ਹੈਰਾਨ ਵੀ ਕੁਝ ਵਧੇਰੇ ਹੀ। ਆਪਣੀ ਗੱਲ ਉੱਤੇ ਜ਼ੋਰ ਦੇਣ ਲਈ ਤੇ ਮੈਨੂੰ ਆਪਣਾ ਲਿਖਿਆ ਮੰਨਣ ਵਾਸਤੇ ਮਜਬੂਰ ਕਰਨ ਲਈ ਉਹਨੇ ਚਿੱਠੀ ਬਹੁਤ ਪਿਆਰੇ ਰਿਸ਼ਤਿਉਂ ਲਿਖੀ ਹੋਈ ਸੀ। ਉਹਨੇ ਸੰਬੋਧਨ ਪਹਿਲਾਂ ਵਰਤੇ ਜਾਂਦੇ ਰਹੇ 'ਭੁੱਲਰ ਸਾਹਿਬ' ਦੀ ਥਾਂ 'ਵੀਰ ਭੁੱਲਰ' ਪਹਿਲੀ ਵਾਰ ਵਰਤਿਆ ਸੀ। ਮੈਨੂੰ ਅਜੀਬ ਤਾਂ ਲਗਿਆ, ਬਹੁਤਾ ਨਹੀਂ ਕਿਉਂਕਿ ਉਹ ਪੇਂਡੂ ਸ਼ਬਦਾਵਲੀ ਵਰਤਦਿਆਂ ਕਈ ਵਾਰ ਮੈਨੂੰ ਭੁੱਲਰ ਭਾਈ ਆਖ-ਲਿਖ ਦਿੰਦੀ ਰਹੀ ਸੀ। ਪਰ ਜਦੋਂ ਮੈਂ ਚਿੱਠੀ ਦੇ ਅੰਤ ਉੱਤੇ ਪੁੱਜਿਆ, ਮੇਰੇ ਲਈ ਅਸਲ ਹੈਰਾਨੀ ਉੱਥੇ ਉਡੀਕ ਕਰ ਰਹੀ ਸੀ। ਉਹਨੇ ਚਿੱਠੀ ਦੀ ਸਮਾਪਤੀ "ਆਪ ਦੀ ਵੱਡੀ ਭੈਣ ਸੁਖਵੰਤ ਮਾਨ" ਲਿਖ ਕੇ ਕੀਤੀ ਹੋਈ ਸੀ। ਸ਼ੁਰੂ ਵਿਚ ਉਹਨੀਂ ਦਿਨੀਂ 'ਪੰਜਾਬੀ ਟ੍ਰਿਬਿਊਨ' ਵਿਚ ਛਪੇ ਮੇਰੇ ਕਿਸੇ ਲੇਖ ਦਾ ਬਹੁਤ ਸੰਖੇਪ ਜ਼ਿਕਰ ਕਰ ਕੇ ਸਿਰਫ਼ ਇਸੇ ਮੁੱਦੇ ਬਾਰੇ ਲਿਖੀ ਗਈ ਇਹ ਚਿੱਠੀ ਅੱਖਰ-ਅੱਖਰ ਇਉਂ ਸੀ:

"ਵੀਰ ਭੁੱਲਰ, ਆਸ ਏ ਰਾਜ਼ੀ-ਖ਼ੁਸ਼ੀ ਹੋਵੋਗੇ। ਤੁਹਾਡਾ ਲੇਖ ਟ੍ਰਿਬਿਊਨ 'ਚ ਪੜ੍ਹਿਆ। ਖ਼ੂਬਸੂਰਤ ਖੋਜ ਹੈ। ਕਲਾ ਸਿਰਜਕ ਮਿਲਿਆ। ਤਰਸੇਮ ਵੱਲੋਂ ਲਿਆ ਆਪ ਦਾ ਇੰਟਰਵਿਊ ਪੜ੍ਹਿਆ-ਵਾਚਿਆ...ਲੱਗਿਆ ਇਹ ਗੱਲ ਪਹਿਲਾਂ ਵੀ ਬਹੁਤ ਵੇਰ ਹੋ ਚੁੱਕੀ ਏ, ਪੀਠੇ ਦਾ ਕੀ ਪੀਹਣਾ...ਦਾਨਾਈ ਇਸੇ 'ਚ ਹੈ ਕਿ ਹੁਣ ਇਸ ਨੂੰ ਭੁਲਾਅ ਦਿੱਤਾ ਜਾਏ, ਮੇਰੇ 'ਤੇ ਮਾਂਹ 'ਤੇ ਸਫ਼ੈਦੀ ਜਿੰਨਾ ਵੀ ਅਸਰ ਨਹੀਂ ਇਸ ਸਾਰੇ ਘਟਨਾ-ਕ੍ਰਮ ਦਾ, ਕੋਈ ਰੰਜਸ਼ ਨਹੀਂ, ਗਿਲਾ ਨਹੀਂ...ਬੀਬੇ ਵੀਰ ਬਣ ਕੇ ਹੁਣ ਇਹ ਕਿੱਸੇ ਨਾ ਛੇੜਤੋ। ਆਸ ਏ ਗੁਰਚਰਨ ਹੁਣੀਂ ਠੀਕ ਹੋਣਗੇ। ਆਪਣੀ ਸਿਹਤ ਦਾ ਖ਼ਿਆਲ ਰੱਖੋ। ਸਾਨੂੰ ਤੁਹਾਡੀ ਸਿਹਤਯਾਬੀ ਤੇ ਲੰਮੀ ਉਮਰ ਚਾਹੀਦੀ ਏ। ਖ਼ੁਸ਼-ਖ਼ੁਸ਼ਾਈ ਰਹੋ। ਆਮੀਨ ਆਪ ਦੀ ਵੱਡੀ ਭੈਣ ਸੁਖਵੰਤ ਮਾਨ"

ਮੈਂ ਸਦਾ ਹੀ ਉਹਨੂੰ ਜਿਸ ਰਿਸ਼ਤਿਉਂ ਦੇਖਿਆ ਸੀ ਪਰ ਕਦੀ ਦੱਸਣ ਦੀ ਲੋੜ ਨਹੀਂ ਸੀ ਸਮਝੀ, ਉਹ ਪਤਾ ਨਹੀਂ ਕਦੋਂ ਤੋਂ ਉਸ ਰਿਸ਼ਤੇ ਨੂੰ ਜਾਣ ਗਈ ਸੀ! ਮੇਰੀਆਂ ਅੱਖਾਂ ਛਲਕਾਉਣ ਲਈ ਇਹੋ ਕਾਫ਼ੀ ਸੀ। ਪਰ ਚਿੱਠੀ ਵਿਚ ਜੋ ਵਡੱਤਣ ਉਹਨੇ ਉਹਦਾ ਹੱਕ ਮਾਰਨ ਵਾਲੇ ਲਘੂ-ਮਨੁੱਖਾਂ ਦੇ ਸੰਬੰਧ ਵਿਚ ਦਿਖਾਈ ਸੀ, ਉਹਨੇ ਉਸ ਦੂਰ ਬੈਠੀ ਸਾਹਮਣੇ ਮੇਰਾ ਸੀਸ ਝੁਕਾ ਦਿੱਤਾ!

ਉਹ ਠੀਕ ਹੀ ਕਹਾਣੀਕਾਰ ਵੀ ਵੱਡੀ ਸੀ ਤੇ ਇਨਸਾਨ ਵੀ ਉੱਚੀ ਸੀ!

(ਸਮਾਪਤ)

# ਨਵੇਂ ਵਰ੍ਹੇ ਦੀਆਂ ਕਵਿਤਾਵਾਂ

## ਬਾਈ ਤੇਈ ਦਾ ਫਰਕ

ਲਓ ਜੀ, ਦਿਨ ਦਿਨ ਕਰ ਕੇ ਲੰਘ ਗਿਆ ਹੈ ਬਾਈ।
ਮਹਿੰਗਾਈ, ਬੇਰੁਜ਼ਗਾਰੀ ਰਲ਼ ਜਨਤਾ 'ਤੇ ਕਰੀ ਚੜ੍ਹਾਈ।

ਹਾਹਾਕਾਰ ਹੈ ਸੜਕਾਂ ਉੱਤੇ ਬਹੁਤੀ ਨਵੇਂ ਕਾਨੂੰਨਾਂ ਵਾਲੀ।
ਲੋਕਾਂ ਨੂੰ ਬਸ ਯਾਦ ਆ ਰਿਹਾ ਸੰਨ ਉੱਨੀ ਸੌ ਸੰਤਾਲ਼ੀ।

ਮੇਰੇ ਦੇਸ਼ ਦੇ ਕਾਨੂੰਨ ਘਾੜਿਓ ਤਰਸ ਕਰੋ ਜ਼ਰਾ ਇੱਥੇ।
ਵੱਸਦੇ ਰਹਿਣ ਦਿਉ ਜਨਤਾ ਤਾਈਂ ਵਸਦੀ ਜਿੱਥੇ ਜਿੱਥੇ।

ਆਓ ਰਲ ਕੇ ਸਵਾਗਤ ਕਰੀਏ ਨਵਾਂ ਸਾਲ ਵੀਹ ਤੇਈ,
ਅਮਨ-ਸ਼ਾਂਤੀ ਦਾ ਮੀਂਹ ਵਸੇ ਸਦਾ ਸੁਖ ਹੋਵੇ ਸਭ ਸੇਈ।
*-ਸੇਵਾ ਸਿੰਘ 'ਨੂਰਪੁਰੀ'*

---

## ਨਵੇਂ ਸਾਲ ਦਾ ਗੀਤ

ਰਲ਼ ਕੇ ਮਨਾਈਏ, ਨਵਾਂ ਸਾਲ ਸਾਰੇ ਬੇਲੀਓ!
ਏਕਤਾ ਦੀ ਬਣੀਏ ਮਿਸਾਲ, ਸਾਰੇ ਬੇਲੀਓ!

ਕਰੇ ਖ਼ੁਦਕੁਸ਼ੀ ਹੁਣ, ਕੋਈ ਨਾ ਕਿਸਾਨ ਬਈ।
ਅੰਨਦਾਤਾ! ਰੱਖ ਜੇਰਾ, ਬਣ ਬਲਵਾਨ ਬਈ
ਡਿੱਗਦੇ ਨੂੰ ਲੈਣਾ ਹੈ ਸੰਭਾਲ, ਸਾਰੇ ਬੇਲੀਓ!

ਹੋਵੇ ਹੁਣ ਹੱਤਕ ਨਾ, ਕਿਤੇ ਕਿਸੇ ਗ੍ਰੰਥ ਦੀ।
'ਰੂਹੀ' ਮੰਗੇ ਸੁੱਖ, ਰਹੇ ਸ਼ਾਨ ਉੱਚੀ ਪੰਥ ਦੀ।
ਉੱਚੀ ਬੋਲੋ : ਸਤਿ ਸ੍ਰੀ ਅਕਾਲ, ਸਾਰੇ ਬੇਲੀਓ!

ਸਭ ਨੂੰ ਆਜ਼ਾਦੀ ਹੋਵੇ, ਕਹਿਣ-ਬਹਿਣ-ਰਹਿਣ ਦੀ।
ਸਭ 'ਚ ਜੁੱਰਅਤ ਹੋਵੇ, ਸੁਣਨ ਤੇ ਸਹਿਣ ਦੀ।
ਸੱਚ ਨੂੰ ਨਾ ਲੱਗ 'ਜੇ ਜੰਗਾਲ, ਸਾਰੇ ਬੇਲੀਓ!

ਧਰਨਿਆਂ, ਮੁਜ਼ਾਹਰਿਆਂ ਦਾ, ਦੌਰ ਹੁਣ ਮੁੱਕ ਜੂ।
ਸਹੀ ਲੋਕਰਾਜ ਆਊ, ਲੋਟੂ ਟੋਲਾ ਚੁੱਕ ਜੂ।
ਮੁੱਕ ਜਾਣੀ ਭੁੱਖ-ਹੜਤਾਲ, ਸਾਰੇ ਬੇਲੀਓ!
ਮੰਦੀ ਨੀਤ ਨਾਲ ਕਦੇ, ਬੱਚੀਆਂ ਨੂੰ ਤੱਕੋ ਨਾ।
ਕਰ ਕੇ ਗੁਨਾਹ, ਅੱਗਾ ਨਰਕਾਂ 'ਚ ਧੱਕੋ ਨਾ।
ਧੀਆਂ ਹਨ ਹੀਰੇ-ਮੋਤੀ-ਲਾਲ, ਸਾਰੇ ਬੇਲੀਓ!

ਰਹਿ ਕੇ ਵਿਚ ਦੁਨੀਆਂ ਦੇ, ਖ਼ਾਲਕ ਨੂੰ ਜਾਣੀਏ।
ਹਰ ਬੰਦੇ ਵਿਚੋਂ, ਇਨਸਾਨ ਨੂੰ ਪਛਾਣੀਏ।
ਬਣਦਾ ਹੈ 'ਓਹੀ' ਸੱਚੀ ਢਾਲ, ਸਾਰੇ ਬੇਲੀਓ!

ਮਿਹਨਤਾਂ-ਮੁਸ਼ੱਕਤਾਂ ਦਾ, ਮੁੱਲ ਛੇਤੀ ਪਵੇਗਾ।
ਜ਼ੁਲਮੀਆਂ-ਬੇਦਰਦੀਆਂ ਦਾ, ਨਾਸ਼ ਹੋ ਕੇ ਰਹੇਗਾ।
ਇੱਕ ਦਿਨ ਪੈਣੀ ਥਾਇੰ ਘਾਲ, ਸਾਰੇ ਬੇਲੀਓ!
ਰਲ਼ ਕੇ ਮਨਾਈਏ, ਨਵਾਂ ਸਾਲ ਸਾਰੇ ਬੇਲੀਓ!
*-ਪ੍ਰੋ. ਨਵ ਸੰਗੀਤ ਸਿੰਘ*

---

## 'ਨਵਾਂ ਸਾਲ ਮੁਬਾਰਕ'

ਨਵਾਂ ਸਾਲ ਮੁਬਾਰਕ ਸਭ ਨੂੰ।
ਇਕ ਦੂਜੇ ਸੰਗ ਕਰੀਏ ਪਿਆਰ,
ਆਓ ਸਵਰਗ ਬਣਾਈਏ ਜੱਗ ਨੂੰ।

ਨਫ਼ਰਤ ਕੱਢੀਏ ਦਿਲ ਦੇ ਵਿਚੋਂ,
ਇਹੀ ਸਬਕ ਸਿਖਾਈਏ ਸਭ ਨੂੰ,
ਮਾਨਵਤਾ ਦੀ ਕਦਰ ਨੂੰ ਜਾਣੋ,
ਇਹੋ ਗੱਲ ਸਮਝਾਈਏ ਸਭ ਨੂੰ।

ਨਵੇਂ ਸਾਲ 'ਚ, ਕੁੱਝ ਕਰੀਏ ਐਸਾ,
ਚੰਗੇ ਇਨਸਾਨ ਬਣਾਈਏ ਸਭ ਨੂੰ।
ਧੀਆਂ ਦਾ ਕਰੀਏ ਸਤਿਕਾਰ,
ਪ੍ਰੇਰਿਤ ਕਰਦੇ ਜਾਈਏ ਸਭ ਨੂੰ।

ਭਵਿੱਖ ਦੇਸ਼ ਦਾ ਹੁੰਦੇ ਬੱਚੇ,
ਨਸ਼ਿਆਂ ਤੋਂ ਬਚਾਈਏ ਸਭ ਨੂੰ।
ਭੁੱਲੇ ਭਟਕੇ ਜੋ ਫਿਰਨ ਜਵਾਨ,
ਸਿੱਧੇ ਰਾਹੇ ਪਾਈਏ ਸਭ ਨੂੰ।

ਦੇਸ਼ ਦੇ ਬਣ ਕੇ ਚੰਗੇ ਨਾਗਰਿਕ,
ਸੁਨਹਿਰਾ ਭਵਿੱਖ ਵਿਖਾਈਏ ਸਭ ਨੂੰ।
'ਪਸਨਾਵਾਲੀਏ ਸੁੱਚਾ ਸਿੰਘ' ਵਲੋਂ,
ਨਵਾਂ ਸਾਲ ਮੁਬਾਰਕ ਸਭ ਨੂੰ।
*-ਸੁੱਚਾ ਸਿੰਘ ਪਸਨਾਵਾਲ ,*
*ਫੋਨ: 99150-33740*

---

## ਨਵਾਂ ਸਾਲ ਚੜ੍ਹਿਆ

ਨਵਾਂ ਸਾਲ ਚੜ੍ਹਿਆ ਮਨਾਈਏ ਦੋਸਤੋ,
ਸਾਂਝੀਵਾਲਤਾ ਦੇ ਦੀਪ ਜਗਾਈਏ ਦੋਸਤੋ।

ਸੁੱਤੀ ਤਕਦੀਰ ਜਿਹੜੀ ਪਰ ਸਾਲ ਦੀ,
ਡੱਗੇ ਲਾ ਕੇ ਸੁੱਤੀ ਨੂੰ ਉਠਾਈਏ ਦੋਸਤੋ।

ਸੜਕਾਂ 'ਤੇ ਕੋਈ ਨਾ ਆਵਾਰਾ ਫਿਰੇ,
ਬੇਕਾਰਾਂ ਤਾਂਈ ਕੰਮਾਂ 'ਤੇ ਲਗਾਈਏ ਦੋਸਤੋ।

ਫੁੱਟ-ਪਾਥਾਂ ਉੱਤੇ ਨਾ ਕੋਈ ਸੌਂਵੇਂ ਰਾਤ ਨੂੰ,
ਕੁੱਲੀ ਗੁੱਲੀ ਜੁੱਲੀ ਸਭ ਲਈ ਬਣਾਈਏ ਦੋਸਤੋ।

ਬੁਰਾ ਭਲਾ ਕਹੇ ਨਾ ਕੋਈ ਨੀਵੀਂ ਜਾਤ ਨੂੰ,
ਡਿੱਗਿਆਂ ਨੂੰ ਗਲ ਨਾਲ ਲਾਈਏ ਦੋਸਤੋ।

ਵਿਦਿਆ ਦਾ ਦੀਵਾ ਹਰ ਗਲੀ ਬਾਲੀਏ,
ਹਨੇਰਿਆਂ ਨੂੰ ਦੂਰ ਭਜਾਈਏ ਦੋਸਤੋ।

ਧਰਤੀ ਦਾ ਰਾਜਾ ਗਲ ਰੱਸਾ ਪਾਵੇ ਨਾ,
ਸਲਫ਼ਾਸ ਵਾਲੀ ਸ਼ੀਸ਼ੀ ਲੁਕਾਈਏ ਦੋਸਤੋ।

ਭੇਖਾਰੀ ਬਣ ਠੂਠਾ ਹੱਥੀਂ ਕੋਈ ਨਾ ਫੜੇ,
ਭੁੱਖਿਆਂ ਲਈ ਲੰਗਰ ਲਗਾਈਏ ਦੋਸਤੋ।

ਲੋੜਵੰਦ ਮਸਕੀਨ ਕੋਈ ਖ਼ੁਦਕੁਸ਼ੀ ਨਾ ਕਰੇ
ਬਿਆਜੂ ਸ਼ਾਹੂਕਾਰਾਂ ਕੋਲੋਂ ਬਚਾਈਏ ਦੋਸਤੋ।

ਧਰਮਾਂ ਦੇ ਆਗੂ ਤੁਹਾਨੂੰ ਸੁਰਗ ਦਿਖਾਉਣਗੇ,
ਦੂਰੋਂ ਸਲਾਮ ਕਰ ਉਨ੍ਹਾਂ ਨੂੰ ਭਜਾਈਏ ਦੋਸਤੋ।

ਚਿਟੇ ਦੇ ਵਪਾਰੀ ਜਿਹੜੇ ਨਸ਼ੇ ਰਾਹ ਪਾਉਂਦੇ ਨੇ,
ਉਨ੍ਹਾਂ ਤਾਈ ਠੁੱਠ ਛਿੱਤਰ ਦਿਖਾਈਏ ਦੋਸਤੋ।

ਮੁਤੱਸਬੀ ਜੰਗਾਂ ਦੁਨੀਆਂ ਤੇ ਕਦੇ ਨਾ ਲੱਗਣ,
ਨਵਾਂ ਸ਼ਾਂਤੀ ਵਾਲਾ ਚੈਨਲ ਚਲਾਈਏ ਦੋਸਤੋ।

ਢਾਈ ਗਜ ਦੀ ਮੁਥਾਜ ਮਨੁੱਖੀ ਜਿੰਦਗਾਨੀ,
ਤਾਨਾਸ਼ਾਹਾਂ ਤਾਈਂ ਗੱਲ ਸਮਝਾਈਏ ਦੋਸਤੋ।

ਤੇਲ ਦੇ ਬਹਾਨੇ ਸ਼ੇਖ਼ ਬਲੈਕ-ਮੇਲ ਕਰੇ ਨਾ,
ਆਤਮ ਨਿਰਭਰ ਮਾੜਿਆਂ ਬਣਾਈਏ ਦੋਸਤੋ।

ਕੁੜੀਆਂ ਤੇ ਕੂੰਜਾਂ ਨੂੰ ਨਾ ਕੋਈ ਅਬਲਾ ਕਹੱ,
ਗਟਾਰਾਂ ਚਿੜੀਆਂ ਤੋਂ ਬਾਜ ਤੁੜਾਈਏ ਦੋਸਤੋ।

ਕੋਈ ਕਾਂ ਘੁੱਗੀ ਦਾ ਨਾ ਢਾਹੇ ਆਹਲਣਾ,
ਦਰਖ਼ਤਾਂ 'ਤੇ ਡਰਨੇ ਬਠਾਈਏ ਦੋਸਤੋ।

ਸਾਂਝੀਵਾਲਤਾ ਸਵਾਲ ਪੰਨੂ ਹਰ ਅੱਗੇ ਪਾਉਣਾ ਹੈ,
ਦੇਸ਼ਾਂ ਮਜ਼ਹਬਾਂ ਦੀ ਲਕੀਰ ਮਿਟਾਈਏ ਦੋਸਤੋ।
*-ਚਰਨਜੀਤ ਪੰਨੂ*

---

## ਗੱਲ ਨਵੀਂ ਸਭ ਕਰਿਓ ਆਇਆ ਸਾਲ ਨਵਾਂ ਹੈ।

ਗੱਲ ਨਵੀਂ ਸਭ ਕਰਿਓ ਆਇਆ ਸਾਲ ਨਵਾਂ ਹੈ।
ਬੱਦਲ ਬਣ ਕੇ ਵਰ੍ਹਿਓ ਆਇਆ ਸਾਲ ਨਵਾਂ ਹੈ।

ਓਸੇ ਥਾਂ 'ਤੇ ਮਹਿਕਾਂ ਉੱਠਣ ਲਾ ਦੇਣਾ ਬਸ
ਜਿੱਥੇ ਵੀ ਪੱਬ ਧਰਿਓ ਆਇਆ ਸਾਲ ਨਵਾਂ ਹੈ।

ਪੁੰਨ ਦੇ ਕਰਿਓ ਕੰਮ ਤੇ ਜਿੱਤ ਨਾਲ਼ ਯਾਰੀ ਲਾਇਓ
ਨਾ ਪਾਪਾਂ ਤੋਂ ਹਰਿਓ ਆਇਆ ਸਾਲ ਨਵਾਂ ਹੈ।

ਜ਼ੁਲਮਾਂ ਨੂੰ ਲਾ ਰੋਕਾ ਕਰਿਓ ਕੁੱਲ ਸਫਾਇਆ
ਜ਼ੁਲਮੀ ਤੋਂ ਨਾ ਡਰਿਓ ਆਇਆ ਸਾਲ ਨਵਾਂ ਹੈ।

ਚਲਦੇ ਰਹਿਣਾ ਰਾਹਾਂ 'ਤੇ ਨਾ ਭਟਕੀ ਜਾਇਓ
ਮੰਜ਼ਿਲ ਨੂੰ ਸਰ ਕਰਿਓ ਆਇਆ ਸਾਲ ਨਵਾਂ ਹੈ।

ਨੇਕ ਇਰਾਦੇ ਰੱਖਿਓ ਸਭ ਹੀ ਪਰਬਤ ਵਰਗੇ
ਮਿੱਟੀ ਬਣ ਨਾ ਖਰਿਓ ਆਇਆ ਸਾਲ ਨਵਾਂ ਹੈ।

ਗੁੱਸਾ ਗਿਲ੍ਹਾ ਮਿਟਾ ਕੇ ਖ਼ੂਬ ਮੁਹੱਬਤ ਵੰਡਿਓ
ਨਾ ਨਫ਼ਰਤ ਤੋਂ ਡਰਿਓ ਆਇਆ ਸਾਲ ਨਵਾਂ ਹੈ।

ਜੇਕਰ ਕਿਧਰੇ ਪੈਂਦਾ ਘਾਟਾ ਪਿਆਰ ਵਧਾਇਆਂ
ਐਸਾ ਘਾਟਾ ਜਰਿਓ ਆਇਆ ਸਾਲ ਨਵਾਂ ਹੈ।

ਹੱਕ ਕਿਸੇ ਦਾ ਨਾ ਰੱਖਿਓ ਨਾ ਆਪਣਾ ਛੱਡਿਓ
ਮਿਹਨਤ ਸੰਗ ਘਰ ਭਰਿਓ ਆਇਆ ਸਾਲ ਨਵਾਂ ਹੈ।

ਨਫ਼ਰਤ ਵਾਲ਼ੇ ਪੱਥਰ ਬਣ ਕੇ ਡੁੱਬ ਨਾ ਜਾਇਓ
ਫ਼ੁੱਲਾਂ ਵਾਂਗੂੰ ਤਰਿਓ ਆਇਆ ਸਾਲ ਨਵਾਂ ਹੈ।
*-ਹਰਦੀਪ ਬਿਰਦੀ*
*ਫੋਨ: 90416-00900*

---

## 2023 ਦੀ ਸਵੇਰ ਬਨਾਮ '22 ਦੀ ਆਖਰੀ ਸ਼ਾਮ!

ਬੀਤਦੇ ਵਰ੍ਹੇ ਦੀ ਆਖਰੀ ਸ਼ਾਮ
ਤੈਨੂੰ ਮੇਰਾ ਸਲਾਮ
ਨਵੇਂ ਵਰ੍ਹੇ ਦੀ ਦਹਿਲੀਜ਼ ਤੱਕ ਲਿਆਉਣ ਦਾ
ਤੇਰਾ ਬੜਾ ਅਹਿਸਾਨ! ਆਖਰੀ ਸ਼ਾਮ!

ਤੈਥੋਂ ਮੈਨੂੰ ਕੋਈ ਸ਼ਿਕਵਾ ਨਈਂ ਏ
ਪਰ ਹਾਂ ਇੰਨਾ ਜ਼ਰੂਰ ਹੈ ਕਹਿਣਾ
ਕਿ ਬੀਤੇ ਵਰ੍ਹੇ ਵੀ ਗਰੀਬਾਂ ਦੇ ਚੁੱਲ੍ਹੇ
ਬਾ-ਮੁਸ਼ਕਿਲ ਜਲੇ ਨੇ...

ਤੇ ਬਹੁਤ ਲੋਕ ਅਜਿਹੇ ਨੇ
ਜੋ ਆਏ ਦਿਨ ਭੁੱਖ-ਨੰਗ ਨਾਲ ਲੜੇ ਨੇ।
ਤੇ ਬਹੁਤੇ ਯੁਵਕਾਂ ਯੋਗਤਾ ਰੱਖਦਿਆਂ
ਕੰਮ ਨਾ ਮਿਲਣ ਦੇ ਚਲਦਿਆਂ
ਵਿਦੇਸ਼ੀਂ ਜਾਂਦੇ ਜਹਾਜ਼ ਫੜੇ ਨੇ।

ਤੇ ਬੁੱਢੇ ਮਾਂ-ਪਿਓ ਉਨ੍ਹਾਂ ਦੀਆਂ ਯਾਦਾਂ 'ਚ
ਘਰਾਂ ਅੰਦਰੀ ਲੁਕ-ਛਿਪ ਰੋਂਦੇ ਰਹੇ ਨੇ।

ਹਾਂ ਸੱਚ ਮੈਂ ਇਹ ਵੀ ਹੈ ਕਹਿਣਾ
ਕਿ ਵੱਖ ਵੱਖ ਖਬਰੀ ਚੈਨਲ ਇਸ ਵਰ੍ਹੇ ਵੀ
ਧਾਰਮਿਕ ਵਿਵਾਦਾਂ 'ਚ ਲੋਕਾਂ ਨੂੰ ਉਲਝਾ
ਉਨ੍ਹਾਂ ਦੇ ਮਨਾਂ ਅੰਦਰ
ਨਫਰਤ ਦੇ ਭਾਂਬੜ ਮਚਾ
ਦੇਸ਼ ਦੀਆਂ ਮੁੱਖ ਸਮੱਸਿਆਵਾਂ ਤੋਂ
ਪਹਿਲਾਂ ਵਾਂਗੂ ਧਿਆਨ ਹਟਾਉਂਦੇ ਰਹੇ ਨੇ।

ਤੇ ਇਸ ਵਰ੍ਹੇ ਵੀ ਬਹੁਤ ਸਾਰੇ ਬੇਗੁਨਾਹ
ਅਦਾਲਤਾਂ ਵੱਲ ਇਨਸਾਫ ਦੇ ਲਈ
ਉਮੀਦਾਂ ਭਰੀਆਂ ਨਜ਼ਰਾਂ ਨਾਲ
ਤੱਕਦਿਆਂ ਜੇਲ੍ਹੀਂ ਸੜੇ ਨੇ।

ਹਾਲੇ ਤਾਂ ਮੈਂ ਬਹੁਤ ਕੁੱਝ ਹੈ ਕਹਿਣਾ
ਪਰ ਤੇਰੇ ਪਾਸ ਕਿੱਥੇ ਇੰਨਾ ਵੇਲਾ ਰਿਹਾ ਹੈ।
ਜਾਂਦੀ ਜਾਂਦੀ ਨੂੰ ਬਸ ਇਹੋ ਏ ਕਹਿਣਾ
ਕਿ ਨਵੀਂ ਸਵੇਰ ਨੂੰ ਮੇਰਾ ਸਲਾਮ ਕਹਿਣਾ
ਤੇ ਨਾਲੇ ਇਹ ਪੈਗਾਮ ਕਹਿਣਾ।

ਕਿ ਮੈਨੂੰ ਮੇਰੇ ਦੇਸ਼ 'ਚ
ਉਹੋ ਪਹਿਲਾਂ ਵਾਲਾ ਸਮਾਂ ਵਾਪਸ ਲਿਆ ਦੇ
ਤੇ ਸੁੱਖ ਸ਼ਾਂਤੀ ਦੀਆਂ ਉਹੋ ਵਾਵਾਂ
ਫਿਰ ਤੋਂ ਚਲਾ ਦੇ...।
ਤੇ ਦੇਸ਼ ਨੂੰ ਫਿਰ ਤੋਂ ਸੋਨੇ ਦੀ ਚਿੜੀ ਬਣਾ
ਖੁਸ਼ਹਾਲ ਤੇ ਸ਼ਕਤੀਸ਼ਾਲੀ ਬਣਾ ਦੇ।
ਖੁਸ਼ਹਾਲ ਤੇ ਸ਼ਕਤੀਸ਼ਾਲੀ ਬਣਾ ਦੇ।
*-ਮੁਹੰਮਦ ਅੱਬਾਸ ਧਾਲੀਵਾਲ*
*ਫੋਨ : 98552-59650*

# ਨਵਾਂ ਵਰ੍ਹਾ ਨਵੇਂ ਸੰਕਲਪ

**ਹਰਕੀਰਤ ਕੌਰ**
**ਫੋਨ: 97791-18066**

ਇੱਕ ਇੱਕ ਦਿਨ ਕਰਕੇ ਕਿੰਨੇ ਦਿਨ ਬੀਤ ਜਾਂਦੇ ਹਨ ਤੇ ਫਿਰ ਇੱਕ ਸਾਲ ਬਣਦਾ ਹੈ। ਇੱਕ ਲੰਮਾ ਸਮਾਂ ਜਿਸ ਵਿੱਚ ਇਨਸਾਨ ਨੇ ਬਹੁਤ ਕੁਝ ਹੰਡਾਇਆ ਹੁੰਦਾ ਹੈ, ਕਿਤੇ ਸੁਹਾਵਣੇ ਦਿਨਾਂ ਵਿੱਚ ਖੁਸ਼ੀ ਦੇ ਗੀਤ ਗਾਏ ਤੇ ਕਈ ਗਮਾਂ ਦੇ ਪਲਾਂ ਨੇ ਰਾਤਾਂ ਦੀ ਨੀਂਦ ਉਡਾਈ। ਕਈ ਬੇਗਾਨੇ ਆਪਣਿਆਂ ਤੋਂ ਵੀ ਵੱਧ ਪਿਆਰ ਜਤਾ ਗਏ ਤੇ ਕਈ ਆਪਣੇ ਆਪਣਾ-ਆਪ ਵਿਖਾ ਗਏ। ਕਈਆਂ ਦੇ ਹਾਸਿਆਂ ਵਿੱਚ ਮਨੁੱਖ ਖੁੱਲ੍ਹ ਕੇ ਹੱਸਿਆ ਤੇ ਕਈਆਂ ਦੇ ਚਿਹਰਿਆਂ ਦੀ ਉਦਾਸੀ ਨੇ ਉਸਦੀ ਮੁਸਕਰਾਹਟ ਵੀ ਕਿਤੇ ਲੁਕਾ ਦਿੱਤੀ। ਕਦੇ ਜਿੱਤ ਦੇ ਜਸ਼ਨ ਮਨਾਏ ਤੇ ਕਿਸੇ ਦਿਨ ਨਿਰਾਸ਼ਤਾ ਦੇ ਆਲਮ ਵਿੱਚ ਡੁੱਬਿਆ। ਕਦੇ ਹਲਾਤਾਂ ਅੱਗੇ ਗੋਡੇ ਟੇਕ ਥੱਕ ਹਾਰ ਕੇ ਬੈਠ ਗਿਆ ਤੇ ਕਦੇ ਹਿੰਮਤ ਕਰ ਪਹਾੜ ਜਿੱਡਾ ਜੇਰਾ ਕਰ ਫਿਰ ਜਿੰਦਗੀ ਨਾਲ ਦੋ ਹੱਥ ਕਰਨ ਲਈ ਉੱਠ ਖਲੋਤਾ। ਕਦੇ ਲੋਕਾਂ ਦੁਆਰਾ ਕੀਤੀਆਂ ਜਾਂਦੀਆਂ ਵਧੀਕੀਆਂ ਨੂੰ ਚੁਪਚਾਪ ਸਹਿ ਲਿਆ ਅਤੇ ਕਈ ਵਾਰ ਲੋਕਾਂ ਨੂੰ ਉਨ੍ਹਾਂ ਦੀ ਬਣਦੀ ਔਕਾਤ ਵਿਖਾਈ। ਇਸੇ ਤਰ੍ਹਾਂ ਕਿੰਨੇ ਸਾਰੇ ਖੱਟੇ ਮਿੱਠੇ ਤਜੱਰਬੇ ਸਾਡੀ ਝੋਲੀ ਪਾਉਂਦਾ ਸਾਲ ਆਪਣੇ ਆਖਰੀ ਪੜਾਅ ਤੇ ਪੁੱਜਦਾ ਹੈ, ਫਿਰ ਇੱਕ ਦਿਨ ਉਹ ਸਾਲ ਪੂਰੀ ਤਰ੍ਹਾਂ ਅਤੀਤ ਬਣ ਜਾਂਦਾ ਹੈ। ਜਿਸ ਨੂੰ ਬਦਲਿਆ ਨਹੀਂ ਜਾ ਸਕਦਾ ਬਸ ਯਾਦ ਕੀਤਾ ਜਾ ਸਕਦਾ ਹੈ ਜਾਂ ਫਿਰ ਉਸਤੋਂ ਸਬਕ ਸਿੱਖੇ ਜਾ ਸਕਦੇ ਹਨ। ਪੁਰਾਣੇ ਦੇ ਬੀਤਣ ਨਾਲ ਹੀ ਨਵੇਂ ਦੀ ਸ਼ੁਰੂਆਤ ਹੁੰਦੀ ਹੈ। ਇਹ ਨਵਾਂ ਵਰ੍ਹਾ ਆਪਣੇ ਨਾਲ ਆਸ ਦੀ ਇੱਕ ਨਵੀਂ ਕਿਰਨ ਲੈ ਕੇ ਆਉਂਦਾ ਹੈ। ਇੱਕ ਵਾਰ ਫੇਰ ਮਨੁੱਖ ਦੀ ਝੋਲੀ 365 ਦਿਨਾਂ ਦੇ ਪੰਨਿਆਂ ਦੀ ਇੱਕ ਡਾਇਰੀ ਪੈਂਦੀ ਹੈ, ਜੋ ਬਿਲਕੁਲ ਨਵੀਂ ਨਕੋਰ ਹੁੰਦੀ ਹੈ। ਜਿਸ ਨੂੰ ਮਨੁੱਖ ਬਹੁਤ ਖ਼ੂਬਸੂਰਤ ਤੇ ਸਜਾਵਟੀ ਬਣਾ ਸਕਦਾ ਹੈ ਪਰ ਉਸਦੀ ਸ਼ਰਤ ਇਹ ਹੈ ਕਿ ਮਨੁੱਖ ਨੂੰ ਸਵੈ-ਪੜਚੋਲ ਕਰਨੀ ਹੋਵੇਗੀ ਅਤੇ ਨਵੇਂ ਸੰਕਲਪ ਲੈਣੇ ਜਰੂਰੀ ਹਨ।

ਇਸ ਦੁਨੀਆ ਵਿੱਚ ਹਰ ਇਨਸਾਨ ਗਲਤੀਆਂ ਕਰਦਾ ਹੈ, ਹਰ ਇਨਸਾਨ ਵਿੱਚ ਕੋਈ ਨਾ ਕੋਈ ਕਮੀ ਜਰੂਰ ਹੁੰਦੀ ਹੈ। ਕਈ ਵਾਰ ਇਨਸਾਨ ਉਨ੍ਹਾਂ ਕਮੀਆਂ ਤੋਂ ਜਾਣੂ ਹੁੰਦਾ ਹੈ ਅਤੇ ਕਈ ਵਾਰ ਨਹੀਂ। ਮੰਨਦੇ ਹਾਂ ਕਿ ਇਨਸਾਨ ਗਲਤੀਆਂ ਦਾ ਪੁੱਤਲਾ ਹੈ ਪਰ ਇਹ ਕਿਤੇ ਨਹੀਂ ਲਿਖਿਆ ਕਿ ਅਸੀਂ ਆਪਣੀਆਂ ਆਦਤਾਂ ਨੂੰ ਬਦਲ ਨਹੀਂ ਸਕਦੇ ਜਾਂ ਗਲਤੀਆਂ ਦਾ ਸੁਧਾਰ ਨਹੀਂ ਕਰ ਸਕਦੇ। ਸੂਰਜ ਦੀ ਹਰ ਉਮਗਦੀ ਕਿਰਨ ਆਪਣੇ ਨਾਲ ਨਵੀਂ ਸ਼ੁਰੂਆਤ ਲੈਕੇ ਆਉਂਦੀ ਹੈ। ਕਿਸੇ ਵੀ ਇਨਸਾਨ ਦੀ ਜਿੰਦਗੀ ਵਿੱਚ ਬਦਲਾਅ ਆ ਸਕਦਾ ਹੈ, ਜਦ ਉਸ ਵਿੱਚ ਆਪਣੇ ਆਪ ਨੂੰ ਤਬਦੀਲ ਕਰਨ ਦਾ ਮਨੋਬਲ ਅਤੇ ਇੱਛਾ ਹੋਵੇ। ਸਾਨੂੰ ਆਪਣੇ ਬੀਤੇ ਹੋਏ ਵਕਤ ਦੀ ਪੜਚੋਲ ਕਰਨੀ ਚਾਹੀਦੀ ਹੈ। ਹਰ ਮਨੁੱਖ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਜਿਹੜੀਆਂ ਕਮੀਆਂ, ਜਿਹੜੀਆਂ ਭੁੱਲਾਂ ਬੀਤੇ ਸਾਲ ਨਹੀਂ ਦੂਰ ਕਰ ਸਕੇ ਉਨ੍ਹਾਂ ਨੂੰ ਨਵੇਂ ਸਾਲ ਵਿੱਚ ਦੂਰ ਕਰਨ ਦਾ ਸਕੰਲਪ ਲਈਏ। ਜੇਕਰ ਅਸੀਂ ਆਪਣੇ ਬੀਤੇ ਹੋਏ ਸਮੇਂ ਨੂੰ ਚੰਗੀ ਤਰ੍ਹਾਂ ਘੋਖੀਏ ਤਾਂ ਸਾਨੂੰ ਆਪਣੇ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਕਰਨ ਦੀ ਜਰੂਰਤ ਮਹਿਸੂਸ ਹੋਵੇਗੀ, ਇਹ ਜਰੂਰਤ ਕੁਝ ਨਵਾਂ ਬਦਲਾਅ ਲਿਆਉਣ ਤੇ ਨਵਾਂ ਕੁਝ ਕਰਨ ਲਈ ਪ੍ਰੋਤਸਾਹਿਤ ਕਰੇਗੀ।

ਨਵੇਂ ਸਾਲ ਦੀ ਸ਼ੁਰੂਆਤ ਨਵੀਆਂ ਉਮੰਗਾਂ ਨਵੇਂ ਚਾਅ ਮਲਾਰ ਆਪਣੇ ਨਾਲ ਲੈ ਕੇ ਆਉਂਦੀ ਹੈ। ਇਸ ਨਵੀਂ ਸ਼ੁਰੂਆਤ ਵਿੱਚ ਜਰੂਰੀ ਹੈ ਕਿ ਅਸੀਂ ਆਪਣੇ ਅਤੀਤ ਨੂੰ ਦੇਖ ਕੇ ਅਤੇ ਆਪਣੇ ਭਵਿੱਖ ਨੂੰ ਮੱਦੇਨਜ਼ਰ ਰੱਖਦੇ ਹੋਏ ਨਵੇਂ ਸਕਾਰਾਤਮਕ ਸਕੰਲਪ ਲਈਏ। ਜਿੰਨਾ ਵਿੱਚ ਸਾਡੀਆਂ ਪੁਰਾਣੀਆਂ ਗਲਤੀਆਂ, ਪੁਰਾਣੀਆਂ ਭੁੱਲਾਂ ਦੀ ਕੋਈ ਥਾਂ ਨਾ ਹੋਵੇ। ਇਨ੍ਹਾਂ ਛੋਟੀਆਂ-ਛੋਟੀਆਂ ਗੱਲਾਂ ਵੱਲ ਧਿਆਨ ਦੇਣ ਨਾਲ ਇੱਕ ਬਹੁਤ ਹੀ ਚੰਗੀ ਸ਼ਖਸੀਅਤ ਦਾ ਨਿਰਮਾਣ ਹੁੰਦਾ ਹੈ। ਹਰ ਨਵਾਂ ਸਾਲ ਆਪਣੇ ਨਾਲ ਢੇਰ ਸਾਰੇ ਮੌਕੇ ਲੈ ਕੇ ਆਉਂਦਾ ਹੈ, ਜੋ ਇਨਸਾਨ ਪਿਛਲੇ ਸਾਲ ਕੁਝ ਨਹੀਂ ਕਰ ਸਕੇ, ਉਹ ਨਵੇਂ ਆ ਰਹੇ ਵਕਤ ਦੀ ਨਜ਼ਾਕਤ ਨੂੰ ਸਮਝਣ ਤੇ ਉਸਦਾ ਭਰਭੂਰ ਲਾਭ ਉਠਾਉਂਦੇ ਹੋਏ ਆਪਣੇ ਅਧੂਰੇ ਪਏ ਸੁਪਨਿਆਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨ।

ਨਵੇਂ ਵਰ੍ਹੇ ਦੇ ਸ਼ੁਰੂ ਹੋਣ ਤੇ ਆਪਣੇ ਟੀਚਿਆਂ ਦੀ ਇੱਕ ਲਿਸਟ ਬਣਾਓ। ਫਿਰ ਜੋ ਤੁਹਾਡੇ ਟੀਚੇ ਹਨ, ਉਨ੍ਹਾਂ ਨੂੰ 365 ਦਿਨਾਂ ਵਿੱਚ ਕਿਵੇਂ ਸਰ ਕਰਨਾ ਹੈ, ਉਸ ਬਾਰੇ ਸੋਚੋ ਅਤੇ ਫਿਰ ਸਾਲ ਦੇ ਪਹਿਲੇ ਦਿਨ ਤੋਂ ਹੀ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਮਿਹਨਤ ਵਿੱਚ ਜੁੱਟ ਜਾਓ। ਪਰ ਇਹ ਤਾਂ ਹੀ ਸੰਭਵ ਹੈ ਜੇਕਰ ਤੁਸੀਂ ਪੱਕੇ ਇਰਾਦੇ ਨਾਲ ਸਕਾਰਾਤਮਕ ਨਜ਼ਰੀਏ ਨਾਲ ਆਪਣੇ ਸੰਕਲਪ ਲੈਂਦੇ ਹੋ। ਆਓ ਸਾਰੇ ਇਸ ਨਵੇਂ ਵਰ੍ਹੇ ਤੇ ਆਪਣੇ ਸਾਰੇ ਅਧੂਰੇ ਸੁਪਨਿਆਂ ਨੂੰ ਪੂਰਿਆਂ ਕਰਨ ਦਾ ਵਾਅਦਾ ਕਰੀਏ।

ਆਸ ਤੇ ਅਰਦਾਸ ਕਰਦੀ ਹਾਂ ਕਿ ਆਉਣ ਵਾਲਾ ਨਵਾਂ ਵਰ੍ਹਾ ਦੇਸ਼ ਪੰਜਾਬ ਦੀ ਖੁਸ਼ਹਾਲੀ ਦਾ ਸਾਲ ਹੋਵੇ। ਹਰ ਚਿਹਰੇ ਉੱਪਰ ਮੁਸਕਰਾਹਟ ਹੋਵੇ ਅਤੇ ਹਰ ਧੀ ਦੇ ਸੁਪਨਿਆਂ ਨੂੰ ਉਡਾਨ ਮਿਲੇ। ਨਵੀਂ ਉਗਮਦੀਆਂ ਉਮੰਗਾਂ ਹਰ ਵਿਹੜੇ ਵਿੱਚ ਰੌਣਕਾਂ ਲੈਕੇ ਆਉਣ। ਪੰਜਾਬ ਤੇ ਪੰਜਾਬੀਅਤ ਵਧੇ ਫ਼ੁੱਲੇ। ਤੁਹਾਡੇ ਸਾਰਿਆਂ ਦੇ ਸੁਪਨੇ ਹਕੀਕਤਾਂ ਦਾ ਰੂਪ ਲੈਣ ਤੇ ਹਰ ਕੋਈ ਸਕੂਨਮਈ ਜਿੰਦਗੀ ਜੀਵੇ।

ਨਵਾਂ ਵਰ੍ਹਾ ਆਵੇ ਲੈ ਕੇ ਖੁਸ਼ੀਆਂ ਤੇ ਖੇੜਿਆਂ ਨੂੰ
ਹਰ ਮੁਸਕਾਨ ਮਿਲੇ ਰੋਂਦੇ ਹੋਏ ਚਿਹਰਿਆਂ ਨੂੰ।

ਗੁਰਪੁਰਬ 'ਤੇ ਵਿਸ਼ੇਸ਼

## ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ

ਚੁੰਨੀ ਤੇ ਦਸਤਾਰ ਨਾ ਹੁੰਦੇ
ਦੁਨੀਆ 'ਤੇ ਸਰਦਾਰ ਨਾ ਹੁੰਦੇ
ਕੰਘਾ ਕੜਾ ਤੇ ਕੇਸ ਨਾ ਹੁੰਦਾ ,
ਜੇ ਬਾਪੂ ਦਸਮੇਸ਼ ਨਾ ਹੁੰਦਾ.

ਚੜ੍ਹਦਾ ਕਦੇ ਤਿਰੰਗਾ ਨਾ
ਜੇ ਹੁੰਦਾ ਕੇਸਰੀ ਝੰਡਾ ਨਾ
ਹਿੰਦੂਆਂ ਦਾ ਕੋਈ ਪਿੰਡ ਨਾ ਹੁੰਦਾ,
ਜੇ ਗੁਰੂ ਗੋਬਿੰਦ ਨਾ ਹੁੰਦਾ.

ਜੇ ਦਿੱਲੀ ਬਲੀਦਾਨ ਨਾ ਹੁੰਦਾ
ਹਿੰਦੂ ਹਿੰਦੋਸਤਾਨ ਨਾ ਹੁੰਦਾ
ਭਾਰਤ ਕੋਈ ਦੇਸ਼ ਨਾ ਹੁੰਦਾ,
ਜੇ ਬਾਪੂ ਦਸਮੇਸ਼ ਨਾ ਹੁੰਦਾ.

ਨਾ ਹੀ ਕਦੇ ਨਗਾਰੇ ਵੱਜਦੇ
ਨਾ ਇਹ ਕਦੇ ਜੈਕਾਰੇ ਲੱਗਦੇ
ਨਾ ਹੀ ਅੱਜ ਦਮਾਲੇ ਸਜਦੇ
ਖਾਲਸਾ ਪੰਥ ਬਹਾਲ ਨਾ ਹੁੰਦਾ,
ਜੇ ਗੁਜਰੀ ਦਾ ਲਾਲ ਨਾ ਹੁੰਦਾ।

ਧੰਨ ਹੋ ਗਏ ਮਾਛੀਵਾੜੇ
ਚਮਕੌਰ ਗੜੀ ਸਰਹੰਦ ਪਿਆਰੇ
ਅਨੰਦਪੁਰੀ ਦੇ ਰਾਹ ਨਾ ਹੁੰਦੇ,
ਸ਼ਾਹੇ ਸ਼ਹਿਨਸ਼ਾਹ ਨਾ ਹੁੰਦੇ।

ਸਾਡੀ ਵੱਖਰੀ ਦਿੱਖ ਨਾ ਹੁੰਦੀ
ਜੱਗ 'ਤੇ ਚੌੜੀ ਹਿੱਕ ਨਾ ਹੁੰਦੀ
ਡਾਨਸੀਵਾਲੀਆ ਮਾਣ ਨਾ ਹੁੰਦੇ,
ਜੇ ਸੋਢੀ ਸੁਲਤਾਨ ਨਾ ਹੁੰਦੇ।

ਖਾਲਸਾ ਪੰਥ ਦਲੇਰ ਨਾ ਹੁੰਦਾ,
ਜੇ ਮਰਦ ਅਗੰਮੜਾ ਸ਼ੇਰ ਨਾ ਹੁੰਦਾ।

**-ਕੁਲਵੀਰ ਸਿੰਘ ਡਾਨਸੀਵਾਲ**
**ਫੋਨ: 778 863 2472**

---

## ਲੱਥਣਾ ਨਹੀਂ ਰਿਣ ਸਾਥੋਂ...

ਲੱਥਣਾ ਨਹੀਂ ਰਿਣ ਸਾਥੋਂ, ਬਾਜਾਂ ਵਾਲੇ ਮਾਹੀ ਦਾ।
ਰੋਮ ਰੋਮ ਰਿਣੀ ਓਸ, ਸੰਤ ਸਿਪਾਹੀ ਦਾ।

ਕਿਹੜਾ ਪੁੱਤ ਪਿਤਾ ਨੂੰ, ਸ਼ਹੀਦੀ ਲਈ ਤੋਰਦਾ?
ਰੰਗਲੇ ਸੁਪਨਿਆਂ ਨੂੰ, ਕੌਣ ਹੱਥੀਂ ਖੋਰਦਾ?
ਏਨਾ ਵੱਡਾ ਜੇਰਾ ਦੱਸੋ, ਕਿੱਥੋਂ ਹੈ ਲਿਆਈਦਾ?
ਲੱਥਣਾ......

ਜੱਗ ਉਤੇ ਪੁੱਤਾਂ ਦੀਆਂ, ਦਾਤਾਂ ਨੇ ਪਿਆਰੀਆਂ।
ਹੱਸ ਹੱਸ ਕਿਸੇ ਨੇ ਨਾ, ਕੌਮ ਉਤੋਂ ਵਾਰੀਆਂ।
'ਪੁੱਤਰਾਂ ਦਾ ਦਾਨੀ' ਕਿਤੇ, ਐਵੇਂ ਨਹੀਂ ਕਹਾਈਦਾ
ਲੱਥਣਾ......

ਆਪੇ ਗੁਰ ਚੇਲੇ ਵਾਲਾ, ਸਬਕ ਪੜ੍ਹਾ ਗਿਆ।
ਇੱਕ ਇੱਕ ਸਿੰਘ ਸਵਾ ਲੱਖ, ਨਾਲ ਲੜਾ ਗਿਆ।
ਪੁੱਤਾਂ ਅਤੇ ਸਿੰਘਾਂ ਵਿਚ, ਫਰਕ ਨਹੀਂ ਪਾਈਦਾ
ਲੱਥਣਾ.......

ਦੇਸ਼ 'ਚੋਂ ਗੁਲਾਮੀ ਵਾਲੇ, ਸੰਗਲਾਂ ਨੂੰ ਤੋੜਿਆ।
ਓਹਦੇ 'ਪੰਥ ਖਾਲਸੇ' ਰਾਹ, ਜ਼ੁਲਮਾਂ ਦਾ ਮੋੜਿਆ।
ਵਾਰ ਸਰਬੰਸ ਕਿਵੇਂ, ਸ਼ੁਕਰ ਮਨਾਈਦਾ?
ਲੱਥਣਾ....

ਪੈਰਾਂ ਵਿਚ ਛਾਲੇ, ਪਰ ਮਨ ਵਿੱਚ ਧੀਰ ਏ।
ਚੜ੍ਹਦੀ ਕਲਾ 'ਚ 'ਦੀਸ਼', ਓਸ ਦੀ ਜ਼ਮੀਰ ਏ।
ਕੰਡਿਆਂ ਦੀ ਸੇਜ ਉਤੇ, ਗੀਤ ਕਿੱਦਾਂ ਗਾਈਦਾ?
ਲੱਥਣਾ ਨਹੀਂ ਰਿਣ ਸਾਥੋਂ, ਬਾਜਾਂ ਵਾਲੇ ਮਾਹੀ ਦਾ।

***-ਗੁਰਦੀਸ਼ ਕੌਰ ਗਰੇਵਾਲ***
***ਵ੍ਹਟਸਐਪ: +91 98728 60488***

---

## ਧੰਨ ਦਸਮੇਸ਼ ਪਿਤਾ

ਤੇਗ ਬਹਾਦਰ ਗੁਰੂ ਪਿਤਾ,
ਤੇ ਮਾਂ ਗੁਜਰੀ ਦੇ ਜਾਏ।
ਪਟਨਾ ਸ਼ਹਿਰ 'ਚ ਜਨਮ ਲਿਆ,
ਮੇਰੇ ਧੰਨ ਸ੍ਰੀ ਗੋਬਿੰਦ ਰਾਏ।

ਪੰਜ ਸਾਲ ਦੀ ਉਮਰ ਸੀ ਕੇਵਲ,
ਜਦੋਂ ਆਨੰਦਪੁਰ ਆਏ।
ਚੋਜੀ ਪ੍ਰੀਤਮ ਨੇ ਕੀ ਆਖਾਂ,
ਕੀ-ਕੀ ਚੋਜ ਵਿਖਾਏ।

ਹਿੰਦੂ ਧਰਮ ਬਚਾਵਣ ਦੇ ਲਈ,
ਪਿਤਾ ਤੋਰਿਆ ਦਿੱਲੀ।
ਤੇਗ ਬਹਾਦਰ ਦਿੱਤੀ ਸ਼ਹਾਦਤ,
ਖ਼ਲਕਤ ਸਾਰੀ ਹਿੱਲੀ।

ਬਾਲ-ਵਰੇਸੇ ਗੁਰੂ ਸਾਹਿਬ ਨੇ,
ਸ਼ਸਤਰ-ਵਿੱਦਿਆ ਸਿੱਖੀ।
ਡਰੇ ਪਹਾੜੀ ਰਾਜੇ ਐਸੇ,
ਤੇਗ਼ ਵਾਹੀ ਉਹ ਤਿੱਖੀ।

ਤੇਤੀ ਵਰ੍ਹੇ ਦੀ ਉਮਰੇ ਗੁਰੂ ਜੀ,
ਅੰਮ੍ਰਿਤ ਤਿਆਰ ਕਰਾਇਆ।
ਮਜ਼ਲੂਮਾਂ ਨੂੰ ਉੱਚਾ ਚੁੱਕਿਆ,
ਗਿੱਦੜੋਂ ਸ਼ੇਰ ਬਣਾਇਆ।

ਪੰਜ ਪਿਆਰੇ ਸਾਜ ਸਿੱਖਾਂ ਨੂੰ,
ਫਿਰ ਉਹ ਕੌਤਕ ਕੀਤਾ।
ਗੁਰੂ ਗੋਬਿੰਦ ਨੇ ਚੇਲਾ ਬਣ ਕੇ,
ਘੁੱਟ ਅੰਮ੍ਰਿਤ ਦਾ ਪੀਤਾ।

ਜੰਗ ਚਮਕੌਰ ਦੋ ਵੱਡੇ ਬੇਟੇ,
ਸਨ ਸ਼ਹੀਦ ਕਰਵਾਏ।
ਦੋ ਛੋਟਿਆਂ ਨੂੰ ਖ਼ਾਨ ਵਜ਼ੀਰੇ,
ਨੀਂਹਾਂ ਵਿਚ ਚਿਣਾਏ।

ਐਸੀ ਬਿਪਤਾ 'ਤੇ ਵੀ ਉਨ੍ਹਾਂ,
ਜ਼ਰਾ ਨਾ ਸੋਗ ਮਨਾਇਆ।
'ਯਾਰੜੇ ਦਾ ਸਾਨੂੰ ਸੱਥਰ ਚੰਗਾ',
ਉੱਚੀ ਆਖ ਸੁਣਾਇਆ।

ਜ਼ਫ਼ਰਨਾਮਾ ਔਰੰਗੇ ਤਾਈਂ,
ਲਿਖਿਆ ਜੋਸ਼ 'ਚ ਆ ਕੇ।
ਜੇਤੂ ਚਿੱਠੀ ਪੜ੍ਹ ਔਰੰਗਾ,
ਕੰਬ ਉਠਿਆ ਥੱਰਰਾ ਕੇ।

ਜਿੱਤੀ ਜੰਗ ਖਿਦਰਾਣੇ ਦੀ ਤੇ,
ਟੁੱਟੀ ਸਿੰਘਾਂ ਦੀ ਗੰਢੀ।
ਪਾੜ ਬੇਦਾਵਾ ਮਹਾਂ ਸਿੰਘ ਦਾ,
ਮੰਦੀਓਂ ਕੀਤੀ ਚੰਗੀ।

ਤੁਰਦੇ-ਫਿਰਦੇ ਆਖ਼ਰ ਸਤਿਗੁਰ,
ਦੇਸ ਮਾਲਵਾ ਆਏ।
ਤਲਵੰਡੀ ਦੀ ਬੰਜਰ ਭੂਮੀ,
ਨੂੰ ਆ ਭਾਗ ਲਗਾਏ।

ਦਮਦਮਾ ਸਾਹਿਬ ਨੂੰ ਦਾਤੇ ਨੇ,
ਤਖ਼ਤ ਥਾਪਿਆ ਚੌਥਾ।
ਕੀਤਾ ਲੰਮਾ ਟਿਕਾਣਾ ਏਥੇ,
ਵੇਲਾ ਮੁੱਕਿਆ ਔਖਾ।

ਬੈਠ ਹਜ਼ੂਰੀ ਵਿਚ ਦਾਤੇ ਦੀ,
ਮਾਣ ਡੱਲੇ ਦਾ ਟੁੱਟਿਆ।
ਛਕਿਆ ਅੰਮ੍ਰਿਤ,
ਮਿਟ ਗਈ ਹਉਮੈ,
ਗਰਬ ਦਾ ਭਾਂਡਾ ਫੁੱਟਿਆ।

ਬੀੜ ਗ੍ਰੰਥ ਸੰਪੂਰਨ ਕੀਤੀ,
ਵਿਚ ਤਲਵੰਡੀ ਰਹਿ ਕੇ।
ਮਨੀ ਸਿੰਘ ਨੂੰ ਆਪ ਲਿਖਾਇਆ,
ਮੁੱਖੋਂ ਜ਼ਬਾਨੀ ਕਹਿ ਕੇ।

ਦਸਮ ਗ੍ਰੰਥ ਵਿਚ ਲਿਖੀ ਦਾਤੇ ਨੇ,
ਕੇਵਲ ਆਪਣੀ ਬਾਣੀ।
ਅਜਬ ਅਨੋਖੀ ਉਹਦੀ ਗਾਥਾ,
ਆਖਾਂ ਕਿੰਜ ਕਹਾਣੀ।

ਵਿਚ ਨੰਦੇੜ ਹਜ਼ੂਰ ਸਾਹਿਬ ਜਾ,
ਅੰਤਮ ਫ਼ਤਹਿ ਬੁਲਾਈ।
ਗੁਰੂ ਗ੍ਰੰਥ ਨੂੰ ਸੀਸ ਨਿਵਾ ਕੇ,
ਸੌਂਪ ਦਿੱਤੀ ਗੁਰਿਆਈ।

ਸਾਲ ਬਿਆਲੀ ਰਹਿ ਦੁਨੀਆ ਵਿਚ,
ਐਸੇ ਕੌਤਕ ਕੀਤੇ।
ਜੋ ਅੜਿਆ ਸੋ ਝੜਿਆ,
ਮੁਗ਼ਲਾਂ ਜ਼ਹਿਰ ਪਿਆਲੇ ਪੀਤੇ।

ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ,
ਸਨ ਇਕ ਮਹਾਂ ਸੈਨਾਨੀ।
ਸਭ ਕੁਝ ਵਾਰ ਦਿੱਤਾ ਸੀ ਆਪਣਾ,
ਧੰਨ ਸਨ ਸਰਬੰਸਦਾਨੀ।

ਸਭ ਧਰਮਾਂ ਦੇ,
ਸਭ ਮਜ਼ਭਾਂ ਦੇ,
ਕੀ ਮੁਸਲਿਮ, ਕੀ ਹਿੰਦੂ।
ਸਭ ਦੇ ਗੁਰੂ ਪੀਰ ਸਨ ਸਤਿਗੁਰ,
ਸਭ ਦੇ ਕੇਂਦਰ ਬਿੰਦੂ।

ਮਿੱਤਰ ਪਿਆਰਾ, ਗੁਣੀ ਗਹੀਰਾ,
ਧੰਨ ਅੰਮ੍ਰਿਤ ਦਾ ਦਾਤਾ।
ਕਰ ਕਿਰਪਾ 'ਰੂਹੀ' ਤੇ ਰਹਿਬਰ, ਭੇਦ ਨਾ ਤੇਰਾ ਜਾਤਾ।

**** ਪ੍ਰੋ. ਨਵ ਸੰਗੀਤ ਸਿੰਘ***

---

# ਧਰਮੀ ਬੰਦਾ

**ਗੁਰਬਾਜ ਸਿੰਘ**
**ਫੋਨ: 098723-34944**

ਦਫਤਰ ਪਹੁੰਚ ਕੇ ਰਜਿਸਟਰ ਵਿਚ ਹਾਜ਼ਰੀ ਲਗਾ, ਫੇਰ ਸਾਥੀਆਂ ਸੰਗ ਚਾਹ ਦੀਆਂ ਚੁਸਕੀਆਂ ਭਰ, ਫਟਾਫਟ ਪੈਂਡਿੰਗ ਕੰਮ ਨਿਪਟਾ ਲਿਆ ਫੇਰ ਅੱਧੇ ਦਿਨ ਦੀ ਛੁੱਟੀ ਲਗਾ ਕੇ, ਸਰਕਾਰੀ ਡਿਊਟੀ ਨਾਲ ਸਬੰਧਤ ਸਭੇ ਜ਼ਰੂਰੀ ਧਰਮ ਨਿਭਾ ਲਏ ਸੀ। ਬਰਾਂਚ ਵਿਚੋਂ ਜਾਣ ਲੱਗਿਆਂ, ਸਾਥੀ ਰਛਪਾਲ ਨੂੰ ਆਪਣੀ ਸੀਟ ਨਾਲ ਸਬੰਧਤ ਕੰਮ ਦੀ ਦੇਖ-ਰੇਖ ਕਰਨ ਨੂੰ ਕਹਿ ਦਫਤਰ ਦੀ ਬੇਸਮੈਂਟ ਵਿਚ ਬਣੀ ਪਾਰਕਿੰਗ ਵਿਚ ਹੇਠਾਂ ਆਇਆ।

ਅੱਜ ਐਮ.ਏ ਦਾ ਪੇਪਰ ਸੀ। ਦੁਪਹਿਰ ਨੂੰ ਦੋ ਤੋਂ ਪੰਜ ਵਜੇ ਤੱਕ ਪੇਪਰ ਦਾ ਸਮਾਂ ਸੀ। ਖੁਸ਼ੀ ਵੀ ਸੀ ਕਿ ਪੋਸਟਗਰੈਜੂਏਟ ਦੀ ਡਿਗਰੀ ਕੰਪਲੀਟ ਹੋ ਰਹੀ ਸੀ ਤੇ ਫਿਕਰ ਵੀ ਸੀ ਕਿ ਕਿਤੇ ਲੇਟ ਨਾ ਹੋ ਜਾਵਾਂ। ਪੇਪਰ ਦਾ ਸੈਂਟਰ ਵੀ ਦਫਤਰ ਤੋਂ ਦੂਰ ਸੀ ਤੇ ਦਫਤਰ ਵੀ ਸ਼ਹਿਰ ਤੋਂ ਬਾਹਰ, ਭਾਵ ਸਾਰੇ ਬੰਨ੍ਹੇ ਸਮੇਂ ਤੋਂ ਪਹਿਲਾਂ ਪੁੱਜਣ ਦੀ ਭੱਜ-ਦੌੜ।

ਦਸਤਾਨੇ ਪਾ ਕੇ, ਸਿਰ-ਮੂੰਹ ਗਰਮ ਮਫਲਰ ਨਾਲ ਚੰਗੀ ਤਰ੍ਹਾਂ ਲਪੇਟ ਕੇ, ਕਾਲੀ ਐਨਕ ਵੀ ਲਾ ਲਈ, ਜੈਕਟ ਦੀਆਂ ਜ਼ਿੱਪਾਂ ਚੰਗੀ ਤਰ੍ਹਾਂ ਘੁੱਟ ਲਈਆਂ, ਇਕ ਤਾਂ ਦਸੰਬਰ ਦਾ ਮਹੀਨਾ ਚੱਲ ਰਿਹਾ ਸੀ, ਬਾਹਰ ਠੰਢ ਹੱਡ ਚੀਰਵੀਂ ਸੀ ਕੋਈ ਵੀ ਹਿੱਸਾ ਚਿਹਰੇ ਦਾ ਜਾਂ ਸਰੀਰ ਦਾ ਨੰਗਾ ਰਹਿਣਾ ਮਤਲਬ ਠੰਢ ਦੀਆਂ ਛੁਰੀਆਂ ਸਹਿਣਾ ਤੇ ਉਤੋਂ ਕਾਂਬੇ ਨਾਲ ਮੋਟਰ ਸਾਈਕਲ ਨੂੰ ਚਲਾਉਣਾ, ਦੂਣਾ-ਤੀਣਾ ਯੱਭ, ਐਹੋ ਜਿਹੇ ਮੌਸਮ 'ਚ ਤਾਂ ਬੰਦਾ ਅਰਦਾਸ ਕਰਦਾ, 'ਬਈ ਰੱਬਾ...ਸਾਰੇ ਕੰਮ ਆਪੇ ਹੀ ਹੋਈ ਜਾਣ।' ਮੇਰਾ ਵੀ ਇਹੋ ਹਾਲ ਸੀ ਅੱਜ। ਇਸ ਸਭ ਤਿਆਰੀ ਦਾ ਤੇ ਚੋਰੀ ਨਿਕਲਣ ਦਾ ਦੂਜਾ ਵੱਡਾ ਬਚਾਅ ਵੀ ਸੀ ਕਿ ਕੋਈ ਦਫਤਰ ਦਾ ਸਟਾਫ ਮੈਂਬਰ ਵੇਖ ਹੀ ਨਾ ਲਵੇ, ਜੇ ਵੇਖ ਲਿਆ ਫੇਰ ਸਮਝੋ ਵਗਾਰਾਂ ਹੀ ਵਗਾਰਾਂ ਮੇਰਾ ਬਜ਼ਾਰੋਂ ਐਹ ਲੈ ਆਵੀਂ, ਔਹ ਫੜੀ ਆਵੀਂ।

ਬੇਸਮੈਂਟ ਵਿਚ ਕੋਈ ਨਹੀਂ ਸੀ, ਵੀਰਾਨ ਸੀ। ਅਜੇ ਮੈਂ ਬਚ-ਬਚਾ ਕੇ ਨਿਕਲਣ ਦੀ ਤਿਆਰੀ ਕਰ ਕੇ ਤੁਰਨ ਲੱਗਾ। ਮੋਟਰ ਸਾਈਕਲ 'ਤੇ ਬੈਠ ਅਜੇ ਕਿੱਕ ਮਾਰੀ ਹੀ ਸੀ ਕਿ ਮਗਰੋਂ ਕਿਸੇ ਨੇ ਮੋਢੇ 'ਤੇ ਪੋਲਾ ਜਿਹਾ ਹੱਥ ਰੱਖਿਆ, 'ਪੁੱਤਰ ਜੀ' ਮੈਂ ਹੈਰਾਨੀ ਨਾਲ ਮੋਢੇ ਤੋਂ ਮੂੰਹ ਪਿਛਾਂਹ ਘੁੰਮਾਂ ਵੇਖਿਆ, ਇੱਕ ਸੱਤਰ-ਬਹੱਤਰ ਸਾਲ ਦਾ ਅੰਮ੍ਰਿਤਧਾਰੀ ਬਜ਼ੁਰਗ, ਚਿੱਟੀ ਲੰਮੀ ਦਾੜੀ, ਚਿੱਟਾ ਕੁੜਤਾ ਪਜਾਮਾ, ਗਾਤਰਾ ਪਾਈ, ਲੋਈ ਦੀ ਬੁੱਕਲ ਮਾਰੀ ਖੜ੍ਹਾ ਸੀ।

ਮੇਰਾ ਦਿਮਾਗ ਦੌੜਿਆ, ਕੋਈ ਦਫਤਰੀ ਕੰਮ ਜਾਂ ਬਰਾਂਚ ਦਾ ਪਤਾ ਪੁੱਛਣ ਲਈ ਆਇਆ ਹੋਣੈ। "ਹਾਂਜੀ, ਬਾਬਾ ਜੀ?' 'ਪੁੱਤਰ ਜੀ, ਮੈਂ ਦਰਬਾਰ ਸਾਹਿਬ ਜਾਣਾ ਹੈ, ਦਫਤਰ ਜਿਸ ਕੰਮ ਆਇਆ ਸੀ, ਹੋਇਆ ਨਹੀਂ।' ਸੋਚਿਆ, ਗੁਰੂ ਮਾਰਾਜ ਦੇ ਦਰਸ਼ਨ ਕਰਨ ਦਾ ਧਰਮ ਨਿਭਾ ਆਵਾਂ, ਤੁਸੀਂ ਮੈਨੂੰ ਸ਼ਹਿਰ ਤੱਕ ਲੈ ਚੱਲੋਗੇ, ਪੁੱਤਰ ਜੀ।' ਮੈਂ ਆਸੇ-ਪਾਸੇ ਦੇਖਿਆ, ਕਿਸੇ ਹੋਰ ਨਾਲ ਬਿਠਾ ਦੇਵਾਂ ਪਰ ਕੋਈ ਨਜ਼ਰੀਂ ਨਾ ਪਿਆ। ਮੇਰੇ ਅੱਕੇ ਕੋਲੋਂ ਕਾਹਲੀ ਕਾਹਲੀ ਬੋਲ ਹੋ ਗਿਆ, 'ਬਾਬਾ ਜੀ, ਮੈਂ ਸ੍ਰੀ ਦਰਬਾਰ ਸਾਹਿਬ ਦੇ ਰਸਤੇ ਤੋਂ ਥੋੜ੍ਹੀ ਪਹਿਲਾਂ ਹੀ ਪਿਤਾ ਜੀ ਦੀ ਦਵਾਈ ਲੈਣ ਲਈ ਬਾਜ਼ਾਰ ਵਿਚ ਰੁਕਣਾ ਹੈ ਜੀ ਤੇ ਸ਼ਾਇਦ ਮੈਨੂੰ ਥੋੜੀ ਦੇਰ ਵੀ ਲੱਗ ਜਾਵੇ ਕਿਉਂਕਿ ਉਸ ਮੈਡੀਕਲ ਸਟੋਰ 'ਤੇ ਭੀੜ ਵੀ ਹੁੰਦੀ ਹੈ। ਮੈਂ ਸੋਚਿਆ ਸ਼ਾਇਦ ਬਾਬਾ ਆਪੇ ਜਾਣ ਤੋਂ ਨਾਂਹ ਕਰ ਦੇਵੇਗਾ ਤੇ ਕੋਈ ਹੋਰ ਸਵਾਰੀ ਲੱਭ ਲਵੇਗਾ।

ਪਰ ਬਾਬਾ ਬੋਲਿਆ, 'ਕੋਈ ਗੱਲ ਨਹੀਂ, ਪੁੱਤਰ ਜੀ, ਤੁਸੀਂ ਮੈਨੂੰ ਲੈ ਚੱਲੋ ਨਾਲ, ਬੜੀ ਇੱਛਾ ਹੈ ਗੁਰੂ ਘਰ ਜਾਣ ਦੀ, ਤੁਸੀਂ ਜਿੱਥੇ ਰੁਕੋਗੇ, ਮੈਂ ਵੀ ਰੁਕ ਜਾਵਾਂਗਾ ਤੇ ਤੁਹਾਡੇ ਦਵਾਈ ਲੈਣ ਦੀ ਇੰਤਜ਼ਾਰ ਕਰ ਲਵਾਂਗਾ।' ਹੁਣ ਦਵਾਈ ਖਰੀਦਣ ਲਈ ਮੈਨੂੰ ਮੈਡੀਕਲ ਸਟੋਰ 'ਤੇ ਰੁਕਣਾ ਹੀ ਪੈਣਾ ਸੀ ਤੇ ਦਵਾਈ ਵੀ ਲੈਣੀ ਪੈਣੀ ਸੀ। ਪਤਾ ਨਹੀਂ, ਪਰ ਬਾਬੇ ਦੇ ਨਿਮਰਤਾ ਤੇ ਹਲੀਮੀ ਭਰੇ ਵਤੀਰੇ ਤੇ ਗੁਰੂ ਘਰ ਜਾਣ ਦੇ ਦ੍ਰਿੜ ਇਰਾਦੇ ਸਾਹਵੇਂ ਮੇਰਾ ਲਾਇਆ ਹਰ ਪੱਜ ਹਾਰ ਰਿਹਾ ਸੀ ਕਿਉਂਕਿ ਦਵਾਈ ਤਾਂ ਪਿਤਾ ਜੀ ਦੀ ਮੈਂ ਦੋ ਦਿਨ ਪਹਿਲਾਂ ਹੀ ਲੈ ਆਇਆ ਸੀ।

'ਖੌਰੇ ਬਾਬਾ ਕਿੱਥੇ ਆ ਧਮਕਿਆ ਸੀ,' ਮੈਂ ਗੁੱਸੇ ਵਿਚ ਦੰਦ ਕਰੀਚ ਰਿਹਾ ਸੀ ਤੇ ਮੱਥਾ ਤਿਊੜੀਆਂ ਨਾਲ ਭਰ ਰਿਹਾ ਸੀ। ਪਰ ਮਫਲਰ ਤੇ ਐਨਕ ਦੇ ਓਹਲੇ ਬਾਬੇ ਨੂੰ ਕੁਝ ਨਾ ਦਿਖਣ ਕਾਰਨ ਅੰਦਰੋਂ-ਅੰਦਰੀ ਪੇਪਰ ਤੋਂ ਲੇਟ ਨਾ ਹੋ ਜਾਵਣ ਦੇ ਫਿਕਰ ਦਾ ਅੱਕ ਵੀ ਚੱਬ ਰਿਹਾ ਸੀ। ਦੂਜਾ ਇਸ ਕੜਾਕੇ ਦੀ ਠੰਢ ਵਿਚ ਬਾਬੇ ਦਾ ਭਾਰ ਵੀ ਢੋਣਾ ਪੈ ਰਿਹਾ ਸੀ। ਚੱਲੋ ਜੀ, ਮੇਰੇ ਕੁਝ ਹਾਂ ਜਾਂ ਨਾਂਹ ਕਰਨ ਤੋਂ ਪਹਿਲਾਂ ਹੀ ਬਾਬਾ ਜੀ ਮੇਰੇ ਮਗਰ ਬਿਰਾਜ ਹੋ ਗਏ ਤੇ ਮੇਰੇ ਸਾਰੇ ਵਿਚਾਰ ਧਰੇ-ਧਰਾਈ ਰਹਿ ਗਏ।

ਮੈਂ ਅੱਕਿਆ ਬੋਲਣ ਤੋਂ ਪਰਹੇਜ਼ ਕਰ ਰਿਹਾ ਸੀ, ਪਰ ਬਾਬਾ ਸ਼ੁਰੂ ਹੋ ਗਿਆ, 'ਪੁੱਤਰ ਜੀ ਤੁਸੀਂ ਕੀ ਕੰਮ ਕਰਦੇ ਹੋ?' ਮੈਂ ਤਾਂ ਪੇਪਰ ਲਈ ਦੂਰ ਜਾਣ, ਲੇਟ ਹੋਣ ਕਾਰਨ, ਦਵਾਈ ਲਈ ਲਾਏ ਪੱਜ, ਮੁਫਤ ਦਾ ਸਮਾਂ ਗੁਆਉਣ, ਰਸਤੇ ਦੇ ਮੈਡੀਕਲ ਸਟੋਰ 'ਤੇ ਰੁਕਣ, ਬਾਬੇ ਨੂੰ ਦਿਖਾਵੇ ਲਈ ਕਿਹੜੀ ਦਵਾਈ ਲੈਣੀ ਹੈ, ਪੈਸੇ ਵੀ ਮੁਫਤ ਦੇ ਖਰਚਣੇ ਪੈਣਗੇ ਆਦਿ ਸੋਚਾਂ ਦੀਆਂ ਗੁੰਝਲਾਂ ਵਿਚ ਗੁੱਥਮ-ਗੁੱਥਾ ਹੋਇਆ ਕੁਝ ਨਾ ਬੋਲਿਆ। ਪਰ ਬਾਬੇ ਨੇ ਆਪ ਹੀ ਜੁਆਬ ਘੜ ਲਿਆ। 'ਪੁੱਤਰ ਜੀ, 'ਤੁਸੀਂ ਮੈਨੂੰ ਬਾਊ ਲੱਗਦੇ ਓ? ਇਸ ਦਫਤਰ ਵਿਚ।' ਮੈਂ ਬੁੱਝੇ ਸੁਰ 'ਚ ਇੱਕੋ ਉਤਰ ਦਿੱਤਾ, 'ਆਹੋ।'

ਸ਼ਾਇਦ ਬਾਬਾ ਮੇਰਾ ਵਤੀਰਾ ਭਾਂਪ ਰਿਹਾ ਸੀ ਤੇ ਹੁਣ ਚੁੱਪ ਜਿਹਾ ਹੋ ਗਿਆ ਸੀ। ਮੂੰਹ ਵਿਚ ਕੁਝ ਬੁੜ-ਬੁੜਾ ਰਿਹਾ ਸੀ। ਮੈਨੂੰ ਮਫਲਰ ਦੀ ਘੁਟਨ ਵਿਚੋਂ ਕੁਝ ਸਾਫ ਤਾਂ ਸੁਣ ਨਹੀਂ ਰਿਹਾ ਸੀ। ਸ਼ਾਇਦ ਰੱਬ ਦਾ ਨਾਮ ਜਪ ਰਿਹਾ ਸੀ। ਦੂਜੇ ਪਾਸੇ ਮੈਂ ਮੁਫਤ ਦਾ ਫਸਿਆ ਹੋਣ ਕਰਕੇ, ਪੇਪਰ ਤੋਂ ਲੇਟ ਹੋਣ ਦੇ ਡਰ ਦਾ ਗੁੱਸਾਇਆ, ਮੋਟਰਸਾਈਕਲ 'ਤੇ ਵਰ੍ਹ ਰਹੀ ਠੰਢੀ ਸ਼ੀਤ ਹਵਾ ਨਾਲ ਕਾਂਬੇ ਤੇ ਠਾਰ ਨੂੰ ਵੀ ਭੁੱਲ ਗਿਆ ਸੀ।

ਇਨ੍ਹਾਂ ਵਿਚਾਰਾਂ ਵਿਚ ਗਲਤਾਨ ਹੋਏ ਕਦੋਂ ਤਰਨ ਤਾਰਨ ਸ਼ਹਿਰ ਵਿਚ ਆ ਪਹੁੰਚੇ ਪਤਾ ਹੀ ਨਾ ਲੱਗਾ। ਮੈਡੀਕਲ ਸਟੋਰ ਦੀ ਗਲੀ ਮੇਨ ਬਾਜ਼ਾਰ ਤੋਂ ਥੋੜੀ ਹਟਵੀਂ ਸੱਜੇ ਬੰਨ੍ਹੇ ਸੀ। ਮੈਂ ਮੋਟਰਸਾਈਕਲ ਰੋਕ ਕੇ ਬਾਬਾ ਜੀ ਨੂੰ ਉਡੀਕਣ ਵਾਸਤੇ ਕਿਹਾ ਤੇ ਦਵਾਈ ਲੈਣ ਚਲਾ ਗਿਆ।

ਮੈਡੀਕਲ ਸਟੋਰ ਵੱਲ ਮੇਰੇ ਕਦਮ ਹੌਲੀ ਹੌਲੀ ਚੱਲ ਰਹੇ ਸਨ ਭਾਵੇਂ ਮੈਨੂੰ ਕਾਹਲੀ ਬਹੁਤ ਸੀ, ਕਿਉਂਕਿ ਦਿਮਾਗ ਸੋਚ ਰਿਹਾ ਸੀ ਕਿ ਕਿਹੜੀ ਦਵਾਈ ਲਈ ਜਾਵੇ। ਅਚਾਨਕ ਮੈਂ ਸੋਚਣ ਲੱਗਾ ਕਿ ਦਫਤਰੀ ਬਾਊਆਂ ਨੂੰ ਕਿਸ ਦਵਾਈ ਦੀ ਅਮੂਮਨ ਲੋੜ ਪੈਂਦੀ ਹੈ। ਫੇਰ ਖਿਆਲ ਆਇਆ ਕਿ ਕੱਲ੍ਹ ਹੀ ਤਾਂ ਰਛਪਾਲ ਤੇ ਅਭਿਸ਼ੇਕ (ਦਫਤਰੀ ਸਾਥੀ) ਸਿਰਦਰਦ ਦੀ ਦਵਾਈ ਬਰਾਂਚ ਦੇ ਦਰਾਜ਼ਾਂ 'ਚੋਂ ਭਾਲ ਰਹੇ ਸੀ। ਦਫਤਰੀ ਕੰਮ 'ਤੇ ਰੋਜ਼ਾਨਾ ਪਬਲਿਕ ਨੂੰ ਡੀਲ ਕਰਦੇ ਸਿਰਦਰਦ ਹੋਣਾ ਲਾਜ਼ਮੀ ਹੀ ਐ, ਇਹੋ ਲੈ ਲੈਨੇ ਹਾਂ, ਚਲੋ ਦਵਾਈ ਦਾ ਫੈਸਲਾ ਹੋ ਗਿਆ।

ਮੈਂ ਦੁਕਾਨ ਤੋਂ ਡਿਸਪਰਿਨ ਦਾ ਪੂਰਾ ਪੱਤਾ ਲੈ ਲਿਆ ਕਿ ਚਲੋ ਦਫਤਰ ਵਿਚ ਕਿਸੇ ਦੇ ਕੰਮ ਆ ਜਾਵੇਗਾ ਤੇ ਬਾਬਾ ਜੀ ਦੀ ਨਜ਼ਰ ਵਿਚ ਵੀ ਮਨ ਹੀ ਮਨ ਸੱਚਾ ਹੋ ਗਿਆ ਸੀ। ਹੱਥ ਵਿਚ ਦਵਾਈ ਦਾ ਪੱਤਾ ਲਈ ਮੈਂ ਮੋਟਰ ਸਾਈਕਲ ਦੇ ਕੋਲ ਆਇਆ ਤੇ ਕਿਹਾ, 'ਚਲੋ ਬਾਬਾ ਜੀ, ਚੱਲੀਏ' ਤੁਹਾਨੂੰ ਸ੍ਰੀ ਦਰਬਾਰ ਸਾਹਿਬ ਦੇ ਬਾਹਰੀ ਗੇਟ ਤੱਕ ਛੱਡ ਆਵਾਂ।

'ਨਹੀਂ ਪੁੱਤਰ ਜੀ, ਲੋੜ ਨਹੀਂ।' ਮੈਂ ਹੈਰਾਨ ਹੋਇਆ ਬੋਲ ਉਠਿਆ, ਕਿਉਂ ਬਾਬਾ ਜੀ, 'ਲੋੜ ਨਹੀਂ, ਕਿਉਂ?' ਅੱਗੇ ਥੋੜਾ ਹੀ ਤਾਂ ਰਸਤਾ ਰਹਿ ਗਿਆ ਹੈ, ਮੇਨ ਗੇਟ ਸੜਕ ਦੇ ਉੱਪਰ ਹੀ ਹੈ, ਮੈਂ ਲੈ ਜਾਨਾਂ ਥੋਨੂੰ ਉੱਥੇ।

ਬਾਬਾ ਬੋਲਿਆ, 'ਪੁੱਤਰ ਜੀ, ਤੁਸੀਂ ਲੇਟ ਨਾ ਹੋ ਜਾਣਾ, ਜਿਸ ਵੀ ਕੰਮ ਜਾਣਾ ਹੈ, ਜਾਓ, ਮੈਂ ਪਹਿਲਾਂ ਵੀ ਆਉਨਾ ਰਹਿਨਾਂ, ਨਾਲ ਦੀ ਗਲੀ ਵਿਚੋਂ ਸ਼ੌਟ-ਕੱਟ ਰਸਤਾ ਹੈ ਜੋ ਸਿੱਧਾ ਗੁਰੂਘਰ ਜਾਂਦਾ ਹੈ। ਗੁਰੂਘਰ ਦੇ ਚਾਰ ਦਰਵਾਜ਼ਿਆਂ 'ਚੋਂ ਇੱਕ ਦਰਵਾਜ਼ਾ ਇਸ ਗਲੀ ਵੱਲ ਵੀ ਹੈ। ਫਿਕਰ ਨਾ ਕਰੋ ਪੁੱਤਰ ਜੀ, ਮੈਂ ਹੁਣ ਚਲਾ ਜਾਵਾਂਗਾ।'

ਮੈਂ ਦੋਵੇਂ ਹੱਥ ਜੋੜ ਸਿਰ ਝੁਕਾ ਕੇ ਬੋਲਿਆ, 'ਚੰਗਾ ਬਾਬਾ ਜੀ, ਸਤਿ ਸ੍ਰੀ ਅਕਾਲ 'ਬਾਬੇ ਨੇ ਪਿੱਠ 'ਤੇ ਥਾਪੀ ਦਿੱਤੀ ਤੇ ਅਸੀਸਾਂ ਦੀ ਝੜੀ ਲਾ ਦਿੱਤੀ, 'ਜਿਉਂਦਾ ਰਹਿ ਪੁੱਤਰ, ਜਵਾਨੀ ਮਾਣ, ਜਿਉਂਦਾ-ਵੱਸਦਾ ਰਹਿ, ਰੱਬ ਲੰਬੀ ਉਮਰ ਕਰੇ, ਬਰਕਤਾਂ ਕਰੇ, ਤੂੰ ਬਜ਼ੁਰਗਾਂ ਦੀ ਸੇਵਾ ਕਰਦੈਂ, ਨੇਕ ਬੰਦਾ ਵਾਂ ਰੱਬ ਦਾ।' ਜਲਦੀ ਬਾਬਾ ਗੁਰੂਘਰ ਨੂੰ ਜਾਣ ਵਾਲੀ ਗਲੀ ਦੇ ਰਾਹ ਪੈ ਗਿਆ।

ਓਹ ਬਾਬਾ, ਧਰਮੀ ਇਨਸਾਨ, ਧਰਮ ਨਿਭਾਉਣ ਗੁਰੂਘਰ ਜਾ ਰਿਹਾ ਸੀ ਤੇ ਮੈਂ ਕਿਸੇ ਬੇਈਮਾਨ, ਕਸੂਰਵਾਰ ਵਾਂਗ ਬੁੱਤ ਬਣੀ ਕਦੇ ਬਾਬੇ ਵੱਲ ਤੇ ਕਦੇ ਹੱਥ 'ਚ ਫੜੀ ਸਿਰ ਪੀੜ ਦੀ ਦਵਾਈ ਦੇ ਪੱਤੇ ਵੱਲ ਵੇਖੀ ਜਾ ਰਿਹਾ ਸੀ। ਗੁਰੂ ਘਰ ਵੱਲ ਨੂੰ ਜਾਂਦੇ ਬਾਬੇ ਨੇ ਇੱਕ ਵਾਰੀ ਵੀ ਮੁੜ ਕੇ ਮੇਰੇ ਵੱਲ ਨਾ ਤੱਕਿਆ। ਹੌਲੀ-ਹੌਲੀ ਉਹ ਮੇਰੀਆਂ ਨਜ਼ਰਾਂ ਤੋਂ ਓਹਲੇ ਹੋ ਗਿਆ ਪਰ ਉਸ ਵਲੋਂ ਮੇਰੀ ਪਿੱਠ 'ਤੇ ਦਿੱਤੀ ਥਾਪੀ ਦੀ ਥਾਪ ਮੈਨੂੰ ਅਜੇ ਵੀ ਮਹਿਸੂਸ ਹੋ ਰਹੀ ਸੀ।

# ਨੇਸ਼ਨ ਸਟੇਟ’ ਦੇ ਆਰੀਆ ਸਮਾਜੀ ਬਿਰਤਾਂਤ ਵਿਚ ਫਸਿਆ ਸਨਾਤਨੀ ਹਿੰਦੂ

***ਭਾਰਤ ਵਿਚ ਇਸ ਵਕਤ ਆਰ.ਐਸ.ਐਸ. ਅਤੇ ਇਸ ਦੀ ਸਿਆਸੀ ਧਿਰ- ਭਾਰਤੀ ਜਨਤਾ ਪਾਰਟੀ, ਹਿੰਦੂ ਰਾਸ਼ਟਰ ਦਾ ਏਜੰਡਾ ਬੜੇ ਜ਼ੋਰ-ਸ਼ੋਰ ਨਾਲ ਚਲਾ ਰਹੀਆਂ ਹਨ। ਜਲੰਧਰ ਵੱਸਦੇ ਵਿਦਵਾਨ ਸ. ਗੁਰਬਚਨ ਸਿੰਘ ਨੇ ਆਪਣੇ ਇਸ ਲੇਖ ਵਿਚ ਇਸ ਸਮੁੱਚੇ ਮਸਲੇ ਦੇ ਪਿਛੋਕੜ ਦੀ ਚੀਰ-ਫਾੜ ਕਰਦਿਆਂ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ।***

ਇਹ ਕਿਵੇਂ ਹੋਇਆ ਕਿ ਇਕ ਪਾਸੇ ਦੱਖਣੀ ਏਸ਼ੀਆ ਦੇ ਇਸ ਖਿੱਤੇ ਨੂੰ ਇਕ ਉਪ-ਮਹਾਂਦੀਪ ਕਹਿਣ ਤੇ ਆਪਣੇ ਆਪ ਨੂੰ ਇਸ ਖੇਤਰ ਵਿਚ ਵਿਕਸਿਤ ਹੋਈ ਵੈਦਿਕ ਸਭਿਅਤਾ ਦੇ ਵਾਰਿਸ ਅਖਵਾਉਣ ਵਾਲੇ ਹਿੰਦੂ ਬੁੱਧੀਜੀਵੀ ‘ਭਾਰਤ ਇਕ ਰਾਸ਼ਟਰ’ ਦੇ ਚੱਕਰ ਵਿਚ ਫਸ ਗਏ। ਇਕ ਪਾਸੇ ਉਹ ਪਾਕਿਸਤਾਨ ਸਮੇਤ ਇਸ ਖਿੱਤੇ ਨੂੰ ‘ਅਖੰਡ ਭਾਰਤ’ ਦੇ ਨਾਂ ਹੇਠ ਇਕ-ਜੁਟ ਕਰਨਾ ਲੋਚਦੇ ਹਨ ਪਰ ਦੂਜੇ ਪਾਸੇ ‘ਹਿੰਦੀ-ਹਿੰਦੂ-ਹਿੰਦੋਸਤਾਨ’ ਦੇ ਨਾਅਰੇ ਲਾ ਕੇ ਹਿੰਦੂ ਰਾਸ਼ਟਰ ਨੂੰ ਕੇਂਦਰੀ ਹਿੰਦੋਸਤਾਨ ਦੇ ਚਾਰ-ਪੰਜ ਸੂਬਿਆਂ ਤਕ ਸੀਮਤ ਕਰ ਲੈਂਦੇ ਹਨ। ਉਨ੍ਹਾਂ ਦੀ ਇਸ ਦੁਵਿਧਾ ਦੀ ਜੜ੍ਹ ‘ਨੇਸ਼ਨ ਸਟੇਟ’ ਦੇ ਆਰੀਆ ਸਮਾਜੀ ਬਿਰਤਾਂਤ ਵਿਚ ਪਈ ਹੈ। ਪੱਛਮੀ ਤਰਜ਼ ਉਤੇ ‘ਹਿੰਦੀ-ਹਿੰਦੂ-ਹਿੰਦੋਸਤਾਨ’ ਦਾ ਬਿਰਤਾਂਤ ਸਭ ਤੋਂ ਪਹਿਲਾਂ ਆਰੀਆ ਸਮਾਜੀਆਂ ਨੇ ਦ੍ਰਿੜ ਕੀਤਾ, ਜਿਸ ਨੂੰ ‘ਪੰਜਾਬ’ ਅੰਦਰ ਜਥੇਬੰਦ ਹੋਈ ਜਨ ਸੰਘ ਨੇ ਸਾਰੇ ਦੇਸ਼



**ਗੁਰਬਚਨ ਸਿੰਘ**
**ਫੋਨ: +91-98156-98451**

ਵਿਚ ਫੈਲਾਉਣ ਦਾ ਰੋਲ ਨਿਭਾਇਆ।

ਪੰਜਾਬ ਵਿਚ ਅੰਗਰੇਜ਼ ਸਾਮਰਾਜੀਆਂ ਦੇ ਆਉਣ ਨਾਲ ਪੱਛਮੀ ਜਮਹੂਰੀਅਤ ਦਾ ਸੰਕਲਪ ਲੋਕ-ਮਨਾਂ ਵਿਚ ਆਪਣੀਆ ਜੜ੍ਹਾਂ ਜਮਾਉਣ ਲੱਗਾ। ਇਸ ਦੇ ਲਾਜ਼ਮੀ ਸਿੱਟੇ ਵਜੋਂ ਗੁਣਾਂ ਦੀ ਬਜਾਇ ਸਿਰਾਂ ਦੀ ਗਿਣਤੀ ਜ਼ੋਰ ਫੜਦੀ ਗਈ। ਇਸ ਬਹੁਗਿਣਤੀ-ਘੱਟਗਿਣਤੀ ਦੀ ਸੋਚ ਨੇ ਹਰੇਕ ਧਰਮ ਦੇ ਲੋਕਾਂ ਨੂੰ ਆਪਣੀ ਆਪਣੀ ਗਿਣਤੀ ਵਧਾਉਣ ਦੇ ਚੱਕਰ ਵਿਚ ਫਸਾ ਦਿੱਤਾ। ਇਸ ਦੁਸ਼ਟ ਚੱਕਰ ਨੇ ਪੰਜਾਬ ਅੰਦਰਲੇ ਤਿੰਨਾਂ ਭਾਈਚਾਰਿਆਂ ਦੇ ਮਨਾਂ ਵਿਚ ਇਕ-ਦੂਜੇ ਪ੍ਰਤੀ ਨਫਰਤ ਪੈਦਾ ਕੀਤੀ। ਮਹਾਤਮਾ ਗਾਂਧੀ ਨੇ ਲਿਖਿਆ ਹੈ ਕਿ ਅੰਗਰੇਜ਼ ਸਾਮਰਾਜੀਆਂ ਨੇ ਦੇਸ਼ ਉਤੇ ਕਬਜ਼ਾ ਕਰ ਕੇ ਇੱਥੋਂ ਦੇ ਇਤਿਹਾਸ ਨੂੰ ਫਿਰਕੂ ਵੰਡ ਦੇ ਆਧਾਰ ਉਤੇ ਲਿਖਵਾਉਣਾ, ਪ੍ਰਚਾਰਨਾ ਤੇ ਇਸ ਵੰਡ ਨੂੰ ਰਾਜਸੀ ਸ਼ਹਿ ਦੇਣੀ ਸ਼ੁਰੂ ਕੀਤੀ।

ਇਹ ਸਿਰਫ ਅੰਗਰੇਜ਼ ਬਸਤੀਵਾਦੀ ਸਨ, ਜਿਨ੍ਹਾਂ ਨੇ ਆ ਕੇ ਤਿੰਨਾਂ ਫਿਰਕਿਆਂ ਵਿਚ ਫਿਰਕੂ ਦੁਫੇੜ ਪੈਦਾ ਕੀਤੀ। ਅਜਿਹੀਆਂ ਝੂਠੀਆਂ ਧਾਰਨਾਵਾਂ ਪ੍ਰਚੱਲਿਤ ਕੀਤੀਆਂ, ਜਿਹੜੀਆਂ ਹੁਣ ਤਕ ਤੁਰੀਆਂ ਆ ਰਹੀਆਂ ਹਨ। ਗੁਰੂ ਸਾਹਿਬ ਦੇ ਮੂੰਹ ਵਿਚ ਅਜਿਹੇ ਸ਼ਬਦ ਪਾਏ ਗਏ ਕਿ ਜੇ ਮੁਸਲਮਾਨ ਆਪਣੀ ਬਾਂਹ ਉਤੇ ਤੇਲ ਮਲ ਕੇ ਉਸ ਨੂੰ ਤਿਲਾਂ ਵਿਚੋਂ ਲੰਘਾਉਣ ਤੇ ਬਾਂਹ ਨੂੰ ਚਿੰਬੜੇ ਹੋਏ ਤਿਲਾਂ ਦੀ ਗਿਣਤੀ ਜਿੰਨੀਆਂ ਸੌਹਾਂ ਵੀ ਚੁੱਕਣ, ਤਾਂ ਵੀ ਉਨ੍ਹਾਂ ਦੀ ਕਿਸੇ ਗੱਲ ਦਾ ਇਤਬਾਰ ਨਹੀਂ ਕਰਨਾ। ਇਸ ਝੂਠੀ ਧਾਰਨਾਂ ਨੂੰ ਪ੍ਰਚਲਿਤ ਕਰਨ ਲਈ ਗਊ-ਕੁਰਾਨ ਦੀ ਸਹੁੰ ਚੁੱਕ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਸਾਹਿਬ ਦੇ ਕਿਲ੍ਹੇ ਤੋਂ ਬਾਹਰ ਆਉਣ ਵਾਸਤੇ ਸਹਿਮਤ ਕਰਨ ਦੀ ਘਟਨਾ ਨੂੰ ਆਧਾਰ ਬਣਾਇਆ ਗਿਆ। ਆਰੀਆ ਸਮਾਜੀ ਅਖਬਾਰਾਂ ਨੇ ਅਜਿਹੀਆਂ ਧਾਰਨਾਵਾਂ ਨੂੰ ਖੂਬ ਪ੍ਰਚਾਰਿਆ, ਜਿਸ ਕਰਕੇ ਹਿੰਦੂ ਸਿੱਖ ਮਨਾਂ ਵਿਚ ਮੁਸਲਮਾਨਾਂ ਪ੍ਰਤੀ ਨਫਰਤ ਭਰੀ ਗਈ।

ਅੰਗਰੇਜ਼ ਸਾਮਰਾਜੀ ਬੜੇ ਸ਼ੈਤਾਨ ਸਨ। ਉਨ੍ਹਾਂ ਨੂੰ ਪਤਾ ਸੀ ਕਿ ਖਤਰਨਾਕ ਬੰਦਾ ਨਹੀਂ ਹੁੰਦਾ ਸਗੋਂ ਉਸ ਦੀ ਸੋਚ ਹੁੰਦੀ ਹੈ, ਜਿਹੜੀ ਬੰਦੇ ਨੂੰ ਚਲਾਉਂਦੀ ਹੈ। ਇਸ ਲਈ ਜੇ ਬੰਦੇ ਦੀ ਸੋਚ ਨੂੰ ਫਿਰਕੂ ਰੰਗਤ ਦੇ ਦਿੱਤੀ ਜਾਵੇ ਤਾਂ ਉਹ ਆਪੇ ਹੀ ਸਮਾਜ ਲਈ ਖਤਰਨਾਕ ਬਣ ਜਾਵੇਗਾ।

ਕੇਨਥ ਡਬਲਿਊ ਜੋਨਸ ਨੇ ਇਸ ਵਰਤਾਰੇ ਦੀ ਜਾਣਕਾਰੀ ਦਿੱਤੀ ਹੈ। ਆਪਣੀ ਲਿਖਤ ‘ਹਮ ਹਿੰਦੂ ਨਹੀਂ - ਆਰੀਆਂ ਸਿੱਖ ਰਿਸ਼ਤੇ’ ਵਿਚ ਉਸ ਨੇ ਲਿਖਿਆ ਹੈ, ‘‘ਪੰਜਾਬ ਦੇ ਉਸ ਦੌਰ ਦਾ ਇਤਿਹਾਸ ਦੋ ਘੱਟ ਗਿਣਤੀ ਭਾਈਚਾਰਿਆਂ (ਹਿੰਦੂਆਂ ਤੇ ਮੁਸਲਮਾਨਾਂ) ਵਿਚਕਾਰ ਧਾਰਮਿਕ ਮੁਕਾਬਲੇ ਦੀ ਬੜੀ ਨਾਟਕੀ ਪੇਸ਼ਕਾਰੀ ਕਰਦਾ ਹੈ। ਪੰਜਾਬੀ ਹਿੰਦੂਆਂ ਦੀ ਇਕ ਨਵੀਂ, ਆਧੁਨਿਕ ਤੇ ਸਤਿਕਾਰਤ ਧਾਰਮਿਕ ਪ੍ਰੰਪਰਾ ਸਿਰਜਣ ਦੇ ਯਤਨਾਂ ਨੇ, ਉਨ੍ਹਾਂ ਦੇ ਆਪਣੇ ਭਾਈਚਾਰੇ ਤਕ ਸੀਮਤ ਨਾ ਰਹਿ ਕੇ ਪੰਜਾਬ ਅੰਦਰਲੇ ਬਾਕੀ ਭਾਈਚਾਰਿਆਂ - ਮੁਸਲਮਾਨਾਂ ਤੇ ਸਿੱਖਾਂ ਨਾਲ ਉਨ੍ਹਾਂ ਦੇ ਰਿਸ਼ਤਿਆਂ ਨੂੰ ਵੀ ਬਦਲ ਦਿੱਤਾ। ਇਕ ਅੰਗਰੇਜ਼ੀ ਪੜ੍ਹਿਆ ਲਿਖਿਆ ਸ੍ਰੇਸ਼ਠ ਹਿੰਦੂ ਵਰਗ ਹੋਂਦ ਵਿਚ ਆਇਆ। ਇਹ ਵਰਗ ਮੁੱਖ (ਸਨਾਤਨੀ) ਹਿੰਦੂ ਭਾਈਚਾਰੇ ਦੀਆਂ ਕਦਰਾਂ-ਕੀਮਤਾਂ ਤੋਂ ਟੁੱਟਿਆ ਹੋਇਆ ਤੇ ਹਿੰਦੂ ਸਮਾਜ ਦੇ ਬਾਹਰਲੇ ਹਾਸ਼ੀਏ ਉਤੇ ਬੈਠਾ ਹੋਇਆ ਸੀ। ਇਸ ਵਰਗ ਨੇ ਪੁਰਾਣੇ ਸੰਸਾਰ ਦੀ ਨਵੀਂ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ ਤੇ ਇਸ ਤਰ੍ਹਾਂ ਕਰਦਿਆਂ ਨਵਾਂ ਵਿਚਾਰਧਾਰਕ ਸੋਚ ਪ੍ਰਬੰਧ ਸਿਰਜਿਆ, ਜਿਸਦਾ ਮੰਤਵ ਬੀਤੇ ਤੇ ਵਰਤਮਾਨ ਦੀ ਨਵੀਂ ਵਿਆਖਿਆ ਕਰਨਾ ਤੇ ਭਵਿੱਖ ਲਈ ਨਵਾਂ ਦ੍ਰਿਸ਼ਟੀਕੋਣ ਸਿਰਜਣਾ ਸੀ। ਪੁਰਾਣੇ ਵਿਚਾਰਾਂ ਦੀ ਨਵੀਂ ਵਿਆਖਿਆ, ਵਿਸਥਾਰ ਤੇ ਪ੍ਰਚਾਰ ਨੇ ਜਿੱਥੇ ਸਮੂਹਿਕ ਚੇਤਨਾ ਪੈਦਾ ਕੀਤੀ, ਉਥੇ ਇਸ ਵਰਗ ਵਿਚ ਆਪਣੀ ਵਿਲੱਖਣ ਹੋਂਦ ਦਾ ਅਹਿਸਾਸ ਵੀ ਪੈਦਾ ਕੀਤਾ। ਪਰ ਨਾਲ ਹੀ ਇਨ੍ਹਾਂ ਨਵੇਂ ਵਿਸ਼ਵਾਸਾਂ ਨੂੰ ਮੰਨਣ ਤੇ ਨਾ ਮੰਨਣ ਵਾਲੇ ਵਰਗਾਂ ਵਿਚਕਾਰ ਇਕ ਦੂਰੀ ਵੀ ਪੈਦਾ ਕੀਤੀ। ਆਪਣੀ ਪਛਾਣ ਦੀ ਮੁੜ-ਵਿਆਖਿਆ ਦੇ ਇਸ ਵਰਤਾਰੇ ਨੇ ਉਨੀਵੀਂ ਸਦੀ ਦੇ ਪਿਛਲੇ ਦਹਾਕਿਆਂ ਅੰਦਰ ਪੰਜਾਬ ਵਿਚ ਐਸੀ ਹਲਚਲ ਮਚਾਈ ਕਿ ਇਸ ਨਾਲ ਵਧੇ ਵਿਚਾਰਧਾਰਕ ਤੇ ਧਾਰਮਿਕ ਟਕਰਾਅ ਨੇ ਸਾਰੇ ਧਾਰਮਿਕ ਭਾਈਚਾਰਿਆਂ ਵਿਚ ਬਹਿਸਾਂ ਦਾ ਮਾਹੌਲ ਭਖਾ ਦਿੱਤਾ। ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੇ ਆਪਣੇ-ਆਪਣੇ ਸੰਕਲਪਾਂ ਨੂੰ ਸਾਹਮਣੇ ਲਿਆਉਣਾ ਆਰੰਭ ਕੀਤਾ, ਜਿਸ ਨੇ ਦੂਜੇ ਭਾਈਚਾਰਿਆਂ ਨਾਲ ਤੇ ਆਪਣੇ ਭਾਈਚਾਰੇ ਅੰਦਰਲੇ ਵਿਚਾਰਧਾਰਕ ਸੰਘਰਸ਼ ਨੂੰ ਹੋਰ ਤੇਜ਼ ਕੀਤਾ। ਇਕ-ਦੂਜੇ ਨੂੰ ਸੁਆਲ-ਜੁਆਬ ਕਰਨ ਦੇ ਇਸ ਵਰਤਾਰੇ ਨੇ ਪੰਜਾਬੀ ਧਾਰਮਿਕ ਭਾਈਚਾਰਿਆਂ ਵਿਚਲੇ ਰਿਸ਼ਤੇ ਸਥਾਈ ਰੂਪ ਵਿਚ ਬਦਲ ਦਿੱਤੇ। ਇਸ ਤੋਂ ਵੀ ਵਧੇਰੇ ਬੁਨਿਆਦੀ ਤਬਦੀਲੀ ਇਹ ਵਾਪਰੀ ਕਿ ਇਸ ਨੇ ਬਹੁਤ ਸਾਰੇ ਸਮੂਹਾਂ ਅੰਦਰਲੇ ਆਪਣੇ ਧਾਰਮਿਕ ਸੰਕਲਪਾਂ ਨੂੰ ਵੀ ਬਦਲ ਦਿੱਤਾ।’’

(ਹਵਾਲਾ, ‘ਹਮ ਹਿੰਦੂ ਨਹੀਂ’ ਆਰੀਆ ਸਿੱਖ ਰਿਸ਼ਤੇ, 1877-1905, ਕੇਨਥ ਡਬਲਿਊ ਜੋਨਸ, ਜਰਨਲ ਆਫ ਏਸ਼ੀਅਨ ਸਟੱਡੀਜ਼, ਜਿਲਦ 32, ਅੰਕ 3, ਮਈ 1973, ਸਫਾ 457)


ਅੰਗਰੇਜ਼ੀ ਪੜ੍ਹੇ-ਲਿਖੇ ਤੇ ਬਸਤੀਵਾਦੀ ਆਰਥਿਕ ਰਿਸ਼ਤਿਆਂ ਦੀ ਬਦੌਲਤ ਨਵੇਂ-ਨਵੇਂ ਅਮੀਰ ਬਣੇ ਇਸ ਸ੍ਰੇਸ਼ਠ ਹਿੰਦੂ ਵਰਗ ਰਾਹੀਂ ਪੰਜਾਬ ਅੰਦਰ ਪਹਿਲਾਂ ਬ੍ਰਹਮੋ ਸਮਾਜ ਤੇ ਫਿਰ ਆਰੀਆ ਸਮਾਜ ਦੀ ਆਮਦ ਹੋਈ। ਆਰੀਆ ਸਮਾਜ ਦੀ ਆਮਦ ਨੇ ਪੰਜਾਬ ਅੰਦਰ ਹਿੰਦੂ-ਸਿੱਖ-ਮੁਸਲਮਾਨ ਤੁਫਰਕਾ ਕਿਵੇਂ ਪੈਦਾ ਕੀਤਾ, ਇਸ ਵਰਤਾਰੇ ਨੂੰ ਹਾਲ ਦੀ ਘੜੀ ਲਾਂਭੇ ਛੱਡਦੇ ਹੋਏ ਇੱਥੇ ਅਸੀਂ ਸਿਰਫ ਪੱਛਮੀ ਨੇਸ਼ਨ ਸਟੇਟ ਦੀ ਤਰਜ਼ ਉਤੇ ਉਭਰੇ ‘ਹਿੰਦੂ ਰਾਸ਼ਟਰਵਾਦ’ ਦੀ ਗੱਲ ਕਰਾਂਗੇ।

ਸ਼ਹੀਦ ਭਗਤ ਸਿੰਘ ਹੁਰਾਂ ਦੇ ਸ਼ਬਦਾਂ ਵਿਚ, ‘‘ਏਧਰ ਆਰੀਆ ਸਮਾਜ ਦਾ ਸੰਚਾਰ ਹੋਇਆ। ਸਵਾਮੀ ਦਯਾ ਨੰਦ ਸਰਸਵਤੀ ਨੇ ਸਾਰੇ ਭਾਰਤ ਵਰਸ਼ ਵਿਚ ਹਿੰਦੀ ਦਾ ਪ੍ਰਚਾਰ ਕਰਨ ਦਾ ਭਾਵ ਰੱਖਿਆ। ਹਿੰਦੀ ਭਾਸ਼ਾ ਆਰੀਆ ਸਮਾਜ ਦਾ ਇਕ ਅੰਗ ਬਣ ਗਈ। ਧਾਰਮਿਕ ਅੰਗ ਬਣ ਜਾਣ ਦਾ ਇਕ ਲਾਭ ਇਹ ਹੋਇਆ ਕਿ ਆਰੀਆ ਸਮਾਜੀਆਂ ਦੀ ਕੱਟੜਤਾ ਨਾਲ ਹਿੰਦੀ ਭਾਸ਼ਾ ਨੇ ਆਪਣੀ ਥਾਂ ਬਣਾ ਲਈ।’’... ‘‘ ਮੁਸਲਮਾਨਾਂ ਵਿਚ ਭਾਰਤੀਅਤਾ ਦੀ ਹਰ ਤਰ੍ਹਾਂ ਘਾਟ ਹੈ, ਉਹ ਸਾਰੇ ਭਾਰਤ ਵਿਚ ਭਾਰਤੀਅਤਾ ਦੀ ਮਹੱਤਤਾ ਨਾ ਸਮਝ ਕੇ ਅਰਬੀ ਲਿਪੀ ਤੇ ਫਾਰਸੀ ਭਾਸ਼ਾ ਦਾ ਪ੍ਰਚਾਰ ਕਰਨਾ ਚਾਹੁੰਦੇ ਹਨ। ਸਾਰੇ ਭਾਰਤ ਦੀ ਇਕ ਭਾਸ਼ਾ ਤੇ ਉਹ ਵੀ ਹਿੰਦੀ ਹੋਣ ਦਾ ਮਹੱਤਵ ਉਨ੍ਹਾਂ ਦੀ ਸਮਝ ਵਿਚ ਨਹੀਂ ਆਉਂਦਾ।’’... ‘‘‘ਸਭ ਦੇ ਸਾਹਮਣੇ ਇਸ ਵੇਲੇ ਮੁਖ ਸੁਆਲ ਭਾਰਤ ਨੂੰ ਇਕ ਰਾਸ਼ਟਰ ਬਣਾਉਣਾ ਹੈ, ਇਕ ਰਾਸ਼ਟਰ ਬਣਾਉਣ ਲਈ ਇਕ ਭਾਸ਼ਾ ਹੋਣਾ ਜ਼ਰੂਰੀ ਹੈ।’’ .. ‘‘ਸਾਨੂੰ ਆਪਣੇ ਦੇਸ ਵਿਚ ਇਸ ਆਦਰਸ਼ ਨੂੰ ਕਾਇਮ ਕਰਨਾ ਹੋਵੇਗਾ। ਸਾਰੇ ਦੇਸ ਵਿਚ ਇਕ ਭਾਸ਼ਾ, ਇਕ ਲਿਪੀ, ਇਕ ਸਾਹਿਤ, ਇਕ ਆਦਰਸ਼ ਤੇ ਇਕ ਰਾਸ਼ਟਰ ਬਣਾਉਣਾ ਪਵੇਗਾ। ਪਰ ਸਾਰੀਆਂ ਏਕਤਾਵਾਂ ਤੋਂ ਪਹਿਲਾਂ ਇਕ ਭਾਸ਼ਾ ਦਾ ਹੋਣਾ ਜ਼ਰੂਰੀ ਹੈ।’’

(ਹਵਾਲਾ : ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ, ਸੰਪਾਦਕ (ਸ਼ਹੀਦ ਭਗਤ ਸਿੰਘ ਦੇ ਭਾਣਜੇ) ਪ੍ਰੋ. ਜਗਮੋਹਨ ਸਿੰਘ)

ਇਹ ਸੀ ਆਰੀਆ ਸਮਾਜੀ ਸੋਚ ਦਾ ਤੱਤ : ਇਕ ਭਾਸ਼ਾ, ਇਕ ਲਿਪੀ, ਇਕ ਸਾਹਿਤ, ਇਕ ਆਦਰਸ਼ ਤੇ ਇਕ ਰਾਸ਼ਟਰ। ਇਸ ਸੋਚ ਨੇ ਪੰਜਾਬ ਅੰਦਰ ਤਾਂ ਨਕਾਰੀ ਰੋਲ ਨਿਭਾਇਆ ਹੀ ਪਰ ਨਾਲ ਹੀ ਇਸ ਨੇ ਬਾਕੀ ਦੇਸ ਵਿਚ ਵੀ ‘ਹਿੰਦੀ-ਹਿੰਦੂ-ਹਿੰਦੋਸਤਾਨ’ ਦੇ ਬਿਰਤਾਂਤ ਨੂੰ ਦ੍ਰਿੜ ਕੀਤਾ। ਇਹ ਆਰੀਆ ਸਮਾਜੀ ਸੋਚ ਹਿੰਦੋਸਤਾਨੀ ਦੇ ਸਮਾਜੀ ਪਿੜ ਵਿਚ ਗੱਡਿਆ ਸੇਹ ਦਾ ਤਕਲਾ ਹੈ। ਨੌਜਵਾਨ ਪੀੜ੍ਹੀ ਨੂੰ ਸ਼ਾਇਦ ਇਹ ਜਾਣਕਾਰੀ ਨਹੀਂ ਕਿ ਅਜੋਕੀ ਭਾਰਤੀ ਜਨਤਾ ਪਾਰਟੀ ਦਾ ਪਹਿਲਾ ਨਾਂ ਜਨ ਸੰਘ ਹੁੰਦਾ ਸੀ ਤੇ ਇਸ ਦਾ ਮੁੱਢ ਪੰਜਾਬ ਦੇ ਆਰੀਆ ਸਮਾਜੀਆਂ ਨੇ ਬੰਨ੍ਹਿਆ ਸੀ। ਇਹ ਸੱਚ ਹੈ ਕਿ ਆਰ.ਐਸ.ਐਸ. ਦਾ ਜਨਮ ਮਹਾਰਾਸ਼ਟਰ ਵਿਚ ਹੋਇਆ ਤੇ ਹਿੰਦੂ ਧਰਮ ਨਾਲ ਸਬੰਧਤ ਸੁਧਾਰਵਾਦੀ ਲਹਿਰਾਂ ਦਾ ਗੜ੍ਹ ਉਸ ਵੇਲੇ ਦਾ ਬੰਗਾਲ ਸੀ। ਪਰ ਮਨੂਵਾਦੀ ਹਿੰਦੂਆਂ ਨੂੰ ਰਾਜਸੀ ਲੀਡਰਸ਼ਿਪ ਦੇਣ ਪੱਖੋਂ ਪੰਜਾਬ ਦੇ ਇਨ੍ਹਾਂ ਆਰੀਆ ਸਮਾਜੀਆਂ ਦਾ ਅਹਿਮ ਰੋਲ ਰਿਹਾ ਹੈ।

ਪਹਿਲੀ ਵਾਰ 1924 ਵਿਚ ਲਾਲਾ ਲਾਜਪਤ ਰਾਏ ਨੇ ਕਿਹਾ ਸੀ ਕਿ ਪੰਜਾਬ ਅੰਦਰ ਬਹੁਗਿਣਤੀ ਵਿਚ ਰਹਿੰਦਾ ਮੁਸਲਮਾਨ ਸਮਾਜ, ਹਿੰਦੂ-ਸਿੱਖ ਹਿੱਤਾਂ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ ਅਤੇ ਪੰਜਾਬ ਦੇ ਇਕ ਹਿੱਸੇ ਵਿਚ ਜਿੱਧਰ ਹਿੰਦੂ-ਸਿੱਖਾਂ ਦੀ ਬਹੁਗਿਣਤੀ ਹੈ, ਉਸ ਨੂੰ ਮੁਸਲਿਮ ਬਹੁਗਿਣਤੀ ਵਾਲੇ ਹਿੱਸੇ ਤੋਂ ਵੱਖ ਕਰ ਦੇਣਾ ਚਾਹੀਦਾ ਹੈ। 1932 ਵਿਚ ਭਾਈ ਪਰਮਾਨੰਦ ਨੇ ਕਿਹਾ ਸੀ ਕਿ ਸਾਨੂੰ ਮੁਸਲਿਮ ਬਹੁਗਿਣਤੀ ਵਾਲੇ ਪੰਜਾਬ ਇਲਾਕੇ ਉਤੇ ਕੋਈ ਇਤਰਾਜ਼ ਨਹੀਂ, ਜੇ ਇਸ ਵਿਚੋਂ ਹਿੰਦੂ ਬਹੁਗਿਣਤੀ ਵਾਲੇ ਇਲਾਕੇ ਕੱਢ ਕੇ ਦਿੱਲੀ ਜਾਂ ਯੂ ਪੀ ਦੇ ਨਾਲ ਮਿਲਾ ਦਿੱਤੇ ਜਾਣ। ਪੰਜਾਬ ਅੰਦਰ ਆਰੀਆ ਸਮਾਜ ਨਾਲ ਸਿੱਧੇ ਜੁੜੇ ਹਿੰਦੂਆਂ ਦੀ ਗਿਣਤੀ ਭਾਵੇਂ ਬਹੁਤ ਜ਼ਿਆਦਾ ਨਹੀਂ ਹੈ ਪਰ ਪੰਜਾਬ ਵਿਚ ਛਪਣ ਵਾਲੇ ਸਾਰੇ ਹਿੰਦੀ ਤੇ (ਉਸ ਵੇਲੇ ਛਪਦੇ) ਉਰਦੂ ਅਖ਼ਬਾਰ ਲਗਪਗ ਆਰੀਆ ਸਮਾਜੀ ਹੱਥਾਂ ਵਿਚ ਰਹੇ ਹਨ, ਜਿਸ ਕਰਕੇ ਉਹ ਪੰਜਾਬ ਦੀ ਹਿੰਦੂ ਜਨਤਾ ਦੇ ਬਹੁਤ ਵੱਡੇ ਹਿੱਸਿਆਂ ਤੇ ਖਾਸ ਕਰਕੇ ਸ਼ਹਿਰੀ ਹਿੰਦੂਆਂ ਨੂੰ ਪ੍ਰਭਾਵਿਤ ਕਰਦੇ ਆ ਰਹੇ ਹਨ।




ਸਵਾਮੀ ਦਇਆ ਨੰਦ ਰਚਿਤ ‘ਸਤਿਆਰਥ ਪ੍ਰਕਾਸ਼’ ਪੜ੍ਹਿਆਂ ਹੀ ਪਤਾ ਲੱਗਦਾ ਹੈ ਕਿ ਇਹ ਵੈਦਿਕ ਫਿਲਾਸਫੀ ਦੀ ਅਜੋਕੀ ਵਿਆਖਿਆ ਨਹੀਂ ਬਲਕਿ ਮਨੂਵਾਦ ਦੀ ਨਵੀਂ ਵਿਆਖਿਆ ਹੈ। ਇਹ ਮਨੂਵਾਦੀ ਸੋਚ ਆਪਣੇ ਤੋਂ ਬਿਨਾਂ ਬਾਕੀ ਸਾਰਿਆਂ ਨੂੰ ਟਿੱਚ ਸਮਝਦੀ ਹੈ। ਇਸੇ ਵਿਆਖਿਆ ਦੇ ਆਧਾਰ ਉਤੇ ਸਤਿਆਰਥ ਪ੍ਰਕਾਸ਼ ਵਿਚ ਸਿੱਖ ਧਰਮ, ਇਸਲਾਮ ਤੇ ਇਸਾਈਅਤ ਦੀ ਮੰਦੀ ਸ਼ਬਦਾਵਲੀ ਵਿਚ ਆਲੋਚਨਾ ਕੀਤੀ ਗਈ। ਸਾਮਰਾਜੀ ਰਾਜਨੀਤੀ ਤੇ ਇਸੇ ਆਰੀਆ ਸਮਾਜੀ ਸੋਚ ਨੇ ਹਿੰਦੂਆਂ ਦੇ ਮਨਾਂ ਵਿਚ ਬਾਕੀ ਧਰਮਾਂ ਪ੍ਰਤੀ ਨਫਰਤ ਭਰੀ। ਆਰੀਆ ਸਮਾਜ ਦੀ ਇਸੇ ਮਨੂੰਵਾਦੀ ਸੋਚ ਨੇ ਹਿੰਦ-ਪਾਕਿ ਵੰਡ ਕਰਵਾਈ, ਜਿਸ ਦਾ ਖਮਿਆਜ਼ਾ ਲੱਖਾਂ ਪੰਜਾਬੀਆਂ ਨੇ ਆਪਣੀਆਂ ਜਾਨਾਂ ਦੇ ਕੇ ਹਿੰਦ-ਪਾਕਿ ਵੰਡ ਦੇ ਰੂਪ ਵਿਚ ਭੁਗਤਿਆ। ਆਰੀਆ ਸਮਾਜੀਆਂ ਦਾ ਇਹੀ ਰਾਸ਼ਟਰਵਾਦੀ ਬਿਰਤਾਂਤ ਹੁਣ ਮੋਦੀਕਿਆਂ ਦੇ ਰੂਪ ਵਿਚ ਇਸ ਸਮੁੱਚੇ ਖਿੱਤੇ ਲਈ ਤਬਾਹੀ ਦਾ ਸਬੱਬ ਬਣ ਗਿਆ ਹੈ।

ਬੇਸ਼ੱਕ ਅਸਲ ਮਸਲਾ ਵੇਦਾਂ ਵਿਚਲੇ ਆਤਮਿਕ ਗਿਆਨ ਨੂੰ ਅਜੋਕੇ ਪ੍ਰਸੰਗ ਵਿਚ ਨਵਿਆਉਣ ਤੇ ਅਪਣਾਉਣ ਦਾ ਹੈ। ਵੈਦਿਕ ਫਿਲਾਸਫੀ ਵਿਚ ਬਹੁਤ ਕੁਝ ਭਰਮਾਊ ਰਲਿਆ ਹੋਇਆ ਹੈ ਪਰ ਇਸ ਵਿਚ ਆਤਮਿਕ ਗਿਆਨ ਦਾ ਤੱਤ ਵੀ ਮੌਜੂਦ ਹੈ। ਇਨ੍ਹਾਂ ਭਰਮਾਊ ਧਾਰਨਾਵਾਂ ਤੇ ਇਨ੍ਹਾਂ ਵਿਚਲੇ ਆਤਮਿਕ ਗਿਆਨ ਦੇ ਤੱਤ ਨੂੰ ਨਿਖੇੜਨ ਦੀ ਲੋੜ ਹੈ। ਇਹ ਕੰਮ ਗੁਰਮਤਿ ਨੇ ਕੀਤਾ ਹੈ। ਗੁਰਮਤਿ ਦੇ ਇਸ ਵਿਰਸੇ ਨੂੰ ਅੱਗੇ ਤੋਰਨ ਦੀ ਲੋੜ ਹੈ। ਵੈਦਿਕ ਫਿਲਾਸਫੀ ਵਿਚ ਦਰਜ ਹੈ : ਸਾਰੇ ਜਨ ਸੁਖੀ ਵਸਣ। ਗੁਰਮਤਿ ਨੇ ਇਸੇ ਵੈਦਿਕ ਧਾਰਨਾ ਨੂੰ ਸਰਬਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦੇ ਰੂਪ ਵਿਚ ਅਗੇ ਤੋਰਿਆ ਹੈ। ‘ਵਾਸੂਦੇਵਾ ਕਟੁੰਬਕਮ’ ਭਾਵ ਸਾਰਾ ਵਿਸ਼ਵ ਇਕ ਪਰਿਵਾਰ ਹੈ, ਨੂੰ ਏਕ ਪਿਤਾ ਏਕਸ ਕੇ ਹਮ ਬਾਰਿਕ॥ ਦੇ ਰੂਪ ਵਿਚ ਨਵਿਆਇਆ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਹਿੰਦੋਸਤਾਨ ਦੇ ਲੋਕਾਂ ਕੋਲ ਇਕ ਅਜਿਹਾ ਸਿਧਾਂਤ ਹੈ, ਜਿਹੜਾ ਵੈਦਿਕ ਫਿਲਾਸਫੀ ਤੇ ਇਸਲਾਮ ਵਿਚਕਾਰ ਪੁਲ ਦਾ ਕੰਮ ਕਰ ਸਕਦਾ ਹੈ। ਇਸੇ ਕਰਕੇ ਗੁਰੂ ਸਾਹਿਬ ਨੇ ਸਿੱਖੀ ਨੂੰ ਦੋਹਾਂ ਧਰਮਾਂ ਤੋਂ ਨਿਆਰਾ ਤੇ ਦੋਹਾਂ ਧਰਮਾਂ ਵਿਚਲੀ ਕਾਣ ਮੇਟਣ ਵਾਲੇ ਧਰਮ ਵਜੋਂ ਪੇਸ਼ ਕੀਤਾ ਹੈ। ਪੱਛਮ ਵਿਚ ਧਰਮ ਬਾਰੇ ਵਰਤੇ ਜਾਂਦੇ ਸ਼ਬਦ ਰਿਲੀਜਨ ਤੇ ਪੂਰਬ ਵਿਚਲੇ ਸ਼ਬਦ ਧਰਮ ਦੇ ਸੰਕਲਪ ਵੱਖੋ-ਵੱਖਰੇ ਹਨ। ਵੈਦਿਕ ਫਿਲਾਸਫੀ ਤੇ ਬੁੱਧ ਮਤਿ ਵਿਚ ਵਰਤੇ ਗਏ ਧਰਮ ਸ਼ਬਦ ਦੇ ਸੰਕਲਪ ਦੀ ਸਭ ਤੋਂ ਵਧੇਰੇ ਸਪੱਸ਼ਟ ਵਿਆਖਿਆ ਗੁਰਮਤਿ ਨੇ ਕੀਤੀ ਹੈ। ਧਰਮ ਦਾ ਇਹ ਸੰਕਲਪ ਹਿੰਦੂਆਂ, ਮੁਸਲਮਾਨਾਂ ਸਮੇਤ ਸੰਸਾਰ ਭਰ ਦੇ ਲੋਕਾਂ ਨੂੰ ਆਪਣੇ ਕਲਾਵੇ ਵਿਚ ਲੈ ਸਕਦਾ ਹੈ। ਤੀਜੀ ਸੰਸਾਰ ਜੰਗ ਵੱਲ ਵਧ ਰਹੇ ਸੰਸਾਰ ਨੂੰ ਰਾਹ ਵਿਖਾਉਣ ਲਈ ਗੁਰੂ ਗ੍ਰੰਥ ਸਾਹਿਬ ਦੀ ਇਸ ਅਹਿਮੀਅਤ ਨੂੰ ਸਮਝਣ ਦੀ ਲੋੜ ਹੈ।

ਹੁਣ ਤਕ ਪੱਛਮੀ ਤਰਜ਼ ਦੀਆਂ ਬਣੀਆਂ ਸਾਰੀਆਂ ਨੇਸ਼ਨ ਸਟੇਟਾਂ ਬਸਤੀਵਾਦੀ ਲੁੱਟ ਦੇ ਢੰਗਾਂ ਨਾਲ ਮਨਮਾਨੀ ਕਰਦੀਆਂ ਆ ਰਹੀਆਂ ਹਨ। ਸੰਸਾਰ ਭਰ ਵਿਚੋਂ ਗਰੀਬੀ, ਬਿਮਾਰੀ ਤੇ ਬੇਰੁਜ਼ਗਾਰੀ ਖਤਮ ਕਰ ਕੇ ਖੁਸ਼ਹਾਲ ਸਮਾਜ ਸਿਰਜਣ ਦੇ ਉਨ੍ਹਾਂ ਦੇ ਲਾਏ ਨਾਅਰਿਆਂ ਦੀ ਹੁਣ ਫੂਕ ਨਿਕਲ ਚੁੱਕੀ ਹੈ। ਇਹ ਸਪੱਸ਼ਟ ਹੋ ਗਿਆ ਹੈ ਕਿ ਸੰਸਾਰ ਭਰ ਵਿਚ ਜਿਹੜਾ ਵੀ ਢਾਂਚਾ ਜਾਂ ਖਿੱਤਾ ਪੱਛਮੀ ਸਿੱਖਿਆ ਪ੍ਰਬੰਧ ਦੇ ਨਜ਼ਰੀਏ ਦਾ ਗੁਲਾਮ ਹੈ, ਓਥੇ ਗਰੀਬੀ ਬਿਮਾਰੀ ਤੇ ਬੇਰੁਜ਼ਗਾਰੀ ਵਰਗੇ ਮੁੱਦੇ ਕਦੇ ਖਤਮ ਨਹੀਂ ਹੋ ਸਕਦੇ। ਪੱਛਮੀ ਪ੍ਰਬੰਧ ਵਿਚ ਵਿਸ਼ਵਾਸ ਰੱਖਣ ਵਾਲੇ ਲੋਕ ਸਮੱਸਿਆਵਾਂ ਦਾ ਹੱਲ ਉਨ੍ਹਾਂ ਸੰਵਿਧਾਨਾਂ ਵਿਚੋਂ ਲੱਭ ਰਹੇ ਹਨ, ਜਿਹੜੇ ਸੰਵਿਧਾਨ ਬਹੁਤ ਹੱਦ ਵੇਲਾ ਵਿਹਾ ਚੁੱਕੇ ਹਨ। ਆਮ ਲੋਕ ਸਮੱਸਿਆਵਾਂ ਦੇ ਬੋਝ ਦੇ ਨਾਲ ਨਾਲ ਸੰਵਿਧਾਨਕ ਗੁਲਾਮੀ ਦੇ ਬੋਝ ਹੇਠ ਵੀ ਦੱਬੇ ਹੋਏ ਹਨ। ਅੱਜ ਪੱਛਮੀ ਗੁਲਾਮੀ ਤੋਂ ਕੇਵਲ ਉਹ ਲੋਕ ਹੀ ਬਚੇ ਹਨ ਜੋ ਆਪਣੀ ਰਵਾਇਤੀ ਕੁਦਰਤੀ ਸਮਝ ਅਨੁਸਾਰ ਪੱਛਮੀ ਵਿਗਿਆਨਕ ਸਭਿਆਚਾਰ ਦਾ ਹਿੱਸਾ ਨਹੀਂ ਬਣੇ। ਕੁਦਰਤੀ ਪਛਾਣਾਂ ਵਾਲੀ ਵੰਨ-ਸੁਵੰਨਤਾ ਨੂੰ ਬਚਾਉਂਦੇ ਹੋਏ ਬਣੀ ਸੰਸਾਰ ਸਾਂਝ ਹੀ ਹੁਣ ਸਦੀਵੀ ਹੋਵੇਗੀ। ਆਧੁਨਿਕ ਗੁਲਾਮੀ ਤੋਂ ਬਚਣ ਲਈ ਹਰ ਭਾਈਚਾਰੇ ਜਾਂ ਖਿੱਤੇ ਨੂੰ ਨਵੀਂ ਸੰਸਾਰ ਮੰਡੀ ਤੇ ਨੇਸ਼ਨ ਸਟੇਟ ਦੀ ਪੜ੍ਹਾਈ ਲਿਖਾਈ ਤੋਂ ਦੂਰ ਆਪਣੇ ਪਿਤਾ ਪੁਰਖੀ ਕੁਦਰਤੀ ਸਮਝ ਜਾਂ ਨਜ਼ਰੀਏ ਵਾਲੀ ਪੜ੍ਹਾਈ ਨੂੰ ਪਹਿਲ ਦੇਣੀ ਚਾਹੀਦੀ ਹੈ। ਗੁਰਮਤਿ ਅਜਿਹੀ ਜੀਵਨ ਜਾਚ ਦੀ ਪੁਸ਼ਟੀ ਕਰਦੀ ਹੈ।

## ਹਨੇਰਾ ਚਾਣਨ

ਹਰ ਚਾਨਣ ਚੰਗਾ ਨਹੀਂ ਹੁੰਦਾ
ਨਾ ਹਰ ਬੁਰਾ ਹਨੇਰਾ।
ਉਹੀਓ ਚੰਗਾ ਹੱਕ ਸੱਚ ਦੇ
ਹੱਕ ਵਿਚ ਭੁਗਤੇ ਜਿਹੜਾ।
ਬੰਦ ਕਰੋ ਇਹ ਟੈਂਅ ਟੈਂਅ ਸ਼ਾਇਰੀ
ਜੋ ਸਦੀਆਂ ਤੋਂ ਗਾਉਂਦੇ,
ਹਰ ਬੁਰਾਈ ਨ੍ਹੇਰਾ ਜੰਮਦਾ
ਚਾਨਣ ਸਦਾ ਚੰਗੇਰਾ।
ਭੱਠ ਪਵੇ ਚਾਨਣ ਜੋ ਭਾਗੋ
ਦੇ ਮਹਿਲ ਰੁਸ਼ਨਾਏ,
ਪ੍ਰੇਮੀਆਂ ਤਾਈਂ ਮਿਲਾਵੇ ਨ੍ਹੇਰਾ
ਉਸ ਤੋਂ ਚੰਗਾ ਕਿਹੜਾ।
ਹਰ ਕਿਸਮ ਦੇ ਨ੍ਹੇਰੇ ਕੋਲੋਂ
ਇੱਕੋ ਜਿਹਾ ਨਹੀਂ ਖ਼ਤਰਾ,
ਸੱਭ ਤੋਂ ਖ਼ਤਰਨਾਕ ਹੈ ਹੁੰਦਾ
ਬੰਦ ਅੱਖਾਂ ਦਾ ਨ੍ਹੇਰਾ।
ਇਸ ਨ੍ਹੇਰੇ ‘ਚੇ ਡੁੱਬ ਕੇ ਬ੍ਰਹਿਮੰਡ
ਬੰਦੇ ਦਾ ਮਰ ਜਾਂਦਾ,
ਜਿਸ ਦੀ ਲਾਸ਼ ਉਠਾਈ ਜ਼ਿੰਦਗੀ
ਗਾਹਵੇ ਪੰਧ ਲੰਮੇਰਾ।
ਬੰਦ ਅੱਖਾਂ ਦਾ ਨ੍ਹੇਰਾ ਬੰਦਾ
ਹਿੜ੍ਹ ਹਿੜ੍ਹ ਕਰ ਜਰ ਜਾਂਦਾ,
ਸਾਰਿਆਂ ਜੇਰਿਆਂ ਵਿਚੋਂ ਵਧ ਕੇ
ਖ਼ਤਰਨਾਕ ਇਹ ਜੇਰਾ।
ਨ੍ਹੇਰੇ ਦੀ ਅੱਖ ਸਭ ਕੁਛ ਵੇਖੇ
ਜੋ ਚਾਨਣ ਵਿਚ ਹੁੰਦਾ,
ਚਾਨਣ ਦੀ ਅੱਖ ਹੋ ਜਏ
ਛਾਣਨ ਲੱਗੀ ਨ੍ਹੇਰਾ।
ਐ ਦੁਨੀਆ ਦੇ ਸ਼ਾਇਰੋ ਗਾਇਕੋ
ਏਸ ਸੱਚ ਦੀ ਲੋਏ,
ਦੱਸੋ ਕਿਹੜਾ ਵੱਧ ਗਿਆਨੀ
ਚਾਨਣ ਹਾਂ ਅੰਧੇਰਾ।
ਸ਼ੁੱਧ ਚੰਗੇ ਤੇ ਸ਼ੁੱਧ ਬੁਰੇ ਦਾ
ਕੂੜਾ ਸੱਭ ਫ਼ਲਸਫ਼ਾ,
ਅਸ਼ੁੱਧੀ ਕੁੱਖੋਂ ਬ੍ਰਹਿਮੰਡ ਜੰਮਿਆ
ਜ਼ਿੰਦਗੀ ਪੰਧ ਲੰਬੇਰਾ।

*-ਪਰਖ਼ਾ*

# ਫੁੱਟਬਾਲ ਦਾ ਸ਼ਹਿਨਸ਼ਾਹ ਸੀ ਬ੍ਰਾਜ਼ੀਲ ਦਾ ਪੇਲੇ




**ਪ੍ਰਿੰ. ਸਰਵਣ ਸਿੰਘ**
ਫੋਨ: 647-785-1661


ਜਦੋਂ ਵੀ ਫੁੱਟਬਾਲ ਦਾ ਵਿਸ਼ਵ ਕੱਪ ਹੁੰਦਾ ਸੀ ਮੈਨੂੰ ਪੇਲੇ ਯਾਦ ਆ ਜਾਂਦਾ ਸੀ। ਫੁੱਟਬਾਲ ਦਾ ਸ਼ਹਿਨਸ਼ਾਹ ਜੋ ਸੀ। ਜਦੋਂ ਉਸ ਨੇ ਹਜ਼ਾਰਵਾਂ ਗੋਲ ਕੀਤਾ ਸੀ ਤਾਂ ਲੱਗਾ ਸੀ ਜਿਵੇਂ ਉਸ ਨੇ ਚੰਦ 'ਤੇ ਪੈਰ ਜਾ ਰੱਖਿਆ ਹੋਵੇ। ਜਿਸ ਦਿਨ 1250ਵਾਂ ਗੋਲ ਕੀਤਾ ਤਾਂ ਉਸ ਨੂੰ ਫੁੱਟਬਾਲ ਦੇ ਗੋਲਡਨ ਬੂਟ ਭੇਟ ਹੋਏ। ਬ੍ਰਾਜ਼ੀਲ ਵੱਲੋਂ ਵਧੀਆ ਖਿਡਾਰੀ ਲਈ ਪੇਲੇ ਅਵਾਰਡ ਰੱਖਿਆ ਗਿਆ। ਉਹ ਅਖ਼ੀਰ ਤਕ ਫੁੱਟਬਾਲ ਦੀ ਖੇਡ ਨਾਲ ਜੁੜਿਆ ਰਿਹਾ। ਪੇਲੇ ਖਿਡਾਰੀ ਹੀ ਨਹੀਂ ਬ੍ਰਾਜ਼ੀਲ ਦਾ ਖੇਡ ਮੰਤਰੀ ਵੀ ਰਿਹਾ। ਉਹ ਫੁੱਟਬਾਲ ਦੇ ਮੈਚਾਂ ਦੀ ਕੁਮੈਂਟਰੀ ਕਰਦਾ ਰਿਹਾ ਤੇ ਵਿਸ਼ੇਸ਼ਗ ਵਜੋਂ ਟਿੱਪਣੀਆਂ ਵੀ ਦਿੰਦਾ ਰਿਹਾ।

ਕੁਝ ਦਿਨ ਪਹਿਲਾਂ ਕਤਰ ਦੇ ਵਿਸ਼ਵ ਕੱਪ ਵੇਲੇ ਮੈਂ ਪੇਲੇ ਨੂੰ ਸ਼ਿੱਦਤ ਨਾਲ ਯਾਦ ਕੀਤਾ ਸੀ ਤੇ ਉਹਦੇ ਬਾਰੇ ਲੇਖ ਵੀ ਲਿਖਿਆ ਸੀ। ਉਸ ਲੇਖ ਦੇ ਆਖ਼ਰੀ ਸ਼ਬਦ ਸਨ: 2022 ਦੇ ਵਿਸ਼ਵ ਕੱਪ ਸਮੇਂ ਬੇਸ਼ਕ ਉਹ ਹਸਪਤਾਲ ਵਿਚ ਹੈ ਪਰ ਫੁੱਟਬਾਲ ਦੇ ਬ੍ਰਾਜ਼ੀਲੀ ਖਿਡਾਰੀ ਨੇਮਾਰ ਨੂੰ ਫਿਰ ਵੀ ਇੰਸਟਾਗਰਾਮ 'ਤੇ ਪੋਸਟ ਕੀਤੀ, "ਮੈਂ ਤੈਨੂੰ ਹਰ ਪਲ ਵੱਡੇ ਹੁੰਦੇ ਵੇਖਿਆ। ਤੇਰਾ ਹਰ ਦਿਨ ਮਨਾਇਆ। ਮੈਂ ਤੈਨੂੰ ਬ੍ਰਾਜ਼ੀਲ ਲਈ ਸਭ ਤੋਂ ਵੱਧ ਗੋਲ ਕਰਨ ਦੇ ਮੇਰੇ ਰਿਕਾਰਡ ਦੀ ਬਰਾਬਰੀ ਕਰਨ ਲਈ ਵਧਾਈ ਦਿੰਦਾ ਹਾਂ!"

ਪੇਲੇ ਦੇ ਤਿੰਨ ਵਿਆਹ ਹੋਏ ਸਨ, ਦੋ ਤਲਾਕ, ਇੱਕ ਪਾਰਟਨਰਸ਼ਿਪ ਤੇ ਸੱਤ ਬੱਚੇ। ਹਿੱਪ ਦੇ ਅਪ੍ਰੇਸ਼ਨ ਪਿੱਛੋਂ ਉਹ ਵ੍ਹੀਲ ਚੇਅਰ ਦਾ ਸਵਾਰ ਸੀ। ਉਹਦੀ ਇਕੋ ਗੁਰਦੇ ਨਾਲ ਗੱਡੀ ਚੱਲਦੀ ਸੀ। ਕੈਂਸਰ ਨਾਲ ਸਾਹ ਦੀ ਤਕਲੀਫ਼ ਸੀ। ਉਹ 83ਵੇਂ ਸਾਲ 'ਚ ਸੀ। ਮੈਂ ਦੁਆ ਕੀਤੀ ਸੀ, ਉਹ ਸਿਹਤਯਾਬ ਹੋਵੇ ਤੇ ਲੰਮਾ ਸਮਾਂ ਜੀਵੇ। ਪਰ ਹੋਣੀ ਵਰਤ ਗਈ।

ਕੁਝ ਸਾਲ ਪਹਿਲਾਂ ਮੈਂ ਉਹਦੀ ਜੀਵਨੀ ਪੜ੍ਹੀ ਸੀ। ਉਹਦੇ ਜੀਵਨ 'ਤੇ ਫਿਲਮ ਵੀ ਬਣੀ। ਖੇਡ ਪੱਤਰਕਾਰਾਂ ਨੇ ਪੇਲੇ ਨੂੰ ਵੀਹਵੀਂ ਸਦੀ ਦਾ ਸਰਵੋਤਮ ਖਿਡਾਰੀ ਐਲਾਨਿਆ ਸੀ। ਉਸ ਨੇ ਪਹਿਲੇ ਦਰਜੇ ਦੀ ਫੁੱਟਬਾਲ ਦੇ 1363 ਮੈਚ ਖੇਡਣ ਤੇ 1283 ਗੋਲ ਕਰਨ ਦਾ ਰਿਕਾਰਡ ਰੱਖਿਆ ਸੀ। ਉਹ ਵੀਹ ਵਰ੍ਹੇ ਉੱਚ ਪੱਧਰੀ ਫੁੱਟਬਾਲ ਖੇਡਿਆ ਤੇ ਤਿੰਨ ਵਾਰ ਵਿਸ਼ਵ ਕੱਪ ਜਿੱਤਿਆ ਸੀ। 92 ਇੰਟਰਨੈਸ਼ਨਲ ਮੈਚਾਂ 'ਚ ਉਸ ਨੇ 77 ਇੰਟਰਨੈਸ਼ਨਲ ਗੋਲ ਕੀਤੇ ਸਨ। ਉਸ ਨੇ ਆਪਣੀ ਖੇਡ ਨਾਲ ਕਰੋੜਾਂ ਡਾਲਰ ਕਮਾਏ ਤੇ ਕਰੋੜਾਂ ਦਰਸ਼ਕਾਂ ਦਾ ਦਿਲ ਪਰਚਾਇਆ। ਮੈਕਸੀਕੋ ਦੇ ਇਕ ਕਲੱਬ ਨੇ ਉਹਦੇ ਮੂਹਰੇ ਖਾਲੀ ਚੈੱਕ ਰੱਖ ਦਿੱਤਾ ਸੀ ਕਿ ਜਿੰਨੀ ਚਾਹੇ ਰਕਮ ਭਰ ਲਵੇ ਪਰ ਉਸ ਕਲੱਬ ਵੱਲੋਂ ਖੇਡਣਾ ਮੰਨ ਲਵੇ। ਉਹਦੀਆਂ ਖੁੱਥੜ ਬਾਲਾਂ, ਘਸੀਆਂ ਜੁਰਾਬਾਂ, ਟੁੱਟੇ ਬੂਟ ਤੇ ਖੇਡ ਪੁਸ਼ਾਕ ਦੀਆਂ ਲੀਰਾਂ ਲੋਕਾਂ ਨੇ ਅਨਮੋਲ ਨਿਸ਼ਾਨੀਆਂ ਵਜੋਂ ਸਾਂਭ ਰੱਖੀਆਂ ਹਨ।

ਪੇਲੇ ਨੇ ਦੁਨੀਆ ਦੇ ਸੌ ਮੁਲਕ ਗਾਹੇ ਸਨ। ਉਹ ਦੋ ਪੋਪਾਂ, ਪੰਜ ਸ਼ਹਿਨਸ਼ਾਹਾਂ, ਦਸ ਬਾਦਸ਼ਾਹਾਂ, ਸੱਤਰ ਮੁਲਕਾਂ ਦੇ ਪ੍ਰਧਾਨਾਂ ਤੇ ਚਾਲੀ ਮੁਲਕਾਂ ਦੇ ਪ੍ਰਧਾਨ ਮੰਤਰੀਆਂ ਨੂੰ ਮਿਲਿਆ ਸੀ। ਸ਼ਾਹ ਇਰਾਨ ਉਹਨੂੰ ਮਿਲਣ ਲਈ ਇਕ ਹਵਾਈ ਅੱਡੇ 'ਤੇ ਤਿੰਨ ਘੰਟੇ ਉਡੀਕਦਾ ਰਿਹਾ ਸੀ। ਲਾਲ ਚੀਨ ਦੇ ਸਰਹੱਦੀ ਰਾਖੇ ਚੌਕੀਆਂ ਸੁੰਨੀਆਂ ਛੱਡ ਕੇ ਹਾਂਗਕਾਂਗ ਉਹਦੇ ਦਰਸ਼ਨ ਕਰਨ ਗਏ ਸਨ। ਨਾਈਜੀਰੀਆ ਵਿਚ ਉਹਦੀ ਖੇਡ ਵੇਖਣ ਖ਼ਾਤਰ ਲੜਾਈ ਦੋ ਦਿਨ ਬੰਦ ਰਹੀ। ਉਹ ਅਨੇਕਾਂ ਦੇਸ਼ਾਂ ਦਾ ਸਨਮਾਨਿਤ ਸਿਟੀਜ਼ਨ ਸੀ। ਉਹਦੇ ਆਟੋਗਰਾਫ ਲੈਣ ਲਈ ਸਭ ਥਾਈਂ ਭੀੜਾਂ ਜੁੜਦੀਆਂ ਰਹੀਆਂ। ਵੱਖ ਵੱਖ ਭਾਸ਼ਾਵਾਂ ਦੇ ਨੱਬੇ ਗੀਤਾਂ ਵਿਚ ਪੇਲੇ ਦਾ ਨਾਂ ਗਾਇਆ ਗਿਆ। ਆਪਣੇ ਸਮੇਂ ਦਾ ਉਹ ਸਭ ਤੋਂ ਵੱਧ ਪੈਸੇ ਕਮਾਉਣ ਵਾਲਾ ਖਿਡਾਰੀ ਸੀ। ਉਸ ਨੇ ਦੇਸ਼ ਵਿਦੇਸ਼ ਜਾਂਦਿਆਂ ਕਈ ਬੋਲੀਆਂ ਸਿੱਖੀਆਂ ਸਨ। ਉਸ ਦੀ ਮਾਤ ਭਾਸ਼ਾ ਪੁਰਤਗੇਜ਼ੀ ਸੀ ਪਰ ਉਹ ਸਪੈਨਿਸ਼ ਤੇ ਅੰਗਰੇਜ਼ੀ ਵੀ ਬੋਲ ਲੈਂਦਾ ਸੀ। ਉਸ ਨੂੰ ਫਰਾਂਸੀਸੀ ਤੇ ਇਤਾਲਵੀ ਭਾਸ਼ਾਵਾਂ ਵੀ ਡੰਗ ਸਾਰਨ ਜੋਗੀਆਂ ਆਉਂਦੀਆਂ ਹਨ।

ਉਹਦਾ ਜਨਮ ਬ੍ਰਾਜ਼ੀਲ ਦੇ ਇਕ ਗ਼ਰੀਬ ਫੁੱਟਬਾਲ ਖਿਡਾਰੀ ਦੇ ਘਰ 23 ਅਕਤੂਬਰ 1940 ਨੂੰ ਹੋਇਆ ਸੀ। ਪੇਲੇ ਦੇ ਪਿਤਾ ਨੇ ਉਹਦੀਆਂ ਲੱਤਾਂ ਟੋਹ ਕੇ ਪਤਨੀ ਨੂੰ ਕਿਹਾ ਸੀ, "ਲੱਤਾਂ ਤਾਂ ਵਾਹਵਾ ਹਨ, ਇਹ ਫੁੱਟਬਾਲ ਦਾ ਤਕੜਾ ਖਿਡਾਰੀ ਬਣ ਸਕਦੈ।" ਪਤਨੀ ਨੇ ਕਿਹਾ ਸੀ, "ਇਹਨੂੰ ਫੁੱਟਬਾਲ ਖਿਡਾਰੀ ਬਣਨ ਦਾ ਸਰਾਪ ਨਾ ਦੇਹ। ਫੁੱਟਬਾਲ ਖੇਡ ਕੇ ਤੂੰ ਕੀ ਲੱਲ੍ਹਰ ਲਾਇਐ?"

ਪੇਲੇ ਦਾ ਪੂਰਾ ਨਾਂ ਐਡਸਨ ਅਰੇਂਟਸ ਡੋ ਨਾਸੀਮੈਂਟੋ ਸੀ। ਪੇਲੇ ਉਸ ਨੂੰ ਨੌਂ ਸਾਲ ਦੀ ਉਮਰ ਵਿਚ ਕਿਹਾ ਜਾਣ ਲੱਗਾ ਜਦੋਂ ਉਹ ਪੈਰਾਂ ਨਾਲ ਹਰੇਕ ਚੀਜ਼ ਨੂੰ ਰੇੜ੍ਹਦਾ ਫਿਰਦਾ ਸੀ। ਪੁਰਤਗੇਜ਼ੀ 'ਚ ਪੇਲੇ ਦਾ ਅਰਥ ਹੈ ਪੈਰ। ਨਿੱਕਾ ਹੁੰਦਾ ਉਹ ਲੀਰਾਂ ਦੀ ਖਿੱਦੋ ਤੇ ਟੁੱਟੇ ਡੱਬਿਆਂ ਨੂੰ ਕਿੱਕਾਂ ਮਾਰਦਾ ਰਹਿੰਦਾ। ਇਕ ਵਾਰ ਉਹਦੀ ਕਿੱਕ ਨਾਲ ਗਲੀ ਦਾ ਬਲਬ ਟੁੱਟ ਗਿਆ ਜਿਸ ਦੀ ਉਸ ਨੂੰ ਕਰੜੀ ਸਜ਼ਾ ਮਿਲੀ ਸੀ। ਉਦੋਂ ਕੌਣ ਜਾਣਦਾ ਸੀ, ਉਹ ਨਿੱਕਾ ਜਿਹਾ ਗ਼ਰੀਬ ਬੱਚਾ ਵੱਡਾ ਹੋ ਕੇ ਫੁੱਟਬਾਲ ਦਾ ਸ਼ਹਿਨਸ਼ਾਹ ਬਣੇਗਾ ਤੇ ਬਲਬਾਂ ਦੀਆਂ ਝੜੀਆਂ ਲਾ ਦੇਵੇਗਾ।






ਜਦੋਂ ਉਹ ਸੋਲ੍ਹਵੇਂ ਸਾਲ ਵਿਚ ਹੋਇਆ ਤਾਂ ਸੈਂਟੋਸ ਕਲੱਬ ਨੇ ਉਹਨੂੰ ਆਪਣੀ ਟੀਮ ਦਾ ਮੈਂਬਰ ਬਣਾ ਲਿਆ ਸੀ। ਉਥੇ ਉਸ ਨੂੰ ਵਧੀਆ ਖੁਰਾਕ ਮਿਲਣ ਲੱਗੀ ਜਿਸ ਨਾਲ ਉਹ ਤਕੜਾ ਹੋਣ ਲੱਗ ਪਿਆ। ਮਾਂ ਉਹਨੂੰ ਫੁੱਟਬਾਲ ਖੇਡਣ ਤੋਂ ਵਰਜਦੀ ਸੀ। ਉਸ ਨੇ ਮਾਂ ਨਾਲ ਇਕਰਾਰ ਕੀਤਾ ਕਿ ਕਲੱਬ ਤੋਂ ਮਿਲਣ ਵਾਲੇ ਪੈਸਿਆਂ ਨਾਲ ਪਹਿਲਾਂ ਉਹ ਮਾਂ ਪਿਉ ਨੂੰ ਘਰ ਖਰੀਦ ਕੇ ਦੇਵੇਗਾ। ਮਾਂ ਨੂੰ ਫਿਰ ਵੀ ਯਕੀਨ ਨਹੀਂ ਸੀ ਕਿ ਪੁੱਤ ਫੁੱਟਬਾਲ ਦੇ ਸਿਰੋਂ ਰੱਜਵੀਂ ਰੋਟੀ ਕਿਵੇਂ ਖਾਵੇਗਾ?

ਸੈਂਟੋਸ ਕਲੱਬ ਵਿਚ ਵੀਹ ਮਹੀਨੇ ਖੇਡਣ ਪਿੱਛੋਂ ਉਹ ਫੁੱਟਬਾਲ ਦੇ ਵਿਸ਼ਵ ਕੱਪ ਲਈ ਬ੍ਰਾਜ਼ੀਲ ਦੀ ਟੀਮ ਵਿਚ ਚੁਣਿਆ ਗਿਆ ਸੀ। ਅਠਾਰਵੇਂ ਸਾਲ ਦੀ ਪਠੀਰ ਉਮਰ ਵਿਚ ਉਹ ਬ੍ਰਾਜ਼ੀਲ ਵੱਲੋਂ 1958 ਦਾ ਵਿਸ਼ਵ ਕੱਪ ਖੇਡਣ ਗਿਆ। ਦਰਸ਼ਕ ਉਹਦੀ ਖੇਡ ਦੇਖ ਕੇ ਦੰਗ ਰਹਿ ਗਏ। ਮੈਚ ਪਿੱਛੋਂ ਸਵੀਡਨ ਦੀਆਂ ਨੀਲੀਆਂ ਅੱਖਾਂ ਵਾਲੀਆਂ ਗੋਰੀਆਂ ਮੁਟਿਆਰਾਂ ਉਹਦੇ ਆਟੋਗਰਾਫ ਲੈਣ ਆਈਆਂ। ਪੇਲੇ ਦੇ ਕਾਲੇ ਸ਼ਾਹ ਰੰਗ 'ਤੇ ਉਨ੍ਹਾਂ ਨੇ ਕੋਮਲ ਗੁਲਾਬੀ ਉਂਗਲਾਂ ਘਸਾ ਕੇ ਵੇਖੀਆਂ ਪਈ ਇਹ ਪਾਲਿਸ਼ ਤਾਂ ਨਹੀਂ? ਪੇਲੇ ਦੇ ਸਾਥੀਆਂ ਨੇ ਚਖਮਖੀ ਕਰਦਿਆਂ ਕਿਹਾ, "ਇਹ ਰੰਗ ਅਸਲੀ ਆ। ਤੁਸੀਂ ਬੇਸ਼ੱਕ ਇਹਨੂੰ ਜੱਫੀ 'ਚ ਲਓ, ਕੋਈ ਰੰਗ ਨਹੀਂ ਲੱਗੇਗਾ।"

ਸੈਂਟੋਸ ਵਿਚ ਉਹ ਕੁੜੀਆਂ ਦਾ ਬਾਸਕਟਬਾਲ ਮੈਚ ਵੇਖਣ ਗਿਆ। ਰਿਜ਼ਰਵ ਖਿਡਾਰਨ ਵਜੋਂ ਬੈਂਚ 'ਤੇ ਬੈਠੀ ਇਕ ਕੁੜੀ ਨੇ ਉਹਦਾ ਧਿਆਨ ਖਿੱਚ ਲਿਆ। ਉਹ ਪੇਲੇ ਵੱਲ ਵੇਖ ਰਹੀ ਸੀ। ਪੇਲੇ ਨੇ ਸਮਝਿਆ ਉਹ ਸੋਹਣੀ ਕੁੜੀ ਉਹਦੇ ਪਿੱਛੇ ਬੈਠੇ ਕਿਸੇ ਸੋਹਣੇ ਮੁੰਡੇ ਵੱਲ ਵੇਖ ਰਹੀ ਹੋਵੇਗੀ। ਪਰ ਪੇਲੇ ਦੇ ਪਿੱਛੇ ਤਾਂ ਕੋਈ ਵੀ ਨਹੀਂ ਸੀ ਬੈਠਾ। ਮੈਚ ਪਿੱਛੋਂ ਉਹ ਕੁੜੀ ਪੇਲੇ ਕੋਲ ਆਈ। ਦੋਹਾਂ ਦੀਆਂ ਅੱਖਾਂ ਮੋਹ ਪਿਆਰ ਦੇ ਸੁਨੇਹੇ ਦੇਣ ਲੱਗੀਆਂ। ਕੁੜੀ ਦਾ ਨਾਂ ਰੋਜ਼ਮੇਰੀ ਸੀ, ਰੰਗ ਗੋਰਾ ਨਿਛੋਹ। ਜਦ ਪਿਆਰ ਹੁੰਦਾ ਹੈ ਤਾਂ ਰੰਗ, ਨਸਲ ਤੇ ਵੱਡਾ ਛੋਟਾ ਨਹੀਂ ਵੇਖਦਾ। ਪਹਿਲੀ ਤੱਕਣੀ ਤੋਂ ਹੀ ਉਹ ਇਕ ਦੂਜੇ ਦੇ ਹੋ ਗਏ ਤੇ ਬਾਅਦ ਵਿਚ ਉਨ੍ਹਾਂ ਦਾ ਵਿਆਹ ਵੀ ਹੋ ਗਿਆ। ਬ੍ਰਾਜ਼ੀਲ ਵਿਚ ਕਾਲੇ, ਕਣਕਵੰਨੇ ਤੇ ਗੋਰੇ ਸਭਨਾਂ ਰੰਗਾਂ ਦੇ ਲੋਕ ਵਸਦੇ ਹਨ।

1962 ਦੇ ਵਿਸ਼ਵ ਕੱਪ ਲਈ ਪੇਲੇ ਫਿਰ ਬ੍ਰਾਜ਼ੀਲ ਦੀ ਟੀਮ ਵਿਚ ਚੁਣਿਆ ਗਿਆ। ਬ੍ਰਾਜ਼ੀਲ ਦੂਜੀ ਵਾਰ ਫਿਰ ਵਿਸ਼ਵ ਕੱਪ ਜਿੱਤ ਗਿਆ ਜਿਸ ਵਿਚ ਪੇਲੇ ਦੇ ਗੋਲਾਂ ਦਾ ਵਿਸ਼ੇਸ਼ ਯੋਗਦਾਨ ਸੀ। 1965 ਵਿਚ ਉਸ ਨੇ ਰੋਜ਼ਮਰੀ ਨਾਲ ਵਿਆਹ ਕਰਾ ਲਿਆ ਤੇ ਹਨੀਮੂਨ ਮਨਾਉਂਦਿਆਂ ਯੂਰਪ ਦਾ ਸੈਰ ਸਪਾਟਾ ਕੀਤਾ। 1966 ਦਾ ਵਿਸ਼ਵ ਕੱਪ ਖੇਡਣ ਲਈ ਉਹ ਤੀਜੀ ਵਾਰ ਬ੍ਰਾਜ਼ੀਲ ਦੀ ਟੀਮ ਦਾ ਮੈਂਬਰ ਬਣਿਆ। ਜ਼ਖ਼ਮੀ ਹੋਣ ਕਾਰਨ ਇਕ ਮੈਚ ਉਸ ਨੂੰ ਖਿਡਾਇਆ ਨਾ ਗਿਆ ਤੇ ਉਹੀ ਮੈਚ ਬ੍ਰਾਜ਼ੀਲ ਦੀ ਟੀਮ ਹਾਰ ਗਈ। ਪੇਲੇ ਨੂੰ ਇਸ ਹਾਰ ਦਾ ਬੜਾ ਦੁੱਖ ਹੋਇਆ। ਪਰ ਉਹਨੇ ਹਿੰਮਤ ਨਾ ਹਾਰੀ ਤੇ ਇਸ ਹਾਰ ਦਾ ਬਦਲਾ 1970 ਦਾ ਵਿਸ਼ਵ ਕੱਪ ਤੀਜੀ ਵਾਰ ਜਿੱਤ ਕੇ ਲਿਆ। ਫਾਈਨਲ ਮੈਚ ਬ੍ਰਾਜ਼ੀਲ ਤੇ ਇਟਲੀ ਵਿਚਕਾਰ ਸੀ। ਦੋਵੇਂ ਦੇਸ਼ ਦੋ ਦੋ ਵਾਰ ਵਿਸ਼ਵ ਕੱਪ ਜਿੱਤ ਚੁੱਕੇ ਸਨ। ਜਿਹੜਾ ਦੇਸ਼ ਤੀਜੀ ਵਾਰ ਜਿੱਤ ਜਾਂਦਾ ਜੂਲਸ ਰੀਮੇ ਟਰਾਫੀ ਪੱਕੇ ਤੌਰ 'ਤੇ ਉਹਦੀ ਹੋ ਜਾਣੀ ਸੀ।

ਮੈਕਸੀਕੋ ਸਟੇਡੀਅਮ ਵਿਚ ਹੋ ਰਿਹਾ ਉਹ ਫਾਈਨਲ ਮੈਚ ਇਕ ਲੱਖ ਦਸ ਹਜ਼ਾਰ ਦਰਸ਼ਕ ਵੇਖ ਰਹੇ ਸਨ। ਬ੍ਰਾਜ਼ੀਲ ਨੇ ਇਟਲੀ ਨੂੰ ਬੁਰੀ ਤਰ੍ਹਾਂ ਹਰਾ ਕੇ ਫੀਫਾ ਟਰਾਫੀ ਹਮੇਸ਼ਾ ਲਈ ਆਪਣੇ ਕਬਜ਼ੇ 'ਚ ਕਰ ਲਈ। ਚੌਦਾਂ ਸਾਲ ਬ੍ਰਾਜ਼ੀਲ ਦੀ ਵਰਦੀ ਪਾਉਣ ਪਿੱਛੋਂ ਫਿਰ ਉਸ ਨੇ ਬ੍ਰਾਜ਼ੀਲ ਲਈ ਅਖ਼ੀਰਲਾ ਮੈਚ ਖੇਡਣ ਦਾ ਐਲਾਨ ਕਰ ਦਿੱਤਾ। ਉਹ ਮੈਚ 18 ਜੁਲਾਈ 1971 ਨੂੰ ਯੂਗੋਸਲਾਵੀਆ ਵਿਰੁੱਧ ਖੇਡਿਆ ਗਿਆ। ਇਕ ਲੱਖ ਅੱਸੀ ਹਜ਼ਾਰ ਦਰਸ਼ਕ 'ਫੀਕਾ ਫੀਕਾ' ਦਾ ਰਾਗ ਅਲਾਪ ਰਹੇ ਸਨ ਜਿਸ ਦਾ ਅਰਥ ਸੀ, ਪੇਲੇ ਰੁਕ ਜਾ। ਉਹ ਮੈਚ ਦੋ ਦੋ ਗੋਲਾਂ ਦੀ ਬਰਾਬਰੀ 'ਤੇ ਮੁੱਕਾ। ਪੇਲੇ ਨੇ ਹੰਝੂਆਂ ਭਰੀਆਂ ਅੱਖਾਂ ਨਾਲ ਹੱਥ ਉਪਰ ਚੁੱਕ ਕੇ ਸਟੇਡੀਅਮ ਦਾ ਚੱਕਰ ਲਾਇਆ। ਉਹ ਬਾਹਾਂ ਲਹਿਰਾਅ ਕੇ ਦਰਸ਼ਕਾਂ ਦਾ ਧੰਨਵਾਦ ਕਰ ਰਿਹਾ ਸੀ ਜਿਨ੍ਹਾਂ ਨੇ ਵਰ੍ਹਿਆਂ-ਬੱਧੀ ਉਸ ਨੂੰ ਹੱਲਾਸ਼ੇਰੀ ਦਿੱਤੀ ਸੀ। ਦਰਸ਼ਕ ਖੜ੍ਹੇ ਹੋ ਕੇ ਉਹਦੇ ਮਾਣ ਵਿਚ ਤਾੜੀਆਂ ਮਾਰ ਰਹੇ ਸਨ। ਤਾੜੀਆਂ ਦੇ ਸ਼ੋਰ ਵਿਚ ਫੇਰ ਪੇਲੇ ਦੇ ਹੰਝੂ ਹੋਰ ਵਹਿ ਤੁਰੇ। ਉਸ ਨੇ ਬ੍ਰਾਜ਼ੀਲ ਦੀ ਪੀਲੇ ਹਰੇ ਰੰਗ ਦੀ ਜਰਸੀ ਲਾਹੀ ਜੋ ਮੁੜ ਕੇ ਕਦੇ ਨਹੀਂ ਸੀ ਪਾਉਣੀ। ਉਸ ਜਰਸੀ ਨਾਲ ਉਸ ਨੇ ਵਗਦੇ ਹੰਝੂ ਪੂੰਝੇ ਜੋ ਖ਼ੁਸ਼ਕ ਹੋਣ ਦੀ ਥਾਂ ਹੋਰ ਧਾਰੋ ਧਾਰ ਹੋ ਗਏ। ਜਿਸ ਮੈਦਾਨ ਨੂੰ ਉਸ ਨੇ ਮੁੜ੍ਹਕੇ ਨਾਲ ਸਿੰਜਿਆ ਸੀ ਉਸ ਨੂੰ ਹੰਝੂਆਂ ਨਾਲ ਸਿੰਜਦਾ ਸਟੇਡੀਅਮ ਤੋਂ ਬਾਹਰ ਚਲਾ ਗਿਆ।

ਉਦਣ ਸਟੇਡੀਅਮ ਤੋਂ ਬਾਹਰ ਜਾਂਦਿਆਂ ਪੇਲੇ ਦੇ ਹੰਝੂ ਵਗੇ ਸਨ, ਹੁਣ ਉਹਦੀ ਮੌਤ ਉਤੇ ਲੱਖਾਂ ਕਰੋੜਾਂ ਫੁੱਟਬਾਲ ਪ੍ਰੇਮੀਆਂ ਦੇ ਹੰਝੂ ਵਗ ਰਹੇ ਹਨ।

# ਸੂਰਤ ਤੇ ਸੀਰਤ

**ਹਰਕੀਰਤ ਕੌਰ**

'ਦਸ ਕਿੱਲੇ ਆਉਂਦੇ ਮੁੰਡੇ ਨੂੰ ਕੋਈ ਪੜ੍ਹੀ ਲਿਖੀ, ਸੋਹਣੀ ਸਨੁੱਖੀ ਤੇ ਚੰਗਾ ਦਾਜ ਦੇਣ ਦੇਣ ਵਾਲੇ ਟੱਬਰ ਦਾ ਰਿਸ਼ਤਾ ਕਰਵਾਈਂ ਸਾਡੇ ਪੁੱਤ ਨੂੰ।' ਜੀਤੇ ਦੀ ਮਾਂ ਨੇ ਵਿਚੋਲੇ ਨੂੰ ਤਾੜਨਾ ਜਿਹੀ ਕਰਦਿਆਂ ਕਿਹਾ।

'ਬੀਬੀ ਜੀ ਰਿਸ਼ਤੇ ਤਾਂ ਮੈਥੋਂ ਚੜ੍ਹਦੇ ਤੋਂ ਚੜ੍ਹਦੇ ਹੈਗੇ ਪਰ ਜਿਵੇਂ ਦੀਆਂ ਤੁਹਾਡੀਆਂ ਫਰਮਾਇਸ਼ਾਂ ਉਵੇਂ ਦੀਆਂ ਨਖਰੇ ਬੜੇ ਕਰਦੀਆਂ ਰੋਟੀ ਟੁੱਕ ਕਰਨ ਤੋਂ ਨਾਹ ਨੁੱਕਰ ਕੀਤੀ ਤਾਂ ਮੇਰੀ ਜ਼ਿੰਮੇਵਾਰੀ ਕੋਈ ਨਹੀਂ, ਉਂਞ ਦਾਜ ਦੇਣ ਵੀ ਖੁੱਲ੍ਹਾ ਦੇਣਗੇ।'

'ਲੈ ਦੱਸ ਰੋਟੀ ਟੁੱਕ ਮੈਂ ਆਪ ਕਰਲੂੰ... ਤੂੰ ਏਦਾਂ ਦੀ ਨੂੰਹ ਲੱਭ ਕੇ ਦੇ ਕਿ ਲਾਗੇ ਸ਼ਾਗੇ ਪਿੰਡਾਂ ਵਿਚ ਨਾ ਹੋਵੇ।' ਵਿਚੋਲੇ ਦੇ ਜਾਂਦਿਆਂ ਸ਼ਿੰਦੋ ਨੂੰ ਉਸਦਾ ਘਰਵਾਲਾ ਕਹਿੰਦਾ, 'ਬਾਹਲਾ ਲਾਲਚ ਚੰਗਾ ਨਹੀਂ ਹੁੰਦਾ ਕੋਈ ਸਾਦੇ ਘਰ ਦੀ ਸਾਦੀ ਤੇ ਸਿਆਣੀ ਧੀ ਵੇਖ ਜੋ ਪਿਛਲੀ ਉਮਰੇ ਆਪਣੇ ਲੱਕ ਹੇਠਾਂ ਸਿਰਹਾਣਾ ਤਾਂ ਰੱਖੇ... ਜਿੱਦਾਂ ਦੀ ਨੂੰਹ ਤੂੰ ਭਾਲਦੀ ਆਪ ਪਕਾ ਪਕਾ ਖਵਾਉਂਦੀ ਫਿਰੇਗੀ!'


'ਹੂੰ ਖਵਾਉਂਦੀ ਫਿਰੂ ਆਪਣੀ ਲੋੜ ਨੂੰ ਆਪੇ ਕਰਨਾ ਜਦੋਂ ਸਿਰ 'ਤੇ ਪਈ ਅਸੀਂ ਨਹੀਂ ਕੀਤਾ। ਮੈਂ ਕਿਤੇ ਘੱਟ ਸੋਹਣੀ ਸਨੁੱਖੀ ਸਾਂ ਆ ਤੇ ਤਾਡੇ ਟੱਬਰ ਨੇ ਮੇਰੀ ਮੱਤ ਮਾਰ ਛੱਡੀ ਨਹੀਂ ਤਾਂ ਡੁੱਲ੍ਹ ਡੁੱਲ੍ਹ ਪੈਂਦਾ ਸੀ ਮੇਰਾ ਨੂਰ...।'

ਸ਼ਿੰਦੋ ਕੰਨੀਂ ਝਾਕਦਾ ਉਸਦਾ ਘਰ ਵਾਲਾ ਮੂੰਹ ਵਿਚ ਬੁੜਬੁੜਾਉਂਦਾ ਅਗਾਂਹ ਹੋ ਤੁਰਿਆ! ਸਮਾਂ ਲੰਘਿਆ ਤਾਂ ਵਿਚੋਲੇ ਨੇ ਪਹਿਲਾਂ ਇੱਕ ਬੜੇ ਹੀ ਸਾਊ ਜਿਹੇ ਪਰਵਾਰ ਦਾ ਰਿਸ਼ਤੇ ਦੀ ਦੱਸ ਪਾਈ, ਕੁੜੀ ਥੋੜੇ ਪੱਕੇ ਰੰਗ ਸੀ ਪਰ ਫੱਬਤ ਤੇ ਪੜ੍ਹੀ ਲਿਖੀ ਪੂਰੀ ਸੀ.. ਪਰ ਸ਼ਿੰਦੋ ਦਾ ਨੱਕ ਤੇ ਬਾਹਲਾ ਉੱਚਾ ਸੀ, ਉਹ ਥਾਂ ਸਿਰ ਨਾਂਹ ਕਰ ਦਿੱਤੀ। ਮੁੰਡੇ ਤੇ ਪਿਉ ਨੇ ਸ਼ਿੰਦੋ ਨੂੰ ਸਮਝਾਉਣ ਦਾ ਯਤਨ ਕੀਤਾ ਪਰ ਉਨ੍ਹਾਂ ਦੀ ਇਕ ਨਾ ਚੱਲੀ। ਕੁਝ ਦਿਨਾਂ ਮਗਰੋਂ ਇੱਕ ਹੋਰ ਰਿਸ਼ਤਾ ਆਇਆ, ਕੁੜੀ ਵੇਖਣ ਗਏ ਤਾਂ ਕੁੜੀ ਪਰੀਆਂ ਨੂੰ ਵੀ ਮਾਤ ਪਾਉਂਦੀ ਸੀ, ਮੂੰਹ 'ਤੇ ਲਾਏ ਮੇਕਅੱਪ ਤੋਂ ਪਤਾ ਲੱਗਦਾ ਸੀ ਕਿ ਵਾਹਵਾ ਸ਼ੌਕੀਨਣ ਆ। ਸ਼ਿੰਦੋ ਨੂੰ ਤਾਂ ਜਿਵੇਂ ਕੁਝ ਲੱਭ ਗਿਆ ਹੋਵੇ... ਉਹ ਤਾਂ ਕੁੜੀ ਨੂੰ ਵੇਖ ਕੇ ਹੀ ਬੜੀ ਖ਼ੁਸ਼ ਹੋ ਗਈ ! ਮੁੰਡੇ ਨੇ ਮਾਂ ਤੇ ਪਿਉ ਨੂੰ ਪਾਸੇ ਕਰ ਕਿਹਾ, 'ਮੈਨੂੰ ਕੁੜੀ ਬਹੁਤ ਤੇਜ਼ ਤਰਾਰ ਲੱਗਦੀ ਉਹ ਚੰਡੀਗੜ੍ਹ ਦੀ ਪੜ੍ਹੀ ਏ ਤੇ ਮੈਂ ਸਿੱਧਾ ਸਾਦਾ ਬੰਦਾ ਆਪਾਂ ਇੱਕ ਵਾਰ ਫਿਰ ਸੋਚ ਲਈਏ।' 'ਲੈ ਦੱਸ ਕਰਦਾ ਕੀ ਐ ਕੁੜੀ ਵੇਖ ਨਿਰੀ ਹੂਰ ਪਰੀ, ਪੜ੍ਹੀ ਲਿਖੀ ਤੇ ਉਤੋਂ ਅਗਲਿਆਂ ਦਾਜ ਵਿਚ ਗੱਡੀ ਵੀ ਦੇਣੀ, ਮੇਰੀਆਂ ਤਾਂ ਰੱਬ ਸਾਰੀਆਂ ਜਿਵੇਂ ਨੇੜੇ ਹੋ ਕੇ ਸੁਣ ਲਈਆਂ। ਆਜੋ ਚੁੱਪ ਕਰ ਕੇ ਬੁਰੇ ਲੱਗੀਦਾ ਔਡ ਹੋ ਕੇ ਗੱਲ ਕਰਦੇ!' ਪਿਉ-ਪੁੱਤ ਦੀ ਕੋਈ ਪੇਸ਼ ਨਾ ਚੱਲੀ ਤੇ ਰਿਸ਼ਤਾ ਪੱਕਾ ਹੋ ਗਿਆ। ਸ਼ਿੰਦੋ ਦੀ ਨੂੰਹ ਦੇ ਸੁਹੱਪਣ ਦੇ ਚਰਚੇ ਚਾਰੇ ਪਾਸੇ ਹੋ ਰਹੇ ਸਨ, ਸ਼ਿੰਦੋ ਤਾਂ ਕਿਤੇ ਫੂਲੀ ਨਹੀਂ ਸੀ ਸਮਾ ਰਹੀ ਉਤੋਂ ਦਾਜ ਵਿਚ ਆਈ ਗੱਡੀ ਨੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਕੀਤੀ ਸੀ। ਸਮਾਂ ਬੀਤਦਾ ਗਿਆ ਨਵੀਂ ਵਿਆਹੀ ਜੋੜੀ ਕਦੇ ਕਿਤੇ ਕਦੇ ਕਿਤੇ ਘੁੰਮਣ ਜਾਂਦੀ ਪਹਿਲੇ ਇੱਕ ਦੋ ਮਹੀਨੇ ਤਾਂ ਠੀਕ ਪਰ ਇੱਕ ਦਿਨ ਆਪਣੇ ਘਰਵਾਲੇ ਨੂੰ ਕਹਿੰਦੀ, 'ਮੈਂ ਖਿਆਂ ਸੁਣਦੇ ਹੋ ਜੀ ਏਨਾਂ ਜਵਾਕਾਂ ਨੇ ਕੀ ਪਖੰਡ ਫੜਿਆ ਰੋਜ਼ ਦਿਹਾੜੀ ਤੁਰੇ ਰਹਿੰਦੇ, ਤੇਲ ਦਾ ਖਰਚਾ ਏਦੇ ਪੇਕੇ ਦਿੰਦੇ ਆ, ਮੈਨੂੰ ਤੇ ਕਿਤੇ ਗੁਰਦੁਆਰੇ ਵੀ ਨਹੀਂ ਪੁੱਛਿਆ!' ਸ਼ਿੰਦੋ ਦਾ ਪਤੀ ਚੁੱਪ ਚੁਪੀਤਾ ਸੁਣਦਾ ਰਿਹਾ ਪਰ ਬੋਲਿਆ ਕੁਝ ਨਹੀਂ। ਅਗਲੇ ਦਿਨ ਜਦੋਂ ਨੂੰਹ ਪੁੱਤ ਫਿਰ ਕਿਤੇ ਜਾਣ ਲੱਗੇ ਤਾਂ ਸ਼ਿੰਦੋ ਕਹਿਣ ਲੱਗੀ... ਤੇਲ ਮੁਫ਼ਤ ਦਾ ਨਹੀਂ ਆ, ਭਾਅ ਤੇ ਅਸਮਾਨੀਂ ਚੜ੍ਹੇ ਪਏ ਆ ਤੁਸੀਂ ਕਿੱਡਾ ਪਖੰਡ ਫੜਿਆ ਰੋਜ਼ ਦਿਹਾੜੀ ਤੁਰੇ ਰਹਿੰਦੇ, ਬਹਿ ਜੋ ਅਰਾਮ ਨਾਲ ਘਰੇ। ਅੱਗੋਂ ਨੂੰਹ ਬੋਲੀ 'ਜੇ ਗੱਡੀ ਵਿਚ ਤੇਲ ਨਹੀਂ ਪਵਾਇਆ ਜਾਂਦਾ ਤਾਂ ਮੰਗੀ ਕਾਹਤੋਂ ਸੀ!' ਮੂੰਹ 'ਤੇ ਸੁਣ ਸ਼ਿੰਦੋ ਉਥੇ ਸੀਲ ਪੱਥਰ ਹੋ ਗਈ। ਨੂੰਹ ਨੇ ਇੱਕ ਦਿਨ ਵੀ ਘਰਦਿਆਂ ਨੂੰ ਪਕਾ ਕੇ ਨਾ ਖਵਾਈਆਂ , ਉਸ ਨੂੰ ਬਸ ਘੁੰਮਣ ਫਿਰਨ, ਲਿਸ਼ਕਣ ਪੁਸ਼ਕਣ ਤੇ ਟੋਹਰ ਟੱਪਾ ਕੱਢਣ ਨਾਲ ਹੀ ਮਤਲਬ ਸੀ। ਸ਼ਿੰਦੋ ਅੰਦਰੋਂ ਅੰਦਰੀ ਝੂਰਦੀ ਰਹਿੰਦੀ।

ਸ਼ਿੰਦੋ ਦੇ ਸਕਿਆਂ ਵਿਚੋਂ ਇੱਕ ਮੁੰਡੇ ਦਾ ਵਿਆਹ ਸੀ ਅਗਲਿਆਂ ਬਿਨਾ ਕੋਈ ਖਰਚ ਕੀਤੇ ਚੁੰਨੀ ਚੜ੍ਹਾ ਨੂੰਹ ਘਰ ਲੈ ਆਂਦੀ ਸੀ। ਕੁਝ ਦਿਨ ਮਗਰੋਂ ਜਦੋਂ ਸ਼ਿੰਦੋ ਸਕਿਆਂ ਦੀ ਨੂੰਹ ਵੇਖਣ ਗਈ ਤਾਂ ਸੱਜ ਵਿਆਹੀ ਨੂੰਹ ਹਸੂੰ ਹਸੂੰ ਕਰਦੇ ਚਿਹਰੇ ਨਾਲ ਸੱਸ ਲਈ ਚਾਹ ਬਣਾ ਕੇ ਲਿਆ ਰਹੀ ਸੀ... ਸ਼ਿੰਦੋ ਤੁਰੀ ਆਉਂਦੀ ਵੇਖਦੀ ਹੈ ਕਿ ਨੂੰਹ ਨੇ ਚਾਹ ਰੱਖੀ ਤੇ ਸੱਸ ਨੂੰ ਉਸਦਾ ਹਾਲ ਚਾਲ ਪੁੱਛ ਰਹੀ ਏ ਇਹ ਉਹੀ ਕੁੜੀ ਸੀ ਜਿਸਦੇ ਸਲੇਰੇ ਰੰਗ ਨੂੰ ਸ਼ਿੰਦੋ ਨਿੰਦ ਕੇ ਛੱਡ ਆਈ ਸੀ! ਜਦ ਸ਼ਿੰਦੋ ਕੋਲ ਆਈ ਤਾਂ ਨੂੰਹ ਨੇ ਬੜੇ ਸਤਿਕਾਰ ਨਾਲ ਜੀ ਆਇਆਂ ਕਹਿ ਚਾਹ ਪਾਣੀ ਪੁੱਛਿਆ। ਗੱਲਾਂ ਕਰਦਿਆਂ ਕਰਦਿਆਂ ਸ਼ਿੰਦੋ ਦੀ ਗਵਾਂਢਣ ਦੱਸਦੀ ਕਿ ਅਸੀਂ ਤਾਂ ਪਤਾ ਨਹੀਂ ਕਿਹੜੇ ਪੁੰਨ ਕੀਤੇ ਜੋ ਏਨੀ ਚੰਗੀ ਧੀ ਮਿਲੀ ਏ ਸਾਰਾ ਦਿਨ ਹਸੂੰ ਹਸੂੰ ਕਰਦੀ ਵਿਹੜੇ ਵਿਚ ਰੌਣਕ ਲਾ ਰੱਖਦੀ। ਨਾਲੇ ਇੱਕ ਗੱਲ ਹੋਰ ਭੈਣੇ ਸਾਡੀ ਨੂੰਹ ਨੂੰ ਸਰਕਾਰੀ ਨੌਕਰੀ ਮਿਲ ਗਈ ਹੀ ਏ! ਏਨਾ ਸੁਣ ਸ਼ਿੰਦੋ ਨੂੰ ਆਪਣੇ ਕੀਤੇ 'ਤੇ ਬੜਾ ਪਛਤਾਵਾ ਹੋਇਆ ਤੇ ਉਹ ਸਮਝ ਗਈ ਕਿ ਬਾਹਰੀ ਸੂਰਤ ਦਾ ਸੀਰਤ ਨਾਲ ਕੋਈ ਮੁਕਾਬਲਾ ਨਹੀਂ।

*ਇਹ ਲਿਖਤ ਕਿਰਤੀ ਦੀ ਰਚਨਾ ਹੈ ਜਿਹੜਾ 1988 ਤੋਂ ਆਟੋ ਰਿਕਸ਼ਾ ਚਲਾ ਕੇ ਆਪਣੇ ਪਰਿਵਾਰ ਦੀ ਰੋਜ਼ੀ-ਰੋਟੀ ਚਲਾ ਰਿਹਾ ਹੈ। 1984 ਤੋਂ ਪਹਿਲਾਂ ਉਸ ਦਾ ਪਰਿਵਾਰ ਦਿੱਲੀ ਦੇ ਸੁਲਤਾਨਪੁਰੀ ਇਲਾਕੇ ਵਿਚ ਵਸਦਾ ਸੀ। 1984 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦਾ ਕਤਲੇਆਮ ਹੋਇਆ। ਕੁਲਦੀਪ ਸਿੰਘ ਦੇ ਪਰਿਵਾਰ ਦੀ ਜਾਨ ਉਨ੍ਹਾਂ ਦੇ ਗੁਆਂਢੀ ਪਰਿਵਾਰ ਜੋ ਮੇਰਠ ਦੇ ਜਾਟ ਸਨ, ਨੇ ਬਚਾਈ। ਕੁਲਦੀਪ ਸਿੰਘ ਦੇ ਨਾਨਕੇ ਪਟਿਆਲੇ ਸਨ ਤੇ 1984 'ਚ ਉਹ ਪਟਿਆਲੇ ਆ ਗਏ। ਪਰਿਵਾਰ ਨਾਲ ਹੋਰ ਵੱਡਾ ਦੁਖਾਂਤ ਇਹ ਵਾਪਰਿਆ ਕਿ ਜਦ ਮਹੀਨੇ ਡੇਢ ਮਹੀਨੇ ਬਾਅਦ ਉਹ ਦਿੱਲੀ ਵਾਪਸ ਗਏ ਤਾਂ ਉਨ੍ਹਾਂ ਦੀ ਜਾਨ ਬਚਾਉਣ ਵਾਲੇ ਪਰਿਵਾਰ ਨੇ ਹੀ ਉਨ੍ਹਾਂ ਦੇ ਮਕਾਨ 'ਤੇ ਕਬਜ਼ਾ ਕਰ ਲਿਆ ਸੀ। ਕੁਲਦੀਪ ਸਿੰਘ ਦੇ ਪਰਿਵਾਰ ਕੋਲ ਮਕਾਨ ਦੀ ਮਲਕੀਅਤ ਸਬੰਧੀ ਕੋਈ ਕਾਗਜ਼ ਨਹੀਂ ਸਨ। ਇਸ ਕਾਰਨ ਉਨ੍ਹਾਂ ਨੂੰ ਆਪਣਾ ਘਰ ਵਾਪਸ ਨਾ ਮਿਲਿਆ। ਧਨ ਤੇ ਜਾਇਦਾਦ ਦੀ ਮਨੁੱਖ ਨੂੰ ਅਮਨੁੱਖਤਾ ਤਕ ਲੈ ਜਾਣ ਵਾਲੀ ਪਕੜ। ਇਸ ਗ਼ਮ ਵਿਚ ਡੇਢ ਕੁ ਸਾਲ ਬਾਅਦ ਕੁਲਦੀਪ ਸਿੰਘ ਦੇ ਪਿਤਾ ਨੇ ਖ਼ੁਦਕੁਸ਼ੀ ਕਰ ਲਈ। ਕੁਲਦੀਪ ਸਿੰਘ ਦੀ ਹਥਲੀ ਲਿਖਤ ਵਿਚ ਗੁਰੂ ਨਾਨਕ ਦੇਵ, ਭਗਤ ਕਬੀਰ, ਸ਼ੇਖ ਫ਼ਰੀਦ ਅਤੇ ਸਾਡੇ ਹੋਰ ਰਹਿਬਰਾਂ ਵੱਲੋਂ ਦਿੱਤੇ ਗਏ ਕਿਰਤੀ ਜੀਵਨ ਨੂੰ ਉਚੇਰਾ ਸਮਝਣ ਦੇ ਸੁਨੇਹੇ ਅਤੇ ਲੇਖਕ ਵੱਲੋਂ ਇਸ ਸੰਦੇਸ਼ ਨੂੰ ਅਮਲੀ ਰੂਪ ਵਿਚ ਜਿਉਣ ਦਾ ਸੰਗਮ ਪ੍ਰਤੱਖ ਦਿਖਾਈ ਦਿੰਦਾ ਹੈ।*

# ਕਿਰਤ, ਕਿਰਤੀ ਜੀਵਨ ਅਤੇ ਗੁਰਬਾਣੀ



ਅਮਰੀਕੀ ਚਿੱਤਰਕਾਰ ਆਨਰ ਡੈਸਮੰਡ ਸ਼ਰਰ ਦਾ 1943 ਵਿਚ ਕਿਰਤੀਆਂ ਬਾਰੇ ਬਣਾਇਆ ਚਿੱਤਰ 'ਵਰਕਰਜ਼ ਐਂਡ ਪੇਂਟਿੰਗਜ਼।

ਟੈਲੀਵਿਜ਼ਨ 'ਤੇ ਇਕ ਜਾਣੇ-ਪਛਾਣੇ ਗਿਆਨੀ ਜੀ ਕਥਾ ਕਰ ਰਹੇ ਸਨ। ਮੈਂ ਬੜਾ ਧਿਆਨ ਲਾ ਕੇ ਸੁਣ ਰਿਹਾ ਸਾਂ। ਕਥਾ ਦਾ ਵਿਸ਼ਾ ਵਸਤੂ ਸੀ ਕਿ ਗੁਰਸਿੱਖ ਦਾ ਆਦਰਸ਼ਕ ਜੀਵਨ ਕਿਵੇਂ ਦਾ ਹੋਣਾ ਚਾਹੀਦਾ ਹੈ। ਗਿਆਨੀ ਜੀ ਗੁਰਬਾਣੀ ਸ਼ਬਦਾਂ



ਦੇ ਮੁਤਾਬਿਕ ਢੁੱਕਵੀਆਂ ਦਲੀਲਾਂ ਵੀ ਦੇ ਰਹੇ ਸਨ। ਉਨ੍ਹਾਂ ਦੇ ਬਚਨ ਸੁਣ-ਸੁਣ ਕੇ ਮੇਰਾ ਹਿਰਦਾ ਦ੍ਰਵਦਾ ਜਾ ਰਿਹਾ ਸੀ। ਬੜੇ ਭਾਵਪੂਰਤ ਸ਼ਬਦਾਂ ਵਿਚ ਉਪਦੇਸ਼ ਕਰਦਿਆਂ ਕਰਦਿਆਂ ਅਚਨਚੇਤ ਉਨ੍ਹਾਂ ਦੀ ਸੁਰ ਇਸ

**ਕੁਲਦੀਪ ਸਿੰਘ**
ਫੋਨ: +91-90412-63401

ਪਾਸੇ ਤੁਰ ਪਈ ਕਿ ਗੁਰਸਿੱਖ ਲਈ ਅੰਮ੍ਰਿਤ ਵੇਲੇ ਪਹਿਰ ਰਾਤ ਰਹਿੰਦੀ ਉੱਠ ਕੇ ਇਸ਼ਨਾਨ ਪਾਣੀ ਕਰਨ ਤੋਂ ਬਾਅਦ ਪੰਜ ਬਾਣੀਆਂ ਦਾ ਨਿੱਤਨੇਮ ਕੀਤੇ ਬਿਨਾ ਛਕਿਆ ਪ੍ਰਸ਼ਾਦਾ ਜ਼ਹਿਰ ਬਣ ਜਾਂਦਾ ਹੈ; ਜੋ ਲੋਕ ਇਸ ਹੁਕਮ 'ਤੇ ਅਮਲ ਨਹੀਂ ਕਰਦੇ, ਉਨ੍ਹਾਂ ਦਾ ਜੀਵਨ ਫਿਟਕਾਰ ਯੋਗ ਹੈ; ਅਜਿਹੇ ਲੋਕ ਮਨੁੱਖਾ ਸਰੀਰ ਵਿਚ ਪਸ਼ੂ ਦੇ ਵਾਂਗ ਹਨ; ਜੇਕਰ ਤੁਸੀਂ ਇਸ ਜੀਵਨ ਨੂੰ ਸਫ਼ਲ ਕਰਨਾ ਚਾਹੁੰਦੇ ਹੋ ਤਾਂ ਹੋਰ ਸਾਰੇ ਕੰਮ ਨਿਹਫ਼ਲ ਜਾਣ ਕੇ ਕੇਵਲ ਅੰਮ੍ਰਿਤ ਵੇਲੇ ਦੀ ਸੰਭਾਲ ਵਿਚ ਜੁਟ ਜਾਓ।

ਇਸ ਤੋਂ ਬਾਅਦ ਉਹ ਸਵੇਰੇ ਤਿੰਨ, ਚਾਰ ਅਤੇ ਪੰਜ ਵਜੇ ਉੱਠਣ ਦੇ ਹਿਸਾਬ ਨਾਲ ਸੱਚਖੰਡ ਦੀਆਂ ਸੀਟਾਂ ਵੰਡਣ ਲੱਗ ਪਏ। ਉਨ੍ਹਾਂ ਦੇ ਬਚਨਾਂ ਮੁਤਾਬਿਕ ਇਸ ਜੀਵਨ ਢੰਗ ਤੋਂ ਵਿਰਵੇ ਲੋਕ ਨਖਿੱਧ ਜੀਵਨ ਵਾਲੇ ਹਨ ਤੇ ਸਿੱਖ ਅਖਵਾਉਣ ਦੇ ਲਾਇਕ ਵੀ ਨਹੀਂ ਹਨ। ਇਸ ਸਾਰੀ ਵਾਰਤਾ ਨੂੰ ਸੁਣਦਿਆਂ ਮੇਰੇ ਦਿਲ ਨੂੰ ਡੋਬੂ ਪੈਣ ਲੱਗੇ।

ਮੈਨੂੰ ਭਾਵੇਂ ਅੰਮ੍ਰਿਤਧਾਰੀ 'ਅਖਵਾਉਂਦਿਆਂ' ਲਗਭਗ ਤੀਹ ਕੁ ਵਰ੍ਹੇ ਹੋ ਚੁੱਕੇ ਹਨ ਪਰ ਮੈਨੂੰ ਇਹ ਗੱਲ ਬੜੀ ਚੁਭ ਰਹੀ ਸੀ ਕਿ ਮੇਰੇ ਵਰਗੇ ਲੱਖਾਂ ਕਿਰਤੀ, ਜਿਹੜੇ ਸਾਰਾ ਦਿਨ ਹੱਡ-ਭੰਨਵੀਂ ਮਿਹਨਤ ਕਰ ਕੇ ਮਸਾਂ ਟੱਬਰ ਦਾ ਢਿੱਡ ਭਰਦੇ ਨੇ, ਉਹ ਸਾਰੇ ਹੀ ਇਸ ਕਸੌਟੀ 'ਤੇ ਲਾਇਆਂ ਗਿਆਨੀ ਜੀ ਵਾਲੇ 'ਅਖੌਤੀ ਸੱਚਖੰਡ' ਦੀਆਂ ਰਾਖਵੀਆਂ ਸੀਟਾਂ ਤੋਂ ਵਾਂਝੇ ਰਹਿ ਜਾਣਗੇ ਕਿਉਂਕਿ ਅਨਿਸ਼ਚਿਤ ਘੰਟਿਆਂ ਦੀ ਕਿਰਤ ਤੋਂ ਬਾਅਦ ਜਦੋਂ ਕਿਰਤੀਆਂ ਨੂੰ ਲੱਕ ਸਿੱਧਾ ਕਰਨ ਲਈ ਬਿਸਤਰਾ ਮਿਲਦਾ ਹੈ ਤਾਂ ਅੱਖ ਖੁੱਲ੍ਹਣ ਤਕ ਅਕਸਰ ਇਨ੍ਹਾਂ ਰਾਖ਼ਵੀਆਂ ਸੀਟਾਂ ਵਾਲਾ ਸਮਾਂ ਲੰਘ ਚੁੱਕਾ ਹੁੰਦਾ ਹੈ। ਉੱਤੋਂ ਸਿਤਮ ਇਹ ਕਿ ਕਿਰਤੀਆਂ ਦੀਆਂ ਮੁਸ਼ਕਿਲਾਂ ਤੋਂ ਅਣਜਾਣ ਚਿਟਕੱਪੜੀਏ ਕਥਾਕਾਰ ਨਿਸ਼ਚਿਤ ਗਿਣਤੀ ਵਾਲੀਆਂ ਬਾਣੀਆਂ ਦੀ ਲਾਜ਼ਮੀਅਤ ਵਾਲੀ ਸ਼ਰਤ ਨੂੰ ਪੂਰਾ ਕੀਤੇ ਬਿਨਾ ਬਹੁਗਿਣਤੀ ਕਿਰਤੀਆਂ ਨੂੰ ਸਿੱਖੀ ਦੇ ਪਾਂਧੀ ਵੀ ਮੰਨਣ ਲਈ ਤਿਆਰ ਨਹੀਂ।

ਖ਼ੈਰ! ਇਸ 'ਅਖੌਤੀ ਸੱਚਖੰਡ' ਦੀ ਸੀਟ ਖੁੱਸਣ ਦੇ ਡਰ ਵਿਚ ਲਿੱਸੇ ਹੁੰਦੇ ਜਾ ਰਹੇ ਮੇਰੇ ਮਨ ਨੂੰ ਅਚਨਚੇਤ ਹੀ ਕਿਰਤੀ ਵਰਗ ਦੇ ਚਾਨਣ ਮੁਨਾਰੇ ਕਬੀਰ ਸਾਹਿਬ ਜੀ ਦੇ ਬਚਨ ਚੇਤੇ ਆ ਗਏ:

ਮੋ ਗਰੀਬ ਕੀ ਕੋ ਗੁਜਰਾਵੈ॥
ਮਜਲਸਿ ਦੂਰਿ ਮਹਲੁ ਕੋ ਪਾਵੈ॥

ਇਨ੍ਹਾਂ ਬਚਨਾਂ ਨੇ ਮੇਰੀ ਸੁਰਤ ਧਰਤ ਮੰਡਲ ਵੱਲ ਲੈ ਆਂਦੀ ਅਤੇ ਇਹ ਜਤਾ ਦਿੱਤਾ ਕਿ ਉਪਰੋਕਤ 'ਸੱਚਖੰਡ' ਤਾਂ ਸਾਨੂੰ ਹਰਗਿਜ਼ ਨਹੀਂ ਮਿਲ ਸਕਦਾ। ਸੋਚਾਂ ਵਿਚ ਗ਼ਲਤਾਨ ਹੋ ਕੇ ਜਦੋਂ ਮੈਂ ਆਪਣੀ ਨਿੱਤ ਦੀ ਕਾਰ 'ਤੇ ਝਾਤ ਮਾਰੀ ਤਾਂ ਜਿਹੜਾ ਦ੍ਰਿਸ਼ ਦਿੱਸਿਆ, ਉਸ ਨੇ ਮੈਨੂੰ ਝੁਣਝੁਣੀ ਛੇੜ ਦਿੱਤੀ। ਅਸੀਂ ਤਾਂ ਗਿਆਨੀ ਜੀ ਦੀਆਂ ਵਰਣਨ ਕੀਤੀਆਂ ਉਕਤ ਸ਼ਰਤਾਂ ਦੇ ਪਾਸਕੂ ਵੀ ਨਹੀਂ ਹਾਂ। ਪਿਛਲੇ ਪੈਂਤੀ ਸਾਲਾਂ ਦੇ ਕਿਰਤੀ ਜੀਵਨ ਦੀ ਰੁਟੀਨ ਦੇ ਮੁਤਾਬਿਕ ਜੋ ਨਜ਼ਰੀਂ ਆਇਆ, ਉਹ ਨਿਮਨਲਿਖਤ ਹੈ:

ਸਵੇਰੇ ਉੱਠ ਕੇ ਇਸ਼ਨਾਨ ਤੋਂ ਲੈ ਕੇ ਕੇਸਾਂ ਦੀ ਸੰਭਾਲ ਤਕ ਇਕ ਘੰਟਾ ਲੱਗ ਜਾਂਦਾ ਹੈ। ਜਪੁ ਬਾਣੀ ਦੀ ਸਮਾਪਤੀ ਹੁੰਦਿਆਂ ਤਕ ਦੀਵਾਰ ਘੜੀ ਸਕੂਲ ਦੇ ਬੱਚਿਆਂ ਨੂੰ ਲੈ ਕੇ ਨਿਕਲਣ ਲਈ ਇਸ਼ਾਰਾ ਕਰਨ ਲੱਗ ਪੈਂਦੀ ਹੈ। ਇਸ ਤੋਂ ਬਾਅਦ ਸਿਲਸਿਲਾ ਸ਼ੁਰੂ ਹੁੰਦਾ ਹੈ ਰੋਜ਼ ਦੇ ਤੇਲ ਖਰਚ ਲਈ ਸਵਾਰੀਆਂ ਲੱਭਣ ਵਾਲੀ ਦੌੜ-ਭੱਜ ਦਾ। ਕਦੋਂ ਦੁਬਾਰਾ ਸਕੂਲ ਜਾਣ ਦਾ ਟਾਈਮ ਹੋ ਜਾਂਦਾ ਹੈ, ਪਤਾ ਹੀ ਨਹੀਂ ਲੱਗਦਾ। ਦੁਪਹਿਰ ਵੇਲੇ ਬੇਵਕਤ ਜੁੜੇ ਖਾਣੇ ਤੋਂ ਬਾਅਦ ਫੇਰ ਢਿੱਡ ਦੇ ਝਮੇਲੇ ਸ਼ੁਰੂ ਹੋ ਜਾਂਦੇ ਹਨ। ਇੰਨੇ ਖਲਜਗਣ ਤੋਂ ਬਾਅਦ ਵੀ ਸਾਰੀ ਉਮਰ ਦੋ ਡੰਗ ਦੀ ਰੋਟੀ ਦੇ ਜੁਗਾੜ ਵਿਚ ਹੀ ਲੰਘ ਗਈ। ਨਾ ਕਦੇ ਆਪਾਂ ਤਿੰਨ, ਚਾਰ ਜਾਂ ਪੰਜ ਵਜੇ ਵਾਲੇ ਅਭਿਆਸੀ ਬਣ ਸਕੇ ਤੇ ਨਾ ਹੀ ਬਾਣੀ ਦੇ ਰਸਮੀ ਪਠਨ ਪਾਠਨ ਦੀਆਂ ਗਿਣਤੀਆਂ-ਮਿਣਤੀਆਂ ਵਿਚ ਪੂਰੇ ਉਤਰ ਸਕੇ। ਪਰਮੇਸ਼ਰ ਨੇ ਜਿਹੜਾ ਢਿੱਡ ਲਾਇਆ, ਉਸ ਨੇ ਇਹੋ ਜਿਹੇ ਚੱਕਰ ਵਿਚ ਫਸਾਇਆ ਕਿ 'ਨਾਨਕ ਸੋ ਪ੍ਰਭੁ ਸਿਮਰੀਐ' ਦਾ ਹੁਕਮ ਤਾਂ ਭੁੱਲ ਗਿਆ ਤੇ 'ਤਿਸੁ ਦੇਹੀ ਕਉ ਪਾਲਿ॥' ਦੇ ਆਹਰ ਵਿਚ ਹੀ ਲੱਗੇ ਰਹੇ।

ਸ਼ਾਇਦ ਇਹ ਕਿਸੇ ਨੂੰ ਅਤਿਕਥਨੀ ਵੀ ਮਹਿਸੂਸ ਹੋ ਸਕਦੀ ਹੈ ਪਰ ਕਿਰਤੀਆਂ ਲਈ ਇਹ ਜੀਵਨ-ਸੰਘਰਸ਼ ਦਾ ਹਿੱਸਾ ਹੈ।

ਮੇਰਾ ਮਕਸਦ ਸਿਰਫ਼ ਆਪਣੀਆਂ ਨਿੱਜੀ ਦੁਸ਼ਵਾਰੀਆਂ ਦਾ ਵੇਰਵਾ ਦੱਸਣਾ ਨਹੀਂ ਹੈ। ਲਗਭਗ ਸਾਰੇ ਕਿਰਤੀ ਗੁਰਸਿੱਖਾਂ ਨੂੰ ਇਸੇ ਤਰ੍ਹਾਂ ਦੇ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚਾਹੇ ਉਹ ਡਰਾਈਵਰੀ ਕਰ ਰਹੇ ਜਾਂ ਸੁਰੱਖਿਆ ਗਾਰਡ ਬਣ ਕੇ ਜੀਵਨ ਨਿਰਬਾਹ ਕਰ ਰਹੇ ਹੋਣ ਜਾਂ ਕਈ ਕਈ ਸ਼ਿਫਟਾਂ ਵਾਲੀਆਂ ਡਿਊਟੀਆਂ ਕਰ ਰਹੇ ਹੋਣ। ਢਿੱਡ ਭਰਨ ਲਈ ਦਿਨ-ਰਾਤ ਦੀ ਪਰਵਾਹ ਕੀਤੇ ਬਿਨਾਂ ਠੇਡੇ ਖਾਂਦਿਆਂ ਵੀ ਜੇਕਰ ਜ਼ਿਆਦਾਤਰ ਗੁਰਸਿੱਖ ਕਿਰਤੀਆਂ ਦੀ ਸੋਚ ਵਿਚ ਸਿੱਖੀ ਦੀ ਕਣੀ ਬਰਕਰਾਰ ਹੈ ਤਾਂ ਉਸ ਦਾ ਕਾਰਨ ਹੈ ਕਿ ਗੁਰੂ ਨਾਨਕ ਸਾਹਿਬ ਵੱਲੋਂ ਨਿਰੂਪਿਆ ਗੁਰਮਤਿ ਸਿਧਾਂਤ 'ਕਿਰਤ ਕਰੋ' ਦਾ ਉਪਦੇਸ਼ ਪਹਿਲਾਂ ਦਿੰਦਾ ਹੈ, ਉਸ ਤੋਂ ਮਗਰੋਂ 'ਨਾਮ ਜਪੋ' ਦੀ ਹਦਾਇਤ ਹੈ। ਅਗਲਾ ਹੁਕਮ ਵੰਡ ਛਕਣ ਦਾ ਹੈ। ਬਾਬਾ ਨਾਨਕ ਜੀ ਨੇ ਤਾਂ ਸਾਨੂੰ ਕਿਰਤੀਆਂ ਨੂੰ ਇਨ੍ਹਾਂ ਬਚਨਾਂ ਨੂੰ ਕਮਾ ਲੈਣ 'ਤੇ ਹੀ ਧਰਮ ਦੇ ਪਾਂਧੀ ਹੋਣ ਦਾ ਦਰਜਾ ਬਖ਼ਸ਼ ਦਿੱਤਾ ਹੈ, ਉਹ ਕਹਿੰਦੇ ਹਨ:

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਸਿੱਖ ਰਹਿਤ ਮਰਿਆਦਾ ਵਿਚ ਦਰਜ ਸਿੱਖ ਦੀ ਸ਼ਖ਼ਸੀ ਰਹਿਣੀ ਤੋਂ ਇਨਕਾਰੀ ਹਾਂ ਸਗੋਂ ਜਦੋਂ ਅਸੀਂ ਫੁਰਸਤ ਦੇ ਪਲਾਂ ਵਿਚ ਬਹਿ ਕੇ ਬਾਣੀ ਪੜ੍ਹਦੇ ਹਾਂ ਤਾਂ ਸਾਡੀ ਇਹ ਸੋਚ ਹੋਰ ਦ੍ਰਿੜ੍ਹ ਹੁੰਦੀ ਹੈ ਕਿ ਗੁਰੂ ਬਾਬਾ ਜੀ ਸਾਡੇ ਮਾਇਕੀ ਫ਼ਿਕਰਾਂ ਨਾਲ ਲੱਦੇ ਜੀਵਨ ਨੂੰ ਰਸਮੀ ਕਰਮ-ਕਾਂਡਾਂ ਨਾਲ ਹੋਰ ਨਹੀਂ ਸਨ ਲੱਦਣਾ ਚਾਹੁੰਦੇ। ਸੱਚ ਜਾਣਿਓ ਉਦੋਂ ਸਾਡੇ ਸਾਰੇ ਤੌਖ਼ਲੇ ਲੱਥ ਜਾਂਦੇ ਹਨ ਤੇ ਉਦੋਂ ਸਾਨੂੰ ਗੁਰੂ ਬਾਬਾ ਜੀ ਹੋਰ ਵਧੇਰੇ ਆਪਣੇ ਲੱਗਣ ਲੱਗ ਪੈਂਦੇ ਹਨ, ਆਪਣੇ ਵਰਗੇ ਕਿਰਤੀ, ਜਿਹੜੇ ਸਾਡੀਆਂ ਮਜਬੂਰੀਆਂ ਨੂੰ ਵੀ ਜਾਣਦੇ ਹਨ ਤੇ ਸਾਡੀ ਬਾਂਹ ਵੀ ਨਹੀਂ ਛੱਡਦੇ। ਜਦੋਂ ਕਦੇ ਫ਼ੋਕੇ ਗਿਆਨੀਆਂ ਦੇ ਨਿਹੋਰਿਆਂ ਨੂੰ ਸੁਣ ਕੇ ਸਾਡੇ ਮਨ ਡਿੱਕ-ਡੋਲੇ ਖਾਣ ਲੱਗਣ ਤਾਂ ਬਾਣੀ ਦੇ ਰਾਹੀਂ ਧਰਵਾਸ ਵੀ ਮਿਲਦੀ ਹੈ ਕਿ ਜੇ ਗੁਰੂ ਨਾਨਕ ਸਾਹਿਬ ਵਰਗੇ ਰਹਿਬਰ ਸਾਡੇ (ਕਿਰਤੀਆਂ ਦੇ) ਪੱਖ ਵਿਚ ਖੜ੍ਹੇ ਹਨ ਤਾਂ ਸਾਨੂੰ 'ਅਖੌਤੀ ਸੱਚਖੰਡ' ਦੀਆਂ ਸੀਟਾਂ ਦੀ ਮੁਥਾਜੀ ਹੀ ਕਿੱਥੇ ਹੈ।

ਇਸ ਵਾਰਤਾ ਰਾਹੀਂ ਮੇਰਾ ਮਕਸਦ ਆਪਣੇ ਆਪ ਨੂੰ ਸਚਿਆਰੇ ਸਾਬਤ ਕਰਨਾ ਨਹੀਂ ਹੈ ਸਗੋਂ ਮੇਰੀ ਪ੍ਰਚਾਰਕਾਂ ਦੇ ਅੱਗੇ ਬੇਨਤੀ ਹੈ ਕਿ ਗੁਰਬਾਣੀ ਦੇ ਉਪਦੇਸ਼ਾਂ ਨੂੰ ਪ੍ਰਚਾਰਨ ਲਈ ਕਿਰਤੀਆਂ ਦੇ ਜੀਵਨ ਨੂੰ ਕੇਂਦਰ ਵਿਚ ਰੱਖ ਕੇ ਵਿਆਖਿਆ ਕਰਨ ਦਾ ਦਸਤੂਰ ਅਪਣਾਓ।

ਇਹ ਠੀਕ ਹੈ ਕਿ ਧਰਮੀ ਮਨੁੱਖ ਦੇ ਜੀਵਨ ਦੇ ਜੀਵਨ ਜਾਚ ਦਾ ਅਕਸ ਘੜਨ ਸਮੇਂ ਮੁੱਢ ਕਦੀਮ ਤੋਂ ਹੀ ਤੜਕੇ ਉੱਠਣ ਦੇ ਉੱਦਮ ਨੂੰ ਵਡਿਆਇਆ ਗਿਆ ਹੈ:

ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ॥
ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ॥

ਭਾਵ, ਰਾਤ ਦੇ ਪਹਿਲੇ ਪਹਿਰ ਦੀ ਬੰਦਗੀ (ਮਾਨੋ) ਸੋਹਣਾ ਜਿਹਾ ਫੁੱਲ ਹੈ, ਫਲ ਅੰਮ੍ਰਿਤ ਵੇਲੇ ਦੀ ਬੰਦਗੀ ਹੀ ਹੋ ਸਕਦੀ ਹੈ; ਜਿਹੜੇ ਬੰਦੇ ਅੰਮ੍ਰਿਤ ਵੇਲੇ ਜਾਗਦੇ ਹਨ, ਉਹ ਪਰਮਾਤਮਾ ਤੋਂ ਬਖ਼ਸ਼ਿਸ਼ ਹਾਸਿਲ ਕਰ ਸਕਦੇ ਹਨ।


ਮੈਂ ਕਲਪਨਾ ਕਰਦਾ ਹਾਂ ਕਿ ਜਦੋਂ ਗੁਰੂ ਨਾਨਕ ਸਾਹਿਬ ਜੀ ਦੇ ਸਾਹਮਣੇ ਸ਼ੇਖ਼ ਫ਼ਰੀਦ ਜੀ ਦੇ ਇਹ ਬਚਨ ਆਏ ਹੋਣਗੇ ਤਾਂ ਉਨ੍ਹਾਂ ਸਾਹਮਣੇ ਭਾਈ ਲਾਲੋ ਜੀ ਵਰਗੇ ਕਿਰਤੀਆਂ ਦਾ ਜੀਵਨ ਸੀ ਤੇ ਨਾਲ ਹੀ ਉਨ੍ਹਾਂ ਕੋਲ ਕਿਰਤੀਆਂ ਦੀ ਆਤਮਿਕ ਜੀਵਨ-ਜਾਚ ਨੂੰ ਘੜਨ ਦੀ ਜੁਗਤ ਵੀ ਸੀ। ਉਹ ਜਾਣਦੇ ਸਨ ਕਿ ਕਿਰਤੀਆਂ ਦੀਆਂ ਦੁਸ਼ਵਾਰੀਆਂ ਹਰ ਸਮੇਂ, ਹਰ ਸਦੀ ਵਿਚ ਇਕੋ ਜਿਹੀਆਂ ਹੀ ਰਹੀਆਂ ਹਨ, ਉਨ੍ਹਾਂ ਨੇ ਆਪਣਾ ਨਜ਼ਰੀਆ ਵੀ ਨਾਲ ਹੀ ਦਰਜ ਕਰ ਦਿੱਤਾ:


ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥
ਇਕਿ ਜਾਗੰਦੇ ਨਾ ਲਹਨਿ ਇਕਨਾ ਸੁਤਿਆ ਦੇਇ ਉਠਾਲਿ॥

ਭਾਵ, ਬਖ਼ਸ਼ਿਸ਼ਾਂ ਪਰਮਾਤਮਾ ਦੀਆਂ ਹਨ; ਉਸ ਅੱਗੇ ਕਿਸੇ ਦਾ ਕੀ ਜ਼ੋਰ ਚੱਲ ਸਕਦਾ ਹੈ; ਕਈ (ਅੰਮ੍ਰਿਤ ਵੇਲੇ) ਜਾਗਦੇ ਵੀ ਇਹ ਬਖ਼ਸ਼ਿਸ਼ਾਂ ਨਹੀਂ ਲੈ ਸਕਦੇ ਅਤੇ ਕਈ ਭਾਗਾਂ ਵਾਲਿਆਂ ਨੂੰ ਪਰਮਾਤਮਾ ਜਗਾ ਕੇ ਬਖ਼ਸ਼ਿਸ਼ਾਂ ਦੇ ਦਿੰਦਾ ਹੈ।

ਗੁਰਬਾਣੀ ਦੇ ਉਪਦੇਸ਼ ਸਰਬ ਕਾਲੀ ਅਤੇ ਸਰਬ ਦੇਸ਼ੀ ਹਨ। ਅੱਜ ਦੇ ਮਨੁੱਖ ਦੇ ਜੀਵਨ ਢੰਗ ਵਿਚ ਅਣਗਿਣਤ ਬਦਲਾਉ ਆ ਗਏ ਹਨ, ਚੌਦਾਂ-ਪੰਦਰਾਂ ਘੰਟੇ ਦੀ ਘੋਰ ਮੁਸ਼ੱਕਤ ਕਰਨ ਵਾਲਿਆਂ ਨੂੰ ਧਰਮ ਦੇ ਨਾਂ 'ਤੇ ਘੋਰ ਕਰਮ-ਕਾਂਡੀ ਰਸਮਾਂ ਵਿਚ ਜੁੜਨ ਨੂੰ ਧਰਮ ਪ੍ਰਚਾਰ ਕਹਿਣਾ ਸਹੀ ਨਹੀਂ ਲੱਗਦਾ। ਪ੍ਰਚਾਰਕਾਂ ਨੂੰ ਕਿਰਤੀਆਂ ਦੇ ਮਨਾਂ ਅੰਦਰ ਅਪਰਾਧ ਬੋਧ ਪੈਦਾ ਕਰਨ ਦੀ ਥਾਂ 'ਤੇ ਗੁਰੂ ਨਾਨਕ ਦੇਵ ਜੀ ਦੀ ਕਿਰਤ, ਮਾਣ-ਸਨਮਾਨ ਦੇਣ ਵਾਲੀ ਪਰੰਪਰਾ ਨੂੰ ਆਪਣਾਉਣਾ ਚਾਹੀਦਾ ਹੈ।

ਧਰਮ ਦੇ ਨਾਂ 'ਤੇ ਕਰਮ-ਕਾਂਡੀ ਪੱਖ ਨੂੰ ਹੀ ਵਡਿਆਉਣਾ ਤੇ ਕਿਰਤੀਆਂ ਨੂੰ ਛੁਟਿਆ ਕੇ ਉਨ੍ਹਾਂ ਦੇ ਅੰਦਰ ਹੀਣ ਭਾਵਨਾ ਭਰਨਾ ਬਿਪਰ ਦਾ ਪੁਰਾਣਾ ਢੰਗ ਹੈ ਜੋ ਸਦੀਆਂ ਤਕ ਬਿਪਰੀ ਲੁੱਟ ਦਾ ਸੰਦ ਬਣਿਆ ਰਿਹਾ ਹੈ। ਸਿੱਖੀ ਦੇ ਪ੍ਰਚਾਰ ਤੇ ਪਸਾਰ ਲਈ ਯਤਨਸ਼ੀਲ ਧਿਰਾਂ ਨੂੰ ਊਣੇ-ਹੀਣੇ ਲੋਕਾਂ ਨੂੰ ਭੰਡਣ ਦਾ ਵਿਹਾਰ ਤਿਆਗ ਕੇ, ਉਨ੍ਹਾਂ ਦੇ ਰੋਜ਼ਾਨਾ ਜੀਵਨ 'ਚ ਪੇਸ਼ ਆਉਂਦੀਆਂ ਮੁਸ਼ਕਿਲਾਂ 'ਤੇ ਧਿਆਨ ਕੇਂਦਰਿਤ ਕਰ ਕੇ ਸਿਧਾਂਤਾਂ ਦਾ ਨਿਰੂਪਣ ਕਰਨਾ ਪਵੇਗਾ। ਕੇਵਲ ਦੋਸ਼ ਆਰੋਪਣ ਵਾਲੀ ਬਿਰਤੀ ਗੁਰਮਤਿ ਸਿਧਾਂਤ ਤੋਂ ਪੂਰੀ ਤਰ੍ਹਾਂ ਜਾਣੂ ਨਾ ਹੋਣ ਵਾਲੀ ਅਵਸਥਾ ਵਿਚ ਵਿਚਰ ਰਹੇ ਕਿਰਤੀਆਂ ਦੇ ਮਨਾਂ ਅੰਦਰ ਅਪਰਾਧ ਬੋਧ ਪੈਦਾ ਕਰ ਕੇ ਉਨ੍ਹਾਂ ਨੂੰ ਸਿੱਖ ਧਰਮ ਤੋਂ ਸਗੋਂ ਹੋਰ ਦੂਰ ਕਰਨ ਦਾ ਕਾਰਨ ਬਣ ਰਹੀ ਹੈ।





# ਲਾਤੀਨੀ ਅਮਰੀਕਾ ਦੀ ਸਿਆਸਤ ਅਤੇ ਸੰਕਟ



**ਮਾਨਵ**
ਫੋਨ: +91-98888-08188

ਲਾਤੀਨੀ ਅਮਰੀਕਾ ਆਪਣੇ ਸਾਹਿਤ, ਸੰਗੀਤ ਅਤੇ ਸੰਘਰਸ਼ਾਂ ਕਾਰਨ ਵਿਲੱਖਣ ਥਾਂ ਰੱਖਦਾ ਹੈ। ਲਗਭਗ ਦੋ ਦਰਜਨ ਛੋਟੇ-ਵੱਡੇ ਮੁਲਕਾਂ ਅਤੇ 60 ਕਰੋੜ ਦੀ ਆਬਾਦੀ ਵਾਲੇ ਇਸ ਖਿੱਤੇ ਦਾ ਪਿਛਲੀ ਕਰੀਬ ਅੱਧੀ ਸਦੀ ਦਾ ਇਤਿਹਾਸ ਅੰਦਰੂਨੀ ਆਰਥਿਕ-ਸਿਆਸੀ ਸੰਕਟ, ਫੌਜੀ ਤਾਨਾਸ਼ਾਹੀਆਂ, ਸਾਮਰਾਜੀ ਦਖ਼ਲ ਅਤੇ ਇਸ ਖ਼ਿਲਾਫ਼ ਲੋਕ ਰੋਹ ਦਾ ਇਤਿਹਾਸ ਹੈ ਪਰ ਸਰਮਾਏਦਾਰੀ ਦੀਆਂ ਨਵ-ਉਦਾਰਵਾਦੀ ਨੀਤੀਆਂ ਦੀ ਪਹਿਲੀ ਕਾਰਜ ਭੂਮੀ ਬਣਿਆ ਇਹ ਖ਼ਿੱਤਾ ਅੱਜ ਗੰਭੀਰ ਆਰਥਿਕ ਸੰਕਟ ਦਾ ਸ਼ਿਕਾਰ ਹੈ। ਕੌਮਾਂਤਰੀ ਮੁਦਰਾ ਕੋਸ਼ ਦੀ ਰਿਪੋਰਟ ਮੁਤਾਬਕ ਲਾਤੀਨੀ ਅਮਰੀਕਾ ਤੇ ਕੈਰੀਬੀਆਈ ਟਾਪੂਆਂ ਦੇ ਮੁਲਕਾਂ ਨੂੰ ਕਰੋਨਾ ਲੌਕਡਾਊਨ ਤੇ ਯੂਕਰੇਨ ਜੰਗ ਤੋਂ ਬਾਅਦ ਹੁਣ ਵਧਦੀਆਂ ਵਿਆਜ ਦਰਾਂ ਦੇ ਮੱਦੇਨਜ਼ਰ ਕਰਜ਼ਾ ਸੰਕਟ ਦੇ ਰੂਪ ਵਿਚ ਤੀਜਾ ਝਟਕਾ ਲੱਗਣ ਵਾਲਾ ਹੈ। ਇਸੇ ਤਰ੍ਹਾਂ ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ ਇਸ ਖਿੱਤੇ ਵਿਚ ਨੌਜਵਾਨਾਂ ਦੀ ਆਬਾਦੀ ਦਾ 45% ਗਰੀਬੀ ਰੇਖਾ ਤੋਂ ਹੇਠਾਂ ਜੀਵਨ ਗੁਜ਼ਾਰ ਰਿਹਾ ਹੈ ਤੇ 5.6 ਕਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹਨ। ਗਰੀਬੀ, ਬੇਰੁਜ਼ਗਾਰੀ ਦੀ ਮਾਰ ਤੋਂ ਬਚਣ ਲਈ ਆਬਾਦੀ ਦਾ ਵੱਡਾ ਹਿੱਸਾ ਲਗਾਤਾਰ ਪਰਵਾਸ ਕਰ ਰਿਹਾ ਹੈ। ਲਾਤੀਨੀ ਅਮਰੀਕਾ ਵਿਚ ਪਰਵਾਸ ਦੀ ਗਿਣਤੀ ਵਿਚ 66% ਤਕ ਦਾ ਵਾਧਾ ਪਿਛਲੇ ਸਮਿਆਂ ਵਿਚ ਹੋਇਆ ਜਿਨ੍ਹਾਂ ਵਿਚੋਂ ਬਹੁਤ ਹਿੱਸਾ ਖਿੱਤੇ ਦੇ ਹੀ ਹੋਰਾਂ ਮੁਲਕਾਂ ਜਿਵੇਂ ਅਰਜਨਟਾਈਨਾ, ਬ੍ਰਾਜ਼ੀਲ ਆਦਿ ਵੱਲ ਤੇ ਜਾਂ ਫਿਰ ਮੈਕਸਿਕੋ ਰਸਤੇ ਹੁੰਦੇ ਹੋਏ ਅਮਰੀਕਾ ਤੱਕ ਕਾਨੂੰਨੀ ਗੈਰ-ਕਾਨੂੰਨੀ ਢੰਗਾਂ ਰਾਹੀਂ ਹੋ ਰਿਹਾ ਹੈ। ਇਸ ਡੂੰਘੇ ਹੁੰਦੇ ਆਰਥਿਕ ਸੰਕਟ ਦੇ ਨਤੀਜੇ ਵਜੋਂ ਇਸ ਖਿੱਤੇ ਵਿਚ ਸਿਆਸੀ ਸੰਕਟ ਵੀ ਡੂੰਘਾ ਹੋ ਰਿਹਾ ਹੈ, ਸੱਜੇ-ਪੱਖੀ ਤਾਕਤਾਂ ਦਾ ਉਭਾਰ ਅਤੇ ਉਨ੍ਹਾਂ ਨੂੰ ਅਮਰੀਕੀ ਸਾਮਰਾਜੀਆਂ ਦੀ ਸ਼ਹਿ ਵਧ ਰਹੀ ਹੈ।

### ਸਰਮਾਏਦਾਰਾ ਸੰਕਟ ਤੇ 'ਪ੍ਰਗਤੀਵਾਦ' ਦਾ ਅੰਤ


ਲਾਤੀਨੀ ਅਮਰੀਕਾ ਹੀ ਉਹ ਖਿੱਤਾ ਹੈ ਜਿੱਥੇ ਪਿਛਲੇ 20-25 ਸਾਲਾਂ ਵਿਚ ਅਜਿਹੀਆਂ ਸਰਕਾਰਾਂ ਬਣੀਆਂ ਜਿਹੜੀਆਂ ਜ਼ਾਹਰਾ ਤੌਰ 'ਤੇ ਆਪਣੇ ਸਾਮਰਾਜ ਵਿਰੋਧ, ਨਵ-ਉਦਾਰਵਾਦ ਵਿਰੋਧ ਅਤੇ ਵਿਕਾਸਮੁਖੀ ਮਕਸਦਾਂ ਦੀ ਗੱਲ ਕਰਦੀਆਂ ਸਨ। ਆਪਣੀਆਂ ਤਮਾਮ ਵਿਲੱਖਣਤਾਵਾਂ ਦੇ ਬਾਵਜੂਦ ਪੂਰੇ ਲਾਤੀਨੀ ਅਮਰੀਕੀ ਖਿੱਤੇ ਦੇ ਵਧੀਕ ਮੁਲਕਾਂ ਵਿਚ ਵਾਪਰਨ ਵਾਲੇ ਇਸ ਵਰਤਾਰੇ ਨੂੰ 'ਪ੍ਰਗਤੀਵਾਦ' ਦੀ ਲਹਿਰ, 'ਇਕੀਵੀਂ ਸਦੀ ਦਾ ਸਮਾਜਵਾਦ', 'ਗੁਲਾਬੀ ਲਹਿਰ', 'ਬਦਲਵਾਂ ਮਾਡਲ' ਆਦਿ ਦੱਸਦਿਆਂ ਪ੍ਰਚਾਰਿਆ ਗਿਆ ਕਿ ਹੁਣ ਪਹਿਲਾਂ ਵਾਂਗ ਸਰਮਾਏਦਾਰੀ ਵਿਰੋਧੀ ਸਮਾਜਵਾਦੀ ਇਨਕਲਾਬਾਂ ਦਾ ਦੌਰ ਗੁਜ਼ਰ ਚੁੱਕਾ ਹੈ; ਹੁਣ ਲਾਤੀਨੀ ਅਮਰੀਕੀ ਤਰਜ਼ ਦੇ ਮਾਡਲ ਦਾ ਹੀ ਅਨੁਸਰਨ ਕਰਨਾ ਚਾਹੀਦਾ ਹੈ ਪਰ ਕੀ ਵਾਕਈ ਲਾਤੀਨੀ ਅਮਰੀਕਾ ਦੀ ਇਹ 'ਪ੍ਰਗਤੀਵਾਦੀ' ਲਹਿਰ ਸਰਮਾਏਦਾਰੀ ਦਾ ਬਦਲ ਸੀ?

'ਇਕੀਵੀਂ ਸਦੀ ਦੇ ਸਮਾਜਵਾਦ' ਦੇ ਇਨ੍ਹਾਂ ਅਖੌਤੀ ਮਾਡਲਾਂ ਤੋਂ ਮੁਰਾਦ ਵੈਨੇਜ਼ੁਏਲਾ, ਬੋਲੀਵੀਆ, ਇਕੁਆਡੋਰ, ਅਰਜਨਟਾਈਨਾ, ਉਰੂਗੁਏ, ਬ੍ਰਾਜ਼ੀਲ ਤੇ ਹੋਰਨਾਂ ਮੁਲਕਾਂ ਵਿਚ ਕਾਇਮ ਹੋਈਆਂ ਅਜਿਹੀਆਂ ਸਰਕਾਰਾਂ ਤੋਂ ਲਈ ਜਾਂਦੀ ਹੈ ਜਿਨ੍ਹਾਂ ਨੇ ਆਪਣੇ ਐਲਾਨਾਂ ਵਿਚ ਸਰਮਾਏਦਾਰਾ ਢਾਂਚੇ ਦੀ ਦਿੱਤੀ ਗਰੀਬੀ, ਨਾ-ਬਰਾਬਰੀ, ਬੇਰੁਜ਼ਗਾਰੀ ਆਦਿ ਨੂੰ ਖ਼ਤਮ ਕਰਨ, ਲਾਤੀਨੀ ਅਮਰੀਕਾ ਵਿਚੋਂ ਅਮਰੀਕੀ ਸਾਮਰਾਜ ਦਾ ਫ਼ਸਤਾ ਵੱਢਣ ਜਿਹੇ ਏਜੰਡਿਆਂ ਨੂੰ ਉਭਾਰਿਆ ਸੀ। ਇਸੇ ਵਰਤਾਰੇ ਨੂੰ 'ਗੁਲਾਬੀ ਲਹਿਰ' ਵੀ ਕਿਹਾ ਜਾਂਦਾ ਹੈ ਜਿਸ ਦੀ ਸ਼ੁਰੂਆਤ ਵੈਨੇਜ਼ੁਏਲਾ ਵਿਚ ਸ਼ਾਵੇਜ ਦੀ ਜਿੱਤ ਤੋਂ ਟਿੱਕੀ ਜਾਂਦੀ ਹੈ ਪਰ ਅਸਲ ਵਿਚ ਸ਼ਾਵੇਜ ਦੀ ਚੋਣ ਜਿੱਤ ਨਾਲੋਂ ਅਹਿਮ ਸੀ ਲਾਤੀਨੀ ਅਮਰੀਕਾ ਦੇ ਕਈ ਮੁਲਕਾਂ ਵਿਚ 1990ਵਿਆਂ ਵਿਚ ਸਰਮਾਏਦਾਰਾ ਪ੍ਰਬੰਧ ਦੀਆਂ ਅਲਾਮਤਾਂ ਖ਼ਿਲਾਫ਼ ਉੱਠਣ ਵਾਲੀਆਂ ਲੋਕ ਲਹਿਰਾਂ ਜਿਨ੍ਹਾਂ ਨੇ ਅਗਲੇ ਇੱਕ-ਡੇਢ ਦਹਾਕੇ ਲਈ ਇਸ 'ਬਦਲਵੀਂ' ਸਿਆਸਤ ਦੀ ਨੀਂਹ ਰੱਖੀ।

ਸਾਮਰਾਜੀ ਅਮਰੀਕਾ ਦੇ ਗੁਆਂਢ ਵਿਚ ਪੈਂਦਾ ਲਾਤੀਨੀ ਅਮਰੀਕਾ ਉਹ ਪਹਿਲੀ ਜਗ੍ਹਾ ਸੀ ਜਿੱਥੇ ਸਰਮਾਏਦਾਰਾ ਪ੍ਰਬੰਧ ਦੇ ਸਭ ਤੋਂ ਨਵੇਂ ਦੌਰ ਨਵ-ਉਦਾਰਵਾਦ ਦੀ ਸ਼ੁਰੂਆਤ ਕੀਤੀ ਗਈ ਸੀ। ਇਨ੍ਹਾਂ ਨੀਤੀਆਂ ਦੀ ਸ਼ੁਰੂਆਤ 1970ਵਿਆਂ ਵਿਚ ਚਿੱਲੀ ਅੰਦਰ ਫੌਜੀ ਜਰਨੈਲ ਪਿਨੋਸ਼ੇ ਦੀ ਜ਼ਾਲਮ ਤਾਨਾਸ਼ਾਹੀ ਤਹਿਤ ਹੋਈ ਸੀ। ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੀ ਬੁਨਿਆਦ 'ਤੇ ਚਿੱਲੀ ਵਿਚ ਫੌਜੀ ਤਾਨਾਸ਼ਾਹੀ ਤਹਿਤ ਵੱਡੇ ਪੱਧਰ 'ਤੇ ਸਰਕਾਰੀ ਅਦਾਰਿਆਂ ਨੂੰ ਸਰਮਾਏਦਾਰਾਂ ਹਵਾਲੇ ਕੀਤਾ ਗਿਆ, ਕਿਰਤ ਕਾਨੂੰਨਾਂ ਨੂੰ ਖ਼ਤਮ ਕੀਤਾ ਗਿਆ ਤੇ ਬਾਗੀ ਆਵਾਜ਼ਾਂ ਨੂੰ ਕੁਚਲਣ ਲਈ ਫੌਜੀ ਤਾਨਾਸ਼ਾਹੀ ਦਾ ਸਹਾਰਾ ਲਿਆ ਗਿਆ ਤੇ ਹਜ਼ਾਰਾਂ ਹੀ ਤਰੱਕੀਪਸੰਦ ਕਾਰਕੁਨਾਂ ਨੂੰ ਜਾਂ ਤਾਂ ਮਾਰ ਦਿੱਤਾ ਗਿਆ ਤੇ ਜਾਂ ਜੇਲ੍ਹੀਂ ਡੱਕਿਆ ਗਿਆ, ਤੇ ਇਹ ਸਭ ਅਮਰੀਕਾ ਦੀ ਸਰਕਾਰ ਦੀ ਪੂਰੀ ਦੇਖਰੇਖ ਤਹਿਤ ਕੀਤਾ ਗਿਆ। ਇਸੇ ਮਾਡਲ ਨੂੰ ਮਗਰੋਂ ਲਾਤੀਨੀ ਅਮਰੀਕਾ ਦੇ ਬਾਕੀ ਮੁਲਕਾਂ ਵਿਚ ਵੀ ਲਾਗੂ ਕੀਤਾ ਗਿਆ।

ਨਵ-ਉਦਾਰਵਾਦੀ ਨੀਤੀਆਂ ਕਾਰਨ ਜਦੋਂ ਬਹੁਤ ਤੇਜ਼ੀ ਨਾਲ ਗਰੀਬੀ, ਬੇਰੁਜ਼ਗਾਰੀ, ਨਾ-ਬਰਾਬਰੀ ਵਧਣ ਲੱਗੀ, ਸਿੱਖਿਆ, ਸਿਹਤ ਜਿਹੀਆਂ ਜਨਤਕ ਸਹੂਲਤਾਂ ਦਾ ਢਾਂਚਾ ਖਿੰਡਣ ਲੱਗਿਆ ਤਾਂ ਇਸ ਖ਼ਿਲਾਫ਼ ਆਮ ਲੋਕਾਂ ਵਿਚ ਰੋਹ ਪੈਦਾ ਹੋਇਆ ਜਿਸ ਦਾ ਸਭ ਤੋਂ ਉੱਘਾ ਫੁਟਾਰਾ ਹੋਇਆ ਬੋਲੀਵੀਆ ਵਿਚ ਜਿੱਥੇ ਪਾਣੀ ਦੇ ਨਿੱਜੀਕਰਨ ਖ਼ਿਲਾਫ਼ 1990ਵਿਆਂ ਦੇ ਅਖੀਰ ਵਿਚ ਵੱਡੀ ਲੋਕ ਲਹਿਰ ਖੜ੍ਹੀ ਹੋਈ। ਬੋਲੀਵੀਆ ਤੋਂ ਬਿਨਾ ਮੈਕਸਿਕੋ ਤੇ ਇਕੁਆਡੋਰ ਵਿਚ ਆਦਿਵਾਸੀ ਲੋਕਾਂ ਦੀਆਂ ਬਗਾਵਤਾਂ ਸ਼ੁਰੂ ਹੋਈਆਂ ਤੇ ਹੋਰਨਾਂ ਮੁਲਕਾਂ ਵਿਚ ਵੀ ਸਰਮਾਏਦਾਰੀ ਪ੍ਰਬੰਧ ਦੀਆਂ ਅਲਾਮਤਾਂ ਖ਼ਿਲਾਫ਼ ਰੋਹ ਵਧਣ ਲੱਗਿਆ। ਵੈਨੇਜ਼ੁਏਲਾ ਵਿਚ ਇਨ੍ਹਾਂ ਹੀ ਸੰਘਰਸ਼ਾਂ ਦੀ ਪਿੱਠਭੂਮੀ ਤੇ ਸਹਾਰੇ ਨਾਲ ਸ਼ਾਵੇਜ ਦੀ 1998 ਦੀਆਂ ਚੋਣਾਂ ਵਿਚ ਜਿੱਤ ਹੋਈ ਤੇ ਅਗਲੇ ਕੁਝ ਸਾਲਾਂ ਵਿਚ ਹੀ ਲਾਤੀਨੀ ਅਮਰੀਕਾ ਦੇ ਅਨੇਕਾਂ ਮੁਲਕਾਂ ਵਿਚ ਨਵ-ਉਦਾਰਵਾਦੀ ਨੀਤੀਆਂ ਦਾ ਜ਼ਾਹਰਾ ਵਿਰੋਧ ਕਰਨ ਵਾਲੀਆਂ ਸਰਕਾਰਾਂ ਬਣੀਆਂ। ਹੁਣ ਚਰਚਾ ਕਰਦੇ ਹਾਂ ਲਾਤੀਨੀ ਅਮਰੀਕਾ ਦੇ ਇਨ੍ਹਾਂ 'ਬਦਲਾਂ' ਦੀ।

ਸ਼ੁਰੂਆਤੀ 2000ਵਿਆਂ ਦਾ ਸਮਾਂ ਪੂਰੀ ਦੁਨੀਆ ਵਿਚ ਤੇਲ, ਗੈਸ ਜਿਹੇ ਊਰਜਾ ਸਰੋਤਾਂ; ਤਾਂਬਾ, ਲੋਹਾ, ਸੋਨਾ ਜਿਹੀਆਂ ਕੁਦਰਤੀ ਧਾਤਾਂ ਤੇ ਸੋਇਆਬੀਨ, ਮੱਕੀ, ਕੌਫੀ ਜਿਹੀਆਂ ਖੇਤੀ ਜਿਣਸਾਂ ਦੀਆਂ ਕੀਮਤਾਂ ਵਿਚ ਤੇਜ਼ੀ ਦਾ ਦੌਰ ਸੀ। ਲਾਤੀਨੀ ਅਮਰੀਕਾ ਦੇ ਸਭ ਤੋਂ ਵੱਡੇ ਮੁਲਕ ਜਿਨ੍ਹਾਂ ਵਿਚ ਅਜਿਹੇ 'ਬਦਲ' ਕਾਇਮ ਹੋਏ, ਉਹ ਇਨ੍ਹਾਂ ਹੀ ਜਿਣਸਾਂ ਦੀ ਪੈਦਾਵਾਰ ਤੇ ਬਰਾਮਦ 'ਤੇ ਨਿਰਭਰ ਮੁਲਕ ਸਨ। ਇਸੇ ਲਈ ਚੜ੍ਹਦੀਆਂ ਕੀਮਤਾਂ ਦੇ ਦੌਰ ਵਿਚ ਵੈਨੇਜ਼ੁਏਲਾ, ਬ੍ਰਾਜ਼ੀਲ, ਇਕੁਆਡੋਰ, ਬੋਲੀਵੀਆ, ਅਰਜਨਟਾਈਨਾ, ਪੇਰੂ ਆਦਿ ਮੁਲਕਾਂ ਦੀ ਇਨ੍ਹਾਂ ਬਰਾਮਦਾਂ ਤੋਂ ਹੋਣ ਵਾਲੀ ਕਮਾਈ ਵਿਚ ਵੱਡਾ ਇਜ਼ਾਫ਼ਾ ਹੋਇਆ। ਇਸੇ ਵਾਫ਼ਰ ਕਮਾਈ ਦਾ ਇੱਕ ਹਿੱਸਾ ਇਨ੍ਹਾਂ ਸਰਕਾਰਾਂ ਨੇ ਆਪਣੇ ਮੁਲਕ ਦੇ ਲੋਕਾਂ ਉੱਪਰ ਖ਼ਰਚ ਕਰਦਿਆਂ ਸਿੱਖਿਆ, ਸਿਹਤ ਜਿਹੀਆਂ ਸਹੂਲਤਾਂ ਨੂੰ ਸੁਧਾਰਿਆ ਤੇ ਇਨ੍ਹਾਂ ਦਾ ਫੈਲਾਅ ਕੀਤਾ, ਸਭ ਤੋਂ ਗਰੀਬ ਵਸੋਂ ਲਈ ਸਿੱਧੀਆਂ ਨਕਦ ਅਦਾਇਗੀਆਂ ਜਿਹੀਆਂ ਸਕੀਮਾਂ ਚਲਾਈਆਂ ਜਿਨ੍ਹਾਂ ਦਾ ਸਪੱਸ਼ਟ ਤੌਰ 'ਤੇ ਸਮਾਜ ਦੇ ਵੱਡੇ ਹਿੱਸੇ ਨੂੰ ਫਾਇਦਾ ਹੋਇਆ ਪਰ ਕਿਉਂਕਿ ਇਹ ਸਾਰਾ 'ਬਦਲ' ਸਰਮਾਏਦਾਰਾ ਪ੍ਰਬੰਧ ਦੀਆਂ ਹੱਦਾਂ ਅਧੀਨ ਹੀ ਕੀਤਾ ਗਿਆ ਸੀ, ਸਰਮਾਏਦਾਰਾਂ ਦੀ ਨਿੱਜੀ ਜਾਇਦਾਦ ਨੂੰ ਛੇੜਿਆ ਤੱਕ ਨਹੀਂ ਗਿਆ ਸੀ, ਇਸ ਲਈ ਬਰਾਮਦਾਂ ਤੋਂ ਵਧੀ ਕਮਾਈ ਨੇ ਬਰਾਮਦਕਾਰਾਂ ਅਤੇ ਵੱਡੇ ਸਰਮਾਏਦਾਰਾਂ ਦੇ ਮੁਨਾਫ਼ਿਆਂ ਵਿਚ ਵੀ ਦਿਨ ਦੂਣਾ-ਰਾਤ ਚੌਗੁਣਾ ਇਜ਼ਾਫ਼ਾ ਕੀਤਾ ਤੇ ਖਣਨ ਸਨਅਤ ਤੇ ਖੇਤੀ ਖੇਤਰ ਅੰਦਰ ਵੱਡੇ ਸਰਮਾਏਦਾਰਾਂ ਦੀ ਪਕੜ ਮਜ਼ਬੂਤ ਹੋਈ। ਅਰਜਨਟਾਈਨਾ, ਬੋਲੀਵੀਆ, ਬ੍ਰਾਜ਼ੀਲ ਵਿਚ ਦਿਓਕਾਰੀ ਖਣਨ ਤੇ ਖੇਤੀ ਵਪਾਰ ਦੀਆਂ ਕੰਪਨੀਆਂ ਹੋਂਦ ਵਿਚ ਆਈਆਂ ਜਿਨ੍ਹਾਂ ਨੂੰ ਬਕਾਇਦਾ ਸਰਕਾਰੀ ਮਦਦ ਵੀ ਮਿਲਦੀ ਰਹੀ। ਅਸਲ ਵਿਚ ਇਹ ਅਖੌਤੀ 'ਸਮਾਜਵਾਦ' ਟਿਕਿਆ ਹੀ ਜਮਾਤੀ ਭਾਈਵਾਲੀ ਦੀ ਬੁਨਿਆਦ 'ਤੇ ਸੀ ਜਿਸ ਤਹਿਤ ਇੱਕ ਪਾਸੇ ਸਰਮਾਏਦਾਰਾਂ ਦੇ ਹਿੱਤ ਵੀ ਸੁਰੱਖਿਅਤ ਰੱਖੇ ਗਏ ਤੇ ਦੂਜੇ ਬੰਨੇ ਜਿਣਸ ਕੀਮਤਾਂ ਦੀ ਮਹਿੰਗਾਈ ਕਾਰਨ ਹੋਈ ਵਾਫ਼ਰ ਕਮਾਈ ਦਾ ਇੱਕ ਹਿੱਸਾ ਲੋਕ ਭਲਾਈ 'ਤੇ ਵੀ ਖ਼ਰਚਿਆ ਗਿਆ। ਵੈਨੇਜ਼ੁਏਲਾ ਵਿਚ ਸ਼ਾਵੇਜ ਹਕੂਮਤ ਤਹਿਤ ਬਜਟ ਦਾ ਦੋ-ਤਿਹਾਈ ਹਿੱਸਾ ਅਜਿਹੇ ਕਾਰਜਾਂ 'ਤੇ ਲਾਇਆ ਗਿਆ। 2007-08 ਵਿਚ ਜਦੋਂ ਪੱਛਮੀ ਸਰਮਾਏਦਾਰਾ ਦੁਨੀਆ ਆਰਥਿਕ ਸੰਕਟ ਦਾ ਸ਼ਿਕਾਰ ਹੋਈ ਤਾਂ ਅਗਲੇ ਕੁਝ ਸਾਲਾਂ ਤੱਕ ਚੀਨੀ ਅਰਥਚਾਰੇ ਦੀ ਕਾਇਮ ਮੰਗ ਨੇ ਇਨ੍ਹਾਂ ਮੁਲਕਾਂ ਦੀ ਆਮਦਨ ਬਰਕਰਾਰ ਰੱਖੀ। ਇਸੇ ਅਰਸੇ ਵਿਚ ਹੀ ਚੀਨ, ਅਮਰੀਕਾ ਤੇ ਯੂਰਪੀ ਯੂਨੀਅਨ ਤੋਂ ਬਾਅਦ ਲਾਤੀਨੀ ਅਮਰੀਕਾ ਦਾ ਤੀਜਾ ਸਭ ਤੋਂ ਵੱਡਾ ਵਪਾਰ ਭਾਈਵਾਲ ਬਣਿਆ ਪਰ ਜਿਉਂ ਹੀ 2011-12 ਤੋਂ ਬਾਅਦ ਚੀਨੀ ਅਰਥਚਾਰੇ ਦੀ ਆਰਥਿਕ ਵਾਧਾ ਦਰ ਡਿੱਗਣ ਲੱਗੀ ਤਾਂ ਇਸ ਦਾ ਸਿੱਧਾ ਅਸਰ ਜਿਣਸਾਂ ਦੀਆਂ ਡਿੱਗਦੀਆਂ ਕੀਮਤਾਂ 'ਤੇ ਪਿਆ ਤੇ ਨਤੀਜੇ ਵਜੋਂ ਲਾਤੀਨੀ ਅਮਰੀਕਾ ਦੇ ਜਿਣਸ ਬਰਾਮਦਾਂ 'ਤੇ ਨਿਰਭਰ ਇਹ ਅਰਥਚਾਰੇ ਵੀ ਮੂਧੇ ਮੂੰਹ ਡਿੱਗਣ ਲੱਗੇ। ਡਿੱਗਦੀ ਕਮਾਈ ਕਾਰਨ ਹੁਣ ਇਨ੍ਹਾਂ ਸਰਕਾਰਾਂ ਲਈ ਲੋਕ ਭਲਾਈ ਪ੍ਰੋਜੈਕਟ ਫੰਡ ਕਰਨਾ ਸੰਭਵ ਨਹੀਂ ਸੀ; ਦੂਜੇ ਪਾਸੇ ਸਰਮਾਏਦਾਰਾਂ ਨੇ ਵੀ ਆਪਣੀ ਡਿੱਗਦੇ ਮੁਨਾਫ਼ਿਆਂ ਕਾਰਨ ਇਨ੍ਹਾਂ ਸਰਕਾਰਾਂ 'ਤੇ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ ਕਿ ਉਹ ਸਮਾਜ ਭਲਾਈ ਦੀਆਂ ਸਕੀਮਾਂ ਬੰਦ ਕਰੇ ਤੇ ਸਰਕਾਰੀ ਖੇਤਰਾਂ ਨੂੰ ਉਨ੍ਹਾਂ ਹਵਾਲੇ ਕਰੇ। ਸੋ ਸਮਾਜ ਭਲਾਈ ਸਕੀਮਾਂ ਵਿਚ ਕਟੌਤੀ ਕੀਤੀ ਜਾਣ ਲੱਗੀ ਜਿਸ ਕਾਰਨ ਪਿਛਲੇ ਕਰੀਬ ਇੱਕ ਦਹਾਕੇ ਤੋਂ ਇਨ੍ਹਾਂ ਮੁਲਕਾਂ ਅੰਦਰ ਬੇਰੁਜ਼ਗਾਰੀ, ਗਰੀਬੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਤੇ ਵਧਦੇ ਲੋਕ ਰੋਹ ਦਾ ਇਜ਼ਹਾਰ ਇੱਕ ਪਾਸੇ ਤਾਂ ਸੜਕਾਂ 'ਤੇ ਦਿਸ ਰਿਹਾ ਹੈ ਤੇ ਦੂਜੇ ਪਾਸੇ ਸੱਜੇ-ਪੱਖੀ ਅਤਿ ਪਿਛਾਖੜੀ ਤਾਕਤਾਂ ਦਾ ਮੁੜ ਉਭਾਰ ਹੋਇਆ ਹੈ। ਗੌਰਤਲਬ ਨੁਕਤਾ ਇਹ ਕਿ ਇਸ ਅਖੌਤੀ 'ਸਮਾਜਵਾਦ' ਦੇ ਪੂਰੇ 15-20 ਸਾਲਾਂ ਦੇ ਅਰਸੇ ਵਿਚ ਕਿਸੇ ਵੀ ਸਰਕਾਰ ਨੇ ਅਮੀਰਾਂ 'ਤੇ ਟੈਕਸ ਲਾ ਕੇ ਜਾਂ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰ ਕੇ ਆਮ ਲੋਕਾਂ ਦੇ ਭਲੇ ਲਈ ਵਰਤਣ ਦੀ ਕੋਸ਼ਿਸ਼ ਨਹੀਂ ਕੀਤੀ। 2015 ਵਿਚ ਇਕੁਆਡੋਰ ਦੇ ਸਦਰ ਰਾਫੇਲ ਕੋਰੀਆ ਨੇ ਅਮੀਰਾਂ 'ਤੇ ਸਿਰਫ਼ ਟੈਕਸ ਦੀ ਗੱਲ ਹੀ ਕੀਤੀ ਸੀ ਪਰ ਅਮੀਰਾਂ ਤੇ ਉੱਚ-ਮੱਧਵਰਗ ਦੇ ਵਿਰੋਧ ਕਰਨ 'ਤੇ ਤੁਰੰਤ ਇਹ ਐਲਾਨ ਵਾਪਸ ਲੈ ਲਿਆ ਗਿਆ।




ਦੂਸਰਾ, ਕੱਚੇ ਮਾਲ ਤੇ ਜਿਣਸਾਂ ਦੀ ਬਰਾਮਦ 'ਤੇ ਨਿਰਭਰ ਇਸ ਢਾਂਚੇ ਦਾ ਸਿੱਧਾ ਮਤਲਬ ਸੀ ਕੁਦਰਤੀ ਸਰੋਤਾਂ ਦੀ ਬੇਕਿਰਕ ਸਰਮਾਏਦਾਰਾ ਲੁੱਟ ਜਾਣੀ ਕੁਦਰਤੀ ਖਣਿਜਾਂ ਵਾਲੇ ਖੇਤਰਾਂ ਵਿਚ ਵਸਦੀ ਲੱਖਾਂ ਆਦਿਵਾਸੀ ਆਬਾਦੀ ਨਾਲ ਸਿੱਧਾ ਟਕਰਾਅ। 2000ਵਿਆਂ ਦੇ ਅਖੀਰ ਵਿਚ ਬੋਲੀਵੀਆ ਵਿਚ ਈਵੋ ਮੋਰਾਲੇਸ ਸਦਾਰਤ ਵਿਚ ਤਿਪਨਿਸ ਅਤੇ ਇਕੁਆਡੋਰ ਵਿਚ ਕੋਰੀਆ ਹਕੂਮਤ ਹੇਠ ਯਾਸੂਨੀ ਜਿਹੇ ਸੰਵੇਦਨਸ਼ੀਲ ਤੇ ਜੈਵਿਕ ਤੌਰ 'ਤੇ ਦੁਨੀਆ ਦੇ ਸਭ ਤੋਂ ਵਿਭਿੰਨ ਖਿੱਤੇ ਵਿਚੋਂ ਪਾਸ ਕੀਤੇ ਸੜਕੀ ਤੇ ਖਣਨ ਪ੍ਰੋਜੈਕਟਾਂ ਖ਼ਿਲਾਫ਼ ਵੱਡਾ ਲੋਕ ਰੋਹ ਦੇਖਣ ਨੂੰ ਮਿਲਿਆ। ਜ਼ਾਹਰ ਸੀ, ਅਜਿਹੇ ਫੈਸਲਿਆਂ ਕਾਰਨ ਇਨ੍ਹਾਂ ਸਰਕਾਰਾਂ ਦੀ ਮਾਨਤਾ ਇਨ੍ਹਾਂ ਦੇ ਹਮਾਇਤੀ ਦਾਇਰਿਆਂ ਵਿਚੋਂ ਹੀ ਹੌਲੀ ਹੌਲੀ ਖੁਰਦੀ ਗਈ ਤੇ ਜਦੋਂ 14 ਸਾਲਾਂ ਦੀ ਹਕੂਮਤ ਪਿੱਛੋਂ 2019 ਵਿਚ ਬੋਲੀਵੀਆ ਦੇ ਈਵੋ ਮੋਰਾਲੇਸ ਨੂੰ ਸੱਜੇ-ਪੱਖੀ ਤਾਕਤਾਂ ਨੇ ਸੱਤਾ ਤੋਂ ਲਾਹ ਦਿੱਤਾ ਤਾਂ ਮੋਰਾਲੇਸ ਦੇ ਹੱਕ ਵਿਚ ਕੋਈ ਵੱਡੀ ਲਾਮਬੰਦੀ ਬੋਲੀਵੀਆ ਵਿਚ ਦੇਖਣ ਨੂੰ ਨਹੀਂ ਮਿਲੀ।

ਤੀਸਰਾ, 1990ਵਿਆਂ ਲੁੱਟ ਤੇ ਅਨਿਆਂ ਵਿਰੋਧੀ ਲਹਿਰਾਂ ਨੂੰ ਇਸ 'ਪ੍ਰਗਤੀਵਾਦੀ' ਲਹਿਰ ਨੇ ਮੁਹਾਣ ਦਿੱਤਾ ਸੀ। 1990ਵਿਆਂ ਵਿਚ ਪੂਰੇ ਖਿੱਤੇ ਅੰਦਰ ਕਿਸੇ ਵੱਡੀ ਇਨਕਲਾਬੀ ਪਾਰਟੀ ਦੀ ਹੋਂਦ ਨਾ ਹੋਣ ਕਾਰਨ 'ਸਭ ਲੋਕਾਂ' ਨੂੰ ਨਾਲ ਲੈਣ ਦੀ ਗੱਲ ਕਰਨ ਵਾਲੇ ਇਹ ਅਖੌਤੀ 'ਤੀਜੇ ਬਦਲ' ਸਾਹਮਣੇ ਆਏ ਸਨ। ਚੋਣਾਂ ਜਿੱਤਣ ਮਗਰੋਂ ਇਨ੍ਹਾਂ ਲਹਿਰਾਂ ਦੇ ਬਹੁਤ ਸਾਰੇ ਆਗੂ ਸਰਕਾਰ ਦਾ ਹਿੱਸਾ ਬਣ ਗਏ ਜਿਸ ਦਾ ਸਿੱਧਾ ਅਸਰ ਜ਼ਮੀਨੀ ਪੱਧਰ 'ਤੇ ਟਰੇਡ ਯੂਨੀਅਨ ਤੇ ਵਡੇਰੀ ਜਮਹੂਰੀ ਲਹਿਰ ਦੇ ਨਿੱਸਲ ਹੋਣ ਵਿਚ ਨਿੱਕਲਿਆ ਤੇ ਅਜਿਹੀਆਂ ਜ਼ਿਆਦਾਤਰ ਜਥੇਬੰਦੀਆਂ ਸਮਾਜ ਵਿਚ ਜਮਹੂਰੀਕਰਨ ਦੀ ਪ੍ਰਕਿਰਿਆ ਨੂੰ ਅਮਲੀ ਜਾਮਾ ਪਹਿਨਾਉਣ ਦੀ ਥਾਂ ਸਰਕਾਰ ਲਈ ਸਹਿਮਤੀ ਜੁਟਾਉਣ ਦਾ ਸੰਦ ਮਾਤਰ ਬਣ ਕੇ ਰਹਿ ਗਈਆਂ। ਇਸੇ ਲਈ ਸ਼ੁਰੂਆਤੀ 2000ਵਿਆਂ ਤੋਂ ਲੈ ਕੇ ਅਗਲੇ 10-12 ਸਾਲਾਂ ਤੱਕ ਅਸੀਂ ਲਾਤੀਨੀ ਅਮਰੀਕਾ ਦੇ ਵੱਖ ਵੱਖ ਮੁਲਕਾਂ ਵਿਚ ਹੜਤਾਲਾਂ ਦੀ ਗਿਣਤੀ ਵਿਚ ਵੱਡੀ ਗਿਰਾਵਟ ਦੇਖਦੇ ਹਾਂ।

ਕਹਿਣ ਦਾ ਕੁੱਲ ਨਿਚੋੜ ਇਹ ਕਿ ਲੋਕ ਲਹਿਰਾਂ ਦੇ ਸਿਰ 'ਤੇ ਉੱਸਰੀ ਇਹ 'ਪ੍ਰਗਤੀਵਾਦੀ' ਲਹਿਰ ਅਜਿਹੇ ਸਮੇਂ ਸੱਤਾ ਵਿਚ ਆਈ ਜਦੋਂ ਦੁਨੀਆ ਭਰ ਵਿਚ ਜਿਣਸਾਂ ਦੀਆਂ ਕੀਮਤਾਂ ਵਿਚ ਤੇਜ਼ੀ ਸੀ। ਇਸ ਤੇਜ਼ੀ ਨੇ ਇਨ੍ਹਾਂ ਨਵੀਆਂ ਸਰਕਾਰਾਂ ਨੂੰ ਲੋਕਾਂ ਦੇ ਪੱਖ ਵਿਚ ਨੀਤੀਆਂ ਬਣਾਉਣ ਲਈ ਰਾਹ ਦਿੱਤਾ ਪਰ ਕਿਉਂਕਿ ਇਹ ਪੂਰਾ ਪ੍ਰੋਜੈਕਟ ਸਰਮਾਏਦਾਰਾ ਢਾਂਚੇ ਦੀ ਬੁਨਿਆਦ ਨੂੰ ਚੁਣੌਤੀ ਨਹੀਂ ਦਿੰਦਾ ਸੀ ਸਗੋਂ ਇਨ੍ਹਾਂ ਸਬੰਧਾਂ ਨੂੰ ਨਵੇਂ ਢੰਗ ਨਾਲ ਹੋਰ ਪੱਕਾ ਕਰਦਾ ਸੀ, ਇਸੇ ਲਈ ਦੇਰ-ਸਵੇਰ ਸਰਮਾਏਦਾਰਾ ਪ੍ਰਬੰਧ ਦੇ ਤਰਕ ਨੇ ਆਪਣਾ ਅਸਰ ਦਿਖਾਉਣਾ ਹੀ ਸੀ। ਬੇਸ਼ੱਕ ਪੂਰੇ ਲਾਤੀਨੀ ਅਮਰੀਕਾ ਨੂੰ ਇੱਕੋ ਫੁੱਟੇ ਨਾਲ ਨਹੀਂ ਮਾਪਿਆ ਜਾ ਸਕਦਾ; ਇਸ ਪੂਰੇ 'ਪ੍ਰਗਤੀਵਾਦੀ' ਮਾਡਲ ਵਿਚ ਜਿੱਥੇ ਵੈਨੇਜ਼ੁਏਲਾ ਵਿਚ ਸ਼ਾਵੇਜ ਤੇ ਬੋਲੀਵੀਆ ਵਿਚ ਮੋਰਾਲੇਸ ਜਿਹੇ ਵਧੇਰੇ ਰੈਡੀਕਲ ਆਗੂ ਸਨ, ਉਥੇ ਹੀ ਬ੍ਰਾਜ਼ੀਲ ਦੇ ਲੂਲਾ ਤੋਂ ਲੈ ਕੇ ਅਰਜਨਟਾਈਨਾ ਦੀ ਕਿਰਚਨਰ ਤੱਕ 'ਨਰਮਪੰਥੀ' ਆਗੂ ਵੀ ਸਨ। ਵੱਖ ਵੱਖ ਮੁਲਕਾਂ ਦੇ ਅੰਦਰੂਨੀ ਹਾਲਾਤ ਮੁਤਾਬਕ ਹੀ ਲਾਗੂ ਹੋਣ ਵਾਲੀਆਂ ਲੋਕ-ਪੱਖੀ ਨੀਤੀਆਂ ਦੀ ਮਿਕਦਾਰ ਵੀ ਵੱਖੋ-ਵੱਖਰੀ ਸੀ।

### ਲਾਤੀਨੀ ਅਮਰੀਕਾ ਵਿਚ ਸਾਮਰਾਜੀ ਦਖ਼ਲ

ਪੂਰੀ ਵੀਹਵੀਂ ਸਦੀ ਵਿਚ ਹੀ ਅਮਰੀਕੀ ਸਾਮਰਾਜ ਨੇ ਲਾਤੀਨੀ ਅਮਰੀਕਾ ਦੇ ਮੁਲਕਾਂ ਵਿਚ ਆਪਣਾ ਸਾਮਰਾਜੀ ਦਬਦਬਾ ਰੱਖਣ ਲਈ ਨਿਰੰਤਰ ਦਖ਼ਲਅੰਦਾਜ਼ੀਆਂ, ਆਰਥਿਕ-ਸਿਆਸੀ ਬੰਦਿਸ਼ਾਂ ਤੇ ਸਿੱਧੀ ਫੌਜੀ ਤਾਨਾਸ਼ਾਹੀ ਸਥਾਪਿਤ ਕਰਨ ਜਿਹੇ ਹੱਥਕੰਡੇ ਅਪਣਾਏ ਹਨ। 1970ਵਿਆਂ ਵਿਚ ਜਿੱਥੇ ਲੋਕ ਲਹਿਰਾਂ ਨੂੰ ਦਬਾਉਣ ਲਈ ਸੋਵੀਅਤ ਯੂਨੀਅਨ ਦੇ ਖ਼ਤਰੇ ਦੇ ਨਾਂ 'ਤੇ ਇਨ੍ਹਾਂ ਮੁਲਕਾਂ ਵਿਚ ਦਖ਼ਲਅੰਦਾਜ਼ੀ ਕੀਤੀ, ਉਥੇ 1990ਵਿਆਂ ਵਿਚ 'ਜਮਹੂਰੀਅਤ' ਪ੍ਰਫੁੱਲਿਤ ਕਰਨ ਤਹਿਤ ਸੈਂਕੜੇ 'ਨਾਗਰਿਕ ਸਮਾਜ' ਅਤੇ ਹੋਰ ਗੈਰ-ਸਰਕਾਰੀ ਜਥੇਬੰਦੀਆਂ ਕਾਇਮ ਕੀਤੀਆਂ ਗਈਆਂ ਜਿਹੜੀਆਂ ਅਸਲ ਵਿਚ ਅਮਰੀਕੀ ਸਾਮਰਾਜ ਦਾ ਏਜੰਡਾ ਹੀ ਲਾਗੂ ਕਰਦੀਆਂ ਸਨ ਤੇ ਇਹਦੀ ਸਹਿਮਤੀ ਵਿਚ ਰਾਏ ਜੁਟਾਉਣ ਦੀ ਕੋਸ਼ਿਸ਼ ਕਰਦੀਆਂ ਸਨ। ਇਸੇ ਤਰ੍ਹਾਂ ਸਤੰਬਰ 2001 ਦੇ ਹਮਲਿਆਂ ਤੋਂ ਬਾਅਦ ਦਹਿਸ਼ਤਗਰਦੀ ਵਿਰੋਧੀ ਜੰਗ ਤੇ ਨਸ਼ਿਆਂ ਖ਼ਿਲਾਫ਼ ਜੰਗ ਦੇ ਨਾਂ 'ਤੇ ਅਮਰੀਕਾ ਨੇ ਦਖ਼ਲਅੰਦਾਜ਼ੀਆਂ ਕੀਤੀਆਂ, ਧੁਰ-ਪਿਛਾਖੜੀ ਤਾਨਾਸ਼ਾਹੀਆਂ ਨੂੰ ਕਾਇਮ ਕੀਤਾ ਤੇ ਮਨੁੱਖੀ ਹੱਕਾਂ ਦੀ ਬਰਬਰ ਉਲੰਘਣਾ ਕਰਦਿਆਂ ਹਜ਼ਾਰਾਂ ਹੀ ਬੇਕਸੂਰ ਲੋਕਾਂ, ਸਿਆਸੀ ਕਾਰਕੁਨਾਂ ਦਾ ਕਤਲ ਕੀਤਾ ਗਿਆ। ਆਪਣਾ ਏਜੰਡਾ ਲਾਗੂ ਕਰਨ ਲਈ ਇਸ ਖਿੱਤੇ ਵਿਚ ਅਮਰੀਕਾ ਨੇ ਆਪਣੇ ਮਿੱਤਰ ਮੁਲਕਾਂ ਜਿਵੇਂ ਚਿੱਲੀ, ਕੋਲੰਬੀਆ, ਮੈਕਸਿਕੋ, ਪੇਰੂ ਆਦਿ ਨਾਲ ਰਲ ਕੇ ਸਰਵ-ਅਮਰੀਕੀ ਗੱਠਜੋੜ ਵੀ ਕਾਇਮ ਕੀਤੇ। ਇੱਕ ਸਦੀ ਤੋਂ ਵੱਧ ਦੀ ਇਸੇ ਅਮਰੀਕੀ ਦਖ਼ਲਅੰਦਾਜ਼ੀ ਕਾਰਨ ਹੀ ਲਾਤੀਨੀ ਅਮਰੀਕੀ ਮੁਲਕਾਂ ਵਿਚ ਅਮਰੀਕੀ ਸਾਮਰਾਜ ਵਿਰੋਧੀ ਜਜ਼ਬਾ ਬਹੁਤ ਡੂੰਘਾ ਹੈ। ਇਸ ਨਫ਼ਰਤ ਕਾਰਨ ਵੀ ਪੂਰੇ ਲਾਤੀਨੀ ਅਮਰੀਕਾ ਵਿਚ ਸ਼ਾਵੇਜ, ਮੋਰਾਲੇਸ ਜਿਹੇ ਆਗੂਆਂ ਦੀ ਅਮਰੀਕੀ ਸਾਮਰਾਜ ਵਿਰੋਧੀ ਸ਼ਖ਼ਸੀਅਤ ਨੂੰ ਬਹੁਤ ਪਸੰਦ ਕੀਤਾ ਗਿਆ।

ਅਮਰੀਕੀ ਸਾਮਰਾਜ ਤੋਂ ਬਾਅਦ ਯੂਰਪੀ ਯੂਨੀਅਨ (ਇਸ ਦੇ ਵੱਖ ਵੱਖ ਮੁਲਕਾਂ ਨੂੰ ਪਾਸੇ ਰੱਖਦਿਆਂ) ਤੇ ਕੈਨੇਡਾ ਵੀ ਇਸ ਖਿੱਤੇ ਵਿਚ ਸਾਮਰਾਜੀ ਲੁੱਟ ਵਿਚ ਅਹਿਮ ਭੂਮਿਕਾ ਅਦਾ ਕਰ ਰਿਹਾ ਹੈ ਪਰ ਪਿਛਲੇ 10-15 ਸਾਲਾਂ ਤੋਂ ਚੀਨ ਨਵਾਂ ਸਾਮਰਾਜੀ ਖਿਡਾਰੀ ਬਣ ਕੇ ਇਸ ਖਿੱਤੇ ਵਿਚ ਸਾਹਮਣੇ ਆਇਆ ਹੈ। ਮੈਕਸਿਕੋ ਨੂੰ ਛੱਡ ਬਾਕੀ ਕਰੀਬ ਸਾਰੇ ਵੱਡੇ ਲਾਤੀਨੀ ਅਮਰੀਕੀ ਮੁਲਕਾਂ ਦਾ ਸਭ ਤੋਂ ਵੱਡਾ ਵਪਾਰ ਭਾਈਵਾਲ ਇਸ ਵੇਲੇ ਚੀਨ ਹੈ। ਚੀਨੀ ਸਾਮਰਾਜ ਦਾ ਅਮਰੀਕੀ ਸਾਮਰਾਜ ਨਾਲੋਂ ਫਿਲਹਾਲ ਫਰਕ ਇਹੀ ਹੈ ਕਿ ਇਸ ਨੇ ਖਿੱਤੇ ਵਿਚ ਅਜੇ ਆਪਣੇ ਫੌਜੀ ਅੱਡੇ ਨਹੀਂ ਬਣਾਏ ਪਰ ਚੀਨੀ ਕੰਪਨੀਆਂ ਖਿੱਤੇ ਦੇ ਕੁਦਰਤੀ ਸਰੋਤਾਂ ਦੀ ਵੱਡੇ ਪੱਧਰ 'ਤੇ ਲੁੱਟ ਵਿਚ ਇਸ ਸਮੇਂ ਬਾਕੀਆਂ ਤੋਂ ਮੋਹਰੀ ਹਨ।

### ਨਿਚੋੜ

ਲਾਤੀਨੀ ਅਮਰੀਕੀ 'ਮਾਡਲ' ਦੀ ਚਰਚਾ ਕਰਦਿਆਂ ਕਈ ਇਸ ਦੇ ਖ਼ਤਮ ਹੋਣ ਲਈ ਸਾਮਰਾਜੀਆਂ ਨੂੰ ਜ਼ਿੰਮੇਵਾਰ ਮੰਨਦੇ ਹਨ ਪਰ ਇਹ ਨਜ਼ਰੀਆ ਸਹੀ ਨਹੀਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਮਰੀਕਾ ਨੇ ਆਪਣੇ ਏਜੰਡੇ ਤੋਂ ਭੋਰਾ ਵੀ ਪਾਸੇ ਲੰਘਣ ਦੀ ਹਿੰਮਤ ਕਰਨ ਵਾਲੀਆਂ ਲਾਤੀਨੀ ਅਮਰੀਕੀ ਸਰਕਾਰਾਂ ਨੂੰ ਸਬਕ ਸਿਖਾਉਣ ਲਈ ਹਮੇਸ਼ਾ ਪੂਰੀ ਵਾਹ ਲਾਈ ਹੈ ਪਰ 'ਪ੍ਰਗਤੀਵਾਦੀ' ਲਹਿਰ ਦੇ ਹੇਠਾਂ ਜਾਣ ਦਾ ਬੀਜ ਕਾਰਨ ਇਸ ਦੇ ਆਪਣੇ ਅੰਦਰ ਹੈ। ਇਹ ਲਹਿਰਾਂ ਸਰਮਾਏਦਾਰੀ ਪ੍ਰਬੰਧ ਨੂੰ ਖ਼ਤਮ ਕੀਤੇ ਬਿਨਾ ਸਰਮਾਏਦਾਰੀ ਦੀਆਂ ਅਲਾਮਤਾਂ ਨੂੰ ਖ਼ਤਮ ਕਰਨ ਦਾ ਦਾਅਵਾ ਲੈ ਕੇ ਤੁਰੀਆਂ ਸਨ। ਮੁਕਾਬਲਤਨ ਸਾਜ਼ਗਾਰ ਕੌਮਾਂਤਰੀ ਹਾਲਾਤ ਵਿਚ ਇਹ ਲਹਿਰਾਂ ਪ੍ਰਵਾਨ ਚੜ੍ਹੀਆਂ ਅਤੇ ਸੱਤਾ 'ਤੇ ਕਾਬਜ਼ ਹੋਈਆਂ। ਜਿਣਸਾਂ ਦੀਆਂ ਵਧਦੀਆਂ ਕੀਮਤਾਂ ਨੇ ਸ਼ੁਰੂਆਤੀ ਸਾਲਾਂ ਵਿਚ ਇੱਕ ਹੱਦ ਤੱਕ ਲੋਕ-ਪੱਖੀ ਨੀਤੀਆਂ ਬਣਾਉਣ ਦੀ ਖੁੱਲ੍ਹ ਦਿੱਤੀ ਪਰ ਜਿਉਂ ਹੀ 2010ਵਿਆਂ ਵਿਚ ਹਾਲਾਤ ਬਦਲੇ ਤਾਂ ਜਮਾਤੀ ਭਾਈਵਾਲੀ ਦੀ ਭਰਮਾਊ ਬੁਨਿਆਦ 'ਤੇ ਟਿਕਿਆ ਇਹ 'ਮਾਡਲ' ਖਿੰਡਣ ਲੱਗਾ ਤੇ ਅੰਤ ਨੂੰ ਚੋਣਾਂ ਰਾਹੀਂ ਹੀ ਸੱਜੇ-ਪੱਖੀ ਤਾਕਤਾਂ ਮੁੜ ਸੱਤਾ ਵਿਚ ਆ ਗਈਆਂ। ਇਸ ਪੂਰੇ ਤਜਰਬੇ ਦਾ ਕੁੱਲ ਨਿਚੋੜ ਇਹੀ ਹੈ ਕਿ ਨਿੱਜੀ ਜਾਇਦਾਦ 'ਤੇ ਟਿਕੇ ਸਰਮਾਏਦਾਰਾ ਪ੍ਰਬੰਧ ਨੂੰ ਖ਼ਤਮ ਕੀਤੇ ਬਿਨਾ, ਜਮਾਤੀ ਭਾਈਵਾਲੀ ਦੀ ਥਾਂ ਮਜ਼ਦੂਰ ਜਮਾਤ ਦੀ ਸਪੱਸ਼ਟ ਵਿਚਾਰਧਾਰਾ ਦੀ ਅਗਵਾਈ ਵਿਚ ਸਮਾਜਵਾਦੀ ਇਨਕਲਾਬ ਨੂੰ ਨੇਪਰੇ ਚਾੜ੍ਹਏ ਬਿਨਾਂ ਸਰਮਾਏਦਾਰੀ ਦੀਆਂ ਅਲਾਮਤਾਂ ਤੋਂ ਪਾਰ ਨਹੀਂ ਪਾਇਆ ਜਾ ਸਕਦਾ। 'ਪ੍ਰਗਤੀਵਾਦੀ ਲਹਿਰ', 'ਗੁਲਾਬੀ ਲਹਿਰ', 'ਇਕੀਵੀਂ ਸਦੀ ਦਾ ਸਮਾਜਵਾਦ' ਜਿਹੇ ਲਕਬਾਂ ਦੇ ਬਾਵਜੂਦ ਅਜਿਹੀਆਂ ਤਮਾਮ ਲਹਿਰਾਂ ਇਸੇ ਸਰਮਾਏਦਾਰਾ ਚੌਖਟੇ ਦੇ ਅਧੀਨ ਹੀ ਵਿਚਰਦੀਆਂ ਹਨ ਤੇ ਆਪਣੀਆਂ ਹਜ਼ਾਰ ਸਦ-ਇੱਛਾਵਾਂ ਦੇ ਬਾਵਜੂਦ ਅੰਤ ਨੂੰ ਧੁਰ ਸੱਜ-ਪਿਛਾਖੜੀ ਸਿਆਸਤ ਨੂੰ ਹੀ ਰਾਹ ਦਿੰਦੀਆਂ ਹਨ।

# ਪੰਜਾਬ ਦੀ ਸਿਆਸਤ ਵਿਚ ਭਾਰਤੀ ਜਨਤਾ ਪਾਰਟੀ

ਗੁਜਰਾਤ ਵਿਧਾਨ ਸਭਾ ਚੋਣਾਂ ਵਿਚ ਬਹੁਤ ਵੱਡੀ ਜਿੱਤ, ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਤੇ ਦਿੱਲੀ ਮਿਉਂਸਿਪਲ ਕਾਰਪੋਰੇਸ਼ਨ ਦੀਆਂ ਚੋਣਾਂ ਵਿਚ ਵਧੀਆ ਕਾਰਗੁਜ਼ਾਰੀ ਤੋਂ ਬਾਅਦ ਦੇਸ਼ ਦੀ ਸਭ ਤੋਂ ਵੱਧ ਤਾਕਤਵਰ ਪਾਰਟੀ ਦਾ ਧਿਆਨ ਹੁਣ ਪੰਜਾਬ ਵੱਲ ਕੇਂਦਰਿਤ ਹੋ ਰਿਹਾ ਜਾਪਦਾ ਹੈ। ਪਿਛਲੇ ਸਮੇਂ ਵਿਚ ਵਾਪਰੀਆਂ ਮਹੱਤਵਪੂਰਨ ਘਟਨਾਵਾਂ ਭਾਵ ਵੱਡੀ ਗਿਣਤੀ ਵਿਚ ਕਾਂਗਰਸ ਤੇ ਹੋਰ ਪਾਰਟੀਆਂ ਦੇ ਲੀਡਰਾਂ ਦੇ ਭਾਜਪਾ ਵਿਚ ਸ਼ਾਮਲ ਹੋਣ, ਪੰਜਾਬ ਭਾਜਪਾ ਇਕਾਈ ਨੂੰ ਮੁੜ ਸੰਗਠਤ ਕਰਨ ਤੇ ਵੱਡੀ ਗਿਣਤੀ ਵਿਚ ਸਿੱਖ ਚਿਹਰਿਆਂ ਨੂੰ ਜਗ੍ਹਾ ਦੇਣ, ਅਕਾਲੀ ਦਲ ਤੇ ਹੋਰ ਪਾਰਟੀਆਂ ਦੇ ਹਾਸ਼ੀਏ 'ਤੇ ਚਲੇ ਜਾਣ ਆਦਿ ਨਾਲ ਪੰਜਾਬ ਦੀ ਮੌਜੂਦਾ ਰਾਜਨੀਤਕ ਸਥਿਤੀ 'ਚ ਨਵੇਂ ਸਮੀਕਰਣ ਬਣਨ ਦੇ ਸੰਕੇਤ ਮਿਲਦੇ ਜਾਪਦੇ ਹਨ। ਇਨ੍ਹਾਂ ਬਦਲੇ ਹੋਏ ਹਾਲਾਤ ਵਿਚ ਭਾਜਪਾ ਪੰਜਾਬ ਦੀ ਰਾਜਨੀਤੀ ਵਿਚ ਵੱਡੇ ਰਾਜਨੀਤਕ ਖਿਡਾਰੀ ਬਣਨ ਦੀ ਦੌੜ ਵਿਚ ਸ਼ਾਮਲ ਹੋ ਗਈ ਜਾਪਦੀ ਹੈ। ਅਜਿਹਾ ਵਰਤਾਰਾ ਪਹਿਲਾਂ

**ਜਗਰੂਪ ਸਿੰਘ ਸੇਖੋਂ**
ਫੋਨ: +91-94170-75563

ਵੀ ਜਨਸੰਘ ਤੇ ਫਿਰ ਭਾਜਪਾ ਵਿਚ ਪਾਇਆ ਜਾਂਦਾ ਸੀ ਪਰ ਪੰਜਾਬ ਵਿਚ ਇਸ ਨੂੰ ਜ਼ਿਆਦਾ ਸਫ਼ਲਤਾ ਨਹੀਂ ਮਿਲੀ। ਇਸ ਪਾਰਟੀ ਦੀ ਵਿਚਾਰਧਾਰਾ ਤੇ ਨੀਤੀਆਂ ਹਿੰਦੂ ਭਾਈਚਾਰੇ ਨੂੰ ਆਪਣੇ ਵੱਲ ਨਹੀਂ ਖਿੱਚ ਸਕੀਆਂ। ਇਸ ਦੇ ਰਸਤੇ ਵਿਚ ਕਾਂਗਰਸ ਇੱਕ ਵੱਡੀ ਧਿਰ ਵਾਂਗ ਖੜ੍ਹੀ ਰਹੀ। ਕਾਂਗਰਸ ਦੇ ਕਮਜ਼ੋਰ ਹੋਣ ਅਤੇ ਇਸ ਦੇ ਬਹੁਤ ਸਾਰੇ ਸਿਰਕਰਦਾ ਆਗੂਆਂ ਦੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਬਾਅਦ ਇਸ ਪਾਰਟੀ ਦੇ ਹੌਸਲੇ ਕਾਫ਼ੀ ਵਧ ਗਏ ਜਾਪਦੇ ਹਨ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਕਿ ਇਸ ਦੀ ਦਿਨੋਂ-ਦਿਨ ਮਜ਼ਬੂਤ ਹੋ ਰਹੀ ਸੱਜੇ-ਪੱਖੀ ਵਿਚਾਰਧਾਰਾ, ਮਜ਼ਦੂਰਾਂ ਤੇ ਕਿਸਾਨਾਂ ਦੇ ਵੱਡੇ ਸੰਗਠਨ, ਅਥਾਹ ਧਨ ਤੇ ਬਾਹੂਬਲ ਆਦਿ ਇਸ ਦੇ ਪੱਖ ਵਿਚ ਰਾਜਨੀਤਕ ਮਾਹੌਲ ਪੈਦਾ ਕਰ ਰਹੇ ਹਨ। ਇਸ ਤੋਂ ਇਲਾਵਾ ਪੰਜਾਬ ਵਿਚ ਇਸ ਦੇ ਪੁਰਾਣੇ ਭਾਈਵਾਲ ਅਕਾਲੀ ਦਲ ਦੀ ਦੁਰਦਸ਼ਾ, ਰਾਜਨੀਤੀ ਦੇ ਤੇਜ਼ੀ ਨਾਲ ਬਦਲਦੇ ਸਮੀਕਰਣ ਤੇ ਮੌਜੂਦਾ ਪੰਜਾਬ ਸਰਕਾਰ ਦੀਆਂ ਮੁਸ਼ਕਿਲਾਂ ਆਦਿ ਕਾਰਨ ਇਸ ਪਾਰਟੀ ਲਈ ਪੰਜਾਬ ਵਿਚ ਵੱਡੀ ਧਿਰ ਬਣਨ ਦੀ ਲੰਮੇ ਸਮੇਂ ਦੀ ਖ਼ਾਹਿਸ਼ ਪੂਰੀ ਕਰਨ ਲਈ ਮੌਕੇ ਪੈਦਾ ਹੋ ਸਕਦੇ ਹਨ।

ਪੰਜਾਬ ਨੇ ਆਜ਼ਾਦੀ ਤੋਂ ਪਹਿਲਾਂ ਤੇ ਬਾਅਦ ਧਾਰਮਿਕ ਕੱਟੜਤਾ ਦਾ ਸੰਤਾਪ ਹੰਢਾਇਆ ਹੈ। ਅੰਗਰੇਜ਼ਾਂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਆਜ਼ਾਦੀ ਤੋਂ ਬਾਅਦ ਲਗਭਗ ਸਾਰੇ ਹਾਕਮਾਂ ਨੇ ਜਾਰੀ ਰੱਖੀ। ਸਮੇਂ ਦੀਆਂ ਸਰਕਾਰਾਂ ਨੇ ਲੋਕਾਂ ਦੇ ਮੂਲ ਮੁੱਦੇ ਹੱਲ ਕਰਨ ਦੀ ਬਜਾਏ ਉਨ੍ਹਾਂ ਨੂੰ ਜ਼ਿਆਦਾਤਰ ਧਾਰਮਿਕ ਮੁੱਦਿਆਂ ਵਿਚ ਹੀ ਉਲਝਾਈ ਰੱਖਿਆ। ਕਾਨੂੰਨ 'ਤੇ ਪ੍ਰਬੰਧ ਦੀ ਵਿਗੜਦੀ ਹਾਲਤ, ਫਿਰਕੂ ਕੱਟੜਤਾ ਵਿਚ ਵਾਧੇ, ਆਗੂਆਂ ਵੱਲੋਂ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਲਈ ਕੀਤੀਆਂ ਵੱਡੀਆਂ ਗ਼ਲਤੀਆਂ, ਲਾਲਚ ਆਦਿ ਨੇ ਪੰਜਾਬ ਨੂੰ ਦੇਸ਼ ਦੇ ਮੋਹਰੀ ਸੂਬੇ ਤੋਂ ਹਾਸ਼ੀਏ ਵੱਲ ਧੱਕ ਦਿੱਤਾ। ਇਸ ਦਾ ਖ਼ਮਿਆਜ਼ਾ ਪੰਜਾਬ ਦੇ ਲੋਕਾਂ ਦੇ ਨਾਲ ਨਾਲ ਵਾਰ ਵਾਰ ਰਾਜ ਕਰ ਚੁੱਕੀਆਂ ਦੋ ਵੱਡੀਆਂ ਧਿਰਾਂ ਭਾਵ ਕਾਂਗਰਸ ਤੇ ਅਕਾਲੀ ਦਲ ਵੀ ਭੁਗਤ ਰਹੀਆਂ ਹਨ। ਇਸ ਕਰਕੇ ਪੰਜਾਬ ਦੇ ਲੋਕਾਂ ਨੇ 2022 ਦੀਆਂ ਚੋਣਾਂ ਵਿਚ ਇਨ੍ਹਾਂ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਹੱਥ ਸੱਤਾ ਦੀ ਡੋਰ ਫੜਾਈ।



1997 ਤੋਂ ਬਾਅਦ 2022 ਵਿਚ ਪਹਿਲੀ ਵਾਰ ਭਾਜਪਾ ਨੇ ਅਕਾਲੀ ਦਲ ਨਾਲ ਗੱਠਜੋੜ ਤੋਂ ਬਿਨਾਂ, ਹੋਰ ਪਾਰਟੀਆਂ ਨੂੰ ਨਾਲ ਲੈ ਕੇ ਚੋਣਾਂ ਲੜੀਆਂ ਪਰ ਇਸ ਨੂੰ ਵੱਡੀ ਹਾਰ ਦਾ ਮੂੰਹ ਦੇਖਣਾ ਪਿਆ। ਪੰਜਾਬ ਦੇ ਹਿੰਦੂ ਭਾਈਚਾਰੇ ਨੇ ਇਸ ਦੀ ਥਾਂ ਕਾਂਗਰਸ ਤੇ 'ਆਪ' ਨੂੰ ਪਹਿਲ ਦਿੱਤੀ। ਭਾਜਪਾ (ਪਹਿਲਾਂ ਜਨਸੰਘ 1952-80) ਦੀ ਪੰਜਾਬ ਦੀ ਰਾਜਨੀਤੀ ਵਿਚ ਹਿੱਸੇਦਾਰੀ ਦੀ ਗੱਲ ਕਰਦੇ ਹਾਂ। ਮੌਜੂਦਾ ਪੰਜਾਬ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ 1952, 1957 ਤੇ 1962 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਜਨਸੰਘ ਮਹਿਜ਼ ਕ੍ਰਮਵਾਰ 2, 9 ਤੇ 8 ਸੀਟਾਂ ਜਿੱਤ ਸਕਿਆ। ਇਸ ਦਾ ਕੁੱਲ ਪਈਆਂ ਵੋਟਾਂ ਵਿਚ ਹਿੱਸਾ ਸਿਰਫ਼ 5.6, 8.6 ਤੇ 9.7 ਫ਼ੀਸਦੀ ਰਿਹਾ, ਉਸ ਸਮੇਂ ਪੰਜਾਬ ਧਰਮ ਦੇ ਆਧਾਰ 'ਤੇ ਹਿੰਦੂ ਬਹੁਮਤ ਵਾਲਾ ਸੂਬਾ ਸੀ।

1966 ਵਿਚ ਪੰਜਾਬ ਦੀ ਵੰਡ ਹੋਣ ਨਾਲ ਇਹ ਸਿੱਖ ਬਹੁਮਤ ਵਾਲਾ ਸੂਬਾ ਬਣ ਗਿਆ। ਇਸ ਨਾਲ ਅਕਾਲੀ ਦਲ ਨੂੰ ਸਿਆਸੀ ਲਾਹਾ ਮਿਲਿਆ ਤੇ ਰਾਜ ਦੀ ਰਾਜਨੀਤੀ ਵਿਚ ਕਾਂਗਰਸ ਦੇ ਬਰਾਬਰ ਦੀ ਧਿਰ ਵਜੋਂ ਉੱਭਰਿਆ। 1967 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰ ਕੇ ਸਾਹਮਣੇ ਆਈ ਪਰ ਦੇਸ਼ ਦੇ ਹੋਰ ਨੌਂ ਸੂਬਿਆਂ ਵਾਂਗ ਪੰਜਾਬ ਵਿਚ ਅਕਾਲੀ ਦਲ ਦੀ ਅਗਵਾਈ ਵਿਚ ਸਾਂਝੀ ਸਰਕਾਰ ਬਣੀ ਜਿਸ ਵਿਚ ਜਨਸੰਘ ਤੇ ਸੀ.ਪੀ.ਆਈ. ਭਾਗੀਦਾਰ ਸਨ। ਜ਼ਿਕਰਯੋਗ ਹੈ ਕਿ 1967 ਦੀਆਂ ਚੋਣਾਂ ਵਿਚ ਪਹਿਲੀ ਵਾਰ ਨੌਂ ਸੂਬਿਆਂ ਵਿਚ ਗ਼ੈਰ-ਕਾਂਗਰਸ ਸਰਕਾਰਾਂ ਬਣੀਆਂ। ਜਨਸੰਘ ਨੂੰ ਇਨ੍ਹਾਂ ਚੋਣਾਂ ਵਿਚ ਕੁੱਲ 104 ਵਿਚੋਂ 9 ਸੀਟਾਂ ਮਿਲੀਆਂ ਤੇ ਇਸ ਦਾ ਕੁੱਲ ਪਈਆਂ ਵੋਟਾਂ ਵਿਚ ਹਿੱਸਾ ਤਕਰੀਬਨ 10 ਫ਼ੀਸਦੀ ਸੀ। ਇਹ ਸਰਕਾਰ ਬਹੁਤਾ ਸਮਾਂ ਨਾ ਚੱਲ ਸਕੀ ਤੇ 1969 ਵਿਚ ਮੁੜ ਹੋਈਆਂ ਚੋਣਾਂ ਵਿਚ ਇਸ ਪਾਰਟੀ ਨੂੰ 8 ਸੀਟਾਂ ਮਿਲੀਆਂ ਤੇ ਇਸ ਦਾ ਵੋਟਾਂ 'ਚ ਹਿੱਸਾ ਵੀ ਘਟ ਕੇ ਤਕਰੀਬਨ 9 ਫ਼ੀਸਦੀ ਰਹਿ ਗਿਆ। ਇਹ ਸਰਕਾਰ ਵੀ ਆਪਣਾ ਸਮਾਂ ਪੂਰਾ ਨਾ ਕਰ ਸਕੀ। ਫਿਰ 1972 ਵਿਚ ਦੁਬਾਰਾ ਵਿਧਾਨ ਸਭਾ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਜਨਸੰਘ ਨੇ 33 ਸੀਟਾਂ 'ਤੇ ਚੋਣ ਲੜੀ ਪਰ ਇੱਕ ਵੀ ਸੀਟ ਨਹੀਂ ਜਿੱਤੀ। ਕਾਂਗਰਸ ਪਾਰਟੀ 117 ਸੀਟਾਂ ਵਿਚੋਂ 66 ਸੀਟਾਂ ਜਿੱਤ ਗਈ ਅਤੇ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਬਣੇ।

1975 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਲਗਾਈ ਤੇ ਵਿਰੋਧੀ ਨੇਤਾਵਾਂ ਨੂੰ ਜੇਲ੍ਹ ਵਿਚ ਨਜ਼ਰਬੰਦ ਕਰ ਦਿੱਤਾ। ਅਗਲੀਆਂ ਚੋਣਾਂ 1977 ਵਿਚ ਹੋਈਆਂ ਜਿਸ ਕਾਰਨ ਦੇਸ਼ ਤੇ ਪੰਜਾਬ ਦੀ ਰਾਜਨੀਤੀ ਵਿਚ ਵੱਡਾ ਮੋੜ ਆਇਆ। ਕਾਂਗਰਸ ਦੇ ਵਿਰੋਧ ਵਿਚ ਦੇਸ਼ 'ਚ ਚਲੀ ਲਹਿਰ ਨੇ ਜਨਤਾ ਪਾਰਟੀ ਨੂੰ ਜਨਮ ਦਿੱਤਾ ਤੇ ਜਨਸੰਘ ਇਸ ਪਾਰਟੀ ਦਾ ਹਿੱਸਾ ਬਣ ਗਿਆ। ਦੇਸ਼ ਵਿਚ ਪਹਿਲੀ ਵਾਰੀ ਕੇਂਦਰ ਵਿਚ ਗ਼ੈਰ ਕਾਂਗਰਸ ਭਾਵ ਜਨਤਾ ਪਾਰਟੀ ਦੀ ਸਰਕਾਰ ਬਣੀ। 1977 ਦੀਆਂ ਲੋਕ ਸਭਾ ਚੋਣਾਂ ਵਿਚ ਜਨਤਾ ਪਾਰਟੀ ਦੇ ਹਿੱਸੇ ਪੰਜਾਬ ਦੀਆਂ ਕੁੱਲ 13 ਵਿਚੋਂ 3 ਸੀਟਾਂ ਆਈਆਂ ਤੇ ਇਸ ਨੇ ਇਨ੍ਹਾਂ ਸੀਟਾਂ 'ਤੇ ਕੁੱਲ ਪਈਆਂ ਵੋਟਾਂ ਦਾ 12.50 ਫ਼ੀਸਦੀ ਲੈ ਕੇ ਜਿੱਤ ਦਰਜ ਕੀਤੀ। ਇਸ ਤੋਂ ਬਾਅਦ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਗੱਠਜੋੜ ਦੇ ਭਾਈਵਾਲ ਵਜੋਂ ਜਨਤਾ ਪਾਰਟੀ ਨੇ 41 ਸੀਟਾਂ 'ਤੇ ਚੋਣ ਲੜ ਕੇ 25 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਅਤੇ 15 ਫ਼ੀਸਦੀ ਵੋਟਾਂ ਹਾਸਲ ਕੀਤੀਆਂ।

ਜਨਤਾ ਪਾਰਟੀ ਦੀ ਟੁੱਟ-ਭੱਜ ਤੋਂ ਬਾਅਦ 1980 ਵਿਚ ਭਾਜਪਾ ਹੋਂਦ ਵਿਚ ਆਈ। 1980 ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਇੱਕ ਸੀਟ ਹੀ ਜਿੱਤ ਸਕੀ। ਇਸ ਨੇ 41 ਸੀਟਾਂ 'ਤੇ ਚੋਣ ਲੜੀ ਤੇ ਕੁੱਲ ਵੋਟਾਂ ਦਾ ਮਹਿਜ਼ 6.5 ਫ਼ੀਸਦੀ ਲੈ ਸਕੀ। ਉਸ ਸਮੇਂ ਪੰਜਾਬ ਦੇ ਹਾਲਾਤ ਬਦ ਤੋਂ ਬਦਤਰ ਹੋਣੇ ਸ਼ੁਰੂ ਹੋ ਗਏ ਸਨ। 1980 ਵਿਚ ਕੇਂਦਰ ਤੇ ਪੰਜਾਬ ਵਿਚ ਫਿਰ ਕਾਂਗਰਸ ਦੀ ਸਰਕਾਰ ਬਣੀ। ਹਾਲਾਤ ਵਿਗੜਨ ਨਾਲ ਪੰਜਾਬ ਦੀ ਸਰਕਾਰ 1983 ਵਿਚ ਭੰਗ ਕਰ ਕੇ ਸੂਬੇ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ। ਇਸ ਤੋਂ ਬਾਅਦ ਪੰਜਾਬ ਸਮਝੌਤੇ ਤਹਿਤ 1985 ਦੀਆਂ ਚੋਣਾਂ ਵਿਚ ਅਕਾਲੀ ਦਲ ਨੇ ਪਹਿਲੀ ਵਾਰੀ ਬਹੁਮਤ ਵਾਲੀ ਸਰਕਾਰ ਬਣਾਈ। ਇਨ੍ਹਾਂ ਚੋਣਾਂ ਵਿਚ ਭਾਜਪਾ ਨੇ 26 ਸੀਟਾਂ 'ਤੇ ਚੋਣ ਲੜੀ ਅਤੇ ਕੁੱਲ ਪਈਆਂ ਵੋਟਾਂ ਦਾ 5 ਫ਼ੀਸਦੀ ਲੈ ਕੇ 6 ਸੀਟਾਂ ਜਿੱਤੀਆਂ। 1992 ਵਿਚ ਪਾਰਟੀ ਨੇ 66 ਸੀਟਾਂ 'ਤੇ ਚੋਣ ਲੜੀ ਤੇ ਕੁੱਲ ਵੋਟਾਂ ਦਾ 16.50 ਫ਼ੀਸਦੀ ਲੈ ਕੇ 6 ਸੀਟਾਂ ਜਿੱਤੀਆਂ। ਇਹ ਚੋਣਾਂ ਖਾੜਕੂਵਾਦ ਦੇ ਸਾਏ ਹੇਠ ਬਹੁਤ ਨਾਜ਼ੁਕ ਦੌਰ ਵਿਚ ਹੋਈਆਂ ਜਿਨ੍ਹਾਂ ਵਿਚ ਅੱਜ ਤੱਕ ਪਈਆਂ ਵੋਟਾਂ ਦੇ ਸਭ ਤੋਂ ਘੱਟ 24 ਫ਼ੀਸਦੀ ਲੋਕਾਂ ਨੇ ਹੀ ਹਿੱਸਾ ਲਿਆ।

1997 ਦੀਆਂ ਵਿਧਾਨ ਸਭਾ ਚੋਣਾਂ ਤੇ ਉਸ ਤੋਂ ਬਾਅਦ 2002, 2007, 2012 ਤੇ 2017 ਦੀਆਂ ਵਿਧਾਨ ਸਭਾ ਅਤੇ 1998, 1999, 2004, 2009, 2014 ਤੇ 2019 ਦੀਆਂ ਲੋਕ ਸਭਾ ਚੋਣਾਂ ਭਾਜਪਾ ਨੇ ਅਕਾਲੀ ਦਲ ਨਾਲ ਹੋਏ ਸਮਝੌਤੇ ਵਜੋਂ ਛੋਟੇ ਭਾਈਵਾਲ ਵਜੋਂ ਲੜੀਆਂ। ਵਿਧਾਨ ਸਭਾ ਚੋਣਾਂ ਵਿਚ ਇਸ ਦੇ ਹਿੱਸੇ 23 ਸੀਟਾਂ ਤੇ ਲੋਕ ਸਭਾ ਚੋਣਾਂ ਵਿਚ 3 ਸੀਟਾਂ ਆਈਆਂ। 1997 ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਨੇ 22 ਸੀਟਾਂ 'ਤੇ ਚੋਣ ਲੜੀ ਤੇ ਕੁੱਲ ਪਈਆਂ ਵੋਟਾਂ 'ਚੋਂ 8.33 ਫ਼ੀਸਦੀ ਲੈ ਕੇ 18 ਸੀਟਾਂ ਜਿੱਤੀਆਂ ਤੇ ਅਕਾਲੀ ਦਲ ਨਾਲ ਸਰਕਾਰ ਦਾ ਹਿੱਸਾ ਬਣੀ। 2002 ਦੀਆਂ ਚੋਣਾਂ ਵਿਚ ਪਾਰਟੀ 3 ਸੀਟਾਂ ਹੀ ਜਿੱਤ ਸਕੀ ਤੇ ਇਸ ਦਾ ਵੋਟ ਹਿੱਸਾ ਸਿਰਫ਼ 5.67 ਫ਼ੀਸਦੀ ਰਹਿ ਗਿਆ। 2002 ਵਿਚ ਕਾਂਗਰਸ ਨੇ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਸਰਕਾਰ ਬਣਾਈ ਜੋ ਹੁਣ ਭਾਜਪਾ ਵਿਚ ਸ਼ਾਮਲ ਹੋ ਗਏ ਹਨ। 2007 ਵਿਚ ਅਕਾਲੀ-ਭਾਜਪਾ ਗੱਠਜੋੜ ਵਾਪਸ ਸੱਤਾ ਵਿਚ ਆਇਆ। ਇਨ੍ਹਾਂ ਚੋਣਾਂ ਵਿਚ ਭਾਜਪਾ ਨੇ 23 ਵਿਚੋਂ 19 ਸੀਟਾਂ ਤੇ 8.2 ਫ਼ੀਸਦੀ ਵੋਟਾਂ ਲੈ ਕੇ ਰਿਕਾਰਡ ਬਣਾਇਆ। 2012 ਤੇ 2017 ਦੀਆਂ ਚੋਣਾਂ ਵਿਚ ਪਾਰਟੀ ਨੇ ਕ੍ਰਮਵਾਰ 12 ਤੇ 3 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਪਾਰਟੀ ਨੇ ਲੋਕ ਸਭਾ ਚੋਣਾਂ ਵਿਚ 1998 'ਚ 3, 1999 'ਚ 1, 2004 'ਚ 3, 2009 'ਚ 1, 2014 ਤੇ 2019 'ਚ 2-2 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਇਨ੍ਹਾਂ ਚੋਣਾਂ ਵਿਚ ਪਾਰਟੀ ਦਾ ਔਸਤ ਵੋਟ ਪ੍ਰਤੀਸ਼ਤ 10-11 ਫ਼ੀਸਦੀ ਦੇ ਵਿਚ ਰਿਹਾ।

2022 ਦੀਆਂ ਵਿਧਾਨ ਸਭਾ ਚੋਣਾਂ ਇਸ ਨੇ ਅਕਾਲੀ ਦਲ ਨਾਲ ਗੱਠਜੋੜ ਤੋਂ ਬਿਨਾਂ ਹੋਰਨਾਂ ਪਾਰਟੀਆਂ ਭਾਵ ਅਮਰਿੰਦਰ ਸਿੰਘ ਦੀ ਕਾਂਗਰਸ ਤੇ ਹੋਰ ਅਕਾਲੀ ਧੜਿਆਂ ਨਾਲ ਰਲ ਕੇ ਲੜੀਆਂ। ਇਨ੍ਹਾਂ ਚੋਣਾਂ ਵਿਚ ਪਾਰਟੀ ਸਿਰਫ਼ 6.6 ਫ਼ੀਸਦੀ ਵੋਟਾਂ ਲੈ ਕੇ 3 ਸੀਟਾਂ ਹੀ ਜਿੱਤ ਸਕੀ।

2022 ਦੀਆਂ ਚੋਣਾਂ ਤੋਂ ਪਹਿਲਾਂ ਤੇ ਬਾਅਦ ਵਿਚ ਹੋਈਆਂ ਘਟਨਾਵਾਂ ਨੇ ਪੰਜਾਬ ਦੀ ਰਾਜਨੀਤੀ 'ਚ ਨਵੇਂ ਸਮੀਕਰਨ ਪੈਦਾ ਕੀਤੇ ਹਨ। ਇਨ੍ਹਾਂ ਚੋਣਾਂ ਵਿਚ ਅਕਾਲੀ ਦਲ ਹਾਸ਼ੀਏ 'ਤੇ ਪਹੁੰਚ ਕੇ ਵੱਡੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਲੱਗਦਾ ਨਹੀਂ ਕਿ ਨੇੜ ਭਵਿੱਖ ਵਿਚ ਇਹ ਆਪਣੀ ਸਾਰਥਿਕਤਾ ਬਹਾਲ ਕਰ ਸਕੇਗਾ। ਕਾਂਗਰਸ ਪਾਰਟੀ ਦਾ ਇੱਕ ਵੱਡਾ ਧੜਾ ਭਾਜਪਾ ਵਿਚ ਚਲਾ ਗਿਆ ਹੈ ਤੇ ਕਾਂਗਰਸ ਵੀ ਢਾਂਚਾਗਤ ਕਮਜ਼ੋਰੀ ਤੇ ਨੇਤਾਵਾਂ ਦੀ ਆਪਸੀ ਲੜਾਈ ਕਰਕੇ ਮੁਸ਼ਕਿਲ ਵਿਚ ਦਿਖਾਈ ਦਿੰਦੀ ਹੈ। ਕਾਂਗਰਸ ਦੇ ਰਾਜ ਵਿਚ ਹੋਈ ਅਥਾਹ ਰਿਸ਼ਵਤਖੋਰੀ, ਲੁੱਟਮਾਰ ਤੇ ਬਹੁਤ ਸਾਰੀਆਂ ਨਾਕਾਮੀਆਂ ਨੇ ਇਸ ਦੀ ਹਾਲਤ ਪਤਲੀ ਕਰ ਦਿੱਤੀ ਹੈ। ਪੰਜਾਬ ਵਿਚ ਰਾਜ ਕਰਦੀ ਧਿਰ ਵੀ ਰੋਜ਼ ਨਵੀਆਂ-ਨਵੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੀ ਹੈ। ਹੁਣ ਹੋਈਆਂ ਗੁਜਰਾਤ, ਹਿਮਾਚਲ ਪ੍ਰਦੇਸ਼ ਤੇ ਦਿੱਲੀ ਦੀਆਂ ਚੋਣਾਂ ਨੇ ਆਮ ਆਦਮੀ ਪਾਰਟੀ ਦੇ ਲੀਡਰਾਂ ਦੀ ਕਮਜ਼ੋਰੀ ਜੱਗ-ਜ਼ਾਹਿਰ ਕਰ ਦਿੱਤੀ ਹੈ। ਆਉਣ ਵਾਲੇ ਸਮੇਂ ਵਿਚ ਇਸ ਦੀਆਂ ਮੁਸ਼ਕਿਲਾਂ ਵਧ ਸਕਦੀਆਂ ਹਨ। ਪੰਜਾਬ ਵਿਚ ਦਿਨ-ਬ-ਦਿਨ ਵਿਗੜਦੀ ਕਾਨੂੰਨ ਵਿਵਸਥਾ, ਸਰਕਾਰ ਦੀਆਂ ਲੋਕ ਲੁਭਾਊ ਨੀਤੀਆਂ ਤੇ ਹੋਰ ਲਾਰੇ ਲੱਪੇ, ਕਿਸਾਨੀ ਸੰਕਟ, ਲੋਕਾਂ ਦੀਆਂ ਵਧੀਆਂ ਹੋਈਆਂ ਆਸਾਂ, ਵਿੱਤੀ ਸੰਕਟ ਆਦਿ ਇਸ ਸਰਕਾਰ ਲਈ ਹੋਰ ਮੁਸ਼ਕਲਾਂ ਪੈਦਾ ਕਰ ਸਕਦੇ ਹਨ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਵਿਚ ਸੁਲਝੀ ਹੋਈ ਰਾਜਨੀਤੀ ਦੀ ਘਾਟ ਦਿਖਾਈ ਦਿੰਦੀ ਹੈ ਜੋ ਕਿ ਇਸ ਦੀ ਵੱਡੀ ਕਮਜ਼ੋਰੀ ਹੈ। ਇਸ ਨੇ ਪਿਛਲੇ 9-10 ਮਹੀਨਿਆਂ ਵਿਚ ਭਾਵੇਂ ਕੁਝ ਚੰਗੀਆਂ ਸ਼ੁਰੂਆਤਾਂ ਕੀਤੀਆਂ ਹਨ ਪਰ ਉਨ੍ਹਾਂ ਨੂੰ ਜਾਰੀ ਰੱਖਣਾ ਇਨ੍ਹਾਂ ਲਈ ਵੱਡੀ ਚੁਣੌਤੀ ਹੈ।

ਇਨ੍ਹਾਂ ਸਾਰੇ ਹਾਲਾਤ ਨੂੰ ਵੇਖ ਕੇ ਲੱਗਦਾ ਹੈ ਕਿ ਭਾਜਪਾ ਬਹੁਤ ਹੀ ਸੋਚੀ ਸਮਝੀ ਰਾਜਨੀਤੀ ਤੇ ਆਪਣੇ ਦਮਖ਼ਮ ਨਾਲ ਆਉਂਦੇ ਸਮੇਂ ਵਿਚ ਅਕਾਲੀ ਦਲ ਤੇ ਕਾਂਗਰਸ ਨੂੰ ਪਛਾੜ ਕੇ ਪੰਜਾਬ ਵਿਚ ਵੱਡੀ ਰਾਜਨੀਤਕ ਧਿਰ ਬਣਨ ਲਈ ਪੂਰੀ ਵਾਹ ਲਾਏਗੀ। ਵੱਡਾ ਸਵਾਲ ਇਹ ਹੈ ਕਿ ਕੀ ਪੰਜਾਬ ਦੇ ਲੋਕ ਇਸ ਪਾਰਟੀ ਦਾ ਸੁਪਨਾ ਸੱਚ ਕਰ ਦੇਣਗੇ?

# ਯੂਕਰੇਨ ਜੰਗ 'ਚ ਪੱਛਮ ਭਟਕਿਆ

ਜਿਵੇਂ ਜਿਵੇਂ ਨਵਾਂ ਸਾਲ ਨੇੜੇ ਆ ਰਿਹਾ ਹੈ, ਇਹ ਉਮੀਦ ਕੀਤੀ ਜਾ ਰਹੀ ਹੈ ਕਿ ਕੌਮਾਂਤਰੀ ਰਾਜਨੀਤੀ ਵਿਚ ਵੱਡੀਆਂ ਸ਼ਕਤੀਆਂ ਦੀ ਸਫ਼ਬੰਦੀ ਬਹੁਤੀ ਹੱਦ ਤੱਕ ਇਸ ਗੱਲ 'ਤੇ ਮੁਨੱਸਰ ਕਰੇਗੀ ਕਿ ਯੂਕਰੇਨ ਵਿਚ ਚੱਲ ਰਹੀ ਜੰਗ ਦਾ ਊਠ ਕਿਸ ਕਰਵਟ ਬੈਠਦਾ ਹੈ। ਇਸ ਵੇਲੇ ਬਣੀ ਖੜੋਤ ਬਹੁਤੀ ਦੇਰ ਨਹੀਂ ਚੱਲ ਸਕਦੀ। ਇਸ ਨੂੰ ਬਦਲਣਾ ਪੈਣਾ ਹੈ ਤੇ ਇਹ ਬਦਲੇਗੀ। ਮੋਢੀ ਕਿਰਦਾਰਾਂ ਨੂੰ

**ਐੱਮਕੇ ਭੱਦਰਕੁਮਾਰ**

ਆਪਣੀਆਂ ਭੁੱਲਾਂ ਦਾ ਅਹਿਸਾਸ ਹੋ ਰਿਹਾ ਹੈ। ਜਿੱਥੋਂ ਤਕ ਰੂਸ ਦਾ ਸਵਾਲ ਹੈ, ਇਸ ਨੂੰ ਭਰਵਾਂ ਅਹਿਸਾਸ ਹੋ ਗਿਆ ਹੈ ਕਿ ਇਸ ਦੀਆਂ ਦੋ ਮੁੱਖ ਧਾਰਨਾਵਾਂ ਵਿਚ ਵੱਡੀਆਂ ਖਾਮੀਆਂ ਸਨ; ਪਹਿਲੀ ਇਹ ਕਿ ਫਰਵਰੀ/ਮਾਰਚ ਦੇ ਮਹੀਨੇ ਵੱਡਾ ਖੜਕਾ ਦੜਕਾ ਕਰਨ ਨਾਲ ਯੂਕਰੇਨ ਸਰਕਾਰ ਗੋਡੇ ਟੇਕ ਦੇਵੇਗੀ; ਦੂਜਾ ਇਹ ਕਿ ਅਮਰੀਕਾ ਸ਼ਾਂਤੀ ਪ੍ਰਕਿਰਿਆ ਨੂੰ ਦੁਤਕਾਰਨ ਲਈ ਬਹੁਤੀ ਸਰਗਰਮੀ ਨਹੀਂ ਦਿਖਾਵੇਗਾ।

ਦੂਜੇ ਬੰਨ੍ਹੇ, ਅਮਰੀਕਾ ਅਤੇ ਉਸ ਦੇ ਸੰਗੀ ਮੁਲਕ ਇਸ ਗੱਲੋਂ ਪੱਬਾਂ ਭਾਰ ਸਨ ਕਿ ਜੰਗ ਜਲਦੀ ਖ਼ਤਮ ਹੋਣ ਨਾਲ ਰੂਸ ਦਾ ਘੋਗਾ ਚਿੱਤ ਹੋ ਜਾਵੇਗਾ ਜਦਕਿ ਅੱਜ ਕਠੋਰ ਹਕੀਕਤ ਇਹ ਹੈ ਕਿ ਪੱਛਮੀ ਦੇਸ਼ਾਂ ਦੀਆਂ ਲਾਈਆਂ ਪਾਬੰਦੀਆਂ ਨਾ ਕੇਵਲ ਰੂਸ ਨੂੰ ਜੰਗ ਜਾਰੀ ਰੱਖਣ ਲਈ ਦਰਕਾਰ ਵਸੀਲੇ ਹਾਸਲ ਕਰਨ ਤੋਂ ਰੋਕਣ ਦਾ ਟੀਚਾ ਹਾਸਲ ਕਰਨ ਵਿਚ ਨਾਕਾਮ ਰਹੀਆਂ ਹਨ ਸਗੋਂ ਇਨ੍ਹਾਂ ਪੱਛਮੀ ਅਰਥਚਾਰਿਆਂ ਦਾ ਤ੍ਰਾਹ ਨਿਕਲ ਗਿਆ ਹੈ, ਆਲਮੀ ਊਰਜਾ ਤੇ ਜਿਣਸ ਮੰਡੀਆਂ ਵਿਚ ਉਥਲ-ਪੁਥਲ ਮੱਚ ਗਈ ਹੈ ਜਿਸ ਕਰ ਕੇ ਮਹਿੰਗਾਈ ਦਰਾਂ ਨੂੰ ਅੱਗ ਲੱਗ ਗਈ ਹੈ। ਇਸ ਦੇ ਨਾਟਕੀ ਆਰਥਿਕ ਅਤੇ ਸਿਆਸੀ ਸਿੱਟੇ ਸਾਹਮਣੇ ਆ ਰਹੇ ਹਨ। ਰੂਸ ਵਿਚ ਸੱਤਾ ਤਬਦੀਲੀ ਦਾ ਪੱਛਮ ਦਾ ਰਣਨੀਤਕ ਮਕਸਦ ਭਰਮਜਾਲ ਸਾਬਿਤ ਹੋਇਆ ਹੈ। ਰੂਸ ਹਾਰਨ ਦੀ ਸਥਿਤੀ ਦੇ ਨੇੜੇ ਤੇੜੇ ਵੀ ਨਹੀਂ ਦਿਸ ਰਿਹਾ। ਇਸ ਨੇ ਡੋਨਬਾਸ ਵਿਚ ਇਕ ਖੇਤਰ ਆਜ਼ਾਦ ਕਰਵਾ ਲਿਆ ਹੈ ਜੋ 24 ਫਰਵਰੀ ਤੋਂ ਪਹਿਲਾਂ ਮੌਜੂਦ ਖੇਤਰ ਨਾਲੋਂ ਪੰਜ ਗੁਣਾ ਵਡੇਰਾ ਹੈ। ਆਜ਼ੋਵ ਸਾਗਰ ਰੂਸ ਦੇ ਕੰਟਰੋਲ ਹੇਠ ਆ ਗਿਆ ਹੈ ਜਿਵੇਂ ਇਸ ਦੇ 300 ਸਾਲਾਂ ਦੇ ਇਤਿਹਾਸ ਵਿਚ ਰਿਹਾ ਹੈ। ਕ੍ਰਾਇਮੀਆ ਤੱਕ ਸੜਕ ਅਤੇ ਰੇਲ ਸੰਪਰਕ ਬਹਾਲ ਹੋ ਗਿਆ ਹੈ। ਡੋਨਬਾਸ ਖਿੱਤੇ ਤੱਕ ਰੇਲ ਸੇਵਾਵਾਂ ਜਲਦੀ ਆਮ ਵਾਂਗ ਸ਼ੁਰੂ ਹੋ ਜਾਣਗੀਆਂ। ਮਾਰੀਓਪੋਲ, ਬਰਡਾਇੰਸਕ ਅਤੇ ਹੋਰਨਾਂ ਮੁਕਤ ਕਰਵਾਈਆਂ ਬੰਦਰਗਾਹਾਂ ਵੱਲ ਸਮੁੰਦਰੀ ਜਹਾਜ਼ ਭੇਜੇ ਜਾ ਰਹੇ ਹਨ। ਨੌਰਥ ਕ੍ਰਾਇਮੀਅਨ ਕੈਨਾਲ 'ਤੇ ਕੰਟਰੋਲ ਹੋਣ ਸਦਕਾ ਕ੍ਰਾਇਮੀਆ ਪ੍ਰਾਇਦੀਪ ਲਈ ਪਾਣੀ ਦੀ ਸਪਲਾਈ ਬਹਾਲ ਹੋ ਗਈ ਹੈ। ਡੋਨ ਦਰਿਆ ਤੋਂ 194 ਕਿਲੋਮੀਟਰ ਲੰਮੇ ਜਲ ਮਾਰਗ ਦਾ ਨਿਰਮਾਣ ਚੱਲ ਰਿਹਾ ਹੈ ਜਿਸ ਨਾਲ ਦੋਨੇਸਕ ਲਈ ਜਲ ਸਪਲਾਈ ਯਕੀਨੀ ਬਣ ਜਾਵੇਗੀ। ਇੰਝ ਯੂਕਰੇਨ ਦਾ ਲਗਭਗ ਵੀਹ ਫ਼ੀਸਦ ਖੇਤਰ ਰੂਸ ਦੇ ਅਧੀਨ ਆ ਗਿਆ ਹੈ।

ਰੂਸ ਆਪਣੇ ਫ਼ੌਜੀ ਮਕਸਦ ਹਾਸਲ ਕਰਨ ਲਈ ਪੂਰਾ ਤਾਣ ਲਾ ਰਿਹਾ ਹੈ। ਰੂਸੀ ਫ਼ੌਜ ਦੇ ਜਰਨੈਲ ਵੈਲਰੀ ਗਿਰਾਸੀਮੋਫ ਨੇ ਲੰਘੇ ਵੀਰਵਾਰ ਮਾਸਕੋ ਵਿਚ ਆਖਿਆ ਸੀ ਕਿ ਯੂਕਰੇਨ ਨੂੰ ਪੱਛਮ ਵਲੋਂ ਦਿੱਤੀ ਜਾ ਰਹੀ ਭਾਰੀ ਇਮਦਾਦ ਦੇ ਬਾਵਜੂਦ ਰੂਸ ਆਪਣਾ ਵਿਸ਼ੇਸ਼ ਫ਼ੌਜੀ ਅਪਰੇਸ਼ਨ ਜਾਰੀ ਰੱਖੇਗਾ। ਰੂਸ ਆਪਣੇ ਰਣਨੀਤਕ ਮਿਜ਼ਾਈਲ ਬਲਾਂ 'ਤੇ ਹਵਾ ਦੀ ਰਫ਼ਤਾਰ ਤੋਂ ਤੇਜ਼ ਵਾਰਹੈੱਡ ਬੀੜ ਕੇ ਪਰਮਾਣੂ ਤ੍ਰਿਸ਼ੂਲ ਦੀ ਤਿਆਰੀ ਵਿਚ ਇਜ਼ਾਫ਼ਾ ਕਰ ਰਿਹਾ ਹੈ ਅਤੇ ਆਪਣੇ ਹਥਿਆਰਬੰਦ ਦਸਤਿਆਂ ਦੀ ਸੰਖਿਆ ਵਧਾ ਕੇ 15 ਲੱਖ ਕਰ ਸਕਦਾ ਹੈ। ਬੇਲਾਰੂਸ ਨਾਲ ਗੱਠਜੋੜ ਗਹਿਰਾ ਹੋ ਰਿਹਾ ਹੈ ਜਿਸ ਨਾਲ ਰੂਸ ਨੂੰ ਆਪਣੀ ਉੱਤਰੀ ਦਿਸ਼ਾ ਵੱਲ ਵਧੇਰੇ ਰਣਨੀਤਕ ਗਹਿਰਾਈ ਮਿਲਦੀ ਹੈ।

ਮੌਜੂਦਾ ਹਾਲਾਤ ਅਮਰੀਕਾ ਲਈ ਫਾਇਦੇਮੰਦ ਹੈ। ਅਮਰੀਕਾ ਰੂਸ ਨਾਲ ਚੱਲ ਰਹੀ ਲੁਕਵੀਂ ਜੰਗ ਦਾ ਫਾਇਦਾ ਲੈ ਕੇ ਯੂਰਪ ਦੇ ਸਭ ਤੋਂ ਵੱਡੇ ਊਰਜਾ ਸਪਲਾਇਰ ਦੀ ਥਾਂ ਲੈਣਾ ਚਾਹੁੰਦਾ ਹੈ ਅਤੇ ਯੂਕਰੇਨ ਡੈਮੋਕਰੇਸੀ ਡਿਫੈਂਸ ਲੈਂਡ-ਲੀਜ਼ ਐਕਟ-2022 ਤਹਿਤ ਹਥਿਆਰਾਂ ਦੀਆਂ ਬਰਾਮਦਾਂ ਵਧਾ ਰਿਹਾ ਹੈ ਅਤੇ ਨਾਲ ਹੀ ਆਪਣੇ 'ਨਾਟੋ' ਸੰਗੀਆਂ ਨੂੰ ਆਪੋ-ਆਪਣੇ ਜ਼ਖੀਰਿਆਂ ਵਿਚੋਂ ਯੂਕਰੇਨ ਲਈ ਸਾਜ਼ੋ-ਸਾਮਾਨ ਮੁਹੱਈਆ ਕਰਾਉਣ ਲਈ ਹੱਲਾਸ਼ੇਰੀ ਦੇ ਰਿਹਾ ਹੈ। ਬਹਰਹਾਲ, ਰੂਸ ਦਾ ਹੱਥ ਉਪਰ ਚੱਲ ਰਿਹਾ ਹੈ। ਹਥਿਆਰਬੰਦ ਦਸਤਿਆਂ ਵਿਚ ਤਿੰਨ ਲੱਖ ਲੋਕਾਂ ਦੀ ਭਰਤੀ ਨਾਲ ਪਹਿਲੀ ਵਾਰ ਰੂਸ ਦਾ ਪਲੜਾ ਭਾਰੂ ਹੋ ਗਿਆ ਹੈ। ਆਧੁਨਿਕ ਹਥਿਆਰਾਂ ਸਦਕਾ ਰੂਸੀ ਦਸਤਿਆਂ ਕੋਲ ਜ਼ਬਰਦਸਤ ਹਮਲਾਵਰ ਸ਼ਕਤੀ ਆ ਗਈ ਹੈ।

ਟਕਰਾਅ ਸ਼ੁਰੂ ਹੋਇਆਂ ਦਸ ਮਹੀਨੇ ਹੋ ਗਏ ਹਨ ਅਤੇ ਯੂਕਰੇਨ ਦੇ ਮੁੱਦੇ 'ਤੇ ਯੂਰਪ ਦੇ ਨਜ਼ਰੀਏ ਵਿਚ ਵਖਰੇਵੇਂ ਨਜ਼ਰ ਆ ਰਹੇ ਹਨ ਅਤੇ ਕਈ ਦੇਸ਼ਾਂ ਵਲੋਂ ਗੱਲਬਾਤ ਤੇ ਕੂਟਨੀਤਕ ਹੱਲ ਦੇ ਸੱਦੇ ਦਿੱਤੇ ਜਾ ਰਹੇ ਹਨ। ਰਾਸ਼ਟਰਪਤੀ ਬਾਇਡਨ ਨੇ ਮੰਨਿਆ ਹੈ ਕਿ ਫਰਾਂਸ ਤੇ ਜਰਮਨੀ ਨੇ ਰੂਸ ਨਾਲ ਕਿਸੇ ਵੀ ਤਰ੍ਹਾਂ ਜੰਗ ਸ਼ੁਰੂ ਕਰਨ ਦੀ ਮੁਖ਼ਾਲਫ਼ਤ ਕੀਤੀ ਸੀ ਅਤੇ ਉਨ੍ਹਾਂ ਦੇ ਪੱਖ ਨੂੰ ਨਜ਼ਰਅੰਦਾਜ਼ ਕਰਨ ਦਾ ਮਤਲਬ ਸੀ ਕਿ 'ਨਾਟੋ' ਪਾਟੋਧਾੜ ਹੋ ਸਕਦਾ ਸੀ ਅਤੇ ਯੂਰਪੀਅ ਸੰਘ ਟੁੱਟ ਸਕਦਾ ਸੀ। ਬਾਇਡਨ ਨੇ ਇਹ ਗੱਲ ਯੂਕਰੇਨ ਦੇ ਰਾਸ਼ਟਰਪਤੀ ਜ਼ੈਲੈਂਸਕੀ ਦੀ ਮੌਜੂਦਗੀ ਵਿਚ ਆਖੀ ਹੈ।

ਪੇਈਚਿੰਗ ਜਰਮਨੀ ਅਤੇ ਫਰਾਂਸ ਦੀ ਹਮਾਇਤ ਹਾਸਲ ਕਰ ਕੇ ਕਿਸੇ ਪੜਾਅ 'ਤੇ ਕੂਟਨੀਤਕ ਰਾਜ਼ੀਨਾਮਾ ਕਰਾਉਣ ਦੀ ਪੈਰਵੀ ਦਾ ਐਲਾਨ ਕਰ ਸਕਦਾ ਹੈ। ਫਿਲਹਾਲ, ਅਜਿਹੇ ਕਿਸੇ ਰਾਜ਼ੀਨਾਮੇ ਲਈ ਸਹੀ ਸਮਾਂ ਨਹੀਂ ਜਾਪਦਾ। ਸਰਦ ਰੁੱਤ ਵਿਚ ਹਮਲੇ ਦੀ ਰੂਸੀ ਦਸਤਿਆਂ ਵਲੋਂ ਪਹਿਲ ਕੀਤੀ ਗਈ ਹੈ। ਰੂਸ ਨੂੰ ਤੁੰਨ ਕੇ ਰੱਖਣ ਅਤੇ ਯੂਰਕੇਨ ਦੀਆਂ ਸਰਹੱਦਾਂ ਦੀ ਫਰਵਰੀ ਤੋਂ ਪਹਿਲਾਂ ਵਾਲੀ ਹਾਲਤ ਬਹਾਲ ਕਰਨ ਦੇ ਨਤੀਜੇ ਦੀ ਆਸ ਨਹੀਂ ਕੀਤੀ ਜਾ ਸਕਦੀ। ਇੱਥੋਂ ਤੱਕ ਕਿ ਹੁਣ ਬਾਇਡਨ ਵੀ 'ਮੁਕੰਮਲ ਜਿੱਤ' ਦੀ ਗੱਲ ਨਹੀਂ ਕਰ ਰਹੇ। ਰੂਸ ਨੂੰ ਗੋਡਿਆਂ ਭਾਰ ਕਰਨ ਦੀ ਪੱਛਮ ਦੀ ਰਣਨੀਤੀ ਕਾਰਆਮਦ ਹੁੰਦੀ ਨਹੀਂ ਜਾਪ ਰਹੀ।

# ਦੇਸ਼ ਦੇ ਹਾਲਾਤ ਜੋ ਵੀ ਹੋਣ, ਵਿਸ਼ਵ-ਗੁਰੂ ਬਣਨ ਤੁਰੇ ਭਾਰਤ ਦੇ ਲੋਕਾਂ ਨੂੰ ਨਵਾਂ ਸਾਲ ਮੁਬਾਰਕ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇੱਕੀਵੀਂ ਸਦੀ ਦਾ ਤੇਈਵਾਂ ਸਾਲ ਸਾਡੀ ਬਾਂਹ ਫੜ ਕੇ ਤੁਰ ਪਿਆ ਹੈ। ਬਹੁਤ ਸਾਰੇ ਲੋਕ ਕਈ ਦਿਨ ਪਹਿਲਾਂ ਤੋਂ ਇਸ ਦੀ ਉਡੀਕ ਅਤੇ ਇਸ ਦੇ ਸਵਾਗਤ ਲਈ ਪੱਬਾਂ ਭਾਰ ਹੋਏ ਸਨ। ਉਨ੍ਹਾਂ ਵਰਗਿਆਂ ਦੀ ਇਹ ਤੀਬਰਤਾ ਪਹਿਲਾਂ ਕਈ ਵਾਰੀ ਵੇਖੀ ਹੋਈ ਹੈ ਅਤੇ ਜਦੋਂ ਤੱਕ ਜ਼ਿੰਦਾ ਰਹੇ, ਏਸੇ ਤਰ੍ਹਾਂ ਵੇਖਦੇ ਰਹਾਂਗੇ। ਸਾਨੂੰ ਇਸ ਤੀਬਰਤਾ ਬਾਰੇ ਇੱਕ ਪੁਰਾਣੀ ਘਟਨਾ ਯਾਦ ਆਉਂਦੀ ਹੈ। ਓਦੋਂ ਰਾਜੀਵ ਗਾਂਧੀ ਭਾਰਤ ਦਾ ਪ੍ਰਧਾਨ ਮੰਤਰੀ ਹੁੰਦਾ ਸੀ ਤੇ ਉਹ ਰਾਤ-ਦਿਨ ਇੱਕੋ ਰੱਟ ਲਾ ਰੱਖਦਾ ਸੀ ਕਿ ਇੱਕੀਵੀਂ ਸਦੀ ਆਉਣ ਵਾਲੀ ਹੈ। ਅਸੀਂ ਓਦੋਂ ਲਿਖਿਆ ਸੀ ਕਿ ਰਾਜੀਵ ਗਾਂਧੀ ਆਖੇ ਜਾਂ ਨਾ ਆਖੇ, ਕੋਈ ਫਰਕ ਨਹੀਂ ਪੈਣਾ, ਇੱਕੀਵੀਂ ਸਦੀ ਨੇ ਤਾਂ ਕੈਲੰਡਰ ਦੇ ਹਿਸਾਬ ਨਾਲ ਹੀ ਆਉਣਾ ਹੈ। ਜਦੋਂ ਇੱਕੀਵੀਂ ਸਦੀ ਆਈ, ਓਦੋਂ ਤੱਕ ਰਾਜੀਵ ਗਾਂਧੀ ਨੂੰ ਸੰਸਾਰ ਵਿਚੋਂ ਗਿਆਂ ਸਾਢੇ ਨੌਂ ਸਾਲ ਹੋ ਚੁੱਕੇ ਸਨ। ਇਹ ਦੱਸ ਸਕਣ ਦੇ ਸਮਰੱਥ ਕੋਈ ਵਿਅਕਤੀ ਸਾਨੂੰ ਨਹੀਂ ਲੱਭਦਾ ਕਿ ਭਲਕ ਨੂੰ ਜਾਂ ਹੋਰ ਕੁਝ ਘੰਟਿਆਂ ਜਾਂ ਪਲਾਂ ਨੂੰ ਕੀ ਵਾਪਰ ਸਕਦਾ ਹੈ, ਇਸ ਦੇ ਬਾਵਜੂਦ ਬਹੁਤ ਕਾਹਲੇ ਲੋਕ ਏਦਾਂ ਦੇ ਅੰਦਾਜ਼ੇ ਲਾਉਣ ਤੇ ਹੋਰ ਲੋਕਾਂ ਨੂੰ ਦੱਸਣ ਲੱਗੇ ਰਹਿੰਦੇ ਹਨ। ਫਿਰ ਵੀ ਆਸ ਨਾਲ ਜਹਾਨ ਕਾਇਮ ਦੇ ਪੁਰਾਣੇ ਮੁਹਾਵਰੇ ਵਾਂਗ ਜਦ ਤੱਕ ਜ਼ਿੰਦਾ ਰਹਿਣਾ ਹੈ, ਆਸ ਵੀ ਰਹਿਣੀ ਹੈ ਤੇ ਕਿਆਫੇ ਵੀ ਲੱਗਦੇ ਰਹਿਣਗੇ।

ਪਿਛਲਿਆਂ ਸਾਲਾਂ ਵਿਚ ਜੋ ਕੁਝ ਵਾਪਰਦਾ ਰਿਹਾ ਹੈ, ਬਾਅਦ ਵਿਚ ਭਾਵੇਂ ਬਹੁਤ ਸਾਰੇ ਸੱਜਣ ਇਹ ਕਹਿਣ ਵਾਲੇ ਮਿਲ ਜਾਂਦੇ ਰਹੇ ਸਨ ਕਿ ਸਾਨੂੰ ਪਤਾ ਸੀ ਕਿ ਇਹੋ ਹੋਵੇਗਾ, ਪਰ ਕੁਝ ਖਾਸ ਮੌਕੇ ਹੀ ਹੁੰਦੇ ਹਨ, ਜਦੋਂ ਏਦਾਂ ਦੀ ਸੰਭਾਵਨਾ ਹੁੰਦੀ ਹੈ ਕਿ ਅੰਦਾਜ਼ਾ ਸਹੀ ਨਿਕਲੇ, ਬਹੁਤੀ ਵਾਰੀ ਅੰਦਾਜ਼ੇ ਤੇ ਸੁਫਨੇ ਸਹੀ ਨਹੀਂ ਨਿਕਲਦੇ ਹੁੰਦੇ। ਰਾਜਸੀ ਆਗੂ ਆਪਣੇ ਪੈਰੋਕਾਰਾਂ ਨੂੰ ਸੁਫਨੇ ਵਿਖਾਉਂਦੇ ਹਨ ਅਤੇ ਪੈਰੋਕਾਰ ਅੱਗੇ ਪ੍ਰਚਾਰਦੇ ਹਨ ਅਤੇ ਕਈ ਵਾਰੀ ਇਹੋ ਜਿਹੇ ਸੁਫਨੇ ਪ੍ਰਚਾਰਦੇ ਹਨ, ਜਿਹੜੇ ਅਸਮਾਨ ਵਿਚੋਂ ਚੰਦ-ਤਾਰੇ ਤੋੜ ਲਿਆਉਣ ਵਰਗੇ ਹੁੰਦੇ ਹਨ। ਕਿਸੇ ਇੱਕ ਪਾਰਟੀ ਜਾਂ ਧਿਰ ਦੀ ਗੱਲ ਨਹੀਂ ਕਰਨੀ ਚਾਹੀਦੀ, ਏਥੇ ਸਾਰੀਆਂ ਰਾਜ ਕਰਦੀਆਂ, ਰਾਜ ਕਰ ਚੁੱਕੀਆਂ ਜਾਂ ਰਾਜ ਕਰਨ ਲਈ ਤਾਂਘਦੀਆਂ ਧਿਰਾਂ ਦਾ ਇੱਕੋ ਹਾਲ ਹੈ ਕਿ ਸੁਫਨੇ ਵਿਖਾਈ ਜਾਓ, ਅਮਲ ਵਿਚ ਕੁਝ ਕਰਨ ਦੀ ਚਿੰਤਾ ਹੀ ਨਾ ਕਰੋ। ਇਸ ਦੀ ਚਰਚਾ ਚੱਲਦੀ ਹੈ ਤਾਂ ਜੋ ਸੁਣਨ ਨੂੰ ਮਿਲਦਾ ਹੈ, ਉਹ ਅਸੀਂ ਪਿਛਲੇ ਦਿਨੀਂ ਇਕ ਮੀਡੀਆ ਚੈਨਲ ਦੀ ਬਹਿਸ ਵਿਚ ਵੇਖਿਆ ਹੈ। ਕੇਂਦਰ ਵਿਚ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਦੇ ਇਕ ਆਗੂ ਨੇ




ਪੰਜਾਬ ਵਿਚ ਰਾਜ ਕਰਦੀ ਆਮ ਆਦਮੀ ਪਾਰਟੀ ਦੇ ਆਗੂ ਨੂੰ ਵੰਗਾਰ ਕੇ ਕਿਹਾ ਕਿ ਤੁਹਾਡੀ ਪਾਰਟੀ ਨੇ ਹਰ ਘਰੇਲੂ ਔਰਤ ਨੂੰ ਇੱਕ-ਇੱਕ ਹਜ਼ਾਰ ਰੁਪਏ ਮਹੀਨਾ ਭੇਜਣ ਦੀ ਗੱਲ ਕਹੀ ਸੀ ਤੇ ਉਹ ਅੱਜ ਤੱਕ ਭੇਜੇ ਨਹੀਂ ਗਏ, ਇਸ ਦਾ ਤੁਹਾਡੇ ਕੋਲ ਕੋਈ ਜਵਾਬ ਨਹੀਂ ਹੈ। ਅਗਲੇ ਨੇ ਹੱਸ ਕੇ ਕਿਹਾ, ਕੌਣ ਕਹਿੰਦਾ ਹੈ ਕਿ ਜਵਾਬ ਕੋਈ ਨਹੀਂ, ਅੱਠ ਸਾਲ ਪਹਿਲਾਂ ਤੁਹਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਰ ਪਰਿਵਾਰ ਨੂੰ ਪੰਦਰਾਂ ਲੱਖ ਰੁਪਏ ਭੇਜਣ ਦਾ ਵਾਅਦਾ ਕੀਤਾ ਸੀ, ਅਸੀਂ ਉਨ੍ਹਾਂ ਦਾ ਰਸਤਾ ਨਹੀਂ ਕੱਟਣਾ ਚਾਹੁੰਦੇ, ਪਹਿਲਾਂ ਲੋਕਾਂ ਕੋਲ ਉਹ ਪੰਦਰਾਂ-ਪੰਦਰਾਂ ਲੱਖ ਚਲੇ ਜਾਣ ਦਿਓ, ਫਿਰ ਅਸੀਂ ਵੀ ਇੱਕ-ਇੱਕ ਹਜ਼ਾਰ ਭੇਜ ਦਿਆਂਗੇ। ਭਾਜਪਾ ਆਗੂ ਵਾਲਾ ਸਵਾਲ ਵੀ ਠੀਕ ਸੀ, ਆਮ ਆਦਮੀ ਪਾਰਟੀ ਦੇ ਆਗੂ ਦਾ ਜਵਾਬ ਵੀ ਉਸ ਤੋਂ ਊਣਾ ਨਹੀਂ ਸੀ, ਪਰ ਆਮ ਲੋਕ ਦੋਵਾਂ ਦੇ ਸਵਾਲ-ਜਵਾਬ ਨਹੀਂ ਸੁਣਨਾ ਚਾਹੁੰਦੇ, ਉਹ ਤਾਂ ਕੀਤੇ ਗਏ ਵਾਅਦਿਆਂ ਉੱਤੇ ਅਮਲ ਹੁੰਦਾ ਵੇਖਣਾ ਚਾਹੁੰਦੇ ਹਨ।

ਸਰਕਾਰ ਇੱਕ ਪਾਰਟੀ ਦੀ ਬਣ ਜਾਵੇ ਜਾਂ ਦੂਸਰੀ ਦੀ, ਵਾਅਦਿਆਂ ਦਾ ਪਰਾਗਾ ਸਾਰਿਆਂ ਨੇ ਚੋਖੀ ਖੁੱਲ੍ਹ-ਦਿਲੀ ਨਾਲ ਲੋਕਾਂ ਦੀ ਝੋਲੀ ਪਾਇਆ ਹੈ, ਅਮਲ ਵਿਚ ਦੱਸੇ ਗਏ ਕੰਮ ਕਦੀ ਵੀ ਬਹੁਤੇ ਨਹੀਂ ਹੋਏ। ਇੰਦਰਾ ਗਾਂਧੀ ਨੇ ਜਦੋਂ ਗਰੀਬੀ ਹਟਾਉ ਦਾ ਨਾਅਰਾ ਲਾਇਆ ਸੀ, ਲੋਕ ਉਸ ਨਾਅਰੇ ਪਿੱਛੇ ਵੀ ਕਤਾਰਾਂ ਬੰਨ੍ਹ ਖੜੋਤੇ ਸਨ, ਪਰ ਚੋਣਾਂ ਜਿੱਤ ਜਾਣ ਮਗਰੋਂ ਗਰੀਬੀ ਹਟਾਉਣ ਦੀ ਥਾਂ ਐਮਰਜੈਂਸੀ ਠੋਸ ਕੇ ਰਾਜਧਾਨੀ ਦਿੱਲੀ ਵਿਚ ਗਰੀਬਾਂ ਨੂੰ ਹਟਾਉਣ ਦਾ ਕੰਮ ਛੋਹ ਦਿੱਤਾ ਗਿਆ ਸੀ। ਉਹ ਦਿਨ ਅਤੇ ਆਹ ਦਿਨ, ਹਰ ਸਰਕਾਰ ਨੂੰ ਇਹੋ ਕੁਝ ਕਰਦੇ ਵੇਖਦੇ ਰਹੇ ਹਾਂ। ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਨਰਿੰਦਰ ਮੋਦੀ ਨੇ ਵੀਹ ਸੌ ਬਾਈ ਦਾ ਸਾਲ ਆਉਣ ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਐਲਾਨ ਕੀਤਾ ਸੀ, ਪਿਛਲੇ ਸਾਲ ਇਸ ਬਾਰੇ ਇੱਕ ਸੂਚਨਾ ਅਧਿਕਾਰ ਵਰਕਰ ਨੇ ਫੀਸ ਦੇ ਕੇ ਪੁੱਛ ਲਿਆ ਕਿ ਕਿੰਨਾ ਕੁ ਕੰਮ ਹੋ ਗਿਆ ਹੈ ਤਾਂ ਅੱਗੋਂ ਜਵਾਬ ਮਿਲਿਆ ਕਿ ਪ੍ਰਧਾਨ ਮੰਤਰੀ ਦਫਤਰ ਵਿਚ ਏਦਾਂ ਦੀ ਕੋਈ ਸਕੀਮ ਹੀ ਵਿਚਾਰ ਅਧੀਨ ਨਹੀਂ ਹੈ।

ਜਿਹੜਾ ਭਾਰਤ ਕਦੇ ਸੋਨੇ ਦੀ ਚਿੜੀ ਅਖਵਾਉਂਦਾ ਸੀ, ਉਹ ਅੱਜ ਵੀ ਸੋਨੇ ਦੀ ਚਿੜੀ ਬਣ ਸਕਦਾ ਹੈ, ਪਰ ਇਸ ਦੇ ਖੰਭ ਕੁਤਰਨ ਵਾਲੇ ਹਰ ਸਰਕਾਰ ਦੇ ਵਕਤ ਬਾਜ਼ ਵਾਲਾ ਝਪੱਟਾ ਮਾਰਦੇ ਹਨ ਅਤੇ ਹਰ ਰੰਗ ਦੀ ਸਰਕਾਰ ਉਸ ਵਕਤ ਕੁਝ ਕਰਨ ਦੀ ਥਾਂ ਬਾਅਦ ਵਿਚ ਕਾਰਵਾਈ ਕਰਨ ਦਾ ਭਰਮ ਪਾ ਕੇ ਲੋਕਾਂ ਦਾ ਦਿਲ ਪਰਚਾ ਦੇਂਦੀ ਹੈ। ਨਰਸਿਮਹਾ ਰਾਉ ਦੀ ਸਰਕਾਰ ਦੇ ਵਕਤ ਹਰਸ਼ਦ ਮਹਿਤਾ ਵਰਗਿਆਂ ਵੱਲੋਂ ਭਾਰਤ ਦੀ ਆਰਥਿਕਤਾ ਨੂੰ ਝੰਜੋੜ ਦੇਣ ਦੀ ਘਟਨਾ ਵੀ ਵਾਪਰੀ ਸੀ, ਸਰਕਾਰ ਨੇ ਬਹੁਤ ਕੁਝ ਕਰਨ ਦੇ ਦਾਅਵੇ ਕੀਤੇ ਸਨ, ਪਰ ਪਿੱਛੋਂ ਕੁਝ ਖਾਸ ਨਹੀਂ ਸੀ ਹੋਇਆ। ਰਿਜ਼ਰਵ ਬੈਂਕ ਦੇ ਹੁਕਮ ਉੱਤੇ ਭਾਰਤ ਦੇ ਕਰੰਸੀ ਨੋਟ ਛਾਪਣ ਵਾਲੀਆਂ ਮਸ਼ੀਨਾਂ ਕੰਡਮ ਹੋਣ ਪਿੱਛੋਂ ਬਾਜ਼ਾਰ ਵਿਚ ਵੇਚਣ ਦੀ ਪਾਬੰਦੀ ਹੋਣ ਦੇ ਬਾਵਜੂਦ ਅਬਦੁਲ ਕਰੀਮ ਤੇਲਗੀ ਦੀ ਟੋਲੀ ਨੇ ਉਹ ਮਸ਼ੀਨਾਂ ਖਰੀਦ ਕੇ ਨੋਟ ਅਤੇ ਅਸ਼ਟਾਮ (ਸਟੈਂਪ ਪੇਪਰ) ਛਾਪਣੇ ਆਰੰਭ ਕਰ ਦਿੱਤੇ। ਸਰਕਾਰੀ ਪ੍ਰੈੱਸ ਵਿਚ ਇਹ ਕੰਮ ਕਰਨ ਵਾਲੇ ਕਾਰਿੰਦੇ ਨੌਕਰੀ ਕਰਦਿਆਂ ਜਾਂ ਰਿਟਾਇਰ ਹੋਣ ਪਿੱਛੋਂ ਵੀ ਕਿਸੇ ਥਾਂ ਛਪਾਈ ਦੇ ਕੰਮ ਵਿਚ ਸ਼ਾਮਲ ਨਹੀਂ ਹੋ ਸਕਦੇ, ਇਸ ਕਾਨੂੰਨ ਦੀ ਉਲੰਘਣਾ ਕਰ ਕੇ ਉਹੀ ਕਾਰਿੰਦੇ ਉਨ੍ਹਾਂ ਹੀ ਮਸ਼ੀਨਾਂ ਉੱਤੇ ਅਬਦੁਲ ਕਰੀਮ ਤੇਲਗੀ ਲਈ ਨੋਟ ਛਾਪਦੇ ਰਹੇ, ਕਿਸੇ ਤੋਂ ਰੋਕਿਆ ਨਹੀਂ ਸੀ ਗਿਆ। ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੇਲੇ ਖਜ਼ਾਨਾ ਮੰਤਰੀ ਨੇ ਪਾਰਲੀਮੈਂਟ ਵਿਚ ਮੰਨਿਆ ਕਿ ਤੇਲਗੀ ਦੀ ਲਾਈ ਜਾਅਲੀ ਪ੍ਰੈੱਸ ਵਿਚ ਛਾਪੇ ਗਏ ਬੱਤੀ ਹਜ਼ਾਰ ਕਰੋੜ ਰੁਪਏ ਕੀਮਤ ਦੇ ਅਸ਼ਟਾਮ ਪੇਪਰ ਅੱਗੋਂ ਸਰਕਾਰੀ ਵਿਭਾਗਾਂ ਤੇ ਕਚਹਿਰੀ ਵਿਚ ਆਉਂਦੇ ਆਮ ਲੋਕਾਂ ਨੂੰ ਵੀ ਵੇਚੇ ਜਾ ਚੁੱਕੇ ਹਨ ਅਤੇ ਇਹ ਪੇਪਰ ਸਰਕਾਰੀ ਕੰਮਾਂ ਵਿਚ ਵੀ ਵਰਤੇ ਗਏ ਹਨ। ਅਗਲੀ ਗੱਲ ਉਨ੍ਹਾਂ ਇਹ ਕਹਿ ਦਿੱਤੀ ਕਿ ਪਤਾ ਹੋਣ ਦੇ ਬਾਵਜੂਦ ਅਸੀਂ ਕੁਝ ਨਹੀਂ ਕਰ ਸਕਦੇ, ਜਿੰਨੇ ਜਾਅਲੀ ਕਾਗਜ਼ਾਂ ਦੀ ਵਰਤੋਂ ਹੋ ਚੁੱਕੀ ਹੈ, ਉਹ ਸਾਰੇ ਵਿਭਾਗਾਂ ਨੂੰ ਜਾਇਜ਼ ਮੰਨਣ ਲਈ ਕਹਿ ਦਿੱਤਾ ਗਿਆ ਹੈ। ਬੜੀ ਕਮਾਲ ਦੀ ਗੱਲ ਸੀ ਕਿ ਕਾਂਗਰਸ ਦੇ ਰਾਜ ਵਿਚ ਘਪਲਾ ਸ਼ੁਰੂ ਹੋਇਆ ਅਤੇ ਭਾਜਪਾ ਰਾਜ ਵਿਚ ਉਸ ਉੱਤੇ ਟੋਕਰਾ ਮੂਧਾ ਮਾਰ ਕੇ ਗੱਲ ਮੁਕਾ ਦਿੱਤੀ ਗਈ।

ਨਰਿੰਦਰ ਮੋਦੀ ਸਾਹਿਬ ਦੇ ਆਉਣ ਤੋਂ ਪਹਿਲਾਂ ਦੁਨੀਆ ਭਰ ਵਿਚ ਅਕਲ ਅਤੇ ਈਮਾਨਦਾਰੀ ਲਈ ਪ੍ਰਸਿੱਧ ਆਗੂ ਡਾਕਟਰ ਮਨਮੋਹਨ ਸਿੰਘ ਦੀ ਕਮਾਂਡ ਹੇਠ ਭਾਰਤ ਦੀ ਓਦੋਂ ਤੱਕ ਦੀ ਸਭ ਤੋਂ ਵੱਧ ਭ੍ਰਿਸ਼ਟ ਸਰਕਾਰ ਹੁੰਦੀ ਸੀ। ਉਹ ਖੁਦ ਕੁਝ ਨਹੀਂ ਸੀ ਖਾਂਦਾ, ਪਰ ਬਾਕੀਆਂ ਨੂੰ ਖਾਣ ਤੋਂ ਨਹੀਂ ਸੀ ਰੋਕਦਾ। ਨਰਿੰਦਰ ਮੋਦੀ ਨੇ ਕਿਹਾ ਸੀ ਕਿ ਉਹ ਪ੍ਰਧਾਨ ਮੰਤਰੀ ਬਣ ਗਿਆ ਤਾਂ ਏਦਾਂ ਘਪਲੇ ਨਹੀਂ ਹੋਣ ਦੇਵੇਗਾ, ਪਰ ਉਸ ਦੇ ਰਾਜ ਵਿਚ ਘਪਲਿਆਂ ਦੀ ਲੜੀ ਟੁੱਟਣ ਦਾ ਨਾਂਅ ਨਹੀਂ ਲੈ ਰਹੀ। ਵਿਜੇ ਮਾਲਿਆ, ਨੀਰਵ ਮੋਦੀ, ਲਲਿਤ ਮੋਦੀ ਅਤੇ ਉਸ ਪਿੱਛੋਂ ਚੰਦਾ ਕੋਚਰ ਦਾ ਕਿੱਸਾ ਨਿਕਲ ਪਿਆ ਹੈ। ਸਹਾਰਾ ਗਰੁੱਪ ਵਾਲੇ ਸੁਬਰਤੋ ਰਾਏ ਦਾ ਕੀ ਬਣਿਆ, ਜਿਹੜਾ ਬੱਤੀ ਹਜ਼ਾਰ ਕਰੋੜ ਦੀ ਠੱਗੀ ਭਾਰਤ ਦੇ ਲੋਕਾਂ ਨਾਲ ਕਰ ਗਿਆ ਸੀ, ਪਰਲਜ਼ ਗਰੀਨ ਵਾਲੇ ਨਿਰਮਲ ਸਿੰਘ ਭੰਗੂ ਦਾ ਕੀ ਬਣਿਆ, ਜਿਸ ਨੇ ਆਮ ਲੋਕਾਂ ਦਾ ਚਾਲੀ ਹਜ਼ਾਰ ਕਰੋੜ ਤੋਂ ਵੱਧ ਡਕਾਰ ਲਿਆ ਸੀ, ਕੋਈ ਪੁੱਛਣ ਵਾਲਾ ਨਹੀਂ ਲੱਭਦਾ। ਏਨੇ ਘਪਲਿਆਂ ਵਾਲੇ ਦੇਸ਼ ਦਾ ਪ੍ਰਧਾਨ ਮੰਤਰੀ ਜਦੋਂ ਇਹ ਕਹਿੰਦਾ ਹੈ ਕਿ ਭਾਰਤ ਵਿਸ਼ਵ-ਗੁਰੂ ਬਣਨ ਵਾਲੇ ਰਾਹ ਉੱਤੇ ਚੱਲ ਰਿਹਾ ਹੈ ਤਾਂ ਉਸ ਦੇ ਦਾਅਵੇ ਸੁਣ ਕੇ ਆਮ ਬੰਦਾ ਹੱਸਣ ਅਤੇ ਰੋਣ ਵਿਚੋਂ ਇੱਕ ਦੀ ਚੋਣ ਕਰਨ ਵਿਚ ਔਖ ਸਮਝਦਾ ਹੈ। ਇਹ ਹਾਲਤ ਕੇਂਦਰ ਸਰਕਾਰ ਜਾਂ ਪ੍ਰਧਾਨ ਮੰਤਰੀ ਦੇ ਮਾਮਲੇ ਵਿਚ ਹੀ ਨਹੀਂ, ਭਾਰਤ ਵਿਚ ਕੋਈ ਰਾਜ ਕਿਸੇ ਵੀ ਪਾਰਟੀ ਦੀ ਸਰਕਾਰ ਚਲਾਉਂਦੀ ਪਈ ਹੋਵੇ, ਸਾਰੇ ਥਾਈਂ ਇਹੋ ਕਿੱਸੇ ਸੁਣਨ ਨੂੰ ਮਿਲਦੇ ਹਨ। ਏਨੇ ਘਪਲਿਆਂ ਵਿਚ ਫਸਿਆ ਹੋਇਆ ਭਾਰਤ ਆਪਣੀ ਆਜ਼ਾਦ ਹੋਂਦ ਦੀ ਪੰਝੱਤਰਵੀਂ ਵਰ੍ਹੇਗੰਢ ਮਨਾ ਰਿਹਾ ਹੈ, ਜਿਸ ਨੂੰ 'ਅੰਮ੍ਰਿਤ-ਮਹਾਉਤਸਵ' ਕਿਹਾ ਜਾਂਦਾ ਹੈ ਅਤੇ ਏਦਾਂ ਦੇ ਮੌਕੇ ਦੇਸ਼ ਦਾ ਧਿਆਨ ਕਿਸੇ ਹੋਰ ਪਾਸੇ ਨਹੀਂ ਜਾਣਾ ਚਾਹੀਦਾ, ਇਸ ਕਰ ਕੇ ਹਾਲਾਤ ਜੋ ਵੀ ਹੋਣ, ਨਵੇਂ ਸਾਲ ਦਾ ਸਵਾਗਤ ਕਰਨਾ ਹੀ ਠੀਕ ਰਹੇਗਾ।

# ਬੀਤੇ ਵਰ੍ਹੇ ਉੱਤੇ ਨਿੱਜੀ ਪਿੱਛਲ ਝਾਤ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੈਂ ਦੋ ਹਫਤੇ ਪਹਿਲਾਂ ਕੈਲੀਫੋਰਨੀਆ ਦੇ ਭਿਆਨਕ ਸੜਕ ਹਾਦਸੇ ਵਿਚ ਜਾਨ ਗਵਾਉਣ ਵਾਲੇ ਹਰਪ੍ਰੀਤ ਸਿੰਘ ਮੰਨੂ ਉਰਫ ਹੈਰੀ ਬਾਰੇ ਲਿਖ ਚੁੱਕਿਆ ਹਾਂ। ਉਹ ਸਾਡੇ ਭਤੀਜੇ ਪ੍ਰੀਤਇੰਦਰ ਸਿੰਘ ਮੰਨੂ ਦਾ ਪੁੱਤਰ ਸੀ ਤੇ ਸ਼ਹੀਦ ਭਗਤ ਸਿੰਘ ਸਮੇਂ ਦੇ ਸੀ ਆਈ ਡੀ ਇੰਸਪੈਕਟਰ ਗੋਪਾਲ ਸਿੰਘ ਮੰਨੂ ਦਾ ਪੜਪੋਤਾ। ਚੰਗੀਆਂ ਖਬਰਾਂ ਵਿਚ ਬ੍ਰਿਟਿਸ਼ ਕੋਲੰਬੀਆ ਦੀ ਸਿਖਿਆ ਮੰਤਰੀ ਬਣਨ ਵਾਲੀ ਰਚਨਾ ਸਿੰਘ ਬਾਰੇ ਵੀ। ਉਹ ਵੀ ਸਾਡੀ ਬੇਟੀ ਸਮਾਨ ਹੈ। ਆਪਣੀ ਮਨਪਸੰਦ ਗਾਇਕਾ ਲਤਾ ਮੰਗੇਸ਼ਕਰ ਤੇ ਹੋਣਹਾਰ ਗਾਇਕ ਸਿੱਧੂ ਮੂਸੇਵਾਲਾ ਦਾ ਤੁਰ ਜਾਣਾ ਵੀ ਘੱਟ ਦੁਖਦਾਈ ਨਹੀਂ। ਪਿਛਲੀ ਸਦੀ ਦੇ ਸੱਠਵਿਆਂ ਵਿਚ ਮੇਰਾ ਕੁਲੀਗ ਰਿਹਾ ਗੋਪੀਚੰਦ ਨਾਰੰਗ ਤੇ ਉਘਾ ਇਤਿਹਾਸਕਾਰ ਜੇ ਐਸ ਗਰੇਵਾਲ ਵੀ ਏਸੇ ਲੜੀ ਵਿਚ ਆਉਂਦੇ ਹਨ। ਗਰੇਵਾਲ ਦੀ ਮਹਾਰਾਜਾ ਰਣਜੀਤ ਸਿੰਘ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕਰਨ ਵਾਲੀ ਰਚਨਾਕਾਰੀ ਨੇ ਉਸ ਨੂੰ ਡਾ. ਗੰਡਾ ਸਿੰਘ ਦਾ ਸਾਨੀ ਬਣਾਇਆ ਤੇ ਗੋਪੀਚੰਦ ਦਾ ਰਾਸ਼ਟਰੀ ਸਾਹਿਤ ਅਕਾਡਮੀ ਨਵੀਂ ਦਿੱਲੀ ਦਾ ਪ੍ਰਧਾਨ ਬਣਨਾ ਵੀ ਸਾਡੇ ਲਈ ਮਾਣ ਵਾਲੀ ਗੱਲ ਸੀ।

ਮੈਨੂੰ ਘੱਟ ਗਿਣਤੀ ਕਮਿਸ਼ਨ ਵਾਲੇ ਤਰਲੋਚਨ ਸਿੰਘ ਤੇ ਆਪਣੀ ਅਜ਼ੀਜ ਜਸਬੀਰ ਕੌਰ ਪਟਿਆਲਾ ਦਾ ਚੀਫ ਖਾਲਸਾ ਦੀਵਾਨ ਵਲੋਂ ਸਨਮਾਨੇ ਜਾਣਾ ਵੀ ਓਨਾ ਹੀ ਚੰਗਾ ਲੱਗਿਆ ਜਿੰਨਾ ਆਪਣੇ ਅਜ਼ੀਜ ਬਲਬੀਰ ਮਾਧੋਪੁਰੀ ਨੂੰ ਅੰਤਰਰਾਸ਼ਟਰੀ ਢਾਹਾਂ ਪੁਰਸਕਾਰ ਮਿਲਣਾ ਤੇ ਸੁਖਜੀਤ ਕਹਾਣੀਕਾਰ ਦਾ ਸਾਹਿਤ ਅਕਾਡਮੀ ਪੁਰਸਕਾਰ ਜੇਤੂਆਂ ਦੀ ਲਾਈਨ ਵਿਚ ਸ਼ਾਮਲ ਹੋਣਾ ਲੱਗਿਆ।

ਮੇਰੀ ਕੇਂਦਰ ਸਰਕਾਰ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਰਾਸ਼ਟਰੀ ਤੇ ਅੰਤਰਰਾਸ਼ਟਰੀ ਭਾਵਨਾ ਦਾ ਰੰਗ ਦੇਣਾ ਪ੍ਰਵਾਨ ਕਰਨ ਨੂੰ ਜੀਅ ਕਰਦਾ ਹੈ ਪਰ ਮੈਨੂੰ ਇਹਦੇ ਵਿਚੋਂ ਵੀ ਜਲ੍ਹਿਆਂਵਾਲਾ ਬਾਗ ਦੇ ਸਾਕੇ ਨੂੰ ਨਵਿਆ ਕੇ ਪੰਜਾਬੀਆਂ ਦੇ ਯੋਗਦਾਨ ਨੂੰ ਲਾਂਭੇ ਕਰਨ ਦੀ ਭਿਣਕ ਪੈਂਦੀ ਹੈ। ਹਰ ਸਾਲ 26 ਦਸੰਬਰ ਨੂੰ 'ਵੀਰ ਬਾਲ ਦਿਵਸ' ਦਾ ਨਾਂ ਦੇ ਕੇ ਸ਼ਹੀਦੀ ਨੂੰ ਵੀਰਤਾ ਤੇ ਬਹਾਦਰੀ ਦੀ ਪੱਧਰ ਉੱਤੇ ਲਿਆਉਣਾ ਕੇਂਦਰੀ ਸਰਕਾਰ ਦਾ ਏਜੰਡਾ ਤਾਂ ਹੈ ਪਰ ਸ਼ਹੀਦੀ ਭਾਵਨਾ ਨੂੰ ਠੇਸ ਲਾਉਂਦਾ ਹੈ। ਮਾੜੀ ਗੱਲ ਇਹ ਕਿ ਮੋਦੀ ਸਰਕਾਰ ਦੇ ਮੰਤਰੀ ਮੰਡਲ ਵਿਚ ਕੋਈ ਅਜਿਹਾ ਚਿਹਰਾ ਨਹੀਂ ਜਿਹੜਾ ਸਰਕਾਰੀ ਚਾਲਾਂ ਤੋਂ ਵਰਜਣ ਦਾ ਦਮ ਰੱਖਦਾ ਹੋਵੇ ਜੇ ਹੈ ਤਾਂ ਉਸਦੀ ਝੋਲੀ ਵਿਚ ਵੀ ਕਾਰਪੋਰੇਟਾਂ ਦੀਆਂ ਮੁਹਰਾਂ ਪਾ ਦਿੱਤੀਆਂ ਜਾਪਦੀਆਂ ਹਨ।

ਮੈਨੂੰ ਮੇਰੀ ਕਹਾਣੀਕਾਰੀ ਨੇ ਮੱਦਾਹ ਦਿੱਤੇ ਤੇ ਕਾਲਮ ਨਵੀਸੀ ਨੇ ਮਿੱਤਰ। ਖੁਸ਼ਵੰਤ ਸਿੰਘ ਤੇ ਕੁਲਦੀਪ ਨਈਅਰ ਵਰਗੇ ਸਮਰਥੀਆਂ ਨੇ ਮੈਨੂੰ ਮੇਰੀ ਕਾਲਮ ਨਵੀਸੀ ਤੋਂ ਪਹਿਚਾਣਿਆ। ਇਹ ਹਾਲੀ ਵੀ ਮੈਨੂੰ ਚੀਫ ਖਾਲਸਾ ਦੀਵਾਨ ਵਾਲੇ ਸਰਬਜੀਤ ਸਿੰਘ ਛੀਨਾ ਤੇ ਪੰਜਾਬੀ ਯੂਨੀਵਰਸਟੀ ਦੇ ਸਾਬਕਾ ਵਾਈਸ ਚਾਂਸਲਰ ਜਸਪਾਲ ਸਿੰਘ ਨਾਲ ਜੋੜੀ ਰਖਦੀ ਹੈ। ਬੀਤੇ ਦਿਨੀਂ ਹੀ ਮੈਂ ਜਸਪਾਲ ਸਿੰਘ ਦਾ ਮਾਤਾ ਗੁਜਰੀ ਤੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਲੇਖ ਅਜੀਤ ਵਿਚ ਪੜ੍ਹਿਆ ਹੈ ਜਿਸ ਵਿਚ ਹੋਰਨਾਂ ਗੱਲਾਂ ਤੋਂ ਬਿਨਾ ਮੈਨੂੰ ਉਸਦਾ ਮਾਤਾ ਗੁਜਰੀ ਨੂੰ ਗੁਜਰ ਕੌਰ ਕਹਿਣ ਤੋਂ ਸੰਕੋਚ ਕਰਨਾ ਚੰਗਾ ਲੱਗਿਆ। ਏਸ ਲਈ ਵੀ ਕਿ ਮੇਰੇ ਲਈ ਆਪਣੇ ਜੀਵਨ ਕਾਲ ਵਿਚ ਇਹ ਨਵਾਂ ਵਰਤਾਰਾ ਹੈ ਜਿਸਦਾ ਕੋਈ ਹਵਾਲਾ ਗੁਰੂ ਗੋਬਿੰਦ ਸਿੰਘ ਜੀ ਦੇ ਸਮਿਆਂ ਵਿਚ ਵੀ ਨਹੀਂ ਮਿਲਦਾ।

ਹੁਣ ਮੇਰੇ ਜੀਵਨ ਕਾਲ ਦੀ ਗੱਲ ਤੁਰੀ ਹੈ ਤਾਂ ਮੈਨੂੰ ਇਹ ਦੱਸਣ ਵਿਚ ਕੋਈ ਸੰਕੋਚ ਨਹੀਂ ਕਿ ਮੈਂ ਹੁਣ ਨੱਬਿਆਂ ਨੂੰ ਢੁੱਕਣ ਵਾਲਾ ਹਾਂ। ਪੰਜਾਬੀ ਦੇ ਨਵੇਂ ਲੇਖਕ ਆਪਣੀਆਂ ਰਚਨਾਵਾਂ ਡਾਕ ਰਾਹੀਂ ਮੈਨੂੰ ਭੇਜ ਕੇ ਮੇਰੇ ਕੋਲੋਂ ਲਿਖਤੀ ਜਾਂ ਅਲਿਖਤੀ ਹੁੰਗਾਰੇ ਦੀ ਆਸ ਰਖਦੇ ਹਨ। ਮੇਰੀ ਬੇਨਤੀ ਹੈ ਕਿ ਉਨ੍ਹਾਂ ਨੂੰ ਅਜਿਹੇ ਹੁੰਗਾਰੇ ਲਈ ਆਪਣੇ ਸਮਕਾਲੀ ਲੱਭਣੇ ਚਾਹੀਦੇ ਹਨ। ਮੇਰੇ ਵਰਗੇ ਬੁੱਢੇ ਨਹੀਂ ਜਿਨ੍ਹਾਂ ਕੋਲ ਲੋੜ ਤੋਂ ਵਾਧ ਪੁਸਤਕਾਂ ਪੜ੍ਹਨ ਦੀ ਨਾ ਹਿੰਮਤ ਹੈ ਤੇ ਨਾ ਸਮਾਂ। ਨਵੇਂ ਲੇਖਕਾਂ ਬਾਰੇ ਹਲਕੇ ਸ਼ਬਦ ਲਿਖਣ ਲੱਗਿਆਂ ਮੈਨੂੰ ਕੋਫਤ ਹੁੰਦੀ ਹੈ। ਇਹ ਸ਼ਬਦ ਲਿਖਦਿਆਂ ਵੀ ਮੇਰੇ ਕੋਲ ਅੱਧੀ ਦਰਜਨ ਅਜਿਹੀਆਂ ਪੁਸਤਕਾਂ ਪਈਆਂ ਹਨ ਜੋ ਮੇਰੀ ਪਕੜ ਵਿਚ ਨਹੀਂ ਆ ਰਹੀਆਂ।

ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੇ ਪਾਠਕਾਂ ਦਾ ਸ਼ੁਕਰਾਨਾ ਕਰਦਾ ਹਾਂ ਤੇ ਪੁਸਤਕਾਂ ਭੇਜਣ ਵਾਲਿਆਂ ਨੂੰ ਬਖਸ਼ੇ ਜਾਣ ਦੀ ਦੁਆ। ਨਵਾਂ ਸਾਲ ਸਭ ਨੂੰ ਮੁਬਾਰਕ!

### ਏਕਲਗੱਡੇ ਵਾਲੇ ਹਰਸ਼ਰਨ ਸਿੰਘ ਦਾ ਤੁਰ ਜਾਣਾ

ਪਿਛਲੀ ਸਦੀ ਦੇ 50ਵਿਆਂ ਦੇ ਖੱਬੇ-ਪਖੀ ਵਿਦਿਆਰਥੀ ਆਗੂ ਡਾਕਟਰ ਹਰਸ਼ਰਨ ਸਿੰਘ ਦਾ ਤੁਰ ਜਾਣਾ ਸਾਡੇ ਪਰਿਵਾਰ ਲਈ ਵਿਗੋਛਾ ਤਾਂ ਹੈ ਪਰ ਤਸੱਲੀ ਵਾਲਾ ਕਿ ਉਸਨੇ ਲੰਮੀ ਤੇ ਚੰਗੀਆਂ ਕੀਮਤਾਂ ਵਾਲੀ ਜ਼ਿੰਦਗੀ ਭੋਗ ਕੇ ਅਲਵਿਦਾ ਆਖੀ ਹੈ। ਉਹ ਮੇਰੀ ਪਤਨੀ (ਸੁਰਜੀਤ ਮੰਨੂ) ਤੋਂ ਤਿੰਨ ਸਾਲ ਵੱਡਾ ਸੀ ਤੇ 96 ਸਾਲ ਜੀਵਿਆ। ਉਸਦਾ ਜਨਮ ਸਥਾਨ ਲਾਇਲਪੁਰ ਸੀ ਤੇ ਸੁਰਜੀਤ ਦਾ ਲਾਹੌਰ। ਹੱਡੀਆਂ ਦਾ ਡਾਕਟਰ ਪ੍ਰਿਥੀਪਾਲ ਸਿੰਘ ਮੈਣੀ, ਈ ਐਨ ਟੀ ਮਾਹਰ ਡਾ. ਵਰਿਆਮ ਸਿੰਘ ਤੇ ਮੈਣੀ ਦੀ ਜੀਵਨ-ਸਾਥਣ ਬਣਨ ਵਾਲੀ ਬਲਵੰਤ ਕੌਰ, ਡਾ. ਬਲਵੰਤ ਸਿੰਘ ਚੀਮਾ, ਡਾ. ਬਲਵੰਤ ਸਿੰਘ ਤੁੰਗ ਤੇ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਦੇ ਸਾਬਕਾ ਡਾਇਰੈਕਟਰ ਡਾ. ਗੁਲੇਰੀਆ ਮੇਰੀ ਪਤਨੀ ਸਮੇਤ ਇੱਕੋ ਸਮੇਂ ਗੌਰਮਿੰਟ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀ ਸਨ। ਇਨ੍ਹਾਂ ਵਿਚੋਂ ਬਲਵੰਤ ਕੌਰ ਤੇ ਦੋਵੇਂ ਬਲਵੰਤ ਸਿੰਘ ਪਰਲੋਕ ਸਿਧਾਰ ਚੁੱਕੇ ਹਨ।

ਮੈਂ ਹਰਸ਼ਰਨ ਸਿੰਘ ਨੂੰ ਪਹਿਲੀ ਵਾਰ ਦਰਸ਼ਨ ਸਿੰਘ ਕੈਨੇਡੀਅਨ ਦੇ ਸ਼ਰਧਾਂਜਲੀ ਸਮਾਰੋਹ ਸਮੇਂ ਮਾਹਿਲਪੁਰ ਦੇ ਨੇੜਲੇ ਪਿੰਡ ਲੰਗੇਰੀ ਵਿਚ ਵੇਖਿਆ ਤੇ ਸੁਣਿਆ। ਉਸਦੀ ਭਾਵਨਾ ਤੇ ਸ਼ਬਦ ਕਾਮਰੇਡ ਜਗਜੀਤ ਸਿੰਘ ਆਨੰਦ ਜਿੰਨੇ ਮੋਹ ਭਰੇ ਸਨ। ਉਦੋਂ ਤੱਕ ਜਗਜੀਤ ਸਿੰਘ ਆਨੰਦ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਧੀ ਉਰਮਿਲਾ ਨੂੰ ਅਪਣਾ ਚੁੱਕਿਆ ਸੀ ਤੇ ਹਰਸ਼ਰਨ ਸਿੰਘ ਬ੍ਰਾਹਮਣ ਪਰਿਵਾਰ ਦੀ ਰਮੇਸ਼ ਰਾਣੀ ਨੂੰ। ਹਰਸ਼ਰਨ ਜੋੜੀ ਦੇ ਘਰ ਦੋ ਧੀਆਂ ਅਰਾਧਨਾ ਤੇ ਰੋਹਿਣੀ ਤੇ ਇੱਕ ਪੁੱਤਰ ਅਰਵਿੰਦ ਨੇ ਜਨਮ ਲਿਆ ਤੇ ਇਨ੍ਹਾਂ ਤਿੰਨਾਂ ਨੂੰ ਉਨ੍ਹਾਂ ਦੇ ਮਾਪਿਆਂ ਉੱਚੀ ਵਿਦਿਆ ਦਿਵਾਈ। ਦੋਵੇਂ ਧੀਆਂ ਮੈਡੀਕਲ ਡਾਕਟਰ ਹਨ ਤੇ ਬੇਟਾ ਅਰਵਿੰਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਵਾਈਸ ਚਾਂਸਲਰ। ਬਜ਼ੁਰਗੀ ਕਾਰਨ ਹਰਸ਼ਰਨ ਸਿੰਘ ਆਪਣੇ ਬੇਟੇ ਪ੍ਰੋਫੈਸਰ ਅਰਵਿੰਦ ਕੋਲ ਪਟਿਆਲੇ ਹੀ ਸੀ ਤੇ ਉਥੇ ਹੀ ਪ੍ਰਾਣ ਤਿਆਗੇ।


ਖੱਬੇ ਪੱਖੀ ਵਿਚਾਰਾਂ ਤੇ ਅੰਤਰ ਜਾਤਿ ਸਬੰਧਾਂ ਨੂੰ ਪ੍ਰਣਾਏ ਅਤੇ ਡਾ. ਹਰਸ਼ਰਨ ਸਿੰਘ ਏਕਲਗੱਡਾ ਵਜੋਂ ਜਾਣੇ ਜਾਂਦੇ ਇਸ ਸਨੇਹੀ ਦਾ ਸ਼ਰਧਾਂਜਲੀ ਸਮਾਰੋਹ ਤੇ ਅੰਤਮ ਅਰਦਾਸ ਉਸ ਦੇ ਪਿੰਡ ਏਕਲਗੱਡਾ ਵਿਖੇ 4 ਜਨਵਰੀ ਨੂੰ ਬਾਅਦ ਦੁਪਹਿਰ ਹੋਈ। ਸਾਡੀ ਵਲੋਂ ਆਪਣੀ ਸੀਨੀਅਰ ਹਮਸਫਰ ਨੂੰ ਅਲਵਿਦਾ!

**ਅੰਤਿਕਾ**

—ਫੈਜ ਅਹਿਮਦ ਫੈਜ਼—

ਮੈਦਾਨ ਏ ਵਫਾ ਦਰਬਾਰ ਨਹੀਂ, ਯਹਾਂ ਨਾਮ ਓ ਨਸਬ ਕੀ ਪੂਛ ਕਹਾਂ
ਆਸ਼ਕ ਤੋਂ ਕਿਸੀ ਕਾ ਨਾਮ ਨਹੀਂ, ਕੁੱਛ ਇਸ਼ਕ ਕਿਸੀ ਕੀ ਜ਼ਾਤ ਨਹੀਂ
ਜਿਸ ਧੱਜ ਸੇ ਕੋਈ ਮਕਤਲ ਮੇਂ ਗਿਆ ਵੁਹ ਸ਼ਾਨ ਸਲਾਮਤ ਰਹਿਣੀ ਹੈ
**ਯੇਹ ਜਾਨ ਤੋ ਆਨੀ ਜਾਨੀ ਹੈ, ਇਸ ਜਾਨ ਕੀ ਤੋ ਕੋਈ ਬਾਤ ਨਹੀਂ।**


# ਫਿਲਮ 'ਪਠਾਨ' ਹੁਣ ਸੈਂਸਰ ਦੇ ਘੇਰੇ ਵਿਚ













ਖੱਬਿਓਂ: ਸੈਂਸਰ ਦੇ ਘੇਰੇ ਵਿਚ ਆਈਆਂ ਫਿਲਮਾਂ 'ਪਠਾਨ', 'ਪਦਮਾਵਤ', 'ਉਡਤਾ ਪੰਜਾਬ', 'ਲਿਪਸਟਿਕ ਅੰਡਰ ਮਾਈ ਬੁਰਕਾ' ਅਤੇ 'ਮੁਹੱਲਾ ਅੱਸੀ' ਦੇ ਪੋਸਟਰ।

ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ (ਸੀ.ਬੀ.ਐਫ.ਸੀ.) ਨੇ ਫਿਲਮ 'ਪਠਾਨ' ਅਤੇ ਇਸ ਦੇ ਗਾਣਿਆਂ ਵਿਚ ਕੁਝ ਤਬਦੀਲੀਆਂ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ ਤਾਂ ਕਿ ਫਿਲਮ ਸੀ.ਬੀ.ਐਫ.ਸੀ. ਦੇ ਮਾਪਦੰਡਾਂ 'ਤੇ ਖਰੀ ਉਤਰ ਸਕੇ। ਇਸ ਫਿਲਮ ਵਿਚ ਸ਼ਾਹਰੁਖ ਖਾਨ ਬਤੌਰ ਨਾਇਕ ਅਤੇ

ਆਮਨਾ ਕੌਰ

ਦੀਪਿਕਾ ਪਾਦੂਕੋਨ ਬਤੌਰ ਨਾਇਕਾ ਭੂਮਿਕਾ ਨਿਭਾਅ ਰਹੇ ਹਨ। ਸੀ.ਬੀ.ਐਫ.ਸੀ. ਦੇ ਚੇਅਰਪਰਸਨ ਪ੍ਰਸੂਨ ਜੋਸ਼ੀ ਨੇ ਦੱਸਿਆ ਕਿ ਯਸ਼ ਰਾਜ ਫਿਲਮਜ਼ ਨੂੰ ਹਦਾਇਤ ਕੀਤੀ ਗਈ ਹੈ ਕਿ ਫਿਲਮ 'ਪਠਾਨ' ਵਿਚ ਨਿਰਧਾਰਿਤ ਸੋਧਾਂ ਕੀਤੀਆਂ ਜਾਣ ਜਿਸ ਮਗਰੋਂ ਇਸ ਨੂੰ ਬੋਰਡ ਅੱਗੇ ਮੁੜ ਪੇਸ਼ ਕੀਤਾ ਜਾਵੇ। ਫਿਲਮ 'ਪਠਾਨ' ਜਨਵਰੀ ਮਹੀਨੇ ਰਿਲੀਜ਼ ਹੋਣੀ ਹੈ। ਇਸ ਫਿਲਮ ਦਾ ਗਾਣਾ 'ਬੇਸ਼ਰਮ ਰੰਗ' ਵੀ ਵਿਵਾਦਾਂ ਵਿਚ ਘਿਰਿਆ ਹੋਇਆ ਹੈ। ਇਸ 'ਤੇ ਪਾਬੰਦੀ ਤੱਕ ਦੀ ਮੰਗ ਕੀਤੀ ਗਈ ਸੀ। ਦੋਸ਼ ਲਾਇਆ ਗਿਆ ਹੈ ਕਿ ਗੀਤ ਵਿਚ ਦੀਪਿਕਾ ਪਾਦੂਕੋਣ ਨੂੰ ਭਗਵਾ ਬਿਕਨੀ ਵਿਚ ਕਿਉਂ ਦਿਖਾਇਆ ਗਿਆ ਹੈ। ਦਾਅਵਾ ਕੀਤਾ ਗਿਆ ਹੈ ਕਿ ਇਸ ਨਾਲ ਹਿੰਦੂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।

ਯਾਦ ਰਹੇ ਕਿ ਪਿਛਲੇ ਸਮੇਂ ਦੌਰਾਨ ਕਈ ਹੋਰ ਫਿਲਮਾਂ ਵੀ ਵੱਖ-ਵੱਖ ਕਾਰਨਾਂ ਕਰ ਕੇ ਵਿਵਾਦਾਂ ਵਿਚ ਰਹੀਆਂ ਹਨ। ਇਨ੍ਹਾਂ ਵਿਚ 'ਪਦਮਾਵਤ', 'ਉਡਤਾ ਪੰਜਾਬ', 'ਲਿਪਸਟਿਕ ਅੰਡਰ ਮਾਈ ਬੁਰਕਾ', 'ਮੁਹੱਲਾ ਅੱਸੀ' ਆਦਿ ਫਿਲਮਾਂ ਸ਼ਾਮਿਲ ਹਨ। ਇਨ੍ਹਾਂ ਫਿਲਮਾਂ ਨੂੰ ਵੀ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਨੇ ਕੱਟ ਲਗਾਉਣ ਲਈ ਕਿਹਾ ਸੀ ਪਰ ਇਨ੍ਹਾਂ ਫਿਲਮਾਂ ਦੇ ਨਿਰਮਾਤਾ ਅਦਾਲਤ ਵਿਚ ਚਲੇ ਗਏ ਹਨ ਅਤੇ ਬੋਰਡ ਨੂੰ ਅਦਾਲਤ ਦਾ ਫੈਸਲਾ ਮੰਨਣਾ ਪਿਆ ਅਤੇ ਇਹ ਫਿਲਮਾਂ ਰਿਲੀਜ਼ ਕਰਨ ਨੂੰ ਹਰੀ ਝੰਡੀ ਦੇਣੀ ਪਈ।

ਉਂਜ ਫਿਲਮ 'ਪਠਾਨ' ਦਾ ਮਾਮਲਾ ਵੱਖਰਾ ਹੈ। ਹਿੰਦੂਤਵਵਾਦੀਆਂ ਦਾ ਅਸਲ ਨਿਸ਼ਾਨਾ ਇਸ ਫਿਲਮ ਦਾ ਨਾਇਕ ਸ਼ਾਹਰੁਖ ਖਾਨ ਅਤੇ ਨਾਇਕਾ ਦੀਪਿਕਾ ਪਾਦੂਕੋਣ ਹਨ। ਯਾਦ ਰਹੇ ਕਿ ਕਿ ਸ਼ਾਹਰੁਖ ਖਾਨ ਨੂੰ ਸਿਰਫ ਮੁਸਲਮਾਨ ਹੋਣ ਕਾਰਨ ਬਦਨਾਮ ਕਰਨ ਲਈ ਕੁਝ ਸਮਾਂ ਪਹਿਲਾਂ ਉਸ ਦੇ ਪੁੱਤਰ ਉਤੇ ਨਸ਼ਿਆਂ ਦੇ ਦੋਸ਼ ਲਾਏ ਗਏ ਅਤੇ ਉਸ ਨੂੰ ਜੇਲ੍ਹ ਅੰਦਰ ਵੀ ਡੱਕੀ ਰੱਖਿਆ ਗਿਆ। ਬਾਅਦ ਵਿਚ ਸਬੰਧਿਤ ਕੇਸ ਵਿਚੋਂ ਸ਼ਾਹਰੁਖ ਖਾਨ ਦਾ ਮੁੰਡਾ ਸਾਫ ਬਰੀ ਕਰ ਦਿੱਤਾ ਗਿਆ। ਜਦੋਂ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਤਾਂ ਬੜੀਆਂ ਗੱਲਾਂ ਬਣਾਈਆਂ ਸਨ ਅਤੇ ਖੂਬ ਅਫਵਾਹਾਂ ਵੀ ਫੈਲਾਈਆਂ ਗਈਆਂ ਸਨ। ਦੀਪਿਕਾ ਦਾ ਮਾਮਲਾ ਹੈ। ਜਦੋਂ ਦਿੱਲੀ ਵਿਚ ਜੇ.ਐਨ.ਯੂ. ਦੇ ਵਿਦਿਆਰਥੀਆਂ ਦਾ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਮੋਦੀ ਸਰਕਾਰ ਨਾਲ ਟਕਰਾਅ ਚੱਲ ਰਿਹਾ ਸੀ ਤਾਂ ਦੀਪਿਕਾ ਨੇ ਵਿਦਿਆਰਥੀਆਂ ਦੇ ਸੰਘਰਸ਼ ਦੀ ਹਮਾਇਤ ਕੀਤੀ ਸੀ। ਬੱਸ ਹਿੰਦੂਤਵਵਾਦੀ ਇਸੇ ਗੱਲ ਤੋਂ ਖਫਾ ਹਨ।

## ਭਾਰਤ ਵਿਚ ਅਮਰੀਕੀ ਸੈਂਸਰਸ਼ਿਪ ਸਿਸਟਮ ਲਾਗੂ ਹੋਵੇ: ਸ਼ਬਾਨਾ ਆਜ਼ਮੀ



*ਸੀਨੀਅਰ ਅਦਾਕਾਰਾ ਸ਼ਬਾਨਾ ਆਜ਼ਮੀ ਦਾ ਕਹਿਣਾ ਹੈ ਕਿ ਅਮਰੀਕਾ ਵਾਂਗ ਭਾਰਤ ਵਿਚ ਵੀ ਫਿਲਮ ਸਰਟੀਫਿਕੇਸ਼ਨ ਸਿਸਟਮ ਸ਼ੁਰੂ ਕਰਨਾ ਚਾਹੀਦਾ ਹੈ ਜਿਸ ਵਿਚ ਸੈਂਸਰ ਬੋਰਡ ਦੀ ਥਾਂ ਖ਼ੁਦ ਫਿਲਮ ਨਿਰਮਾਤਾ ਇਹ ਫ਼ੈਸਲਾ ਕਰਦੇ ਹਨ ਕਿ ਫਿਲਮ ਵਿਚੋਂ ਕਿਹੜੇ ਸੀਨ ਕੱਢੇ ਜਾਣੇ ਚਾਹੀਦੇ ਹਨ ਤੇ ਕਿਹੜੇ ਨਹੀਂ। ਇੱਕ ਸਮਾਗਮ ਵਿਚ ਸ਼ਿਰਕਤ ਕਰਦਿਆਂ ਫਿਲਮ 'ਪਠਾਨ' ਨੂੰ ਲੈ ਕੇ ਖੜ੍ਹੇ ਹੋਏ ਵਿਵਾਦ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਸ਼ਬਾਨਾ ਆਜ਼ਮੀ ਨੇ ਕਿਹਾ, "ਭਾਰਤ ਵਿਚ ਬਰਤਾਨੀਆ ਦਾ ਸੈਂਸਰਸ਼ਿਪ ਸਿਸਟਮ ਵਰਤਿਆ ਜਾਂਦਾ ਹੈ ਜਿਸ ਵਿਚ ਵੱਖ-ਵੱਖ ਵਰਗਾਂ ਅਤੇ ਖੇਤਰਾਂ ਦੇ 30 ਨੁਮਾਇੰਦਿਆਂ ਨੂੰ ਸਰਕਾਰ ਵੱਲੋਂ ਇੱਕ ਥਾਂ ਇਕੱਠਾ ਕੀਤਾ ਜਾਂਦਾ ਹੈ। ਇਹ 30 ਸ਼ਖ਼ਸੀਅਤਾਂ ਆਉਣ ਵਾਲੇ ਪੰਜ ਸਾਲਾਂ ਲਈ ਮੌਜੂਦਾ ਸਿਆਸੀ ਮਾਹੌਲ ਦੇ ਆਧਾਰ 'ਤੇ ਫਿਲਮਾਂ ਵਿਚ ਦਿਖਾਏ ਜਾਣ ਵਾਲੇ ਦ੍ਰਿਸ਼ਾਂ ਨੂੰ ਰੱਖਣ ਜਾਂ ਫਿਲਮ ਵਿਚੋਂ ਕਢਵਾਉਣ ਸਬੰਧੀ ਫ਼ੈਸਲੇ ਕਰਦੇ ਹਨ। ਇਹ ਗੱਲ ਕਿਸੇ ਤੋਂ ਲੁਕੀ ਹੋਈ ਨਹੀਂ ਕਿ ਇਨ੍ਹਾਂ 30 ਵਿਅਕਤੀਆਂ ਵਿਚੋਂ ਜ਼ਿਆਦਾਤਰ ਦੀ ਪਹੁੰਚ ਸੱਤਾ 'ਤੇ ਕਾਬਜ਼ ਸਿਆਸੀ ਪਾਰਟੀ ਦੇ ਵੱਡੇ ਆਗੂਆਂ ਤੱਕ ਹੁੰਦੀ ਹੈ। ਹੁਣ ਸਾਨੂੰ ਅਮਰੀਕੀ ਸਿਸਟਮ ਅਖ਼ਤਿਆਰ ਕਰਨਾ ਚਾਹੀਦਾ ਹੈ ਜਿੱਥੇ ਫਿਲਮ ਨਿਰਮਾਤਾ ਅਤੇ ਅਦਾਕਾਰ ਖ਼ੁਦ ਇਸ ਗੱਲ ਦਾ ਫੈਸਲਾ ਕਰਦੇ ਹਨ ਕਿ ਕਿਹੜਾ ਸੀਨ ਫਿਲਮ 'ਚੋਂ ਕੱਟਿਆ ਜਾਣਾ ਲਾਜ਼ਮੀ ਹੈ। ਹਾਲਾਂਕਿ, ਕੋਈ ਵੀ ਕਿਸੇ ਸੀਨ ਨੂੰ ਕੱਟਣਾ ਨਹੀਂ ਚਾਹੁੰਦਾ ਹੁੰਦਾ ਪਰ ਉਹ ਸਮੇਂ ਅਤੇ ਆਲੇ-ਦੁਆਲੇ ਦੇ ਉਮਰ ਵਰਗ ਦੇ ਹਿਸਾਬ ਨਾਲ ਇਹ ਫ਼ੈਸਲੇ ਕਰਦੇ ਹਨ। ਮੈਂ ਪਿਛਲੇ ਕਈ ਸਾਲਾਂ ਤੋਂ ਇੱਕ ਗੱਲ ਦਾ ਰੌਲਾ ਪਾ ਰਹੀ ਹਾਂ ਕਿ ਭਾਰਤ ਵਿਚਲੇ ਸਿਨੇਮਾਟੋਗ੍ਰਾਫ ਐਕਟ-1952 ਵਿਚ ਤਬਦੀਲੀ ਬਹੁਤ ਜ਼ਰੂਰੀ ਹੈ। ਜਦੋਂ ਤੁਸੀਂ ਕਿਸੇ ਫਿਲਮ ਨੂੰ ਸਰਟੀਫਿਕੇਟ ਜਾਰੀ ਕਰ ਚੁੱਕੇ ਹੋਵੋ ਤਾਂ ਕਾਨੂੰਨ ਸਬੰਧੀ ਕੋਈ ਦਿੱਕਤ ਆਉਣੀ ਨਹੀਂ ਚਾਹੀਦੀ।"*

# ਅਦਾਕਾਰਾ ਭੂਮੀ ਪੜਨੇਕਰ ਦਾ ਨਵਾਂ ਸਾਲ

ਅਦਾਕਾਰਾ ਭੂਮੀ ਪੜਨੇਕਰ ਨੇ ਨਵੇਂ ਸਾਲ ਦਾ ਜਸ਼ਨ ਮੈਕਸਿਕੋ ਵਿਚ ਆਪਣੇ ਦੋਸਤਾਂ ਨਾਲ ਮਨਾਇਆ ਹੈ। ਭੂਮੀ ਨੇ ਇੱਕ ਸਾਲ ਵਿਚ ਸੱਤ ਫਿਲਮਾਂ ਲਈ ਸ਼ੂਟਿੰਗ ਕਰ ਕੇ ਹੁਣ ਇਹ ਬ੍ਰੇਕ ਲਈ ਹੈ। ਯਾਦ ਰਹੇ ਕਿ ਕਰੋਨਾ ਕਾਰਨ ਲੱਗੀ ਤਾਲਾਬੰਦੀ ਖ਼ਤਮ ਹੋਣ ਮਗਰੋਂ ਉਹ ਲਗਾਤਾਰ ਕੰਮ ਕਰ ਰਹੀ ਹੈ। ਇਸ ਮਹੀਨੇ

ਕੁਦਰਤ ਕੌਰ

ਰਿਲੀਜ਼ ਹੋਈ ਫਿਲਮ 'ਗੋਵਿੰਦਾ ਮੇਰਾ ਨਾਮ' ਵੀ ਭੂਮੀ ਦੀਆਂ ਫਿਲਮਾਂ ਵਿਚ ਸ਼ੁਮਾਰ ਹੈ। ਇਸ ਤੋਂ ਇਲਾਵਾ ਉਹ ਅਨੁਭਵ ਸਿਨਹਾ ਦੀ ਫਿਲਮ 'ਭੀੜ', ਅਜੇ ਬਹਿਲ ਦੀ 'ਦਿ ਲੇਡੀਕਿਲਰ', ਸੁਧੀਰ ਮਿਸ਼ਰਾ ਦੀ 'ਅਫਵਾਹ', ਗੌਰੀ ਖਾਨ ਦੀ ਫਿਲਮ 'ਭਕਸ਼ਕ', ਮੁਦੱਸਰ ਅਜ਼ੀਜ਼ ਦੀ ਫਿਲਮ 'ਮੇਰੇ ਹਸਬੈਂਡ ਕੀ ਬੀਵੀ' ਤੇ ਹੋਰ ਕਈ ਪ੍ਰੋਜੈਕਟਾਂ 'ਚ ਕੰਮ ਕਰ ਰਹੀ ਹੈ ਜਿਨ੍ਹਾਂ ਦੇ ਅਜੇ ਨਾਮ ਨਹੀਂ ਰੱਖੇ ਗਏ।

ਭੂਮੀ ਪੜਨੇਕਰ ਦੀ ਹਾਲ ਹੀ ਵਿਚ ਰਿਲੀਜ਼ ਹੋਈ ਫਿਲਮ 'ਗੋਵਿੰਦਾ ਮੇਰਾ ਨਾਮ' ਕਾਮੇਡੀ ਫਿਲਮ ਹੈ ਜਿਸ ਦਾ ਨਿਰਦੇਸ਼ਨ ਅਤੇ ਕਹਾਣੀ ਲਿਖਣ ਦਾ ਕੰਮ ਸ਼ਸ਼ਾਂਕ ਖੇਤਾਨ ਨੇ ਕੀਤਾ ਹੈ। ਇਹ ਫਿਲਮ ਕਰਨ ਜੌਹਰ ਨੇ ਬਣਾਈ ਹੈ। ਫਿਲਮ ਵਿਚ ਅਦਾਕਾਰ ਵਿੱਕੀ ਕੌਸ਼ਲ ਅਤੇ ਕਿਆਰਾ ਅਡਵਾਨੀ ਵੀ ਅਹਿਮ ਭੂਮਿਕਾਵਾਂ ਵਿਚ ਹਨ। ਇਹ ਫਿਲਮ 16 ਦਸੰਬਰ ਨੂੰ ਡਿਜ਼ਨੀ+ਹੌਟਸਟਾਰ 'ਤੇ ਰਿਲੀਜ਼ ਹੋਈ ਸੀ।

18 ਜੁਲਾਈ 1989 ਨੂੰ ਜਨਮੀ ਭੂਮੀ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਸਾਲ 2015 ਵਿਚ ਫਿਲਮ 'ਦਮ ਲਗਾ ਕੇ ਹਈਸ਼ਾ' ਨਾਲ ਕੀਤੀ ਸੀ। ਇਹ ਫਿਲਮ ਦੇਖ ਕੇ ਸਭ ਨੇ ਉਂਗਲਾਂ ਦੰਦਾਂ ਹੇਠ ਲੈ ਲਈਆਂ ਸਨ ਕਿ ਕੋਈ ਨਵੀਂ ਅਦਾਕਾਰਾ ਜਿਸ ਦੀ ਪਹਿਲੀ ਹੀ ਫਿਲਮ ਹੋਵੇ, ਫਿਲਮ ਵਿਚ ਮੋਟੀ ਕੁੜੀ ਦੀ ਭੂਮਿਕਾ ਕਿਵੇਂ ਨਿਭਾਅ ਸਕਦੀ ਹੈ ਪਰ ਭੂਮੀ ਨੂੰ ਆਪਣੀ ਪ੍ਰਤਿਭਾ 'ਤੇ ਭਰੋਸਾ ਸੀ ਅਤੇ ਉਸ ਨੇ ਇਸ ਫਿਲਮ ਵਿਚ ਕੰਮ ਕੀਤਾ ਤੇ ਫਿਲਮੀ ਦੁਨੀਆ ਵਿਚ ਜ਼ਬਰਦਸਤ ਦਾਖਲਾ ਲਿਆ। ਇਹ ਫਿਲਮ ਕਮਾਈ ਅਤੇ ਕਲਾ, ਦੋਹਾਂ ਪੱਖਾਂ ਤੋਂ ਕਾਮਯਾਬ ਰਹੀ। ਇਉਂ ਫਿਲਮੀ ਦੁਨੀਆ ਨੂੰ ਇਕ ਹੋਰ ਉਮਦਾ ਅਦਾਕਾਰਾ ਮਿਲ ਗਈ। ਇਸ ਫਿਲਮ ਲਈ ਭੂਮੀ ਨੂੰ ਫਿਲਮਫੇਅਰ ਦਾ ਸਰਵੋਤਮ ਅਦਾਕਾਰਾ (ਪਹਿਲੀ ਪੇਸ਼ਕਾਰੀ) ਇਨਾਮ ਵੀ ਮਿਲਿਆ ਸੀ।



ਇਸ ਤੋਂ ਬਾਅਦ ਭੂਮੀ ਪੜਨੇਕਰ ਨੇ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ। ਉਹ 2017 ਵਿਚ ਆਈ ਫਿਲਮ 'ਟਾਇਲੈਟ: ਏਕ ਪ੍ਰੇਮ ਕਥਾ' ਤੇ 'ਸ਼ੁਭ ਮੰਗਲ ਸਾਵਧਾਨ' ਅਤੇ 2019 ਵਿਚ ਰਿਲੀਜ਼ ਹੋਈਆਂ ਫਿਲਮਾਂ 'ਬਾਲਾ' ਤੇ 'ਪਤੀ ਪਤਨੀ ਔਰ ਵੋਹ' ਨਾਲ ਬੁਲੰਦੀਆਂ ਵੱਲ ਵਧੀ। 2019 ਵਿਚ ਹੀ ਆਈ ਫਿਲਮ 'ਸਾਂਡ ਕੀ ਆਂਖ' ਵਿਚ ਚੰਦਰੋ ਤੋਮਰ ਦੀ ਭੂਮਿਕਾ ਨਿਭਾਉਣ ਬਦਲੇ ਉਸ ਨੂੰ ਇਕ ਵਾਰ ਫਿਰ ਫਿਲਮਫੇਅਰ ਇਨਾਮ ਮਿਲਿਆ। ਬਾਅਦ ਵਿਚ ਉਸ ਨੇ ਔਰਤਾਂ ਨੂੰ ਕੇਂਦਰ ਵਿਚ ਰੱਖ ਕੇ ਬਣਾਈਆਂ ਫਿਲਮਾਂ ਵਿਚ ਵੀ ਆਪਣੀ ਕਲਾ ਦੇ ਜੌਹਰ ਦਿਖਾਏ। ਇਨ੍ਹਾਂ ਫਿਲਮਾਂ ਵਿਚ 'ਡੌਲੀ ਕਿੱਟੀ ਔਰ ਚਮਕਤੇ ਸਿਤਾਰੇ' (2020) ਅਤੇ 'ਬਧਾਈ ਹੋ' (2022) ਸ਼ਾਮਿਲ ਹਨ।

ਭੂਮੀ ਪੜਨੇਕਰ ਦਾ ਪਿਤਾ ਸਤੀਸ਼ ਪੜਨੇਕਰ ਮਹਾਰਾਸ਼ਟਰ ਵਿਚ ਮੰਤਰੀ ਰਿਹਾ ਹੈ ਅਤੇ ਮਾਂ ਸੁਮਿਤਰਾ ਤੰਬਾਕੀ-ਵਿਰੋਧੀ ਮੁਹਿੰਮ ਦਾ ਹਿੱਸਾ ਰਹੀ ਹੈ। ਸਤੀਸ਼ ਦੀ ਮੂੰਹ ਦੇ ਕੈਂਸਰ ਨਾਲ ਮੌਤ ਤੋਂ ਬਾਅਦ ਸੁਮਿਤਰਾ ਨੇ ਇਸ ਮੁਹਿੰਮ ਵਿਚ ਵੱਡਾ ਯੋਗਦਾਨ ਪਾਇਆ। ਭੂਮੀ 16 ਵਰ੍ਹਿਆਂ ਦੀ ਸੀ ਜਦੋਂ ਯਸ਼ ਰਾਜ ਫਿਲਮਜ਼ ਨਾਲ ਬਤੌਰ ਅਸਿਸਟੈਂਟ ਡਾਇਰੈਕਟਰ ਸ਼ਾਮਿਲ ਹੋ ਗਈ ਅਤੇ ਫਿਰ ਅਦਾਕਾਰਾ ਬਣ ਗਈ।

ੴ ਸਤਿਗੁਰ ਪ੍ਰਸਾਦਿ

ਹੱਕ ਹੱਕ ਆਗਾਹ ਗੁਰੂ ਗੋਬਿੰਦ ਸਿੰਘ ॥
ਸ਼ਾਹੇ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ॥
ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ॥

## 'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਸੁਨੇਹਾ ਦੇਣ ਵਾਲੇ ਅਤੇ ਪੰਥ ਦੇ ਵਾਲੀ ਸਰਬੰਸ ਦਾਨੀ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਸਮੂਹ ਸਾਧ ਸੰਗਤ ਨੂੰ

# ਲੱਖ ਲੱਖ ਵਧਾਈ



ਲਵਦੀਪ ਸਿੰਘ ਦੁੱਲਤ



ਗੁਰਮੀਤ ਸਿੰਘ ਭੋਲਾ



ਯਾਦਵਿੰਦਰ ਸਿੰਘ ਗਰੇਵਾਲ

## ਨਵੇਂ ਵਰ੍ਹੇ ਨੂੰ ਖੁਸ਼ਆਮਦੀਦ ਆਖਦਿਆਂ ਅਤੇ ਚੜ੍ਹਦੀ ਕਲਾ ਦੀ ਕਾਮਨਾ ਕਰਦਿਆਂ ਕੁਲ ਲੋਕਾਈ ਨੂੰ

# ਸਾਲ 2023 ਮੁਬਾਰਕ

**From: Lovedeep Singh Dullat, Gurmeet Singh Bhola, Yadwinder Singh Grewal and their families.**

ੴ ਸਤਿਗੁਰ ਪ੍ਰਸਾਦਿ॥

ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ॥
ਨ ਡਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰ ਅਪੁਨੀ ਜੀਤ ਕਰੋ॥

# ਕਲਗੀਧਰ ਪਾਤਸ਼ਾਹ, ਪੰਥ ਦੇ ਵਾਲੀ ਸਰਬੰਸ ਦਾਨੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਕੁਲ ਲੋਕਾਈ ਨੂੰ

# ਕੋਟਾਨਿ ਕੋਟਿ ਵਧਾਈ

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਈ ਲੜਾਈਆਂ ਲੜੀਆਂ ਪਰ ਉਨ੍ਹਾਂ ਨੇ ਕੋਈ ਵੀ ਲੜਾਈ ਹੋਰਨਾਂ ਰਾਜਿਆਂ ਵਾਂਗ ਜ਼ਮੀਨ ਜਾਂ ਪੈਸੇ ਲਈ ਨਹੀਂ ਲੜੀ ਸਗੋਂ ਉਨ੍ਹਾਂ ਦੀ ਹਰੇਕ ਲੜਾਈ ਬੇਇਨਸਾਫੀ ਅਤੇ ਜ਼ੁਲਮ ਦੇ ਖਿਲਾਫ਼ ਸੀ।**

# ਨਵਾਂ ਸਾਲ 2023 ਮੁਬਾਰਕ

ਖੁਸ਼ੀ ਦੇ ਰੰਗ ਵਿਚ ਰੰਗਿਆ ਹੋਇਆ ਨਵੇਂ ਸਾਲ ਦਾ ਨਵਾਂ ਸੂਰਜ ਤੁਹਾਡੇ ਪਰਿਵਾਰਾਂ 'ਤੇ ਖੁਸ਼ੀਆਂ ਦੀਆਂ ਕਿਰਨਾਂ ਦਾ ਪਸਾਰਾ ਕਰੇ।



ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ)
ਫੋਨ: 847-330-1421



ਜੈਦੇਵ ਸਿੰਘ (ਸੱਤੀ) ਭੱਠਲ
(ਸ਼ਿਕਾਗੋ)



ਸੁਖਰਾਜ ਸਿੰਘ ਤੱਖਰ
(ਸ਼ਿਕਾਗੋ)

**Major Gurcharn Singh Jhaj**
**Jaidev Singh Bhattal & Sukhraj Singh Takher**